LADOO MATRIMONIAL
ਰਿਸ਼ਤੇ ਹੀ ਰਿਸ਼ਤੇ RISTHE HI RISTHE
We Provide Worldwide Services
Jetander Sapra
212-470-7175, 516-309-0236
ladoomatrimonial@gmail.com
jetandersapra@gmail.com
217 Bethpage Rd, #20,
Hicksville, NY 11801
www.ladoomatrimonial.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com
Sarbjit Singh Khakh (Sabhi)
Accountant

Twentieth Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼


Punjab Times, Vol 20, Issue 36, September 7, 2019 20451 N. Plum Grove Rd., Palatine, IL 60074 Ph:847-359-0746, Fax:847-705-9388

## ਐਸ.ਵਾਈ.ਐਲ.: ਅਦਾਲਤ ਵੱਲੋਂ ਚਾਰ ਮਹੀਨਿਆਂ ਦੀ ਮੋਹਲਤ

### ਹਰਿਆਣਾ ਵਿਧਾਨ ਸਭਾ ਚੋਣਾਂ ਤਕ ਮਾਮਲਾ ਟਲਿਆ

**ਨਵੀਂ ਦਿੱਲੀ:** ਪੰਜਾਬ ਅਤੇ ਹਰਿਆਣਾ ਵਿਚਾਲੇ ਅਹਿਮ ਮੁੱਦਾ ਬਣੀ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਉਸਾਰੀ ਬਾਰੇ ਸੁਪਰੀਮ ਕੋਰਟ ਵਿਚ ਸੁਣਵਾਈ ਸ਼ੁਰੂ ਹੋ ਗਈ ਹੈ। ਮਾਮਲੇ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਕਿਹਾ ਹੈ ਕਿ ਇਸ ਸਮੱਸਿਆ ਦਾ ਹੱਲ ਜਲਦ ਨਿਕਲਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਸ ਲਈ ਕੇਂਦਰ ਸਰਕਾਰ ਨੂੰ ਚਾਰ ਮਹੀਨਿਆਂ ਦਾ ਸਮਾਂ ਦਿੱਤਾ ਹੈ। ਵਿਸ਼ਲੇਸ਼ਕ ਇਸ ਫੈਸਲੇ ਦਾ ਸਿਆਸੀ ਪੱਖ ਇਹ ਦਰਸਾ ਰਹੇ ਹਨ ਕਿ ਕੇਂਦਰ ਸਰਕਾਰ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਜੋ ਇਸੇ ਸਾਲ ਹੋਣੀਆਂ ਹਨ, ਦਾ ਸਮਾਂ ਲੰਘਾ ਲਿਆ ਹੈ ਅਤੇ ਇਸ ਬਾਰੇ ਹੁਣ ਕੋਈ ਵੀ ਫੈਸਲਾ ਹਰਿਆਣਾ ਦੀ ਅਗਲੀ ਸਰਕਾਰ ਹੀ ਕਰੇਗੀ। ਯਾਦ ਰਹੇ ਕਿ ਇਸ ਮਸਲੇ 'ਤੇ ਪੰਜਾਬ ਅਤੇ ਹਰਿਆਣਾ ਵਿਚਕਾਰ ਰੱਫੜ ਵਧਣ ਦਾ ਖਦਸ਼ਾ ਹੈ। ਪੰਜਾਬ ਵਿਚ ਇਸ ਵੇਲੇ ਕਾਂਗਰਸ ਦੀ ਸਰਕਾਰ ਹੈ ਜਦਕਿ ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ।

ਅਦਾਲਤ ਵਿਚ ਕੇਂਦਰ ਸਰਕਾਰ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਇਸ ਮਾਮਲੇ ਦਾ ਗੱਲਬਾਤ ਜਰੀਏ ਹੱਲ ਕੱਢਣ ਲਈ ਤਿੰਨ ਮਹੀਨਿਆਂ ਦਾ ਸਮਾਂ ਚਾਹੀਦਾ ਹੈ। ਇਸ ਤੋਂ ਬਾਅਦ ਅਦਾਲਤ ਨੇ ਕਿਹਾ ਤਿੰਨ ਨਹੀਂ, ਚਾਰ ਮਹੀਨਿਆਂ ਦਾ ਸਮਾਂ ਲਓ ਪਰ ਮਾਮਲੇ ਨੂੰ ਕਿਸੇ ਤਣ-ਪੱਤਣ ਲਾਓ। ਇਸ ਦੌਰਾਨ ਹਰਿਆਣਾ ਸਰਕਾਰ ਨੇ ਕਿਹਾ ਕਿ ਮਾਮਲੇ ਦੇ ਹੱਲ ਲਈ ਕੋਈ ਸਮਾਂ ਸੀਮਾ ਤੈਅ ਕੀਤੀ ਜਾਏ। ਇਸ ਤੋਂ ਪਹਿਲਾਂ ਇਸ ਸਿਲਸਿਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਂਦਰੀ ਜਲ ਸ਼ਕਤੀ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਨੂੰ ਮਿਲੇ ਤੇ ਉਨ੍ਹਾਂ ਸਾਹਮਣੇ ਸੂਬੇ ਦਾ ਪੱਖ ਰੱਖਿਆ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਦੋਵਾਂ ਸੂਬਿਆਂ ਦੇ ਮੁੱਖ ਸਕੱਤਰ ਲਿੰਕ ਨਹਿਰ ਦੇ ਮੁੱਦੇ 'ਤੇ ਦੋ ਮੀਟਿੰਗਾਂ ਕਰ ਚੁੱਕੇ ਹਨ, ਜੋ ਬੇਸਿੱਟਾ ਰਹੀਆਂ ਕਿਉਂਕਿ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਆਪੋ-ਆਪਣੇ



(ਬਾਕੀ ਸਫਾ 6 ਉਤੇ)

### ਹਰਿਆਣਾ ਪੰਜਾਬ ਨਾਲੋਂ ਅੱਗੇ?

**ਚੰਡੀਗੜ੍ਹ:** ਪਾਣੀਆਂ ਬਾਰੇ ਮਸਲੇ ਦੇ ਮਾਹਿਰਾਂ ਦਾ ਖਿਆਲ ਹੈ ਕਿ ਪੰਜਾਬ ਸੁਪਰੀਮ ਕੋਰਟ ਵਿਚ ਆਪਣਾ ਪੱਖ ਠੁੱਕਦਾਰ ਢੰਗ ਨਾਲ ਰੱਖ ਨਹੀਂ ਸਕਿਆ ਹੈ। ਸਿੱਟੇ ਵਜੋਂ ਸਾਰੇ ਤੱਥ ਇਕ-ਇਕ ਕਰਕੇ ਪੰਜਾਬ ਖਿਲਾਫ ਭੁਗਤਾ ਦਿੱਤੇ ਗਏ। ਅਕਾਲੀ-ਭਾਜਪਾ ਸਰਕਾਰ ਦੌਰਾਨ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਦੂਜੇ ਪਾਸੇ, ਹਰਿਆਣਾ ਨੇ ਆਪਣਾ ਪੱਖ ਸੁਪਰੀਮ ਕੋਰਟ ਵਿਚ ਬਹੁਤ ਜ਼ੋਰਦਾਰ ਢੰਗ ਨਾਲ ਉਠਾਇਆ। ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਹੁਣ ਪੰਜਾਬ ਨੂੰ ਇਸ ਢਿੱਲ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

## ਬੇਅਦਬੀ ਮਾਮਲਾ ਸਿਆਸਤ ਦੀ ਭੇਟ ਚੜ੍ਹਿਆ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਸਿਆਸਤ ਦੀ ਭੇਟ ਚੜ੍ਹ ਗਈ ਹੈ। ਦੋ ਜਾਂਚ ਕਮਿਸ਼ਨ, ਦੋ ਸਿੱਟ ਅਤੇ ਕੇਂਦਰੀ ਏਜੰਸੀ ਸੀ.ਬੀ.ਆਈ. ਵੀ ਅਜੇ ਤੱਕ ਕੋਈ ਸੱਚ ਸਾਹਮਣੇ ਨਹੀਂ ਲਿਆ ਸਕੇ। ਹੁਣ ਤਾਂ ਕਾਂਗਰਸ ਦੇ ਆਪਣੇ ਵਿਧਾਇਕ ਵੀ ਸਰਕਾਰ ਉਤੇ ਸਵਾਲ ਚੁੱਕਣ ਲੱਗੇ ਹਨ। ਵਿਰੋਧੀ ਧਿਰ ਆਮ ਆਦਮੀ ਪਾਰਟੀ ਨੇ ਤਾਂ ਸਾਫ ਕਹਿ ਦਿੱਤਾ ਹੈ ਕਿ ਹੁਣ ਇਨਸਾਫ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

ਸੀ.ਬੀ.ਆਈ. ਵਲੋਂ ਹੱਥ ਖੜ੍ਹੇ ਕਰਨ ਮਗਰੋਂ ਪੰਜਾਬ ਸਰਕਾਰ ਦੀ ਬਣਾਈ ਵਿਸ਼ੇਸ਼ ਜਾਂਚ ਟੀਮ ਵੀ ਹਥਿਆਰ ਸੁੱਟਦੀ ਨਜ਼ਰ ਆ ਰਹੀ ਹੈ। ਹੋਰ ਤਾਂ ਹੋਰ, ਵਿਸ਼ੇਸ਼ ਜਾਂਚ ਟੀਮ ਦੇ ਅਫਸਰ ਹੀ ਆਪਾ-ਵਿਰੋਧੀ ਸਰਗਰਮੀ ਵਿਚ ਜੁਟੇ ਹੋਏ ਹਨ ਜਿਸ ਕਰਕੇ ਜਾਂਚ ਸ਼ੱਕ ਦੇ ਦਾਇਰੇ ਵਿਚ ਆ ਗਈ ਹੈ। ਕੈਪਟਨ ਸਰਕਾਰ ਵੱਲੋਂ ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਅੱਠ ਮਹੀਨਿਆਂ ਦੀ ਪੜਤਾਲ ਤੋਂ ਬਾਅਦ ਵੀ ਕਿਸੇ ਸਿੱਟੇ ਉਤੇ ਨਹੀਂ ਪਹੁੰਚੀ। ਉਲਟਾ ਅਫਸਰ ਵੀ ਵੱਖ-ਵੱਖ ਰਾਗ ਅਲਾਪ ਰਹੇ ਹਨ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਇਕ ਪਾਸੇ ਪੰਜਾਬ ਸਰਕਾਰ ਨੇ ਸੀ.ਬੀ.ਆਈ. ਤੋਂ ਕੇਸ ਵਾਪਸ ਲੈ ਕੇ ਪੰਜਾਬ ਪੁਲਿਸ ਤੋਂ ਜਾਂਚ ਕਰਵਾਉਣ ਲਈ ਅਦਾਲਤ ਕੋਲ ਪਹੁੰਚ ਕੀਤੀ ਗਈ ਹੈ। ਦੂਜੇ ਪਾਸੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਪ੍ਰਬੋਧ ਕੁਮਾਰ ਸੀ.ਬੀ.ਆਈ. ਨੂੰ ਪੱਤਰ ਲਿਖ ਕੇ ਇਸ ਮਾਮਲੇ ਦੀ ਜਾਂਚ ਮੁੜ ਸ਼ੁਰੂ ਕਰਨ ਲਈ ਬੇਨਤੀ ਕਰ ਰਹੇ ਹਨ।

ਦਰਅਸਲ, ਪੰਜਾਬ ਦੇ ਏ.ਡੀ.ਜੀ.ਪੀ. ਅਤੇ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਪ੍ਰਬੋਧ ਕੁਮਾਰ ਨੇ ਸੀ.ਬੀ.ਆਈ. ਦੇ ਡਾਇਰੈਕਟਰ ਨੂੰ 29 ਜੁਲਾਈ ਨੂੰ ਲਿਖੇ ਪੱਤਰ ਵਿਚ ਦਾਅਵਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਬੰਦ ਨਹੀਂ ਹੋਣੀ ਚਾਹੀਦੀ ਹੈ, ਕਿਉਂਕਿ ਜਾਂਚ ਟੀਮ ਨੂੰ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਬੇਅਦਬੀ ਕਾਂਡ ਤੋਂ ਪਹਿਲਾਂ ਬਰਗਾੜੀ ਇਲਾਕੇ ਵਿਚ ਦੋ ਪਾਕਿਸਤਾਨੀ ਸਿਮ ਵਰਤੇ ਗਏ ਸਨ ਤੇ ਸੀ.ਬੀ.ਆਈ. ਨੇ ਇਸ ਤੱਥ ਦੀ ਪੜਤਾਲ ਨਹੀਂ ਕੀਤੀ ਹੈ। ਸੀ.ਬੀ.ਆਈ. ਦੇ ਐਸ.ਪੀ. ਪੀ. ਚੱਕਰਵਰਤੀ ਨੇ ਜਾਂਚ ਟੀਮ ਦੇ ਮੁਖੀ ਦਾ ਪੱਤਰ ਮਿਲਣ ਮਗਰੋਂ ਬੇਅਦਬੀ ਕਾਂਡ ਦੀ ਪੜਤਾਲ ਮੁੜ ਖੋਲ੍ਹਣ ਦੀ ਪੁਸ਼ਟੀ ਕੀਤੀ ਹੈ ਤੇ ਇਸ ਬਾਰੇ ਅਦਾਲਤ ਕੋਲੋਂ ਇਜਾਜ਼ਤ ਵੀ ਮੰਗੀ ਹੈ।

ਦੂਜੇ ਪਾਸੇ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕੋਟਕਪੂਰਾ ਗੋਲੀ ਕਾਂਡ ਬਾਰੇ 56 ਸਫਿਆਂ ਦੀ ਪੜਤਾਲ ਰਿਪੋਰਟ ਪੇਸ਼ ਕੀਤੀ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਕਿ ਬੇਅਦਬੀ ਕਾਂਡ ਤੋਂ ਬਾਅਦ ਵਾਪਰੇ ਕੋਟਕਪੂਰਾ ਤੇ ਬਹਿਬਲ ਕਾਂਡ ਗਿਣੀ ਮਿਥੀ ਸਾਜ਼ਿਸ਼ ਤਹਿਤ ਵਾਪਰੇ ਹਨ ਤੇ ਇਸ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਗ੍ਰਿਹ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਸ਼ਮੂਲੀਅਤ ਹੋ ਸਕਦੀ ਹੈ।

ਆਈ.ਜੀ. ਨੇ ਇਸ ਰਿਪੋਰਟ ਵਿਚ ਲਿਖਤੀ ਦਾਅਵਾ ਕੀਤਾ ਹੈ ਕਿ ਇਨ੍ਹਾਂ ਤਿੰਨਾਂ ਸ਼ਖਸੀਅਤਾਂ ਦੇ ਕੋਟਕਪੂਰਾ ਗੋਲੀ ਕਾਂਡ ਵਿਚ ਨਿਭਾਏ ਰੋਲ ਦੀ ਪੜਤਾਲ ਕੀਤੀ ਜਾ ਰਹੀ ਹੈ ਤੇ

(ਬਾਕੀ ਸਫਾ 6 ਉਤੇ)

Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

100 SPIRITUAL
PATHS AND SHABAD KIRTANS INSIDE
SAREGAMA CARVAAN mini
GURBANI | ਗੁਰਬਾਣੀ
FM/AM RADIO
BLUETOOTH USB AUX IN AUX OUT
AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Nankana Sahib
YATRA 2019
Nov 7 - 16, 2019
To Join, Please Contact us
518-631-2467
NankanaSahibYatra.Com
Limited Seats

# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ (ਨਿਊ ਯਾਰਕ)

ਵਲੋਂ

## ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ







ਕਰਨਲ ਰੈਜਿਨਲਡ ਡਾਇਰ ਵਲੋਂ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਕੀਤੇ ਬੇਕਸੂਰ ਹਿੰਦੋਸਤਾਨੀਆਂ ਦੇ ਬੇਕਿਰਕ ਕਤਲੇਆਮ ਦੀ ਘਟਨਾ, 20ਵੀਂ ਸਦੀ ਦੀ ਦਿਲ ਕੰਬਾਉਣ ਵਾਲੀ ਦੁਰਘਟਨਾ ਸੀ। ਇਸ ਦਰਦਨਾਕ ਹਾਦਸੇ ਦੌਰਾਨ ਵਤਨ ਲਈ ਸ਼ਹੀਦ ਹੋਏ ਹਿੰਦੋਸਤਾਨੀਆਂ ਨੂੰ ਅਕੀਦਤ ਪੇਸ਼ ਕਰਨਾ ਸਾਡਾ ਸਭ ਦਾ ਫਰਜ਼ ਬਣਦਾ ਹੈ। ਉਨ੍ਹਾਂ ਮਹਾਨ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਵਲੋਂ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ।

### 7 ਸਤੰਬਰ 2019 (ਸਨਿਚਰਵਾਰ)

**ਸਮਾਂ: ਸਵੇਰ 11 ਵਜੇ ਤੋਂ ਸ਼ਾਮ 4 ਵਜੇ ਤਕ**

**ਸਥਾਨ** 100 ਲੇਕਵੁੱਡ ਰੋਡ, ਨਿਊ ਹਾਈਡ ਪਾਰਕ ਲੌਂਗ ਆਈਲੈਂਡ।

### ਪਹੁੰਚ ਰਹੇ ਬੁਲਾਰੇ

ਡਾ. ਗੁਰੂਮੇਲ ਸਿੰਘ ਸਿੱਧੂ (ਅਮਰੀਕਾ)
ਜਸਬੀਰ ਸਿੰਘ ਐਮ. ਐਲ .ਏ. (ਕੈਨੇਡਾ)
ਅਜੀਤ ਸਿੰਘ ਲਾਇਲ (ਕੈਨੇਡਾ)
ਧਰਮ ਸਿੰਘ ਗੁਰਾਇਆ (ਅਮਰੀਕਾ)
ਕਸ਼ਮੀਰ ਸਿੰਘ ਕਾਂਗਣਾ (ਅਮਰੀਕਾ)
ਜਸਵਿੰਦਰਪਾਲ ਸਿੰਘ ਪੱਖੋਕੇ (ਅਮਰੀਕਾ)

### ਵਿਦਿਆਰਥੀਆਂ ਦਾ ਸਨਮਾਨ

ਜਿਨ੍ਹਾਂ ਵਿਦਿਆਰਥੀਆਂ ਨੇ ਸਕੂਲ ਵਿਚ ਔਸਤਨ 4 ਗਰੇਡ ਪੁਆਇੰਟ ਪ੍ਰਾਪਤ ਕੀਤਾ ਹੋਵੇ, ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ। ਕਵੀ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ।

### ਚਾਹ-ਪਾਣੀ ਤੇ ਲੰਗਰ ਦੀ ਸੇਵਾ

ਲੰਗਰ ਦੀ ਸੇਵਾ ਸਤਿਗੁਰੂ ਸਵੀਟ ਸ਼ੌਪ ਵਾਲਿਆਂ ਵਲੋਂ
ਚਾਹ ਦੀ ਸੇਵਾ ਸ. ਚਰਨਜੀਤ ਸਿੰਘ ਸਮਰਾ ਵਲੋਂ
ਪਾਣੀ ਦੀ ਸੇਵਾ ਸ. ਅਮਰਜੀਤ ਸਿੰਘ ਪੁਆਰ ਵਲੋਂ

**ਦਾਨੀ ਸਜਣਾਂ ਦਾ ਧੰਨਵਾਦ**

### ਪ੍ਰਬੰਧਕੀ ਤੇ ਸਲਾਹਕਾਰ ਕਮੇਟੀ

ਭਾਗ ਸਿੰਘ ਮੰਡਾਹੜ, ਹਰਜਿੰਦਰ ਸਿੰਘ ਮੰਡਾਹੜ, ਸਤਿਨਾਮ ਸਿੰਘ ਬੰਡਾਲਾ, ਦਵਿੰਦਰ ਸਿੰਘ ਝਾਵਰ, ਪਰਮਜੀਤ ਸਿੰਘ ਜੌਹਲ, ਬਾਂਟੀ ਸਿੰਘ, ਰਜਿੰਦਰ ਬਿੱਟੂ, ਮਲਕੀਅਤ ਸਿੰਘ ਮਾਣਾ, ਡਾ. ਸੰਦੀਪ ਸਿੰਘ, ਧਰਮਪਾਲ ਸਿੰਘ ਪਾਲ, ਇਕਬਾਲ ਸਿੰਘ, ਹਰੀਸ਼ ਸੈਣੀ, ਸੁਖਦੇਵ ਸਿੰਘ ਸੇਵਕ (ਨਾਮਧਾਰੀ ਸੰਗਤ), ਜਸਬੀਰ ਸਿੰਘ (ਮਕਾਨ ਬਿਲਡਰ), ਪਰਮਜੀਤ ਕੌਰ, ਗੁਰਿੰਦਰਪਾਲ ਕੌਰ, ਨਰਿੰਦਰ ਕੌਰ, ਜਸਵਿੰਦਰ ਕੌਰ, ਨਵਜੀਤ ਕੌਰ, ਸਿਮਰਨਜੀਤ ਕੌਰ, ਕੁਲਵੰਤ ਕੌਰ, ਸੁਰਜੀਤ ਸਿੰਘ ਪਰਹਾਰ, ਉਂਕਾਰ ਸਿੰਘ ਡਮੇਲੀ, ਸ਼ਮਸ਼ੇਰ ਸਿੰਘ, ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਰਛਪਾਲ ਸਿੰਘ, ਸੁੱਖਾ ਕੰਦੋਲਾ ਅਤੇ ਹੋਰ ਸੱਜਣ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

| ਸਵਰਨ ਸਿੰਘ ਸਲੈਚ | ਸਰਮੁੱਖ ਸਿੰਘ | ਮਨਮੋਹਨ ਪੂਨੀ |
|---|---|---|
| ਫੋਨ: 917-224-3645 | ਫੋਨ: 917-294-6430 | ਫੋਨ: 347-753-5940 |

**Indo-American Heritage Foundation New York**

# ਤੇਜ਼ੀ ਨਾਲ ਵਧ ਰਿਹਾ ਹੈ ਖੁਦਕੁਸ਼ੀਆਂ ਦਾ ਰੁਝਾਨ

**ਪਟਿਆਲਾ:** ਪੰਜਾਬ ਅੰਦਰ ਖੁਦਕੁਸ਼ੀਆਂ ਦਾ ਰੁਝਾਨ ਤਾਂ ਨਿੱਤ ਦਿਨ ਵਧ ਹੀ ਰਿਹਾ ਹੈ ਪਰ ਹੁਣ ਖੁਦਕੁਸ਼ੀ ਤੋਂ ਪਹਿਲਾਂ ਆਪਣਿਆਂ ਨੂੰ ਹੀ ਮੌਤ ਦੇ ਘਾਟ ਉਤਾਰਨ ਦੀਆਂ ਘਟਨਾਵਾਂ ਵੀ ਵਾਪਰਨ ਲੱਗੀਆਂ ਹਨ। ਪਟਿਆਲਾ 'ਚ ਕੁਝ ਸਮਾਂ ਪਹਿਲਾਂ ਇਕ ਵਿਅਕਤੀ ਨੇ ਘਰੇਲੂ ਕਲੇਸ਼ ਕਾਰਨ ਆਪਣੇ ਪੁੱਤ ਅਤੇ ਪੋਤੀ ਨੂੰ ਮੌਤ ਦੇ ਘਾਟ ਉਤਾਰਨ ਮਗਰੋਂ ਖੁਦਕੁਸ਼ੀ ਕਰ ਲਈ ਸੀ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਘਰੇਲੂ ਕਲੇਸ਼ ਕਾਰਨ ਇਸ ਵਿਅਕਤੀ ਦਾ ਇਕਲੌਤਾ ਪੁੱਤ ਆਪਣੀ ਪਤਨੀ ਤੇ ਬੱਚੀ ਸਮੇਤ ਵੱਖ ਹੋਣ ਲੱਗਾ ਸੀ।

ਇਸ ਕਾਰਨ ਇਹ ਵਿਅਕਤੀ ਮਾਨਸਿਕ ਤਣਾਅ 'ਚ ਆ ਗਿਆ ਅਤੇ ਉਸ ਨੇ ਆਪਣੇ ਪੁੱਤ ਤੇ ਪੋਤੀ ਦੀ ਹੱਤਿਆ ਕਰਨ ਮਗਰੋਂ ਖੁਦ ਨੂੰ ਵੀ ਗੋਲੀ ਮਾਰ ਲਈ। ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਆਪਣੀ ਪਤੀ ਦੇ ਨਾਜਾਇਜ਼ ਸਬੰਧਾਂ ਤੋਂ ਪਰੇਸ਼ਾਨ ਇਕ ਮਹਿਲਾ ਨੇ ਪਟਿਆਲਾ ਸ਼ਹਿਰ ਕੋਲੋਂ ਲੰਘਦੀ ਭਾਖੜਾ ਨਹਿਰ ਵਿਚ ਆਪਣੀ 6 ਕੁ ਸਾਲਾ ਧੀ ਸਮੇਤ ਛਾਲ ਮਾਰ ਦਿੱਤੀ ਸੀ ਪਰ ਮੌਕੇ 'ਤੇ ਮੌਜੂਦ ਗੋਤਾਖੋਰਾਂ ਨੇ ਦੋਵਾਂ ਨੂੰ ਬਚਾਅ ਲਿਆ ਸੀ। ਇਸੇ ਤਰ੍ਹਾਂ ਇਥੇ ਇਕ ਕੋਠੀ 'ਚ ਕੰਮ ਕਰਦੇ ਪਰਿਵਾਰ 'ਤੇ ਮਾਲਕਾਂ ਵੱਲੋਂ ਲਾਏ ਗਏ ਕਿਸੇ ਗੰਭੀਰ ਦੋਸ਼ਾਂ ਤੋਂ ਤੰਗ ਆ ਕੇ ਨੇਪਾਲ ਦੇ ਰਹਿਣ ਵਾਲੇ ਇਕ ਵਿਅਕਤੀ ਨੇ ਆਪਣੀ ਪਤਨੀ ਤੇ ਬੱਚੇ ਸਮੇਤ ਭਾਖੜਾ 'ਚ ਛਾਲ ਮਾਰ ਦਿੱਤੀ ਸੀ। ਇਸ ਘਟਨਾ 'ਚ ਉਸ ਦੀ ਤੇ ਬੱਚੇ ਦੀ ਮੌਤ ਹੋ ਗਈ ਸੀ ਪਰ ਮਹਿਲਾ ਨੂੰ ਗੋਤਾਖੋਰਾਂ ਨੇ ਬਚਾਅ ਲਿਆ ਸੀ।

ਇਸੇ ਤਰ੍ਹਾਂ ਇੱਕ ਵਿਅਕਤੀ ਨੇ ਆਪਣੀ ਪਤਨੀ ਦੀ ਚਾਕੂਆਂ ਨਾਲ ਹੱਤਿਆ ਮਗਰੋਂ ਖੁਦਕੁਸ਼ੀ ਕਰ ਲਈ ਸੀ। ਇਹ ਕਥਿਤ ਨਾਜਾਇਜ਼ ਸਬੰਧਾਂ ਦਾ ਮਾਮਲਾ ਸੀ। ਸਥਾਨਕ ਸ਼ਹਿਰ ਦੇ ਇਕ ਹੋਰ ਨੌਜਵਾਨ ਕੁਝ ਮਹੀਨੇ ਪਹਿਲਾਂ ਆਪਣੇ ਮਾਪਿਆਂ ਨੂੰ ਜ਼ਹਿਰ ਦੇ ਕੇ ਮਾਰਨ ਮਗਰੋਂ ਖੁਦ ਵੀ ਜ਼ਹਿਰ ਖਾ ਗਿਆ ਸੀ ਪਰ ਉਸ ਦੀ ਜਾਨ ਬਚ ਗਈ ਸੀ। ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਰਾਜਿੰਦਰਪਾਲ ਬਰਾੜ ਨੇ ਅਜਿਹੀਆਂ ਘਟਨਾਵਾਂ ਬਾਰੇ ਕਿਹਾ ਕਿ ਸਰਮਾਏਦਾਰੀ ਨਾਲ ਖਪਤ ਸੱਭਿਆਚਾਰ ਵੀ ਵਧ ਜਾਂਦਾ ਹੈ ਜਿਸ ਦੌਰਾਨ ਹਰ ਵਿਅਕਤੀ ਨਿੱਜੀ ਸੁਖ ਨੂੰ ਅੱਗੇ ਰੱਖ ਕੇ ਤੁਰਦਾ ਹੈ।

ਇਸੇ ਕਾਰਨ ਸਾਂਝੇ ਪਰਿਵਾਰ ਟੁੱਟ ਰਹੇ ਹਨ। ਇਸ ਨਾਲ ਜਿਵੇਂ ਮਨੁੱਖ ਦਾ ਸੁੱਖ ਨਿੱਜੀ ਹੋ ਜਾਂਦਾ ਹੈ, ਉਸੇ ਤਰਾਂ ਹੀ ਦੁੱਖ ਵੀ ਨਿੱਜੀ ਬਣ ਕੇ ਰਹਿ ਜਾਂਦਾ ਹੈ ਜਿਸ ਕਾਰਨ ਉਹ ਆਪਣੇ ਆਪ ਨਾਲ ਹੀ ਲੜਦਾ ਰਹਿੰਦਾ ਹੈ। ਇਹ ਵਰਤਾਰਾ ਹੀ ਫਿਰ ਲਾਵਾ ਬਣ ਕੇ ਫੁੱਟਦਾ ਹੈ। ਮਨੋਵਿਗਿਆਨੀ ਅਤੇ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਦੇ ਸਾਬਕਾ ਪ੍ਰਿੰਸੀਪਲ ਡਾ. ਬੀ.ਐਸ. ਸਿੱਧੂ ਦਾ ਕਹਿਣਾ ਸੀ ਕਿ ਅਜਿਹੀਆਂ ਘਟਨਾਵਾਂ ਦੇ ਪਿੱਛੇ ਆਧੁਨਿਕ ਜੀਵਨ ਸ਼ੈਲੀ, ਤਣਾਅ ਤੇ ਵਧੀਆਂ ਇੱਛਾਵਾਂ ਸਮੇਤ ਕਈ ਹੋਰ ਕਾਰਨ ਵੀ ਹਨ। ਬੇਰੁਜ਼ਗਾਰੀ ਵੀ ਇਸ ਦਾ ਇਕ ਕਾਰਨ ਹੈ। ਕਈ ਬੱਚੇ ਮਨ ਲਾ ਕੇ ਪੜ੍ਹਾਈ ਨਹੀਂ ਕਰਦੇ ਜਿਸ ਕਾਰਨ ਉਨ੍ਹਾਂ ਨੂੰ ਚੰਗੀ ਨੌਕਰੀ ਮਿਲਦੀ ਨਹੀਂ ਤੇ ਛੋਟੀ ਉਹ ਕਰਦੇ ਨਹੀਂ। ਮੌਕਾ ਹੱਥੋਂ ਨਿਕਲਣ 'ਤੇ ਪਛਤਾਵਾ ਹੋਰ ਸਮੱਸਿਆਵਾਂ ਪੈਦਾ ਕਰਦਾ ਹੈ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਕੁਦਰਤੀ ਸਮੱਸਿਆਵਾਂ ਨਾਲ ਨਜਿੱਠਣਾ ਵੀ ਜਰੂਰ ਸਿਖਾਉਣ। ਉਨ੍ਹਾਂ ਹੋਰ ਕਿਹਾ ਕਿ ਜਾਇਦਾਦਾਂ ਦੇ ਝਗੜੇ ਵੀ ਅਜਿਹੇ ਰਾਹ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਖੁਦਕੁਸ਼ੀ ਕਰਨ ਵਾਲਾ ਵਿਅਕਤੀ ਕਈ ਵਾਰ ਇਹ ਸੋਚ ਕੇ ਵੀ ਬਾਕੀ ਜੀਆਂ ਦੀ ਹੱਤਿਆ ਕਰ ਦਿੰਦਾ ਹੈ ਕਿ ਉਹ ਉਸ ਪਿਛੋਂ ਔਖੇ ਰਹਿਣਗੇ।

## ਢਾਹਾਂ ਇਨਾਮਾਂ ਦਾ ਐਲਾਨ 12 ਨੂੰ

**ਵੈਨਕੂਵਰ, ਕੈਨੇਡਾ (ਬਿਊਰੋ):** ਢਾਹਾਂ ਇਨਾਮ ਦੇ ਪ੍ਰਬੰਧਕਾਂ ਅਨੁਸਾਰ ਸਾਲ 2019 ਦੇ ਢਾਹਾਂ ਇਨਾਮਾਂ ਦਾ ਐਲਾਨ 12 ਸਤੰਬਰ, ਵੀਰਵਾਰ ਨੂੰ ਵੈਨਕੂਵਰ ਤੋਂ ਸਵੇਰੇ 11:30 ਵਜੇ ਕੀਤਾ ਜਾਵੇਗਾ, ਜਿਸ ਸਬੰਧੀ ਜਾਣਕਾਰੀ ਫੇਸ-ਬੁੱਕ ਸਫੇ www.facebook.com/dhahanpirze 'ਤੇ ਵੀ ਪ੍ਰਸਾਰਿਤ ਕੀਤੀ ਜਾਵੇਗੀ। ਜੇਤੂ ਲੇਖਕਾਂ ਨੂੰ ਇਨਾਮ ਦੇਣ ਦਾ ਸਮਾਗਮ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ, ਵੈਨਕੂਵਰ ਵਿਖੇ 2 ਨਵੰਬਰ ਨੂੰ ਹੋਵੇਗਾ।

ਯਾਦ ਰਹੇ, 2019 ਦੇ ਇਨਾਮ 2018 ਵਿਚ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਛਪੇ ਕਹਾਣੀ ਸੰਗ੍ਰਿਹ ਜਾਂ ਨਾਵਲਾਂ ਨੂੰ ਦਿੱਤੇ ਜਾਣਗੇ। ਪਹਿਲਾ ਇਨਾਮ 25 ਹਜ਼ਾਰ ਕੈਨੇਡੀਅਨ ਡਾਲਰ ਦਾ ਹੈ ਅਤੇ ਦੂਜੇ ਦੋ ਇਨਾਮ 10-10 ਹਜ਼ਾਰ ਕੈਨੇਡੀਅਨ ਡਾਲਰ ਦੇ ਹਨ। ਤਿੰਨਾਂ ਇਨਾਮਾਂ ਵਿਚੋਂ ਇਕ-ਇਕ ਇਨਾਮ ਗੁਰਮੁਖੀ ਅਤੇ ਸ਼ਾਹਮੁਖੀ ਨੂੰ ਦਿੱਤਾ ਜਾਣਾ ਹੈ। ਇਹ ਪੰਜਾਬੀ ਦੀਆਂ ਗਲਪ ਦੀਆਂ ਕਿਤਾਬਾਂ ਨੂੰ ਦਿੱਤਾ ਜਾਣ ਵਾਲਾ ਇਕੋ ਇਕ ਕੌਮਾਂਤਰੀ ਇਨਾਮ ਹੈ ਅਤੇ ਪੰਜਾਬੀ ਵਿਚ ਇਹ ਬਾਕੀ ਸਭ ਇਨਾਮਾਂ ਤੋਂ ਵੱਡਾ ਇਨਾਮ ਹੈ।

## ਫਿਰੋਜ ਸ਼ਾਹ ਕੋਟਲਾ ਸਟੇਡੀਅਮ ਦਾ ਨਾਮ ਜੇਤਲੀ ਦੇ ਨਾਂ 'ਤੇ ਰੱਖਣ ਦਾ ਫੈਸਲਾ

**ਨਵੀਂ ਦਿੱਲੀ:** ਦਿੱਲੀ ਤੇ ਜਿਲ੍ਹਾ ਕ੍ਰਿਕਟ ਐਸੋਸੀਏਸ਼ਨ (ਡੀ.ਡੀ.ਸੀ.ਏ.) ਨੇ ਫਿਰੋਜ ਸ਼ਾਹ ਕੋਟਲਾ ਸਟੇਡੀਅਮ ਦਾ ਨਾਂ ਇਸ ਦੇ ਸਾਬਕਾ ਪ੍ਰਧਾਨ ਅਰੁਣ ਜੇਤਲੀ ਦੇ ਨਾਂ 'ਤੇ ਰੱਖਣ ਦਾ ਫੈਸਲਾ ਕੀਤਾ ਹੈ। ਸਟੇਡੀਅਮ ਦਾ ਨਾਂ ਬਦਲਣ ਸਬੰਧੀ ਸਮਾਗਮ 12 ਸਤੰਬਰ ਨੂੰ ਜਵਾਹਰ ਲਾਲ ਨਹਿਰੂ ਸਟੇਡੀਅਮ 'ਚ ਹੋਵੇਗਾ। ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਖੇਡ ਮੰਤਰੀ ਕਿਰਨ ਰਿਜਿਜੂ ਮੁੱਖ ਮਹਿਮਾਨ ਹੋਣਗੇ।


ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਸਟਾਫ ਦੀ ਲੋੜ ਹੈ

ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 515-291-1961

36-37

ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਸਿੰਘ ਜੌਹਲ

ਫੋਨ: 317-709-7800

34-

ਮੈਡੀਸਨ ਨੇੜੇ, ਵਿਸਕਾਨਸਿਨ ਵਿਚ

ਗੈਸ ਸਟੇਸ਼ਨ ਵਿਕਾਊ ਹੈ

ਇਨਸਾਈਡ ਸੇਲ: ਔਸਤਨ $50,000 ਮਹੀਨਾ

ਗੈਸ ਸੇਲ: 15000 ਗੈਲਨ ਪ੍ਰਤੀ ਮਹੀਨਾ

ਪੀਜ਼ੇ ਲਈ ਕਿਚਨ, ਲਿੱਕਰ ਅਤੇ ਬੀਅਰ ਲਾਇਸੈਂਸ

ਦੋ ਬੈਡਰੂਮ ਦੀ ਰਿਹਾਇਸ਼, ਕਿਚਨ ਤੇ ਲਾਂਡਰੀ ਡਾਊਨਸਟੇਅਰ

ਕੀਮਤ: $425000

ਸੰਪਰਕ ਕਰੋ: ਗੁਰਮੀਤ ਸਿੰਘ

ਫੋਨ: 608-843-6144

31,34,36,38



## Matrimonials

### ਲੜਕੀ ਦੀ ਲੋੜ ਹੈ

ਗਰੀਨ ਕਾਰਡ ਹੋਲਡਰ ਰਾਮਗੜ੍ਹੀਆ ਸਿੱਖ ਲੜਕੇ, ਉਮਰ 30 ਸਾਲ, ਕੱਦ 5'-6", ਕਲੀਨ ਸ਼ੇਵ, ਟਰੱਕ ਡਰਾਈਵਰ ਲਈ ਗਰੀਨ ਕਾਰਡ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 661-444-3657 (ਕੈਲੀਫੋਰਨੀਆ ਟਾਈਮ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ)

35-38

ਰਵਿਦਾਸੀਆ ਸਿੱਖ ਲੜਕੇ, ਉਮਰ 44, 5'-7", ਕਲੀਨ ਸ਼ੇਵ, ਵੈਸ਼ਨੂੰ, ਚੰਗੀ ਜੌਬ ਕਰਦੇ ਅਮਰੀਕਨ ਇਮੀਗਰਾਂਟ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 916-730-8029

33-36

### ਲੜਕੇ ਦੀ ਲੋੜ ਹੈ

Suitable match for a beautiful US born divorcee Nai girl of 31, 5'-2", doing final year of law, all family well settled in New York. Please contact: 516-590-9117

36-39

Looking for a well qualified Manglik male, Engineer or Doctor, US citizen or green card holder for Sikh Ramdasia girl, 34 yrs, 5'-5", Software Engineer, working as Manager in a reputed MNC in USA, Interested please contact: 1-732-749-0791; email: nina.matrimony@gmail.com

35-38

### ਜੀਵਨ ਸਾਥੀ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ 40 ਸਾਲਾ ਕੱਦ 5' 2" ਵਿਧਵਾ ਲਈ ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਜਾਂ ਅਣਵਿਆਹੇ ਜੀਵਨ ਸਾਥੀ ਦੀ ਲੋੜ ਹੈ, ਜੋ 35 ਤੋਂ 45 ਸਾਲ ਦਾ ਹੋਵੇ। ਆਪਣੇ ਬੱਚੇ ਹੋਣ ਤਾਂ ਕੋਈ ਗੱਲ ਨਹੀਂ, ਪਰ ਹੋਰ ਬੱਚਾ ਨਾ ਚਾਹੁੰਦਾ ਹੋਵੇ। ਲੜਕੀ ਦੀਆਂ 4 ਤੇ 12 ਸਾਲ ਦੀਆਂ ਦੋ ਬੇਟੀਆਂ ਹਨ, ਅਤੇ ਉਸ ਦੇ ਨਾਂ 5 ਕਿੱਲੇ ਜ਼ਮੀਨ ਹੈ। ਉਹ ਮਾਪਿਆਂ ਦੀ ਸੇਵਾ ਅਤੇ ਪਰਿਵਾਰ ਨਾਲ ਤੇਹ-ਮੋਹ ਕਰਨ ਵਾਲੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਅਮਰੀਕਾ ਵਿਚ ਵੈਲ ਸੈਟਲਡ ਹੈ ਅਤੇ ਉਸ ਦਾ ਚੰਗਾ ਬਿਜਨਸ ਹੈ। ਲੋੜਵੰਦ ਅਤੇ ਮਿਹਨਤੀ ਲੜਕੇ ਦੀ ਸੈਟ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ। ਗੰਭੀਰ ਤੇ ਲੋੜਵੰਦ ਵੇਰਵੇ ਅਤੇ ਫੋਟੋ ਸਮੇਤ ਸੰਪਰਕ ਕਰਨ। ਈਮੇਲ: jhajjkaur2501@yahoo.com

34-37

ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+

ਗ੍ਰੰਥੀ ਸਿੰਘ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਗੁਰਦੁਆਰਾ ਸਾਹਿਬ (6970 Century Avenue, Madison, WI 53562) ਲਈ ਗ੍ਰੰਥੀ ਸਿੰਘ ਦੀ ਲੋੜ ਹੈ, ਜੋ ਗੁਰਮਤਿ ਦਾ ਮਨੋਹਰ ਕੀਰਤਨ ਕਰ ਸਕਦਾ ਹੋਵੇ।

ਗਰੀਨ ਕਾਰਡ ਵਾਲੇ ਸਿੰਘ ਨੂੰ ਤਰਜੀਹ।

ਸੰਪਰਕ ਕਰੋ:

ਹਰਜਿੰਦਰ ਸਿੰਘ (ਮੁੱਖ ਸੇਵਾਦਾਰ)

ਫੋਨ: (608) 446-1616

ਗੁਰਮੀਤ ਸਿੰਘ (ਖਜਾਨਚੀ)

ਫੋਨ: (608) 843-6144

34,36,38,40

## ਨੋਟਬੰਦੀ ਨੇ ਕਸੂਤੀ ਫਸਾਈ ਸ਼੍ਰੋਮਣੀ ਕਮੇਟੀ, ਰਿਜ਼ਰਵ ਬੈਂਕ ਨਹੀਂ ਦੇ ਰਿਹਾ ਕੋਈ ਰਾਹ

**ਅੰਮ੍ਰਿਤਸਰ:** ਨੋਟਬੰਦੀ ਤੋਂ ਬਾਅਦ ਸ਼ਰਧਾਲੂਆਂ ਦੇ ਚੜ੍ਹਾਵੇ ਵਜੋਂ ਸ਼੍ਰੋਮਣੀ ਕਮੇਟੀ ਕੋਲ ਇਕੱਠੇ ਹੋਏ ਪੁਰਾਣੀ ਭਾਰਤੀ ਕਰੰਸੀ ਦੇ ਲਗਭਗ 30 ਲੱਖ 45 ਹਜ਼ਾਰ ਰੁਪਏ ਨੂੰ ਨਵੀਂ ਕਰੰਸੀ ਵਿਚ ਤਬਦੀਲ ਕਰਨ ਬਾਰੇ ਫਿਲਹਾਲ ਭਾਰਤੀ ਰਿਜ਼ਰਵ ਬੈਂਕ ਨੇ ਚੁੱਪ ਵੱਟੀ ਹੋਈ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਭਾਰਤੀ ਰਿਜ਼ਰਵ ਬੈਂਕ ਨੂੰ ਦੋ ਵਾਰ ਪੱਤਰ ਵੀ ਭੇਜੇ ਸਨ। ਪਿਛਲੀ ਭਾਜਪਾ ਸਰਕਾਰ ਵੱਲੋਂ 8 ਨਵੰਬਰ, 2016 ਨੂੰ ਪੁਰਾਣੀ ਭਾਰਤੀ ਕਰੰਸੀ ਦੇ 500 ਅਤੇ 1000 ਰੁਪਏ ਦੇ ਨੋਟ ਬੰਦ ਕਰ ਦਿੱਤੇ ਗਏ ਸਨ।

ਪੁਰਾਣੇ ਨੋਟ ਬਦਲਣ ਅਤੇ ਬੈਂਕਾਂ ਵਿਚ ਜਮ੍ਹਾਂ ਕਰਾਉਣ ਲਈ 31 ਦਸੰਬਰ, 2016 ਤੱਕ ਦਾ ਸਮਾਂ ਦਿੱਤਾ ਗਿਆ ਸੀ। ਮਗਰੋਂ ਇਹ ਸਮਾਂ 31 ਮਾਰਚ, 2017 ਤੱਕ ਵਧਾ ਦਿੱਤਾ ਗਿਆ ਸੀ। ਇਹ ਆਦੇਸ਼ ਜਾਰੀ ਹੋਣ ਤੋਂ ਇਕ ਦਿਨ ਬਾਅਦ ਸ਼੍ਰੋਮਣੀ ਕਮੇਟੀ ਨੇ ਪੁਰਾਣੇ 500 ਅਤੇ 1000 ਰੁਪਏ ਦੇ ਨੋਟ ਭੇਟਾ ਵਜੋਂ ਜਾਂ ਦਾਨ ਵਜੋਂ ਲੈਣ ਤੋਂ ਮਨ੍ਹਾ ਕਰ ਦਿੱਤਾ ਸੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਮੂਹ ਅਦਾਰਿਆਂ ਨੂੰ ਪੱਤਰ ਭੇਜ ਕੇ ਆਦੇਸ਼ ਵੀ ਦਿੱਤੇ ਗਏ ਸਨ ਪਰ ਸ਼ਰਧਾਲੂਆਂ ਵੱਲੋਂ ਚੜ੍ਹਾਵੇ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਪੁਰਾਣੀ ਕਰੰਸੀ ਦੇ ਬੰਦ ਕੀਤੇ ਨੋਟ ਚੜ੍ਹਾਏ ਜਾਂਦੇ ਰਹੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਕੋਲ ਲਗਭਗ 30 ਲੱਖ 45 ਹਜ਼ਾਰ ਰੁਪਏ ਦੀ ਪੁਰਾਣੀ ਕਰੰਸੀ ਦੇ ਨੋਟ ਇਕੱਠੇ ਹੋ ਗਏ ਸਨ।

ਸ਼੍ਰੋਮਣੀ ਕਮੇਟੀ ਨੇ ਇਹ ਪੁਰਾਣੀ ਕਰੰਸੀ ਤਬਦੀਲ ਕਰਨ ਲਈ ਭਾਰਤੀ ਰਿਜ਼ਰਵ ਬੈਂਕ ਨੂੰ ਅਪੀਲ ਵੀ ਕੀਤੀ ਸੀ ਪਰ ਆਰ.ਬੀ.ਆਈ. ਵੱਲੋਂ ਇਸ ਸਬੰਧੀ ਹੁਣ ਤੱਕ ਸ਼੍ਰੋਮਣੀ ਕਮੇਟੀ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਨੂੰ ਦੋ ਵਾਰ ਪੱਤਰ ਭੇਜ ਕੇ ਸੂਚਿਤ ਕੀਤਾ ਜਾ ਚੁੱਕਾ ਹੈ ਪਰ ਬੈਂਕ ਵੱਲੋਂ ਹੁਣ ਤੱਕ ਕੋਈ ਹੁੰਗਾਰਾ ਨਹੀਂ ਮਿਲਿਆ।

## ਸੂਚਨਾ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਨੂੰ ਘੇਰਿਆ

**ਆਰ. ਟੀ. ਆਈ.**

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਆਰ.ਟੀ.ਆਈ ਤਹਿਤ ਸੂਚਨਾ ਨਾ ਦੇਣ ਦੇ ਮਾਮਲੇ ਉਤੇ ਘਿਰਦੀ ਨਜ਼ਰ ਆ ਰਹੀ ਹੈ। ਰਾਜ ਸੂਚਨਾ ਕਮਿਸ਼ਨ ਨੇ ਇਹ ਫੈਸਲਾ ਦਿੱਤਾ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਵੈਇੱਛੁੱਕ ਤੌਰ ਉਤੇ ਸੂਚਨਾ ਵੇਰਵੇ ਦੇਣ ਲਈ ਪਾਬੰਦ ਹੈ। ਰਾਜ ਸੂਚਨਾ ਕਮਿਸ਼ਨ ਦਾ ਇਹ ਹੁਕਮ 2011 ਵਿਚ ਦਾਇਰ ਕੀਤੀ ਪਟੀਸ਼ਨ ਦੇ ਤਹਿਤ 22 ਅਗਸਤ 2019 ਨੂੰ ਆਇਆ ਹੈ।

ਸ਼੍ਰੋਮਣੀ ਕਮੇਟੀ ਵਿਸ਼ੇਸ਼ ਤੌਰ ਉਤੇ ਸੰਸਥਾ ਦੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੇ ਫਰਜ ਅਤੇ ਸ਼ਕਤੀਆਂ, ਸ਼੍ਰੋਮਣੀ ਕਮੇਟੀ ਦੀ ਫੈਸਲੇ ਲੈਣ ਦੀ ਪ੍ਰਕਿਰਿਆ, ਸੰਸਥਾ ਅਧੀਨ ਦਸਤਾਵੇਜ਼ ਬਾਰੇ ਬਿਆਨ, ਸੰਸਥਾ ਦੇ ਮੁਲਾਜ਼ਮਾਂ ਵੱਲੋਂ ਮਹੀਨਾਵਾਰ ਲਈ ਜਾਂਦੀ ਭੇਟਾ, ਕਮੇਟੀਆਂ ਦੀਆਂ ਸਾਰੀਆਂ ਯੋਜਨਾਵਾਂ ਦੀ ਪੂਰਤੀ ਲਈ ਨਿਰਧਾਰਤ ਬਜਟ, ਸਬਸਿਡੀ ਪ੍ਰੋਗਰਾਮ ਚਲਾਉਣ ਦਾ ਢੰਗ ਤਰੀਕਾ ਅਤੇ ਲਾਭ ਪਾਤਰੀਆਂ ਦੀ ਸੂਚੀ ਬਾਰੇ ਜਾਣਕਾਰੀ ਦੇਣ ਵਿਚ ਅਸਫਲ ਰਹੀ ਹੈ। ਜ਼ਿਕਰਯੋਗ ਹੈ ਕਿ ਜਦੋਂ ਦਾ ਸੂਚਨਾ ਅਧਿਕਾਰ ਕਾਨੂੰਨ ਲਾਗੂ ਹੋਇਆ ਹੈ, ਉਦੋਂ ਤੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸੇ ਨਾ ਕਿਸੇ ਕਾਰਨ ਸਵੈਇੱਛੁੱਕ ਤੌਰ ਉਤੇ ਸੂਚਨਾਵਾਂ ਦੇ ਵੇਰਵੇ ਦੇਣ ਤੋਂ ਇਨਕਾਰੀ ਸੀ। ਲੁਧਿਆਣਾ ਦੇ ਵਾਸੀ ਕੁਲਦੀਪ ਸਿੰਘ ਖਹਿਰਾ ਨੇ ਇਕ ਪਟੀਸ਼ਨ ਦਾਇਰ ਕੀਤੀ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕਿ ਜਨਤਕ ਅਦਾਰਾ ਹੈ ਅਤੇ ਸੂਚਨਾ ਅਧਿਕਾਰ ਕਾਨੂੰਨ ਅਧੀਨ ਆਉਂਦੀ ਹੈ ਪਰ ਸਵੈਇੱਛੁੱਕ ਤੌਰ ਉਤੇ ਆਪਣੀ ਵੈਬਸਾਈਟ ਉਤੇ ਸੂਚਨਾ ਨਹੀਂ ਪਾ ਰਹੀ।

22 ਅਗਸਤ ਨੂੰ ਰਾਜ ਸੂਚਨਾ ਕਮਿਸ਼ਨਰ ਅਵਤਾਰ ਸਿੰਘ ਕਲੇਰ ਨੇ ਐਸ.ਜੀ.ਪੀ.ਸੀ. ਖਾਸ ਕਰਕੇ ਇਸ ਦੇ ਸਕੱਤਰ ਨੂੰ ਹਦਾਇਤ ਕੀਤੀ ਕਿ ਆਰ.ਟੀ.ਆਈ. ਕਾਨੂੰਨ ਤਹਿਤ ਜਾਣਕਾਰੀ 31 ਅਗਸਤ 2020 ਤੱਕ ਵੈਬਸਾਈਟ ਉਤੇ ਪਾਈ ਜਾਵੇ ਅਤੇ ਇਸ ਤੋਂ ਬਾਅਦ ਕਮਿਸ਼ਨ ਨੂੰ ਇਸ ਕਾਰਜ ਦੀ ਪੂਰਤੀ ਕਰਕੇ ਦੱਸਿਆ ਜਾਵੇ। ਇਹ ਕੇਸ ਸਾਲ 2011 ਵਿਚ ਉਦੋਂ ਦਾ ਹੈ ਜਦੋਂ ਕੇਂਦਰੀ ਸੂਚਨਾ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਨੂੰ ਆਰ.ਟੀ.ਆਈ. ਐਕਟ 2005 ਅਧੀਨ ਐਲਾਨਿਆ ਸੀ। ਕਮਿਸ਼ਨ ਨੇ ਹਦਾਇਤ ਕੀਤੀ ਹੈ ਕਿ ਕਮੇਟੀ ਜਨਤਕ ਅਥਾਰਟੀ ਹੋਣ ਕਾਰਨ ਆਪਣਾ ਸਾਰਾ ਰਿਕਾਰਡ ਇਸ ਕਾਨੂੰਨ ਤਹਿਤ ਸੂਚੀਬੱਧ ਤਰੀਕੇ ਨਾਲ ਜਨਤਕ ਕਰਨ ਦੀ ਪਾਬੰਦ ਹੈ। ਸੂਚਨਾ ਕਾਨੂੰਨ ਦੀ ਧਾਰਾ 4 ਇਹ ਯਕੀਨੀ ਬਣਾਉਂਦੀ ਹੈ ਕਿ ਜੋ ਰਿਕਾਰਡ ਢੁਕਵਾਂ ਹੈ, ਉਸ ਨੂੰ ਨਿਸ਼ਚਿਤ ਸਮੇਂ ਵਿਚ ਕਪਿਊਟਰੀਕ੍ਰਿਤ ਕੀਤਾ ਜਾਵੇ ਅਤੇ ਦੇਸ਼ ਭਰ ਵਿਚ ਵੱਖ-ਵੱਖ ਢੰਗਾਂ ਰਾਹੀਂ ਦੇਸ਼ ਭਰ ਵਿਚ ਇਕ ਨੈੱਟਵਰਕ ਰਾਹੀਂ ਦਰਸ਼ਕਾਂ ਦੀ ਸਹੂਲਤ ਲਈ ਵੈਬਸਾਈਟ ਉਤੇ ਪਾਇਆ ਜਾਵੇ।

## ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਗਾਏ ਸਿੱਖਾਂ ਦੇ ਸੋਹਲੇ



**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਰੂਹਾਨੀ ਪ੍ਰਕਾਸ਼' ਸਮਾਗਮ ਇਥੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿਚ ਕਰਵਾਇਆ ਗਿਆ। ਇਸ ਮੌਕੇ ਕਰਤਾਰਪੁਰ ਸਾਹਿਬ ਲਾਂਘੇ ਦੀ ਗੱਲ ਕਰਦਿਆਂ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਜਿਥੇ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਉਹ ਭਾਰਤ ਵਿਚ ਨਹੀਂ ਹੈ, ਕਰਤਾਰਪੁਰ ਸਾਹਿਬ ਵੀ ਭਾਰਤ ਵਿਚ ਨਹੀਂ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਰੀਰ ਤਿਆਗਿਆ।

ਉਨ੍ਹਾਂ ਕਿਹਾ ਕਿ ਅਸੀਂ ਅਜਿਹੀ ਵਿਵਸਥਾ ਕਰ ਰਹੇ ਹਾਂ ਕਿ ਭਾਰਤ ਵਿਚ ਰਹਿਣ ਵਾਲੇ ਸਿੱਖ ਭੈਣ ਭਰਾ ਜੇ ਸ੍ਰੀ ਕਰਤਾਰਪੁਰ ਸਾਹਿਬ ਜਾਣਾ ਚਾਹੁਣ ਤਾਂ ਜਾ ਕੇ ਦਰਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਸਥਾਈ ਵਿਵਸਥਾ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਬਾਰੇ ਕੋਈ ਵੀ ਇਹ ਸੱਚਾਈ ਨਕਾਰ ਨਹੀਂ ਸਕਦਾ ਕਿ ਭਾਰਤ ਦੀ ਰਾਖੀ ਕਰਨ ਵਿਚ ਸਭ ਤੋਂ ਵੱਧ ਯੋਗਦਾਨ ਤੇ ਬਲੀਦਾਨ ਸਿੱਖ ਸਮਾਜ ਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਜੇ ਕੋਈ ਵੱਡਾ ਭਰਾ ਹੈ ਤਾਂ ਸਿੱਖ ਸਮਾਜ ਹੈ, ਜੇ ਸਿੱਖ ਸਮਾਜ ਨਾ ਹੁੰਦਾ, ਸਿੱਖ ਧਰਮ ਨੂੰ ਮੰਨਣ ਵਾਲੇ ਨਾ ਹੁੰਦੇ ਤਾਂ ਭਾਰਤ ਦਾ ਮਾਣ- ਸਤਿਕਾਰ ਤੇ ਸਭਿਆਚਾਰ ਵੀ ਨਹੀਂ ਰਹਿਣਾ ਸੀ ਤੇ ਨਾ ਸਾਡਾ ਰਾਸ਼ਟਰ ਸੁਰੱਖਿਅਤ ਰਹਿੰਦਾ। ਉਨ੍ਹਾਂ ਕਿਹਾ ਕਿ ਆਜ਼ਾਦੀ ਹਾਸਲ ਕਰਨ ਤੋਂ ਬਾਅਦ ਦੇਸ਼ ਦੀ ਸੁਰੱਖਿਆ ਦੇ ਮਾਮਲੇ ਵਿਚ ਜਨ ਸੰਖਿਆ ਦੇ ਅਨੁਪਾਤ ਵਿਚ ਇਸ ਦੇਸ਼ ਦੀ ਸੁਰੱਖਿਆ ਵਾਸਤੇ ਸਭ ਤੋਂ ਵੱਧ ਯੋਗਦਾਨ ਤੇ ਬਲਦਾਨ ਸਿੱਖਾਂ ਨੇ ਦਿੱਤਾ ਹੈ। ਉਨ੍ਹਾਂ ਕਿਹਾ, 'ਮੈਂ ਛੋਟਾ ਸੀ, ਉਦੋਂ ਤੋਂ ਜਾਣਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਕੋਈ ਆਮ ਘਟਨਾ ਨਹੀਂ ਸੀ। ਗੁਰੂ ਸਾਹਿਬ ਜੋ ਕੁਝ ਫਰਮਾਉਂਦੇ ਸਨ, ਉਨ੍ਹਾਂ ਦੀ ਬਾਣੀ ਨਿਰਮਲ ਸੀ। ਅੱਜ ਦੇ ਸਮਾਗਮ ਵਿਚ ਵੀ ਪ੍ਰੇਰਨਾਦਾਇਕ ਤਰੰਗਾਂ ਸਨ।'

ਸਮਾਗਮ ਨੂੰ ਸੰਬੋਧਨ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਉਤੇ ਸਾਰੇ ਸਿੱਖ ਜਗਤ ਨੂੰ ਦਿਲੋਂ ਵਧਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾ ਸਿਰਫ ਹਿੰਦੁਸਤਾਨ ਬਲਕਿ ਸਾਰੀ ਦੁਨੀਆਂ ਨੂੰ ਇਕੱਠਾ ਕਰਨ ਦੀ ਖਾਤਰ ਦੁਨੀਆਂ ਦੇ ਚੱਪੇ ਚੱਪੇ ਦਾ ਸਫਰ ਕੀਤਾ। ਉਨ੍ਹਾਂ ਨੇ ਕਦੇ ਵੀ ਹਿੰਦੂ ਅਤੇ ਮੁਸਲਮਾਨ ਜਾਂ ਹੋਰ ਕਿਸੇ ਵਿਚ ਵੀ ਫਰਕ ਨਹੀਂ ਰੱਖਿਆ, ਉਨ੍ਹਾਂ ਨੇ ਸੱਦਾ ਦਿੱਤਾ ਕਿ ਇਸ ਸ਼ੁਭ ਮੌਕੇ 'ਤੇ ਸਾਰਾ ਸਿੱਖ ਜਗਤ ਪ੍ਰਣ ਲਵੇ ਕਿ ਅਸੀਂ ਵਾਤਾਵਰਣ ਦੀ ਰੱਖਿਆ ਕਰਨ ਵਿਚ ਵੀ ਯੋਗਦਾਨ ਪਾਵਾਂਗੇ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਨੇ ਜਪੁਜੀ ਦੀ ਰਚਨਾ ਕੀਤੀ ਤੇ ਪਾਠ ਦੇ ਅੰਤ ਵਿਚ ਵਾਤਾਵਰਣ ਦੀ ਹਿਫਾਜ਼ਤ ਬਾਰੇ ਹੀ ਗੱਲ ਕੀਤੀ ਗਈ ਹੈ, 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ।'

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਸ੍ਰੀ ਪਟਨਾ ਸਾਹਿਬ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਕਮੇਟੀ ਮਿਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾ ਰਹੇ ਹਨ। ਉਨ੍ਹਾਂ ਨੇ ਸੰਗਤ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਨਵੰਬਰ ਦੇ ਪਹਿਲੇ ਹਫਤੇ ਤੋਂ 12 ਨਵੰਬਰ ਨੂੰ ਗੁਰਪੁਰਬ ਤੱਕ ਸੁਲਤਾਨਪੁਰ ਲੋਧੀ ਪਹੁੰਚਣ ਦਾ ਸੱਦਾ ਦਿੱਤਾ। ਸਮਾਗਮ ਦੌਰਾਨ ਮਨਜਿੰਦਰ ਸਿੰਘ ਸਿਰਸਾ, ਰਣਜੀਤ ਕੌਰ ਵੱਲੋਂ ਸ੍ਰੀ ਰਾਜਨਾਥ ਸਿੰਘ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।

## ਨਿਊਜ਼ੀਲੈਂਡ ਦੀ ਵਿਰੋਧੀ ਧਿਰ ਦੇ ਆਗੂ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਨਿਊਜ਼ੀਲੈਂਡ ਵਿਚ ਵਿਰੋਧੀ ਧਿਰ ਦੇ ਆਗੂ ਤੇ ਨੈਸ਼ਨਲ ਪਾਰਟੀ ਦੇ ਮੁਖੀ ਸਿਮਨ ਬ੍ਰਿਜ ਦੀ ਅਗਵਾਈ ਹੇਠ ਵਫਦ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਹ ਵਫਦ ਜਲ੍ਹਿਆਂਵਾਲਾ ਬਾਗ ਅਤੇ ਅਟਾਰੀ ਸਰਹੱਦ 'ਤੇ ਵੀ ਗਿਆ। ਇਸ ਵਫਦ ਵਿਚ ਵਿਰੋਧੀ ਧਿਰ ਦੇ ਬੁਲਾਰੇ ਵਜੋਂ ਗੈਰੀ ਬ੍ਰਾਊਨਲੀ, ਐਮ.ਪੀ. ਕਮਲਜੀਤ ਸਿੰਘ ਬਖਸ਼ੀ, ਰਚੈਲ ਮੋਰਟਨ ਤੇ ਹੋਰ ਸ਼ਾਮਲ ਸਨ।

ਇਸ ਵਫਦ ਨਾਲ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵੀ ਮੁਲਾਕਾਤ ਕੀਤੀ। ਇਹ ਵਫਦ ਇਥੇ ਨਿੱਜੀ ਦੌਰੇ 'ਤੇ ਆਇਆ ਹੈ ਅਤੇ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਗੁਰੂ ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਵਫਦ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ, ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਵੀ ਮੁਲਾਕਾਤ ਕੀਤੀ।

## ਭੁੱਖ ਨਾਲ ਨਜਿੱਠਣ ਵਾਸਤੇ ਲੰਗਰ ਚਲਾਉਣ ਲਈ ਜਨਹਿੱਤ ਪਟੀਸ਼ਨ

**ਨਵੀਂ ਦਿੱਲੀ:** ਸੁਪਰੀਮ ਕੋਰਟ 'ਚ ਜਨਹਿੱਤ ਪਟੀਸ਼ਨ ਦਾਖਲ ਕਰਕੇ ਸਾਰੇ ਸੂਬਿਆਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਇਹ ਹਦਾਇਤ ਦੇਣ ਦੀ ਮੰਗ ਕੀਤੀ ਗਈ ਹੈ ਕਿ ਉਹ ਭੁੱਖ ਅਤੇ ਕੁਪੋਸ਼ਣ ਨਾਲ ਨਜਿੱਠਣ ਲਈ ਲੰਗਰ ਚਲਾਉਣ ਦੀ ਯੋਜਨਾ ਤਿਆਰ ਕਰਨ। ਅਰਜੀ 'ਚ ਕਿਹਾ ਪ੍ਰਣਾਲੀ ਦੇ ਘੇਰੇ ਤੋਂ ਬਾਹਰ ਰਹਿ ਗਏ ਲੋਕਾਂ ਲਈ ਕੌਮੀ ਖੁਰਾਕ ਗਰਿੱਡ ਬਣਾਉਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਭੁੱਖ ਨਾਲ ਹੋਣ ਵਾਲੀਆਂ ਮੌਤਾਂ ਨੂੰ ਘੱਟ ਕਰਨ ਲਈ ਕੌਮੀ ਕਾਨੂੰਨੀ ਸੇਵਾ ਅਥਾਰਿਟੀ (ਐਨ.ਐਲ.ਐਸ.ਏ.) ਨੂੰ ਯੋਜਨਾ ਤਿਆਰ ਕਰਨ ਦਾ ਹੁਕਮ ਦੇਣ ਦੀ



ਗਿਆ ਹੈ ਕਿ ਭੁੱਖ ਅਤੇ ਕੁਪੋਸ਼ਣ ਕਾਰਨ ਰੋਜ਼ਾਨਾ ਪੰਜ ਸਾਲ ਤੋਂ ਘੱਟ ਉਮਰ ਦੇ ਕਈ ਬੱਚੇ ਮਰ ਜਾਂਦੇ ਹਨ ਅਤੇ ਇਹ ਹਾਲਤ ਭੋਜਨ ਤੇ ਨਾਗਰਿਕਾਂ ਦੇ ਜਿਊਣ ਦੇ ਅਧਿਕਾਰਾਂ ਸਮੇਤ ਵੱਖ ਵੱਖ ਮੌਲਿਕ ਹੱਕਾਂ ਦਾ ਉਲੰਘਣ ਕਰਦੀ ਹੈ।

ਸਮਾਜਿਕ ਕਾਰਕੁਨਾਂ ਅਨੰਨ ਧਵਨ, ਇਸ਼ਾਨ ਸਿੰਘ ਅਤੇ ਕੁੰਜਨ ਸਿੰਘ ਵੱਲੋਂ ਦਾਖਲ ਜਨਹਿੱਤ ਪਟੀਸ਼ਨ 'ਚ ਕੇਂਦਰ ਨੂੰ ਜਨਤਕ ਵੰਡ ਮੰਗ ਕੀਤੀ ਹੈ। ਅਰਜੀ 'ਚ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਉੱਤਰਾਖੰਡ, ਉੜੀਸਾ, ਝਾਰਖੰਡ ਅਤੇ ਦਿੱਲੀ 'ਚ ਸਰਕਾਰੀ ਫੰਡ ਨਾਲ ਚਲਾਏ ਜਾ ਰਹੀ ਲੰਗਰ ਯੋਜਨਾ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ 'ਚ ਲੋਕਾਂ ਨੂੰ ਰਿਆਇਤੀ ਦਰਾਂ 'ਤੇ ਭੋਜਨ ਦਿੱਤਾ ਜਾਂਦਾ ਹੈ। ਇਹ ਪਟੀਸ਼ਨ ਵਕੀਲਾਂ ਆਸ਼ਿਮਾ ਮਾਂਡਲਾ ਅਤੇ ਫੁਜੈਲ ਅਹਿਮਦ ਅਯੂਬੀ ਰਾਹੀਂ ਦਾਖਲ ਕੀਤੀ ਗਈ ਹੈ।

## ਪਾਕਿਸਤਾਨੀ ਲੇਖਕਾ ਤਹਿਮੀਨਾ ਅਯੂਬ ਨੇ ਪਾਈ ਖਾਲਸਾ ਕਾਲਜ ਦੀ ਫੇਰੀ

**ਅੰਮ੍ਰਿਤਸਰ:** ਪਾਕਿਸਤਾਨ ਦੀ ਉਘੀ ਲੇਖਕਾ ਤਹਿਮੀਨਾ ਅਜ਼ੀਜ਼ ਅਯੂਬ ਨੇ ਖਾਲਸਾ ਕਾਲਜ ਦਾ ਦੌਰਾ ਕੀਤਾ। ਉਹ ਕਾਲਜ ਦੀ ਇਤਿਹਾਸਕ ਤੇ ਵਿਰਾਸਤੀ ਇਮਾਰਤ ਦੇਖ ਕੇ ਖਿੜ ਉਠੀ। ਉਨ੍ਹਾਂ ਕਿਹਾ ਕਿ ਉਹ ਸਿੱਖਾਂ ਅਤੇ ਪੰਜਾਬ ਦੇ ਮਾਣਮੱਤੇ ਇਤਿਹਾਸ ਤੋਂ ਬਹੁਤ ਪ੍ਰਭਾਵਿਤ ਹੈ। ਉਨ੍ਹਾਂ ਨੂੰ ਇਸ ਖੇਤਰ ਦੇ ਇਸ ਹਿੱਸੇ 'ਚ ਪਾਕਿਸਤਾਨ ਅਤੇ ਭਾਰਤੀ ਸਭਿਆਚਾਰ 'ਚ ਬਹੁਤ ਸਮਾਨਤਾਵਾਂ ਨਜ਼ਰ ਆਉਂਦੀਆਂ ਹਨ।

ਲੇਖਕਾ ਅਯੂਬ ਨੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਾਜਿੰਦਰ ਮੋਹਨ ਸਿੰਘ ਛੀਨਾ ਨਾਲ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਰੀਤੀ ਰਿਵਾਜਾਂ ਅਤੇ ਸਭਿਅਤਾ ਬਾਰੇ ਚਰਚਾ ਕੀਤੀ। ਲੇਖਕਾ ਅਯੂਬ ਨੇ ਕਾਲਜ ਕੈਂਪਸ ਦਾ ਦੌਰਾ ਕਰਨ ਉਪਰੰਤ ਸਟਾਫ ਅਤੇ ਵਿਦਿਆਰਥੀਆਂ ਨਾਲ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਵਿਰਸੇ, ਪਹਿਰਾਵੇ ਅਤੇ ਮਾਹੌਲ ਬਾਰੇ ਗੱਲਬਾਤ ਕੀਤੀ।

ਉਨ੍ਹਾਂ ਕਰਾਚੀ, ਇਸਲਾਮਾਬਾਦ 'ਚ ਆਪਣੇ ਕਾਲਜ ਦੇ ਦਿਨਾਂ ਨੂੰ ਯਾਦ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਦੋਸਤ-ਮਿੱਤਰ ਉਨ੍ਹਾਂ ਨੂੰ ਪਿਆਰ ਨਾਲ ਪੂਨਮ ਨਾਂ ਨਾਲ ਬੁਲਾਉਂਦੇ ਹਨ। ਉਨ੍ਹਾਂ ਕਿਹਾ ਕਿ ਕਾਫੀ ਸਮੇਂ ਤੋਂ ਉਨ੍ਹਾਂ ਦੀ ਖਾਲਸਾ ਕਾਲਜ ਨੂੰ ਵੇਖਣ ਦੀ ਤਮੰਨਾ ਸੀ, ਜੋ ਅੱਜ ਪੂਰੀ ਹੋਈ ਹੈ।

## ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੁੰਦਰ ਜਲੌਅ ਸਜਾਏ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨਾ ਅਸਥਾਨ ਗੁਰਦੁਆਰਾ ਸ੍ਰੀ ਰਾਮਸਰ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ ਹੈ।

ਇਸ ਦੌਰਾਨ ਸ੍ਰੀ ਦਰਬਾਰ ਸਾਹਿਬ, ਅਕਾਲ ਤਖਤ ਅਤੇ ਗੁਰਦੁਆਰਾ ਬਾਬਾ ਅਟਲ ਰਾਏ ਵਿਖੇ ਜਲੌਅ ਵੀ ਸਜਾਏ ਗਏ ਅਤੇ ਰਾਤ ਨੂੰ ਦੀਪਮਾਲਾ ਕੀਤੀ ਗਈ।

ਪੁਰਾਤਨ ਰਵਾਇਤ ਅਨੁਸਾਰ ਨਗਰ ਕੀਰਤਨ ਦੀ ਆਰੰਭਤਾ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਆਪਣੇ ਸਿਰ 'ਤੇ ਰੱਖ ਕੇ ਪਾਲਕੀ ਵਿਚ ਸੁਸ਼ੋਭਿਤ ਕੀਤਾ। ਇਸ ਦੌਰਾਨ ਨਗਾਰਿਆਂ, ਜੈਕਾਰਿਆਂ ਅਤੇ ਨਰਸਿੰਘਿਆਂ ਦੀ ਗੂੰਜ ਵਿਚ ਨਗਰ ਕੀਰਤਨ ਰਵਾਨਾ ਹੋਇਆ। ਨਗਰ ਕੀਰਤਨ ਵਾਲੇ ਰਸਤੇ ਵਿਚ ਵਿਸ਼ੇਸ਼ ਸਜਾਵਟ ਕੀਤੀ ਗਈ ਸੀ ਅਤੇ ਥਾਂ-ਥਾਂ 'ਤੇ ਸੰਗਤਾਂ ਵੱਲੋਂ ਸਵਾਗਤ ਕੀਤਾ ਗਿਆ।

ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗਿਆਨੀ ਜਗਤਾਰ ਸਿੰਘ ਨੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਇਤਿਹਾਸ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ 1604 ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਪਰੰਤ ਬਾਬਾ ਬੁੱਢਾ ਜੀ ਅਤੇ ਸਿੱਖ ਸੰਗਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਸ ਅਸਥਾਨ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰਨ ਲਈ ਲਿਜਾਇਆ ਗਿਆ ਸੀ ਅਤੇ ਇਸੇ ਪਰੰਪਰਾ ਤਹਿਤ ਹਰ ਸਾਲ ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਸਜਾਇਆ ਜਾਂਦਾ ਹੈ। ਉਨ੍ਹਾਂ ਨੇ ਪੰਜ ਪਿਆਰਿਆਂ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ। ਫੁੱਲਾਂ ਦੀ ਸਜਾਵਟ ਵੀ ਸੰਗਤ ਲਈ ਖਿੱਚ ਦਾ ਕੇਂਦਰ ਬਣੀ ਹੋਈ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਉਹ ਪਾਵਨ ਧਾਰਮਿਕ ਗ੍ਰੰਥ ਹਨ, ਜੋ ਮਨੁੱਖ ਦੀ ਹਰ ਪੱਖ ਤੋਂ ਅਗਵਾਈ ਕਰਦੇ ਹਨ। ਇਸ ਵਿਚ ਦਰਜ ਗੁਰਬਾਣੀ ਵਿਚ ਮਨੁੱਖ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰਬਾਣੀ ਦੇ ਧਾਰਨੀ ਬਣ ਕੇ ਜੀਵਨ ਜਿਊਣ।

# ਪੰਜਾਬ ’ਚ ਆਮ ਆਦਮੀ ਪਾਰਟੀ ਨੂੰ ਪੈਰਾਂ ਸਿਰ ਕਰਨ ਲਈ ਹੰਭਲਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸੂਬੇ ਵਿਚ ‘ਆਮ ਆਦਮੀ ਆਰਮੀ’ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਤਹਿਤ ਪਿੰਡ ਪੱਧਰ ਤੱਕ ‘ਆਰਮੀ’ ਦਾ ਗਠਨ ਕੀਤਾ ਜਾਵੇਗਾ ਅਤੇ ਹਰੇਕ ਪਿੰਡ ਵਿਚ ਇਕ-ਇਕ ‘ਸੈਨਾਪਤੀ’ ਵੀ ਨਿਯੁਕਤ ਕੀਤਾ ਜਾਵੇਗਾ। ਪਾਰਟੀ ਨੇ ਇਸ ਨਾਮ ਹੇਠ ਸੂਬਾ ਪੱਧਰੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ।

ਇਸ ਤੋਂ ਇਲਾਵਾ ਕੋਰ ਕਮੇਟੀ ਦੀ ਮੀਟਿੰਗ ਵਿਚ ਸੂਬੇ ਵਿਚ ਅਗਲੇ ਦਿਨੀਂ ਹੋਣ ਵਾਲੀਆਂ ਸਾਰੀਆਂ ਉਪ ਚੋਣਾਂ ਲੜਨ ਦਾ ਫੈਸਲਾ ਵੀ ਲਿਆ ਗਿਆ ਹੈ।

ਦੱਸਣਯੋਗ ਹੈ ਕਿ ‘ਆਪ’ ਦੇ ਵਿਧਾਇਕ ਐਚ.ਐਸ. ਫੂਲਕਾ ਦੇ ਅਸਤੀਫਾ ਦੇਣ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਵਿਧਾਇਕ ਸੁਖਬੀਰ ਸਿੰਘ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਸੋਮ ਪ੍ਰਕਾਸ਼ ਦੇ ਸੰਸਦ ਮੈਂਬਰ ਬਣਨ ਅਤੇ ਕਾਂਗਰਸ ਦੇ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਹੋਣ ਕਾਰਨ ਕ੍ਰਮਵਾਰ ਵਿਧਾਨ ਸਭਾ ਹਲਕਾ ਦਾਖਾ, ਜਲਾਲਾਬਾਦ, ਫਗਵਾੜਾ ਅਤੇ ਮੁਕੇਰੀਆਂ ਵਿਚ ਕਿਸੇ ਵੇਲੇ ਵੀ ਜ਼ਿਮਨੀ ਚੋਣਾਂ ਹੋ ਸਕਦੀਆਂ ਹਨ। ਇਸੇ ਤਰ੍ਹਾਂ ‘ਆਪ’ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਅਤੇ ਨਾਜ਼ਰ ਸਿੰਘ ਮਾਨਸ਼ਾਹੀਆ ਦੇ ਕਾਂਗਰਸ ਵਿਚ ਸ਼ਾਮਲ ਹੋਣ ਅਤੇ ਸੁਖਪਾਲ ਖਹਿਰਾ ਤੇ ਮਾਸਟਰ ਬਲਦੇਵ ਸਿੰਘ



ਦੀ ਮੈਂਬਰਸ਼ਿਪ ਖਾਰਜ ਕਰਨ ਦੇ ਚੱਲ ਰਹੇ ਮਾਮਲਿਆਂ ਕਾਰਨ ਕ੍ਰਮਵਾਰ ਰੋਪੜ, ਮਾਨਸਾ, ਭੁਲੱਥ ਅਤੇ ਜੈਤੋ ਵਿਚ ਵੀ ਜ਼ਿਮਨੀ ਚੋਣਾਂ ਹੋਣ ਦੇ ਆਸਾਰ ਹਨ।

ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਉਪ-ਨੇਤਾ ਸਰਬਜੀਤ ਕੌਰ ਮਾਣੂੰਕੇ ਅਤੇ ਕੋਰ ਕਮੇਟੀ ਚੇਅਰਮੈਨ ਪ੍ਰਿੰਸੀਪਲ ਬੁੱਧਰਾਮ ਸਮੇਤ ਸੀਨੀਅਰ ਲੀਡਰਸ਼ਿਪ ਦੀ ਹਾਜ਼ਰੀ ਵਿਚ ਇਸ ਟ੍ਰਿਪਲ ਏ (ਆਮ ਆਦਮੀ ਆਰਮੀ) ਦੀ ਮੈਂਬਰਸ਼ਿਪ ਮੁਹਿੰਮ ਦਾ ਐਲਾਨ ਕੀਤਾ। ਇਸ ਮੌਕੇ ‘ਆਮ ਆਦਮੀ ਆਰਮੀ’ ਦੇ ਮਿਸ਼ਨ ਅਤੇ ਉਦੇਸ਼ਾਂ ਬਾਰੇ ਕਿਤਾਬਚਾ ਅਤੇ ਰਿਕਾਰਡ ਬੁੱਕ ਜਾਰੀ ਕੀਤੀ ਗਈ। ਸ੍ਰੀ ਮਾਨ ਨੇ ਦੱਸਿਆ ਕਿ ਮੈਂਬਰਸ਼ਿਪ ਮੁਹਿੰਮ ਦੌਰਾਨ ਹਰ ਪਿੰਡ ਅਤੇ ਸ਼ਹਿਰ-ਮੁਹੱਲੇ ਵਿਚ ਆਮ ਆਦਮੀ ਆਰਮੀ ਦੀ ਟੀਮ ਆਪਣੇ ਲੀਡਰ ਦੀ ਖੁਦ ਚੋਣ ਕਰੇਗੀ। ਉਨ੍ਹਾਂ ਕਿਹਾ ਕਿ ਬਾਦਲਾਂ ਅਤੇ ਕੈਪਟਨ ਦੇ ਕਥਿਤ ਮਾਫੀਆ ਰਾਜ ਖਿਲਾਫ ਆਮ ਆਦਮੀ ਆਰਮੀ ਦੇ ਯੋਧੇ ਸਿਵਲ ਆਰਮੀ ਵਾਂਗ ਲੜਨਗੇ।

ਭਗਵੰਤ ਮਾਨ ਨੇ 39 ਅਬਜਰਵਰਾਂ ਅਤੇ 3 ਕੋ-ਅਬਜਰਵਰਾਂ ਦੀ ਸੂਚੀ ਵੀ ਜਾਰੀ ਕੀਤੀ ਅਤੇ ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਸੂਬਾ ਕਮੇਟੀ ਦਾ ਐਲਾਨ ਵੀ ਕੀਤਾ। ਉਨ੍ਹਾਂ ਦੱਸਿਆ ਕਿ ਹਰੇਕ ਅਬਜ਼ਰਵਰ 3 ਵਿਧਾਨ ਸਭਾ ਹਲਕਿਆਂ ਦੀ ਨਿਗਰਾਨੀ ਕਰੇਗਾ ਅਤੇ ਇਨ੍ਹਾਂ ਉੱਪਰ ਸੂਬਾ ਕਮੇਟੀ ਨਿਗਰਾਨ ਵਜੋਂ ਕੰਮ ਕਰੇਗੀ। ਇਹ ਟੀਮ ਆਮ ਆਦਮੀ ਆਰਮੀ ਮੈਂਬਰਸ਼ਿਪ ਮੁਹਿੰਮ ਦੇ ਨਾਲ-ਨਾਲ ਬਿਜਲੀ ਮੋਰਚੇ ਅਤੇ ਭਵਿੱਖ ਦੀਆਂ ਹੋਰ ਗਤੀਵਿਧੀਆਂ ਲਈ ਸਰਗਰਮ ਰਹੇਗੀ। ਭਗਵੰਤ ਮਾਨ ਨੇ ਕਿਹਾ ਕਿ ਲੋਕ ਹੜ੍ਹ, ਸੋਕੇ, ਕੈਂਸਰ, ਨਸ਼ਿਆਂ ਅਤੇ ਕਰਜ਼ੇ ਨਾਲ ਮਰ ਰਹੇ ਹਨ ਪਰ ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ ਟਵਿੱਟਰ ‘ਤੇ ਟਵੀਟ-ਟਵੀਟ ਖੇਡ ਰਹੇ ਹਨ।

## ਹੁਣ ਵਿਧਾਇਕ ਅਮਨ ਅਰੋੜਾ ਦੇ ਬਾਗੀ ਸੁਰ

**ਚੰਡੀਗੜ੍ਹ:** ਬਗਾਵਤਾਂ ਤੇ ਟੁੱਟ-ਭੱਜ ਵਿਚ ਉਲਝੀ ਆਮ ਆਦਮੀ ਪਾਰਟੀ (ਆਪ) ਨੇ ਹੁਣ ਵਿਧਾਇਕ ਅਮਨ ਅਰੋੜਾ ਨੂੰ ਪਾਰਟੀ ‘ਚੋਂ ‘ਛੇਕਣ‘ ਦੀ ਤਿਆਰੀ ਕੱਸ ਲਈ ਜਾਪਦੀ ਹੈ। ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੇ ਵਿਧਾਇਕ ਵੱਲੋਂ 31 ਅਗਸਤ ਨੂੰ ਪਾਰਟੀ ਵਿਰੁੱਧ ਦਿੱਤੇ ਬਿਆਨ ਦਾ ਗੰਭੀਰ ਨੋਟਿਸ ਲਿਆ ਹੈ। ਸ੍ਰੀ ਅਰੋੜਾ ਨੇ ਬਰਗਾੜੀ ਕਾਂਡ ਬਾਰੇ ਵਿਰੋਧੀ ਧਿਰ ਦੇ ਆਗੂ ਹਰਪਾਲ ਚੀਮਾ ਸਮੇਤ ਪਾਰਟੀ ਦੇ 9 ਵਿਧਾਇਕਾਂ ਵੱਲੋਂ ਦਿੱਤੇ ਬਿਆਨ ਦੀ ਨਿਖੇਧੀ ਕੀਤੀ ਸੀ।

ਪਾਰਟੀ ਨੇ ਅਮਨ ਅਰੋੜਾ ਨੂੰ ਪੰਜਾਬ ਵਿਚ ਚਲਾਏ ਜਾ ਰਹੇ ਬਿਜਲੀ ਅੰਦੋਲਨ ਦਾ ਮੁਖੀ ਬਣਾਇਆ ਸੀ। ਸ੍ਰੀ ਅਰੋੜਾ ਨੇ ਸਾਰੇ ਪੰਜਾਬ ਵਿਚ ਇਸ ਸਬੰਧੀ ਸਰਗਰਮੀਆਂ ਵੀ ਵਿੱਢ ਦਿੱਤੀਆਂ ਸਨ। ਪਾਰਟੀ ਨੇ ਸ੍ਰੀ ਅਰੋੜਾ ਨੂੰ ਇਸ ਮਾਮਲੇ ਵਿਚ ਅਣਮਿਥੇ ਸਮੇਂ ਦੀ ਭੁੱਖ ਹੜਤਾਲ ਕਰਨ ਦਾ ਫੈਸਲਾ ਵੀ ਲੈ ਲਿਆ ਸੀ। ਇਸ ਦੌਰਾਨ ‘ਆਪ’ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਨਾਟਕੀ ਢੰਗ ਨਾਲ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਦੀ ਦਿੱਲੀ ਵਿਚ ਹੰਗਾਮੀ ਮੀਟਿੰਗ ਸੱਦ ਲਈ। ਮੀਟਿੰਗ ਦੌਰਾਨ ਸ੍ਰੀ ਅਰੋੜਾ ਕੋਲੋਂ ਬਿਜਲੀ ਅੰਦੋਲਨ ਦੀ ਕਮਾਂਡ ਖੋਹ ਕੇ ਬਰਨਾਲਾ ਦੇ ਵਿਧਾਇਕ ਮੀਤ ਹੇਅਰ ਨੂੰ ਸੌਂਪ ਦਿੱਤੀ ਗਈ। ਉਸੇ ਦਿਨ ਤੋਂ ਸ੍ਰੀ ਅਰੋੜਾ ਨੇ ਪਾਰਟੀ ਨਾਲੋਂ ਦੂਰੀਆਂ ਵਧਾਉਂਦਿਆਂ ਆਪਣੀਆਂ ਸਰਗਰਮੀਆਂ ਵੱਖਰੇ ਤੌਰ ’ਤੇ ਸ਼ੁਰੂ ਕਰ ਦਿੱਤੀਆਂ। ਉਹ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਭਗਵੰਤ ਮਾਨ ਵੱਲੋਂ 28 ਅਗਸਤ ਨੂੰ ਸੱਦੀ ਸੂਬਾਈ ਮੀਟਿੰਗ ’ਚੋਂ ਵੀ ਗੈਰਹਾਜ਼ਰ ਰਹੇ।

# ਜ਼ਿਮਨੀ ਚੋਣਾਂ: ਪੰਜਾਬ ’ਚ ਸਿਆਸੀ ਪਾਰਾ ਮੁੜ ਚੜ੍ਹਨ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਦੇ 8 ਵਿਧਾਨ ਸਭਾ ਹਲਕਿਆਂ ਵਿਚ ਭਾਵੇਂ ਉਪ ਚੋਣਾਂ ਕਰਵਾਉਣ ਦਾ ਮਾਹੌਲ ਬਣਦਾ ਜਾ ਰਿਹਾ ਹੈ ਅਤੇ ਸਰਕਾਰ ਇਨ੍ਹਾਂ ਨੂੰ ਟਾਲਣ ਦੇ ਰੌਂਅ ‘ਚ ਜਾਪਦੀ ਹੈ। ਇਸ ਕਾਰਨ ਸਵਾਲ ਉੱਠ ਰਹੇ ਹਨ ਕਿ ਅਖੀਰ ਕੈਪਟਨ ਸਰਕਾਰ ਕਿੰਨਾ ਕੁ ਚਿਰ ਇਹ ਚੋਣਾਂ ਟਾਲਦੀ ਰਹੇਗੀ।



ਕਾਂਗਰਸ ਦੇ ਵਿਧਾਨ ਸਭਾ ਹਲਕਾ ਮੁਕੇਰੀਆਂ ਦੇ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਹੋਣ ਕਾਰਨ ਸੂਬੇ ਵਿਚ 8 ਵਿਧਾਨ ਸਭਾ ਹਲਕਿਆਂ ਵਿਚ ਉਪ ਚੋਣਾਂ ਕਰਵਾਉਣ ਦੀ ਸਥਿਤੀ ਬਣ ਗਈ ਹੈ। ਇਨ੍ਹਾਂ ਵਿਚੋਂ ਇਕੱਲੀ ਆਮ ਆਦਮੀ ਪਾਰਟੀ (ਆਪ) ਦੇ 5 ਵਿਧਾਇਕਾਂ ਦੇ ਹਲਕਿਆਂ ਵਿਚ ਉਪ ਚੋਣਾਂ ਦੇ ਆਸਾਰ ਬਣੇ ਹਨ। ਇਨ੍ਹਾਂ ਵਿਚੋਂ 3 ਵਿਧਾਇਕਾਂ ਦੇ ਅਸਤੀਫੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੋਲ ਕਈ ਮਹੀਨਿਆਂ ਤੋਂ ਪੈਂਡਿੰਗ ਚੱਲ ਰਹੇ ਹਨ ਅਤੇ ਇਕ ਹੋਰ ਵਿਧਾਇਕ ਦੀ ਮੈਂਬਰਸ਼ਿਪ ਖਾਰਜ ਕਰਨ ਦਾ ਮਾਮਲਾ ਵੀ ਸਪੀਕਰ ਕੋਲ ਪੈਂਡਿੰਗ ਹੈ। ਸਪੀਕਰ ਵੱਲੋਂ ਪਿਛਲੇ ਦਿਨੀਂ ਹੀ ‘ਆਪ’ ਦੇ ਵਿਧਾਨ ਸਭਾ ਹਲਕਾ ਦਾਖਾ ਦੇ ਵਿਧਾਇਕ ਐਚ.ਐਸ. ਫੂਲਕਾ ਦਾ ਅਸਤੀਫਾ ਪ੍ਰਵਾਨ ਕੀਤਾ ਗਿਆ ਹੈ।

ਵਿਧਾਨ ਸਭਾ ਹਲਕਾ ਜਲਾਲਾਬਾਦ ਦੇ ਵਿਧਾਇਕ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਿਧਾਨ ਸਭਾ ਹਲਕਾ ਫਗਵਾੜਾ ਦੇ ਭਾਜਪਾ ਦੇ ਵਿਧਾਇਕ ਲੋਕ ਸਭਾ ਚੋਣਾਂ ਵਿਚ ਜਿੱਤਣ ਮਗਰੋਂ ਸੰਸਦ ਵਿਚ ਜਾ ਚੁੱਕੇ ਹਨ। ਇਸ ਕਾਰਨ ਜਲਾਲਾਬਾਦ ਤੇ ਫਗਵਾੜਾ ਸਮੇਤ ਸ੍ਰੀ ਫੂਲਕਾ ਦੇ ਹਲਕੇ ਦਾਖਾ ਅਤੇ ਸ੍ਰੀ ਬੱਬੀ ਦੀ ਮੌਤ ਹੋਣ ਕਾਰਨ ਹਲਕਾ ਮੁਕੇਰੀਆਂ ਦੀਆਂ ਉਪ ਚੋਣਾਂ ਕਰਵਾਉਣੀਆਂ ਤੈਅ ਹਨ। ਇਨ੍ਹਾਂ ਤੋਂ ਇਲਾਵਾ 4 ਹੋਰ ਵਿਧਾਨ ਸਭਾ ਹਲਕਿਆਂ ਦੀਆਂ ਉਪ ਚੋਣਾਂ ਦੇ ਆਸਾਰ ਬਣ ਰਹੇ ਹਨ ਪਰ ਸਰਕਾਰ ਇਨ੍ਹਾਂ ਨੂੰ ਟਾਲਣ ਦੇ ਰੌਂਅ ਵਿਚ ਲੱਗ ਰਹੀ ਹੈ। ‘ਆਪ’ ਦੇ ਹਲਕਾ ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਅਤੇ ਮਾਨਸਾ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ’ਚ ਸ਼ਾਮਲ ਹੋਏ ਸਨ। ਇਨ੍ਹਾਂ ਦੋਵਾਂ ਵੱਲੋਂ ਆਪਣੇ ਅਸਤੀਫੇ ਸਪੀਕਰ ਨੂੰ ਭੇਜੇ ਜਾ ਚੁੱਕੇ ਹਨ, ਜੋ ਪੈਂਡਿੰਗ ਪਏ ਹਨ। ਅਜਿਹਾ ਹੀ ਮਾਮਲਾ ‘ਆਪ’ ਦੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਹੈ। ਸ੍ਰੀ ਖਹਿਰਾ ਨੇ ‘ਪੰਜਾਬ ਏਕਤਾ ਪਾਰਟੀ’ ਬਣਾ ਕੇ ‘ਆਪ’ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਆਪਣੀ ਪਾਰਟੀ ਦੀ ਟਿਕਟ ’ਤੇ ਚੋਣ ਲੜੀ ਸੀ। ਪਾਰਟੀ ਸ੍ਰੀ ਖਹਿਰਾ ਨੂੰ ਮੁਅੱਤਲ ਕਰ ਚੁੱਕੀ ਹੈ ਅਤੇ ਉਨ੍ਹਾਂ ਵੱਲੋਂ ਆਪਣਾ ਅਸਤੀਫਾ ਸਪੀਕਰ ਨੂੰ ਭੇਜਿਆ ਜਾ ਚੁੱਕਾ ਹੈ ਪਰ ਅੱਜ ਤੱਕ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਨਹੀਂ ਹੋਇਆ। ਸ੍ਰੀ ਖਹਿਰਾ ਨੇ ਦੱਸਿਆ ਕਿ ਉਹ ਅਸਤੀਫਾ ਲਿਖ ਕੇ ਦੇ ਚੁੱਕੇ ਹਨ ਅਤੇ ਜੇ ਫਿਰ ਵੀ ਪ੍ਰਵਾਨ ਨਹੀਂ ਹੋ ਰਿਹਾ ਤਾਂ ਉਹ ਕੀ ਕਰ ਸਕਦੇ ਹਨ।

ਇਸੇ ਤਰ੍ਹਾਂ ‘ਆਪ’ ਦੇ ਵਿਧਾਨ ਸਭਾ ਹਲਕਾ ਜੈਤੋ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਵੀ ਪਾਰਟੀ ਤੋਂ ਅਸਤੀਫਾ ਦੇ ਕੇ ਪੰਜਾਬ ਏਕਤਾ ਪਾਰਟੀ ਵਿਚ ਸ਼ਾਮਲ ਹੋ ਚੁੱਕੇ ਹਨ। ਭਾਵੇਂ ਉਨ੍ਹਾਂ ਨੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ ਪਰ ਉਨ੍ਹਾਂ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਰੱਦ ਕਰਨ ਲਈ ਇਕ ਧਿਰ ਨੇ ਸਪੀਕਰ ਕੋਲ ਸ਼ਿਕਾਇਤ ਦਾਇਰ ਕਰਵਾਈ ਹੈ, ਜਿਸ ਦੇ ਬਾਵਜੂਦ ਉਹ ਅਜੇ ਵੀ ਬਤੌਰ ਵਿਧਾਇਕ ਸਾਰੀਆਂ ਸਹੂਲਤਾਂ ਮਾਣ ਰਹੇ ਹਨ। ਇਨ੍ਹਾਂ ਤੋਂ ਇਲਾਵਾ ‘ਆਪ’ ਦੇ 4 ਹੋਰ ਵਿਧਾਇਕ ਕੰਵਰ ਸੰਧੂ, ਜਗਤਾਰ ਸਿੰਘ ਜੱਗਾ, ਪਿਰਮਲ ਸਿੰਘ ਖਾਲਸਾ ਅਤੇ ਜਗਦੇਵ ਸਿੰਘ ਕਮਾਲੂ ਕਈ ਮਹੀਨਿਆਂ ਤੋਂ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਪਾਰਟੀ ਤੋਂ ਬਗਾਵਤ ਕਰ ਕੇ ਵੱਖਰੇ ਤੌਰ ’ਤੇ ਚੱਲ ਰਹੇ ਹਨ।

## ਸੁਖਬੀਰ ਦੀ ਚੋਣ ਨੂੰ ਚੁਣੌਤੀ ਦਿੰਦੀ ਪਟੀਸ਼ਨ ‘ਤੇ ਮੁੜ ਨੋਟਿਸ ਜਾਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਚੋਣ ਨੂੰ ਚੁਣੌਤੀ ਦਿੰਦੀ ਪਟੀਸ਼ਨ ‘ਤੇ ਹਾਈਕੋਰਟ ਵੱਲੋਂ ਮੁੜ ਨੋਟਿਸ ਜਾਰੀ ਕੀਤਾ ਗਿਆ ਹੈ। ਘੁਬਾਇਆ ਦੇ ਰਹਿਣ ਵਾਲੇ ਤੇ ਲੋਕ ਸਭਾ ਹਲਕੇ ਫਿਰੋਜ਼ਪੁਰ ਤੋਂ ਆਜ਼ਾਦ ਉਮੀਦਵਾਰ ਕਸ਼ਮੀਰ ਸਿੰਘ ਵੱਲੋਂ ਦਾਖਲ ਪਟੀਸ਼ਨ ਉਤੇ ਹਾਈਕੋਰਟ ਨੇ ਸੁਖਬੀਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ ਪਰ ਉਨ੍ਹਾਂ ਵੱਲੋਂ ਕੋਈ



ਵਕੀਲ ਪੇਸ਼ ਨਾ ਹੋਣ ‘ਤੇ ਮੁੜ ਨੋਟਿਸ ਜਾਰੀ ਕੀਤਾ ਗਿਆ ਹੈ।

ਹਾਈਕੋਰਟ ਨੇ ਸੁਣਵਾਈ 19 ਅਕਤੂਬਰ ‘ਤੇ ਪਾ ਦਿੱਤੀ ਹੈ। ਜਿਕਰਯੋਗ ਹੈ ਕਿ ਮੁੱਖ ਤੌਰ ‘ਤੇ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸੱਤਵੇਂ ਫੇਜ ਦੌਰਾਨ ਫਿਰੋਜ਼ਪੁਰ ਲੋਕ ਸਭਾ ਹਲਕੇ ‘ਚ 19 ਮਈ ਨੂੰ ਹੋਈ ਵੋਟਿੰਗ ਦੌਰਾਨ ਕੁੱਲ 11 ਲੱਖ 57 ਹਜ਼ਾਰ 142 ਵੋਟਾਂ ਭੁਗਤੀਆਂ ਸਨ, ਜਦੋਂ ਕਿ ਗਿਣਤੀ 11 ਲੱਖ 66 ਹਜ਼ਾਰ 717 ਵੋਟਾਂ ਦੀ ਹੋਈ। ਪਟੀਸ਼ਨਰ ਨੇ ਇਹ ਅੰਕੜਾ ਭਾਰਤ ਦੇ ਚੋਣ ਕਮਿਸ਼ਨ ਦੀ ਵੈੱਬਸਾਈਟ ‘ਤੇ ਦਰਜ ਹੋਣ ਦਾ ਹਵਾਲਾ ਦਿੱਤਾ ਹੈ। ਚੋਣ ਅਮਲੇ ਵੱਲੋਂ ਫਿਰੋਜ਼ਪੁਰ ਲੋਕ ਸਭਾ ਹਲਕੇ ‘ਚ ਪੈਂਦੇ ਨੌਂ ਵਿਧਾਨ ਸਭਾ ਹਲਕਿਆਂ ਵਿਚ ਹਰੇਕ ਵਿਧਾਨ ਸਭਾ ‘ਚ ਘੱਟੋ ਘੱਟ ਪੰਜ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ. ਵੀ. ਐਮ.) ਦੀ ਗਿਣਤੀ ਦਾ ਮਿਲਾਨ ਵੀ.ਵੀ. ਪੈਟ ਪਰਚੀਆਂ ਨਾਲ ਨਹੀਂ ਕਰਵਾਇਆ, ਜਦੋਂ ਕਿ ਸੁਪਰੀਮ ਕੋਰਟ ਨੇ ਇਕ ਵਿਧਾਨ ਸਭਾ ਹਲਕੇ ਵਿਚ 5 ਥਧਵਾਂ ‘ਤੇ ਵੀ.ਵੀ.ਪੈਟ ਦੇ ਮਿਲਾਨ ਦੀ ਛੋਟ ਦਿੱਤੀ ਸੀ।

# ਰੇਤ ਮਾਫੀਆ ਨੂੰ ਨੱਥ ਪਾਉਣ ’ਚ ਕੈਪਟਨ ਸਰਕਾਰ ਵੀ ਨਾਕਾਮ

**ਚੰਡੀਗੜ੍ਹ:** ਪੰਜਾਬ ਅੰਦਰ ਰੇਤ ਮਾਫੀਆ ਨੂੰ ਸਿਆਸੀ ਸਰਪ੍ਰਸਤੀ ਲਗਾਤਾਰ ਜਾਰੀ ਹੋਣ ਕਰਕੇ ਮੌਜੂਦਾ ਸਰਕਾਰ ਦੇ ਮਾਫੀਆ ਰਾਜ ਖਤਮ ਕਰਨ ਦੇ ਦਾਅਵਿਆਂ ਦੀ ਪੋਲ ਖੁੱਲ੍ਹ ਰਹੀ ਹੈ। ਸਰਕਾਰ ਦਾ ਅੱਧੇ ਤੋਂ ਵੱਧ ਕਾਰਜਕਾਲ ਸਮਾਪਤ ਹੋਣ ਵਾਲਾ ਹੈ ਪਰ ਕੋਈ ਠੋਸ ਨੀਤੀ ਉਤੇ ਅਮਲ ਦੀ ਅਣਹੋਂਦ ਕਰਕੇ ਰੇਤੇ ਅਤੇ ਬਜਰੀ ਦੇ ਮਾਮਲੇ ਵਿਚ ਸਰਕਾਰ ਜਵਾਬਦੇਹੀ ਅਤੇ ਪਾਰਦਰਸ਼ਤਾ ਤੋਂ ਕੋਹਾਂ ਦੂਰ ਹੈ।

ਰੋਪੜ ਜ਼ਿਲ੍ਹੇ ਦੇ ਘਨੌਲੀ ਪਿੰਡ ਨੇੜੇ ਦੋ ਨੌਜਵਾਨ ਨਾਕਾ ਲਗਾ ਕੇ ਰੇਤ ਢੋਣ ਦਾ ਕੰਮ ਕਰਨ ਵਾਲੇ ਵਾਹਨਾਂ ਦੇ ਬਿੱਲ ਚੈੱਕ ਕਰਦੇ ਰਹੇ। ਸਟੋਨ ਕਰੱਸ਼ਰ ਵਾਲੇ ਇਸ ਨੂੰ ਗੁੰਡਾ ਟੈਕਸ ਦਾ ਨਾਮ ਦਿੰਦੇ ਹਨ ਅਤੇ ਪ੍ਰਤੀ ਕਿਊਬਿਕ ਫੁੱਟ ਚਾਰ ਰੁਪਏ ਰਾਇਲਟੀ ਦੇ ਨਾਮ ਉੱਤੇ ਦੇਣ ਲਈ ਮਜਬੂਰ ਹਨ। ਮਾਫੀਆ ਦੀ ਆਮਦਨ ਦਾ ਇਸ ਤੱਥ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਘਨੌਲੀ, ਭਰਤਗੜ੍ਹ, ਆਨੰਦਪੁਰ ਸਾਹਿਬ ਅਤੇ ਨੰਗਲ ਖੇਤਰਾਂ ਵਿਚੋਂ ਹੀ ਰੋਜ਼ਾਨਾ 15 ਲੱਖ ਕਿਊਬਿਕ ਫੁੱਟ ਰੇਤ-ਬਜਰੀ ਕੱਢੀ ਜਾਂਦੀ ਹੈ। ਇਸ ਧੰਦੇ ’ਚ ਲੱਗੇ ਕੁਝ ਕਾਰੋਬਾਰੀਆਂ ਅਨੁਸਾਰ ਤਾਂ ਮਾਫੀਆ ਕੇਵਲ ਇਸ ਜ਼ਿਲ੍ਹੇ ਵਿਚੋਂ ਹੀ ਸੱਠ ਲੱਖ ਰੁਪਏ ਰੋਜ਼ਾਨਾ ਦੀ ਵਸੂਲੀ ਕਰਦਾ ਹੈ।

ਕਿਹਾ ਜਾ ਰਿਹਾ ਹੈ ਕਿ ਮਾਫੀਆ ਇਸ ਕਦਰ ਭਾਰੂ ਹੈ ਕਿ ਉਹ ਸਟੋਨ ਕਰੱਸ਼ਰ ਵਾਲਿਆਂ ਨੂੰ ਸਰਕਾਰੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਪਰੇਸ਼ਾਨੀ ਤੋਂ ਬਚਾਉਣ ਦੀ ਗਾਰੰਟੀ ਵੀ ਦਿੰਦਾ ਹੈ। ਖਬਰਾਂ ਮੁਤਾਬਕ ਆਨੰਦਪੁਰ ਸਾਹਿਬ-ਰੋਪੜ ਰਾਸ਼ਟਰੀ ਹਾਈਵੇ ਉੱਤੇ ਕਲਵਾਂ ਮੋੜ ਨੇੜੇ ਲਗਾਇਆ ਨਾਕਾ ਪੁਲਿਸ ਚੌਕੀ ਦੇ ਬਿਲਕੁਲ ਨੇੜੇ ਹੈ। ਇਥੇ ਪਹਿਲਾਂ ਸੇਲ ਟੈਕਸ ਦਾ



ਦਫਤਰ ਸੀ। ਇਸ ਖੇਤਰ ਦੇ ਲੋਕਾਂ ਨੇ ਸੂਚਨਾ ਦਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਅਨੁਸਾਰ ਜਾਣਕਾਰੀ ਲੈਣ ਵਾਲੇ ਇਕ ਕਾਰਕੁਨ ਦੀ ਅਗਵਾਈ ਵਿਚ ਮਾਰਚ 2014 ਵਿਚ ਅਜਿਹੇ ਮਾਫੀਏ ਖਿਲਾਫ ਵਿਆਪਕ ਧਰਨਾ ਦੇ ਕੇ ਪੁਲਿਸ ਸ਼ਿਕਾਇਤ ਵੀ ਦਰਜ ਕਰਵਾਈ ਸੀ। ਉਨ੍ਹਾਂ ਦਾ ਇਹ ਵੀ ਇਲਜ਼ਾਮ ਹੈ ਕਿ ਜਿਸ ਪੁਲਿਸ ਇੰਸਪੈਕਟਰ ਨੇ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ, ਉਸ ਦਾ ਤਬਾਦਲਾ ਤੁਰਤ ਕਰ ਦਿੱਤਾ ਗਿਆ। ਵਿਧਾਨ ਸਭਾ ਚੋਣਾਂ ਦੇ ਦੌਰਾਨ ਚੋਣ ਕਮਿਸ਼ਨ ਦੀ ਹਦਾਇਤ ਉੱਤੇ ਤਹਿਸੀਲਦਾਰ ਨੇ ਇਸ ਨਾਕੇ ਉੱਤੇ ਛਾਪਾ ਵੀ ਮਾਰਿਆ ਸੀ ਪਰ ਮਾਮਲਾ ਅੱਗੇ ਨਹੀਂ ਵਧਿਆ।

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਨੁਸਾਰ ਡੇਢ ਦਰਜਨ ਅਫਸਰ ਗੈਰ-ਕਾਨੂੰਨੀ ਧੰਦਾ ਰੋਕਣ ਦੇ ਕੰਮ ਉਤੇ ਲਗਾਏ ਹੋਏ ਹਨ। ਇਨ੍ਹਾਂ ਅਫਸਰਾਂ ਨੂੰ ਕਾਰਵਾਈ ਕਰਨ ਦਾ ਅਧਿਕਾਰ ਵੀ ਹੈ। ਸਭ ਤੋਂ ਵੱਡਾ ਸੁਆਲ ਇਹ ਹੈ ਕਿ ਇਹ ਅਫਸਰ ਕਿਸ ਦਬਾਅ ਕਾਰਨ ਕਾਰਵਾਈ ਨਹੀਂ ਕਰ ਸਕਦੇ ਜਾਂ ਸੀਨੀਅਰ ਅਧਿਕਾਰੀ ਹੇਠਲੇ ਅਫਸਰਾਂ ਨੂੰ ਅਧਿਕਾਰ ਦੇ ਕੇ ਹੀ ਪੱਲਾ ਝਾੜਨਾ ਚਾਹੁੰਦੇ ਹਨ? ਮਾਫੀਆ ਰਾਜ ਕੇਵਲ ਕੁਝ ਹੇਠਲੇ ਅਧਿਕਾਰੀਆਂ ਦੀ ਮਿਲੀਭੁਗਤ ਤੱਕ ਸੀਮਤ ਨਹੀਂ ਹੈ। ਇਹ ਸਿਆਸੀ ਜਮਾਤ, ਉੱਚ-ਅਫਸਰਸ਼ਾਹੀ ਅਤੇ ਪੁਲਿਸ ਦੇ ਗੱਠਜੋੜ ਦੇ ਹੁੰਦਿਆਂ ਹੀ ਸੰਭਵ ਹੋ ਸਕਦਾ ਹੈ। ਜੇਕਰ ਕੋਈ ਇਕ-ਅੱਧ ਉਤਸ਼ਾਹਿਤ ਅਧਿਕਾਰੀ ਗੈਰ-ਕਾਨੂੰਨੀ ਧੰਦਾ ਰੋਕਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਦਾ ਤਬਾਦਲਾ ਹੋ ਜਾਣਾ ਸੁਭਾਵਿਕ ਹੈ। ਕੈਪਟਨ ਸਰਕਾਰ, ਜੋ ਹਰ ਤਰ੍ਹਾਂ ਦੇ ਮਾਫੀਆ ਨੂੰ ਖਤਮ ਕਰਨ ਦੇ ਵਾਅਦੇ ਨਾਲ ਸੱਤਾ ਵਿਚ ਆਈ ਸੀ, ਹੁਣ ਮਾਫੀਆ ਅੱਗੇ ਬੇਵੱਸ ਨਜ਼ਰ ਆ ਰਹੀ ਹੈ।

# ਦਿਲਾਵਰ ਸਿੰਘ ਦੀ ਬਰਸੀ ਮਨਾਈ

**ਅੰਮ੍ਰਿਤਸਰ:** ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਨੁੱਖੀ ਬੰਬ ਬਣ ਕੇ ਮਾਰਨ ਵਾਲੇ ਦਿਲਾਵਰ ਸਿੰਘ ਦੀ ਯਾਦ ਵਿਚ ਪਰਿਵਾਰ ਵੱਲੋਂ ਸ੍ਰੀ ਅਕਾਲ ਤਖਤ ‘ਤੇ ਰਖਵਾਏ ਅਖੰਡ ਪਾਠ ਦਾ ਭੋਗ ਪਾਇਆ ਗਿਆ। ਇਸ ਦੌਰਾਨ ਖਾਲਿਸਤਾਨ ਪੱਖੀ ਨਾਅਰੇ ਵੀ ਲੱਗੇ। ਭੋਗ ਸਮਾਗਮ ਵੇਲੇ ਬੱਬਰ ਖਾਲਸਾ ਦੇ ਵਧਾਵਾ ਸਿੰਘ ਬੱਬਰ ਅਤੇ ਜਗਤਾਰ ਸਿੰਘ ਹਵਾਰਾ ਦੇ ਸੰਦੇਸ਼ ਪੜ੍ਹੇ ਗਏ। ਇਸ ਦੌਰਾਨ ਕਾਂਗਰਸ ਨੇ ਵੀ ਵੱਖ ਵੱਖ ਥਾਈਂ ਸਵਰਗੀ ਬੇਅੰਤ ਸਿੰਘ ਦਾ ਕੁਰਬਾਨੀ ਦਿਵਸ ਮਨਾਇਆ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਧਿਕਾਰੀ ਗੈਰਹਾਜ਼ਰ ਸਨ। ਦਿਲਾਵਰ ਸਿੰਘ ਦੇ ਪਰਿਵਾਰ ‘ਚੋਂ ਉਸ ਦਾ ਭਰਾ ਚਮਕੌਰ ਸਿੰਘ ਅਤੇ ਉਸ ਦੀ ਪਤਨੀ ਪੁੱਜੇ, ਜਿਨ੍ਹਾਂ ਨੂੰ ਗ੍ਰੰਥੀ ਸਿੰਘ ਨੇ ਸਿਰੋਪਾਉ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਹਵਾਰਾ ਕਮੇਟੀ ਦੇ ਆਗੂ ਗੁਰਚਰਨ ਸਿੰਘ ਵੱਲੋਂ ਭਾਈ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਪੜ੍ਹਿਆ ਗਿਆ, ਜਿਸ ਵਿਚ ਉਨ੍ਹਾਂ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਤੇ ਬਾਦਲਕਿਆਂ ਨੂੰ ਛੱਡ ਕੇ ਸਮੁੱਚੀ ਸਿੱਖ ਕੌਮ ਨੇ ਕਸ਼ਮੀਰੀਆਂ ‘ਤੇ ਹੋ ਰਹੇ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ, ਜੋ ਕਿ ਸਿੱਖਾਂ ਦੀ ਧਾਰਮਿਕ ਅਤੇ ਰਾਜਸੀ ਜ਼ਿੰਮੇਵਾਰੀ ਹੈ। ਇਸ ਮੌਕੇ ਬੱਬਰ ਖਾਲਸਾ ਦੇ ਮੁਖੀ ਵਧਾਵਾ ਸਿੰਘ ਬੱਬਰ ਦੇ ਨਾਂ ਹੇਠ ਵੀ ਇਕ ਸੰਦੇਸ਼ ਪੜ੍ਹਿਆ ਗਿਆ। ਇਸ ਵਿਚ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਬੇਅਦਬੀ ਮਾਮਲੇ ਨੂੰ ਉਭਾਰਿਆ ਗਿਆ। ਉਨ੍ਹਾਂ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਣ ਦਾ ਵੀ ਸੱਦਾ ਦਿੱਤਾ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਦਾਲਤ ਨੇ ਪੰਜਾਬ ਦੀ ਰਾਜਧਾਨੀ ਬਾਰੇ ਸਬੂਤ ਮੰਗੇ

**ਚੰਡੀਗੜ੍ਹ:** ਭਾਰਤ ਵਿਚ ਪੰਜਾਬ ਹੀ ਇਕ ਅਜਿਹਾ ਸੂਬਾ ਹੈ ਜਿਸ ਕੋਲ ਆਪਣੀ ਕੋਈ ਰਾਜਧਾਨੀ ਨਹੀਂ ਹੈ। ਪਹਿਲੀ ਨਵੰਬਰ 1966 ਨੂੰ ਚੰਡੀਗੜ੍ਹ ਨੂੰ ਯੂਟੀ ਦਾ ਦਰਜਾ ਦੇ ਕੇ ਚੰਡੀਗੜ੍ਹ ਨੂੰ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਦੱਸਿਆ ਗਿਆ ਸੀ ਪਰ 53 ਸਾਲਾਂ ਬਾਅਦ ਵੀ ਪੰਜਾਬ ਸਰਕਾਰ ਨੂੰ ਸਬੂਤ ਦੇਣੇ ਪੈ ਰਹੇ ਹਨ ਕਿ ਕੀ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਨੋਟਿਸ ਜਾਰੀ ਕਰ ਕੇ ਚੰਡੀਗੜ੍ਹ ਨੂੰ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਹੋਣ ਦੇ ਸਬੂਤ ਪੇਸ਼ ਕਰਨ ਲਈ ਕਿਹਾ ਹੈ। ਇਸ ਮਾਮਲੇ ਵਿਚ ਹੁਣ ਹਾਈ ਕੋਰਟ ਭਾਰਤ ਸਰਕਾਰ ਅਤੇ ਯੂਟੀ ਪ੍ਰਸ਼ਾਸਨ ਨੂੰ ਵੀ ਨੋਟਿਸ ਦੇ ਕੇ ਸਪਸ਼ਟ ਕਰਨ ਲਈ ਕਿਹਾ ਕਿ ਕਿਸ ਨੋਟੀਫਿਕੇਸ਼ਨ ਨਾਲ ਚੰਡੀਗੜ੍ਹ ਨੂੰ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਬਣਾਇਆ ਗਿਆ ਸੀ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਇਸ ਸਬੰਧੀ ਸਕੱਤਰੇਤ ਦੇ ਪੁਰਾਣੇ ਰਿਕਾਰਡ ਫਰੋਲ ਕੇ ਸਬੂਤ ਭਾਲਦੀ ਫਿਰਦੀ ਹੈ।

ਚੇਤੇ ਕਰਵਾਇਆ ਜਾਂਦਾ ਹੈ ਕਿ ਸਾਲ 1952 ਵਿਚ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਦੀ ਆੜ ਹੇਠ ਉਸ ਵੇਲੇ ਦੇ ਹਾਕਮਾਂ ਨੇ ਇਥੋਂ ਦੇ 28 ਪੰਜਾਬੀ ਪਿੰਡਾਂ ਨੂੰ ਉਜਾੜ ਕੇ ਇਹ ਸ਼ਹਿਰ ਉਸਾਰਿਆ ਸੀ। ਜਦੋਂ ਸ਼ਹਿਰ ਉਸਰ ਗਿਆ ਤਾਂ ਫਿਰ ਇਸ ਨੂੰ ਪੰਜਾਬ ਕੋਲੋਂ ਖੋਹਣ ਦੀਆਂ ਸਾਜ਼ਿਸ਼ਾਂ ਸ਼ੁਰੂ ਹੋ ਗਈਆਂ ਅਤੇ ਅਖੀਰ ਹਾਕਮ ਇਕ ਨਵੰਬਰ 1966 ਨੂੰ ਚੰਡੀਗੜ੍ਹ 'ਤੇ ਯੂਟੀ ਦੀ ਮੋਹਰ ਲਾਉਣ 'ਚ ਕਾਮਯਾਬ ਹੋ ਗਏ। ਇਸ ਕਾਰਨ ਪਿਛਲੇ 53 ਸਾਲਾਂ ਤੋਂ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਇਥੇ ਮਹਿਜ਼ ਯੂਟੀ ਪ੍ਰਸ਼ਾਸਨ ਦੀਆਂ 'ਕਿਰਾਏਦਾਰ' ਬਣ ਕੇ ਹੀ ਡੰਗ ਟਪਾ ਰਹੀਆਂ ਹਨ।

ਪੰਜਾਬ ਸਕੱਤਰੇਤ ਤੋਂ ਲੈ ਕੇ ਪੰਜਾਬ ਵਿਧਾਨ ਸਭਾ ਅਤੇ ਮੁੱਖ ਮੰਤਰੀ ਦੀ ਕੋਠੀ ਸਮੇਤ ਸਕੱਤਰੇਤ ਨੇੜਲੀਆਂ ਮੰਤਰੀਆਂ ਦੀਆਂ ਕੋਠੀਆਂ ਅਤੇ ਵਿਧਾਇਕਾਂ ਦਾ ਹੋਸਟਲ ਸਭ ਯੂਟੀ ਪ੍ਰਸ਼ਾਸਨ ਦੀ ਮਲਕੀਅਤ ਹਨ। ਇਸ ਤੋਂ ਇਲਾਵਾ ਪੰਜਾਬ ਦੇ ਰਾਜਪਾਲ ਦਾ ਨਿਵਾਸ ਤੇ ਦਫਤਰ (ਪੰਜਾਬ ਰਾਜ ਭਵਨ) ਵੀ ਯੂਟੀ ਪ੍ਰਸ਼ਾਸਨ ਦੀ ਹੀ ਮਲਕੀਅਤ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਚੰਡੀਗੜ੍ਹ ਉਪਰ ਪੰਜਾਬ ਦਾ ਹੱਕ ਹੋਣ ਦਾ ਏਜੰਡਾ ਠੰਢੇ ਬਸਤੇ ਵਿਚ ਬੰਨ੍ਹਣ ਕਾਰਨ ਇਸ ਸ਼ਹਿਰ ਵਿਚੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਵੱਡੇ ਪੱਧਰ 'ਤੇ ਖੋਰਾ ਲੱਗ ਚੁੱਕਾ ਹੈ। ਪੰਜਾਬ ਦੀ ਹਰੇਕ ਸਰਕਾਰ ਵੱਲੋਂ ਸੂਬੇ ਦੇ ਇਸ ਅਹਿਮ ਮੁੱਦੇ ਨੂੰ ਆਪਣੀਆਂ ਕੁਰਸੀਆਂ ਬਰਕਰਾਰ ਰੱਖਣ ਦੀ ਖਾਤਰ ਖੂਹ ਖਾਤੇ ਪਾਉਣ ਕਾਰਨ ਅੱਜ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਦੀ ਵੁੱਕਤ ਨਾਂ ਦੇ ਬਰਾਬਰ ਰਹਿ ਗਈ ਹੈ। ਇਸ ਤੋਂ ਇਲਾਵਾ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਪਿਛਲੇ 53 ਸਾਲਾਂ (1 ਨਵੰਬਰ 1966 ਤੋਂ) ਤੋਂ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਦੀ ਹੋ ਰਹੀ ਦੁਰਗਤੀ ਨੂੰ ਵੀ ਦੂਰ ਕਰਨ 'ਚ ਫੇਲ੍ਹ ਰਹੀਆਂ ਹਨ। ਬਾਦਲ ਸਰਕਾਰ ਵੇਲੇ 15 ਮਾਰਚ 2010 ਨੂੰ ਪੰਜਾਬ ਵਿਧਾਨ ਸਭਾ ਨੇ ਚੰਡੀਗੜ੍ਹ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਕਰਨ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਸੀ ਪਰ ਪਿਛਲੀ ਬਾਦਲ ਸਰਕਾਰ ਸਣੇ ਕੈਪਟਨ ਸਰਕਾਰ ਇਸ ਮਤੇ ਨੂੰ ਲਾਗੂ ਕਰਵਾਉਣ 'ਚ ਅਸਫਲ ਰਹੀਆਂ ਹਨ।

## ਲਾਵਾਰਸ ਲਾਸ਼ਾਂ ਦਾ ਮਾਮਲਾ ਹਾਈ ਕੋਰਟ ਪੁੱਜਾ

**ਅੰਮ੍ਰਿਤਸਰ:** ਮਨੁੱਖੀ ਅਧਿਕਾਰ ਸੰਗਠਨ ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਪ੍ਰੋਜੈਕਟ (ਪੀ.ਡੀ.ਏ.ਪੀ.) ਵੱਲੋਂ 1984 ਤੋਂ 1995 ਤੱਕ ਪੰਜਾਬ ਵਿਚ ਲਾਵਾਰਸ ਤੇ ਅਣਪਛਾਤੀਆਂ ਲਾਸ਼ਾਂ ਦਸ ਕੇ ਵੱਖ-ਵੱਖ ਸ਼ਮਸ਼ਾਨਘਾਟਾਂ ਵਿਚ ਸਸਕਾਰ ਕਰਨ ਦੇ ਮਾਮਲੇ ਨੂੰ ਸੁਪਰੀਮ ਕੋਰਟ ਨੇ ਪੰਜਾਬ ਹਰਿਆਣਾ ਹਾਈ ਕੋਰਟ ਕੋਲ ਭੇਜ ਦਿੱਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਆਗੂ ਸਤਨਾਮ ਸਿੰਘ ਬੈਰਿਸਟਰ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ ਪਹਿਲੀ ਹੀ ਸੁਣਵਾਈ ਵਿਚ ਇਸ ਦਾ ਨਿਪਟਾਰਾ ਕਰਦਿਆਂ ਮੁਢਲੀ ਸੁਣਵਾਈ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਕਰਨ ਲਈ ਆਖਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਹਾਈ ਕੋਰਟ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰੇ। ਅਦਾਲਤ ਨੇ ਬਹਿਸ ਸੁਣਨ ਮਗਰੋਂ ਇਹ ਨਿਰਦੇਸ਼ ਦਿੱਤਾ। ਸਿੱਖ ਆਗੂਆਂ ਨੇ ਆਖਿਆ ਕਿ ਹੁਣ ਉਹ ਇਹ ਪਟੀਸ਼ਨ ਅਗਲੇ ਕੁਝ ਦਿਨਾਂ ਦੌਰਾਨ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਦਾਇਰ ਕਰਨਗੇ ਤਾਂ ਜੋ ਪੀੜਤਾਂ ਨੂੰ ਨਿਆਂ ਮਿਲ ਸਕੇ। ਪਟੀਸ਼ਨ ਵਿਚ 1984 ਤੋਂ 1995 ਦੇ ਲਗਭਗ ਇਕ ਦਹਾਕੇ ਦੌਰਾਨ 8227 ਲਾਵਾਰਸ ਤੇ ਅਣਪਛਾਤੀਆਂ ਲਾਸ਼ਾਂ ਕਰਾਰ ਦੇ ਕੇ ਵੱਖ-ਵੱਖ ਸ਼ਮਸ਼ਾਨਘਾਟਾਂ ਵਿਚ ਸਸਕਾਰ ਕੀਤੇ ਜਾਣ ਦਾ ਮਾਮਲਾ ਉਭਾਰਿਆ ਗਿਆ ਹੈ।

## ਟੈਕਸਸ 'ਚ ਅੰਨ੍ਹੇਵਾਹ ਫਾਇਰਿੰਗ, ਪੰਜ ਹਲਾਕ

**ਹਿਊਸਟਨ, ਟੈਕਸਸ:** ਇਥੇ ਇਕ ਵਿਅਕਤੀ ਨੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਪੰਜ ਵਿਅਕਤੀਆਂ ਦੀ ਜਾਨ ਲੈ ਲਈ। ਹਮਲੇ 'ਚ 21 ਹੋਰ ਵਿਅਕਤੀ ਜਖਮੀ ਹੋਏ ਹਨ। ਪੁਲਿਸ ਨੇ ਸ਼ੱਕੀ ਹਮਲਾਵਰ ਦਾ ਪਿੱਛਾ ਕਰਕੇ ਉਸ ਨੂੰ ਸਿਨਰਜੀ ਥੀਏਟਰ ਕੋਲ ਮਾਰ ਮੁਕਾਇਆ। ਗੋਲੀਬਾਰੀ ਦੀ ਇਹ ਘਟਨਾ ਸਥਾਨਕ ਸਮੇਂ ਮੁਤਾਬਕ ਸ਼ਾਮ ਤਿੰਨ ਵਜੇ ਉਸ ਸਮੇਂ ਵਾਪਰੀ ਜਦੋਂ ਟ੍ਰੈਫਿਕ ਪੁਲਿਸ ਦੇ ਅਧਿਕਾਰੀਆਂ ਨੇ ਕਾਰ ਸਵਾਰ ਨੂੰ ਰੋਕਿਆ। ਹਮਲਾਵਰ ਨੇ ਅਧਿਕਾਰੀ 'ਤੇ ਗੋਲੀਆਂ ਚਲਾਉਣ ਮਗਰੋਂ ਲੋਕਾਂ ਨੂੰ ਵੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਕਾਰ 'ਚੋਂ ਨਿਕਲ ਕੇ ਡਾਕ ਸੇਵਾ ਦੇ ਵਾਹਨ 'ਤੇ ਕਬਜ਼ਾ ਕਰ ਲਿਆ ਅਤੇ ਉਸ 'ਚੋਂ ਵੀ ਉਹ ਗੋਲੀਆਂ ਚਲਾਉਂਦਾ ਰਿਹਾ।

# ਹੜ੍ਹ ਪੀੜਤਾਂ ਲਈ ਫਰਿਸ਼ਤਾ ਬਣ ਕੇ ਆਈ ਖਾਲਸਾ ਏਡ

**ਜਲੰਧਰ:** ਸਿੱਖ ਰਵਾਇਤਾਂ ਤੋਂ ਪ੍ਰੇਰਿਤ ਨੌਜਵਾਨਾਂ ਵੱਲੋਂ ਮਨੁੱਖੀ ਸੇਵਾ ਤੇ ਸੰਕਟ ਮੂੰਹ ਆਏ ਹਰ ਮਨੁੱਖ ਦੇ ਮਦਦਗਾਰ ਬਣਨ ਲਈ ਬਣਾਈ 'ਖਾਲਸਾ ਏਡ' ਨੇ ਪਿਛਲੇ ਦਿਨੀਂ ਪੰਜਾਬ ਦੇ ਪੰਜ ਜ਼ਿਲ੍ਹਿਆਂ ਵਿਚ ਆਏ ਹੜ੍ਹਾਂ ਦੌਰਾਨ ਰਾਹਤ ਕਾਰਜ 'ਚ ਅਹਿਮ ਯੋਗਦਾਨ ਪਾਉਂਦਿਆਂ ਹੁਣ ਬੜੀ ਫੁਰਤੀ ਨਾਲ ਪੀੜਤ ਪਰਿਵਾਰਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਤੇ ਫਿਰ ਉਜਾੜੇ ਦਾ ਸ਼ਿਕਾਰ ਪਰਿਵਾਰਾਂ ਨੂੰ ਪੈਰਾਂ ਸਿਰ ਖੜ੍ਹੇ ਹੋਣ ਲਈ ਮਦਦ ਪਹੁੰਚਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਖਾਲਸਾ ਏਡ ਨੇ ਮੁੜ ਵਸੇਬੇ ਦੀ ਯੋਜਨਾ ਨੂੰ ਦੋ ਹਿੱਸਿਆਂ 'ਚ ਵੰਡਿਆ ਹੈ। ਪਹਿਲੇ ਗੇੜ 'ਚ ਰੋਪੜ, ਫਿਲੌਰ, ਸ਼ਾਹਕੋਟ, ਸੁਲਤਾਨਪੁਰ ਤੇ ਫਿਰੋਜ਼ਪੁਰ ਖੇਤਰਾਂ 'ਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਟੀਮਾਂ ਨਿਯੁਕਤ ਕੀਤੀਆਂ ਹਨ। ਇਨ੍ਹਾਂ ਟੀਮਾਂ ਦੀ ਰਿਪੋਰਟ ਦੇ ਆਧਾਰ ਉੱਪਰ ਦੁਧਾਰੂ ਪਸ਼ੂ ਤੇ ਘਰੇਲੂ ਵਰਤੋਂ ਵਾਲੀਆਂ ਵਸਤਾਂ ਦੀਆਂ ਕਿੱਟਾਂ ਵੰਡੀਆਂ ਜਾਣਗੀਆਂ। ਦੁਧਾਰੂ ਪਸ਼ੂ 70 ਤੋਂ ਲੈ ਕੇ 80 ਹਜ਼ਾਰ ਰੁਪਏ ਨੂੰ ਮਿਲ ਰਿਹਾ ਹੈ। ਮੁੜ ਵਸੇਬੇ ਦੇ ਦੂਜੇ ਗੇੜ 'ਚ ਹੜ੍ਹਾਂ ਹੇਠ ਆਈ ਜਮੀਨ ਨੂੰ ਉਪਜਾਊ ਬਣਾਉਣ ਤੇ ਨੁਕਸਾਨੇ ਘਰਾਂ ਦੀ ਮੁੜ ਉਸਾਰੀ ਦਾ ਕੰਮ ਹੱਥ 'ਚ ਲਿਆ ਜਾਵੇਗਾ।

ਖਾਲਸਾ ਏਡ ਦੇ ਏਸ਼ੀਅਨ ਪੈਸੇਫਿਕ ਦੇ ਇੰਚਾਰਜ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਪਹਿਲੇ ਗੇੜ ਦਾ ਰੋਪੜ ਖੇਤਰ ਦਾ ਜਾਇਜ਼ਾ ਮੁਕੰਮਲ ਹੋ ਚੁੱਕਾ ਹੈ। ਇਸ ਖੇਤਰ ਵਿਚ ਕਰੀਬ ਇਕ ਸੌ ਪਰਿਵਾਰਾਂ ਦੇ ਦੁਧਾਰੂ ਪਸ਼ੂਆਂ ਦਾ ਨੁਕਸਾਨ ਹੋਇਆ ਹੈ। ਖਾਲਸਾ ਏਡ ਵੱਲੋਂ ਵੱਖ-ਵੱਖ ਪਿੰਡਾਂ ਦੇ 46 ਪਰਿਵਾਰਾਂ ਨੂੰ ਇਕ-ਇਕ ਦੁਧਾਰੂ ਪਸ਼ੂ ਦਿੱਤਾ ਗਿਆ ਹੈ ਤਾਂ ਕਿ ਉਹ ਆਪਣਾ ਗੁਜਾਰਾ ਸ਼ੁਰੂ ਕਰ ਸਕਣ।

# ਬੇਅਦਬੀ ਮਾਮਲਾ ਸਿਆਸਤ ਦੀ ਭੇਟ ਚੜ੍ਹਿਆ

*(ਸਫਾ ਇਕ ਦੀ ਬਾਕੀ)*

ਉਨ੍ਹਾਂ ਖਿਲਾਫ ਪੜਤਾਲ ਮੁਕੰਮਲ ਹੋਣ ਮਗਰੋਂ ਧਾਰਾ 173 (8) ਤਹਿਤ ਚਲਾਨ ਅਦਾਲਤ ਵਿਚ ਦਿੱਤਾ ਜਾ ਸਕਦਾ ਹੈ। ਉਧਰ, ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਨੂੰ ਲੈ ਕੇ ਵੀ ਅਕਾਲੀ ਦਲ ਤੇ ਕਾਂਗਰਸ ਇਕ-ਦੂਜੇ ਉਪਰ ਇਲਜ਼ਾਮ ਲਾ ਰਹੇ ਹਨ। ਕਾਂਗਰਸ ਦਾ ਇਲਜ਼ਾਮ ਹੈ ਕਿ ਬਾਦਲਾਂ ਨੂੰ ਬਚਾਉਣ ਲਈ ਕੇਂਦਰ ਸਰਕਾਰ ਦੇ ਦਬਾਅ ਕਰਕੇ ਸੀ.ਬੀ.ਆਈ. ਨੇ ਕਲੋਜ਼ਰ ਰਿਪੋਰਟ ਸੌਂਪੀ ਹੈ। ਦੂਜੇ ਪਾਸੇ ਅਕਾਲੀ ਦਲ ਦਾ ਕਹਿਣਾ ਹੈ ਕਿ ਕਾਂਗਰਸ ਸਰਕਾਰ ਜਾਂਚ ਨੂੰ ਕਿਸੇ ਤਣ-ਪੱਤਣ ਹੀ ਨਹੀਂ ਲਾਉਣਾ ਚਾਹੁੰਦੀ।

ਯਾਦ ਰਹੇ ਕਿ ਸਾਲ 2015 ਵਿਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿਚ ਸੀ.ਬੀ.ਆਈ. ਨੇ ਲਗਭਗ ਡੇਢ ਮਹੀਨਾ ਪਹਿਲਾਂ ਖਾਰਜ (ਕਲੋਜ਼ਰ) ਰਿਪੋਰਟ ਦਾਖਲ ਕਰ ਦਿੱਤੀ ਸੀ। ਏਜੰਸੀ ਦਾ ਕਹਿਣਾ ਸੀ ਕਿ ਉਸ ਨੂੰ ਤਫਤੀਸ਼ ਦੌਰਾਨ ਇਹੋ ਜਿਹੇ ਕੋਈ ਸਬੂਤ ਨਹੀਂ ਮਿਲੇ ਜਿਨ੍ਹਾਂ ਕਾਰਨ ਕਿਸੇ ਵਿਅਕਤੀ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੋਵੇ। 27 ਅਗਸਤ ਨੂੰ ਮੁਹਾਲੀ ਦੀ ਸੀ.ਬੀ.ਆਈ. ਦੀ ਸਪੈਸ਼ਲ ਕੋਰਟ ਵਿਚ ਏਜੰਸੀ ਨੇ ਅਦਾਲਤ ਸਾਹਮਣੇ ਬੇਨਤੀ ਕੀਤੀ ਹੈ ਕਿ ਉਸ ਨੂੰ ਜਾਂਚ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਖਾਰਜ ਰਿਪੋਰਟ ਦੀ ਕਾਪੀ ਮੰਗੀ ਸੀ ਪਰ ਸੀ.ਬੀ.ਆਈ. ਨੇ ਪੰਜਾਬ ਸਰਕਾਰ ਦੀ ਇਹ ਮੰਗ ਨਹੀਂ ਮੰਨੀ। ਸੂਬਾ ਸਰਕਾਰ ਦਾ ਇਹ ਵੀ ਕਹਿਣਾ ਸੀ ਕਿ ਉਸ ਨੇ ਕੇਂਦਰ ਸਰਕਾਰ ਨੂੰ ਇਹ ਲਿਖਿਆ ਸੀ ਕਿ ਤਫਤੀਸ਼ ਸੀ.ਬੀ.ਆਈ. ਤੋਂ ਵਾਪਸ ਲੈ ਕੇ ਪੰਜਾਬ ਪੁਲਿਸ ਨੂੰ ਦਿੱਤੀ ਜਾਵੇ ਪਰ ਇਸ 'ਤੇ ਸਹਿਮਤੀ ਨਹੀਂ ਸੀ ਬਣੀ। ਹੁਣ ਕੈਪਟਨ ਸਰਕਾਰ ਦੇ ਅਫਸਰ ਹੀ ਸੀ.ਬੀ.ਆਈ. ਜਾਂਚ ਜਾਰੀ ਰੱਖਣ ਦੀ ਗੱਲ ਆਖ ਰਹੇ ਹਨ। ਅਫਸਰਾਂ ਦੀ ਇਹ ਖਿੱਚੋਤਾਣ ਇਹੀ ਇਸ਼ਾਰਾ ਕਰ ਰਹੀ ਹੈ ਕਿ ਭਵਿੱਖ 'ਚ ਇਨਸਾਫ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

ਵਰਨਣਯੋਗ ਕਿ ਕੈਪਟਨ ਸਰਕਾਰ ਬਣਦਿਆਂ ਹੀ ਬੇਅਦਬੀ ਮਾਮਲੇ 'ਤੇ ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ ਦੀ ਜਾਂਚ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਸੀ ਅਤੇ ਕਰੀਬ ਇਕ ਸਾਲ ਬਾਅਦ ਇਸ ਕਮਿਸ਼ਨ ਵੱਲੋਂ ਪੇਸ਼ ਕੀਤੀ ਰਿਪੋਰਟ ਨੂੰ ਜਨਤਕ ਕਰਨ ਸਮੇਂ 28 ਅਗਸਤ 2018 ਨੂੰ ਪੰਜਾਬ ਵਿਧਾਨ ਸਭਾ 'ਚ ਹੋਈ ਬਹਿਸ ਵਿਚ ਸਭ ਵੱਡੇ ਦੋਸ਼ੀਆਂ ਦੀ ਪਛਾਣ ਕਰਨ ਤੇ ਫਿਰ ਸੀਖਾਂ ਪਿੱਛੇ ਕਰਨ ਲਈ ਵੱਡੇ-ਵੱਡੇ ਦਾਅਵੇ ਕੀਤੇ ਗਏ ਪਰ ਹੁਣ ਡੇਢ ਸਾਲ ਪਿਛੋਂ ਉਕਤ ਘਟਨਾਵਾਂ ਦੀ ਜਾਂਚ ਤੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਬੰਦ ਕਰਨ ਦੀ ਗੱਲ ਇੰਨੀ ਉਲਝ ਗਈ ਹੈ ਜਾਂ ਉਲਝਾ ਦਿੱਤੀ ਗਈ ਹੈ ਕਿ ਹੁਣ ਅਸਲ ਮੁੱਦੇ ਬਹਿਸ ਦਾ ਕੇਂਦਰ ਹੀ ਨਹੀਂ ਰਹੇ।

## ਕੈਪਟਨ ਵੱਲੋਂ ਹੜ੍ਹਾਂ ਦੇ ਪੱਕੇ ਹੱਲ ਲਈ ਕੇਂਦਰ ਕੋਲ ਪਹੁੰਚ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਵਾਰ-ਵਾਰ ਆਉਂਦੇ ਹੜ੍ਹਾਂ ਨੂੰ ਰੋਕਣ ਲਈ ਵਿਆਪਕ ਪੱਧਰ 'ਤੇ ਠੋਸ ਯੋਜਨਾ ਉਲੀਕੀ ਜਾਵੇ। ਮੁੱਖ ਮੰਤਰੀ ਨੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੂੰ ਮਿਲ ਕੇ ਇਹ ਮੁੱਦਾ ਚੁੱਕਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਹੜ੍ਹਾਂ ਦੀ ਰੋਕਥਾਮ ਲਈ ਠੋਸ ਤੇ ਕਾਰਗਰ ਤਰੀਕਾ ਲੱਭਿਆ ਜਾਵੇ ਤਾਂ ਜੋ ਹਰ ਸਾਲ ਹੁੰਦੇ ਕਰੋੜਾਂ ਰੁਪਏ ਦੇ ਨੁਕਸਾਨ ਤੋਂ ਬਚਿਆ ਜਾ ਸਕੇ।

ਮੀਟਿੰਗ ਤੋਂ ਬਾਅਦ ਕੈਪਟਨ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਸੂਬੇ ਵਿਚਲੇ ਹੜ੍ਹਾਂ ਦੇ ਕਾਰਨਾਂ ਬਾਰੇ ਜਾਣੂ ਕਰਵਾਇਆ ਹੈ ਅਤੇ ਹੜ੍ਹਾਂ ਦੀ ਰੋਕਥਾਮ ਲਈ ਕਈ ਸੁਝਾਅ ਵੀ ਦਿੱਤੇ ਜਿਵੇਂ ਦਰਿਆਵਾਂ 'ਚੋਂ ਗਾਰ, ਰੇਤਾ ਆਦਿ ਦੀ ਸਫਾਈ ਕਰਨੀ, ਡੈਮਾਂ ਦਾ ਨਿਰਮਾਣ ਕਰਨਾ ਸ਼ਾਮਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਹੜ੍ਹਾਂ ਦੇ ਹਾਲਾਤ ਵਿਚ ਉਨ੍ਹਾਂ ਦੀ ਸਰਕਾਰ ਦੀ ਪਹਿਲੀ ਤਰਜੀਹ ਲੋਕਾਂ ਦੀ ਜ਼ਿੰਦਗੀ ਬਚਾਉਣਾ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਪੰਜਾਬ ਦੇ ਕਈ ਪਿੰਡ ਪਾਣੀ ਵਿਚ ਡੁੱਬੇ ਪਏ ਹਨ। ਪਸ਼ੂ-ਧਨ ਦੇ ਨੁਕਸਾਨ ਤੋਂ ਇਲਾਵਾ 1.72 ਲੱਖ ਏਕੜ ਤੋਂ ਵੱਧ ਰਕਬੇ ਵਿਚ ਫਸਲਾਂ ਦਾ ਨੁਕਸਾਨ ਹੋਇਆ ਹੈ ਅਤੇ 500 ਤੋਂ ਵੱਧ ਘਰ ਢਹਿ ਗਏ ਹਨ।

## ਆਰ.ਐਸ.ਐਸ. ਤੋਂ ਸੁਚੇਤ ਰਹਿਣ ਸਿੱਖ: ਇਮਰਾਨ

**ਅੰਮ੍ਰਿਤਸਰ:** ਲਾਹੌਰ ਵਿਚ ਇੰਟਰਨੈਸ਼ਨਲ ਸਿੱਖ ਕਨਵੈਨਸ਼ਨ ਦੀ ਸਮਾਪਤੀ ਮੌਕੇ ਵੱਖ ਵੱਖ ਮੁਲਕਾਂ ਤੋਂ ਆਏ ਸਿੱਖ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਿੱਖਾਂ ਕੋਲ ਕਸ਼ਮੀਰ ਮਸਲਾ ਉਠਾਉਂਦਿਆਂ ਉਨ੍ਹਾਂ ਨੂੰ ਆਰ.ਐਸ.ਐਸ. ਤੋਂ ਸੁਚੇਤ ਰਹਿਣ ਲਈ ਕਿਹਾ। ਉਨ੍ਹਾਂ ਕਿਹਾ ਕਿ ਉਹ ਭਾਰਤ ਨਾਲ ਜੰਗ ਨਹੀਂ ਕਰਨਾ ਚਾਹੁੰਦੇ ਅਤੇ ਜੇਕਰ ਹਾਲਾਤ ਬਣੇ ਤਾਂ ਪਾਕਿਸਤਾਨ ਪਰਮਾਣੂ ਹਥਿਆਰਾਂ ਦੀ ਵਰਤੋਂ ਪਹਿਲਾਂ ਨਹੀਂ ਕਰੇਗਾ।

ਲਾਹੌਰ ਦੇ ਗਵਰਨਰ ਹਾਊਸ ਵਿਚ ਇਮਰਾਨ ਖਾਨ ਨੇ ਦੇਸ਼ ਦੀ ਵੰਡ ਵੇਲੇ ਲੋਕਾਂ ਦੇ ਉਜਾੜੇ, ਕਸ਼ਮੀਰ 'ਚ ਲੋਕਾਂ 'ਤੇ ਹੋ ਰਹੇ ਜ਼ੁਲਮ ਤੇ ਆਰ. ਐਸ. ਐਸ. ਦੀ ਹਿੰਦੂਵਾਦੀ ਸੋਚ ਆਦਿ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਦੀ ਭਾਜਪਾ ਦੀ ਅਗਵਾਈ ਹੇਠਲੀ ਹਕੂਮਤ ਅੱਜ ਮੁੜ ਉਸੇ ਸੋਚ 'ਤੇ ਕੰਮ ਕਰ ਰਹੀ ਹੈ, ਜਿਸ ਸੋਚ ਨੇ ਦੇਸ਼ ਦੀ ਵੰਡ ਕੀਤੀ ਸੀ।

## ਐਸ.ਵਾਈ.ਐਲ.: ਅਦਾਲਤ ਵੱਲੋਂ ਚਾਰ ਮਹੀਨਿਆਂ ਦੀ ਮੋਹਲਤ

*(ਸਫਾ ਇਕ ਦੀ ਬਾਕੀ)*

ਸਟੈਂਡ 'ਤੇ ਡਟੀਆਂ ਹੋਈਆਂ ਹਨ। ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਖੱਟਰ ਸਰਕਾਰ ਇਸ ਮੁੱਦੇ ਦਾ ਲਾਹਾ ਲੈਣਾ ਚਾਹੁੰਦੀ ਹੈ। ਖੱਟਰ ਸਰਕਾਰ ਇਸ ਪੇਚੀਦਾ ਮਸਲੇ ਦਾ ਜਲਦੀ ਹੱਲ ਚਾਹੁੰਦੀ ਹੈ ਪਰ ਅਜਿਹਾ ਹੋਣ ਦੀ ਸੰਭਾਵਨਾ ਨਹੀਂ। ਸੂਤਰਾਂ ਮੁਤਾਬਕ ਮੁੱਖ ਸਕੱਤਰਾਂ ਦੀ ਮੀਟਿੰਗ ਵਿਚ ਪੰਜਾਬ ਸਰਕਾਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਦਰਿਆਵਾਂ ਵਿਚ ਪਾਣੀ ਕਾਫੀ ਘਟ ਗਿਆ ਹੈ ਤੇ ਇਸ ਹਾਲਤ ਵਿਚ ਪੰਜਾਬ ਕੋਲ ਦੇਣ ਲਈ ਪਾਣੀ ਨਹੀਂ ਨਹੀਂ। ਦੂਜਾ, ਸੂਬੇ ਵਿਚ ਜ਼ਮੀਨ ਹੇਠਲਾ ਪਾਣੀ ਕਾਫੀ ਹੇਠਾਂ ਡਿੱਗ ਚੁੱਕਿਆ ਹੈ ਤੇ ਲਿੰਕ ਨਹਿਰ ਦੀ ਉਸਾਰੀ ਤੋਂ ਪਹਿਲਾਂ ਦਰਿਆਵਾਂ ਵਿਚਲੇ ਪਾਣੀ ਦਾ ਪਤਾ ਲਾਉਣਾ ਜ਼ਰੂਰੀ ਹੈ ਪਰ ਹਰਿਆਣਾ ਸਰਕਾਰ ਦੇ ਅਧਿਕਾਰੀ ਹਰ ਹਾਲਤ ਵਿਚ ਨਹਿਰ ਦੀ ਉਸਾਰੀ ਕੀਤੇ ਜਾਣ 'ਤੇ ਜ਼ੋਰ ਦਿੰਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਨਨਕਾਣਾ ਸਾਹਿਬ ‘ਚ ਸਿੱਖ ਲੜਕੀ ਦੇ ਅਗਵਾ ਦਾ ਮਾਮਲਾ ਭਖਿਆ

**ਲਾਹੌਰ:** ਪਾਕਿਸਤਾਨ ਦੇ ਜਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਸ੍ਰੀ ਤੰਬੂ ਸਾਹਿਬ ਦੇ ਹੈੱਡ ਗ੍ਰੰਥੀ ਭਗਵਾਨ ਸਿੰਘ ਦੀ ਧੀ ਜਗਜੀਤ ਕੌਰ ਨੂੰ ਅਗਵਾ ਕਰਕੇ ਧਰਮ ਪਰਿਵਰਤਨ ਕਰਵਾਉਣ ਪਿਛੋਂ ਸਿੱਖਾਂ ਵਿਚ ਰੋਸ ਵਧਦਾ ਜਾ ਰਿਹਾ ਹੈ। ਇਸ ਬਾਰੇ ਜਿਥੇ ਪਾਕਿਸਤਾਨੀ ਸਿੱਖਾਂ ਵੱਲੋਂ ਦੋਸ਼ੀਆਂ ਖਿਲਾਫ ਕਾਰਵਾਈ ਲਈ ਸੰਘਰਸ਼ ਵਿੱਢਿਆ ਹੋਇਆ ਹੈ, ਉਥੇ ਭਾਰਤ ਸਮੇਤ ਵਿਦੇਸ਼ੀ ਸਿੱਖਾਂ ਵੱਲੋਂ ਸਿੱਖ ਬੱਚੀ ਦੀ ਘਰ ਵਾਪਸੀ ਦੀ ਮੰਗ ਕੀਤੀ ਜਾ ਰਹੀ ਹੈ।

ਪਾਕਿਸਤਾਨ ਦੇ ਸਿੱਖ ਭਾਈਚਾਰੇ ਵੱਲੋਂ ਪ੍ਰਧਾਨ ਮੰਤਰੀ ਇਮਰਾਨ ਖਾਨ, ਫੌਜ ਮੁਖੀ ਕਮਰ ਜਾਵੇਦ ਬਾਜਵਾ ਤੇ ਚੀਫ ਜਸਟਿਸ ਆਫ ਪਾਕਿਸਤਾਨ ਤੋਂ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਅਪੀਲ ਕਰਦਿਆਂ ਚਿਤਾਵਨੀ ਦਿੱਤੀ ਕਿ ਇਹ ਘਟਨਾ ਸਿੱਖਾਂ ਤੇ ਮੁਸਲਮਾਨਾਂ ਦੇ ਸਬੰਧਾਂ ‘ਚ ਵਿਗਾੜ ਪਾਉਣ ਦੇ ਨਾਲ-ਨਾਲ ਕਰਤਾਰਪੁਰ ਲਾਂਘਾ ਤੇ ਕਸ਼ਮੀਰ ਮਸਲੇ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਇਸ ਮੌਕੇ ਕੁਝ ਪਾਕਿ ਸਿੱਖਾਂ ਨੇ ਇਹ ਵੀ ਕਿਹਾ ਕਿ ਸਿੱਖਾਂ ਸਮੇਤ ਹੋਰ ਘੱਟ ਗਿਣਤੀ ਭਾਈਚਾਰੇ ਦੇ ਲੋਕ ਪਾਕਿ ‘ਚ ਹੁਣ ਸੁਰੱਖਿਅਤ ਨਹੀਂ ਹਨ। ਪੀੜਤ ਦੇ ਭਰਾ ਮਨਮੋਹਨ ਸਿੰਘ ਨੇ ਦੱਸਿਆ ਕਿ ਜਗਜੀਤ ਕੌਰ ਵੱਡੀ ਭੈਣ ਦੇ ਘਰ ਗਈ ਹੋਈ ਸੀ, ਜਿਸ ਦਾ ਪਤੀ ਕਾਰੋਬਾਰ ਦੇ ਸਿਲਸਿਲੇ ‘ਚ ਫੈਸਲਾਬਾਦ ਗਿਆ ਹੋਇਆ ਸੀ। 27 ਅਗਸਤ ਨੂੰ ਰਾਤ 2 ਵਜੇ ਦੇ ਕਰੀਬ ਮੁਹੰਮਦ



ਅਹਿਸਾਨ ਪੁੱਤਰ ਜੁਲਫਿਕਾਰ ਅਲੀ ਖਾਨ ਨੇ ਰਕਈਆ ਨਾਮੀ ਔਰਤ ਅਤੇ ਪੰਜ ਹਥਿਆਰਬੰਦ ਵਿਅਕਤੀਆਂ ਨਾਲ ਉਸ ਦੀ ਵੱਡੀ ਭੈਣ ਤੇ ਬਾਕੀ ਮੈਂਬਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਉਨ੍ਹਾਂ ਨੂੰ ਇਕ ਕਮਰੇ ‘ਚ ਬੰਦ ਕਰ ਦਿੱਤਾ ਅਤੇ ਜਗਜੀਤ ਕੌਰ ਨੂੰ ਘਸੀਟਦੇ ਹੋਏ ਆਪਣੇ ਨਾਲ ਲੈ ਗਿਆ। ਉਸ ਦੀ ਭੈਣ ਜਿਸ ਦੀ ਇਕ ਸਿੱਖ ਨੌਜਵਾਨ ਨਾਲ ਮੰਗਣੀ ਹੋ ਚੁੱਕੀ ਹੈ।

ਅਗਵਾ ਦੇ ਅਗਲੇ ਦਿਨ ਜਦੋਂ ਉਨ੍ਹਾਂ ਸ੍ਰੀ ਨਨਕਾਣਾ ਸਾਹਿਬ ਥਾਣੇ ‘ਚ ਧਾਰਾ 365-ਬੀ ਦੇ ਅਧੀਨ ਮਾਮਲਾ ਦਰਜ ਕਰਵਾਇਆ ਤਾਂ ਥੋੜ੍ਹੀ ਦੇਰ ਬਾਅਦ ਅਗਵਾਕਾਰ ਉਨ੍ਹਾਂ ਦੇ ਘਰ ਆ ਗਏ ਅਤੇ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਇਹ ਮਾਮਲਾ ਵਾਪਸ ਨਾ ਲਿਆ ਤਾਂ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਵੀ ਜਬਰੀ ਇਸਲਾਮ ਕਬੂਲ ਕਰਵਾਇਆ ਜਾਵੇਗਾ। ਕੁਝ ਜਾਣਕਾਰਾਂ ਦਾ ਦਾਅਵਾ ਹੈ ਕਿ ਅਗਵਾਕਾਰ ਮੁਹੰਮਦ ਅਹਿਸਾਨ ਪਾਕਿਸਤਾਨ ਆਧਾਰਿਤ ਅਤਿਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਨਾਲ ਜੁੜਿਆ ਹੋਇਆ ਹੈ ਅਤੇ ਉਸ ਨੂੰ ਕਈ ਵਾਰ ਉਕਤ ਸੰਗਠਨ ਨਾਲ ਸਬੰਧਤ ਅਲ-ਦੁਆ ਮਸਜਿਦ ‘ਚ ਆਉਂਦੇ-ਜਾਂਦੇ ਵੇਖਿਆ ਗਿਆ ਹੈ। ਹਾਲਾਂਕਿ ਇਸ ਦੀ ਪ੍ਰਮਾਣਿਕ ਤੌਰ ‘ਤੇ ਕੋਈ ਪੁਸ਼ਟੀ ਨਹੀਂ ਹੋਈ ਹੈ। ਉਧਰ ਧਰਮ ਪਰਿਵਰਤਨ ਕਰਕੇ ਆਇਸ਼ਾ ਬਣਾਈ ਗਈ ਜਗਜੀਤ ਕੌਰ ਨੇ ਇਕ ਵੀਡੀਓ ਸੰਦੇਸ਼ ‘ਚ ਸਵੀਕਾਰ ਕੀਤਾ ਹੈ ਕਿ ਉਸ ਨੇ ਇਸਲਾਮ ਕਬੂਲ ਕਰਨ ਉਪਰੰਤ ਆਪਣੀ ਇੱਛਾ ਤੇ ਬਿਨਾਂ ਕਿਸੇ ਡਰ ਦੇ ਮੁਹੰਮਦ ਅਹਿਸਾਨ ਨਾਲ ਨਿਕਾਹ ਕੀਤਾ ਹੈ। ਇਸ ਵੀਡੀਓ ‘ਚ ਜਗਜੀਤ ਕੌਰ ਡਰੀ ਸਹਿਮੀ ਵਿਖਾਈ ਦੇ ਰਹੀ ਹੈ।

## ਭਾਰਤ ਸਰਕਾਰ ਵੱਲੋਂ ਪਾਕਿਸਤਾਨ ‘ਤੇ ਕਾਰਵਾਈ ਲਈ ਦਬਾਅ

**ਨਵੀਂ ਦਿੱਲੀ:** ਭਾਰਤ ਨੇ ਕਿਹਾ ਕਿ ਪਾਕਿਸਤਾਨ ‘ਚ ਇਕ ਸਿੱਖ ਕੁੜੀ ਨੂੰ ਅਗਵਾ ਕਰਕੇ ਉਸ ਨੂੰ ਜਬਰੀ ਮੁਸਲਮਾਨ ਬਣਾਏ ਜਾਣ ਦਾ ਮੁੱਦਾ ਉਸ ਨੇ ਪਾਕਿਸਤਾਨ ਦੇ ਸਾਹਮਣੇ ਚੁੱਕਿਆ ਹੈ ਤੇ ਉਸ ਦਾ ਤੁਰਤ ਹੱਲ ਕੱਢਣ ਲਈ ਕਦਮ ਚੁੱਕਣ ਲਈ ਕਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਇਸ ਘਟਨਾ ਨੂੰ ਲੈ ਕੇ ਮੰਤਰਾਲੇ ਨੂੰ ਸਿੱਖਾਂ ਦੇ ਧਾਰਮਿਕ ਸੰਗਠਨਾਂ ਸਮੇਤ ਭਾਰਤ ਦੇ ਨਾਗਰਿਕ ਸਮਾਜ ਦੇ ਵੱਖ-ਵੱਖ ਵਰਗਾਂ ਤੋਂ ਕਈ ਪੱਤਰ ਆਏ ਹਨ। ਉਨ੍ਹਾਂ ਕਿਹਾ ਕਿ ਅਸੀਂ ਪਾਕਿਸਤਾਨ ਸਰਕਾਰ ਨੂੰ ਤੁਰਤ ਹੱਲ ਕੱਢਣ ਲਈ ਕਿਹਾ ਹੈ।

## ਪਾਕਿਸਤਾਨ ‘ਚ ਦੋ ਹਿੰਦੂ ਕੁੜੀਆਂ ਦਾ ਜਬਰੀ ਧਰਮ ਬਦਲਣ ਦੇ ਮਾਮਲੇ ਉਜਾਗਰ

**ਨਵੀਂ ਦਿੱਲੀ:** ਸ੍ਰੀ ਨਨਕਾਣਾ ਸਾਹਿਬ ਤੋਂ ਸਿੱਖ ਲੜਕੀ ਜਗਜੀਤ ਕੌਰ ਦਾ ਮਾਮਲਾ ਹਾਲੇ ਨਿੱਬੜਿਆ ਨਹੀਂ ਕਿ ਪਾਕਿਸਤਾਨ ਵਿਚ ਹਿੰਦੂ ਲੜਕੀਆਂ ਨੂੰ ਜਬਰੀ ਅਗਵਾ ਕਰ ਕੇ ਧਰਮ ਪਰਿਵਰਤਨ ਕਰਵਾਉਣ ਦੇ ਨਵੇਂ ਮਾਮਲੇ ਸਾਹਮਣੇ ਆਏ ਹਨ। ਦੋ ਹਿੰਦੂ ਲੜਕੀਆਂ ਨੂੰ ਅਗਵਾ ਕਰਨ ਮਗਰੋਂ ਜਬਰਨ ਧਰਮ ਪਰਿਵਰਤਨ ਕਰਵਾਇਆ ਗਿਆ ਤੇ ਫਿਰ ਮੁਸਲਿਮ ਲੜਕਿਆਂ ਨਾਲ ਵਿਆਹ ਕਰ ਦਿੱਤਾ ਗਿਆ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਤਕਰੀਬਨ ਦੋ ਮਹੀਨੇ ਪਹਿਲਾਂ ਪਾਕਿਸਤਾਨ ਦੇ ਸਿੰਧ ਤੋਂ ਪਾਇਲ ਦੇਵੀ ਪੁੱਤਰੀ ਮੰਗੂਮਲ ਵਾਤਵਾਲੀ ਨੂੰ ਜਬਰੀ ਅਗਵਾ ਕੀਤਾ ਗਿਆ ਜਬਰੀ ਧਰਮ ਬਦਲਣ ਮਗਰੋਂ ਮੁਸਲਮਾਨ ਲੜਕੇ ਨਾਲ ਵਿਆਹ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਾਮਲਿਆਂ ਦਾ ਪਤਾ ਹੁਣ ਇਸ ਕਰਕੇ ਲੱਗਾ ਹੈ ਕਿਉਂਕਿ ਜਗਜੀਤ ਕੌਰ ਮਾਮਲੇ ਦੀਆਂ ਖਬਰਾਂ ਸਾਰੀ ਦੁਨੀਆਂ ਵਿਚ ਨਸ਼ਰ ਹੋਈਆਂ ਹਨ। ਸ੍ਰੀ ਸਿਰਸਾ ਨੇ ਦੱਸਿਆ ਕਿ ਦੂਜਾ ਮਾਮਲਾ ਪਾਕਿਸਤਾਨ ਦੇ ਰੋਹੜੀ ਸ਼ਹਿਰ ਦਾ ਹੈ ਜਿਥੇ ਹਿੰਦੂ ਲੜਕੀ ਰੀਨੋ ਕੁਮਾਰੀ ਪੁੱਤਰੀ ਇੰਦਰਜੀਤ ਕੁਮਾਰ ਨੂੰ ਧੱਕੇ ਨਾਲ ਅਗਵਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਰੀਨੋ ਆਈ.ਬੀ.ਏ. ਸੁੱਕਰ ਤੋਂ ਬੀ.ਬੀ.ਏ. ਕਰ ਰਹੀ ਸੀ ਜਿਸ ਦਾ ਹਾਲੇ ਤੱਕ ਕੋਈ ਥਹੁ ਪਤਾ ਨਹੀਂ ਲੱਗਾ।

# ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ 28 ਹੋਰ ਪਿੰਡਾਂ ਦੀ ਬਦਲੇਗੀ ਨੁਹਾਰ

**ਚੰਡੀਗੜ੍ਹ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ 28 ਪਿੰਡਾਂ ਦੇ ਵਿਕਾਸ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ ‘ਤੇ ਪੇਂਡੂ ਵਿਕਾਸ ਫੰਡ ਵਿਚੋਂ 14 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਚਰਨ ਛੋਹ ਪ੍ਰਾਪਤ 63 ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ‘ਤੇ 59.50 ਕਰੋੜ ਰੁਪਏ ਖਰਚੇ ਜਾ ਰਹੇ ਹਨ, ਜਿਸ ‘ਚੋਂ 35 ਪਿੰਡਾਂ ਲਈ 17.50 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ ਦਾ ਵਿਕਾਸ ਮਗਨਰੇਗਾ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ 28 ਪਿੰਡਾਂ ਦੇ ਵਿਕਾਸ ਲਈ ਡਿਪਟੀ ਕਮਿਸ਼ਨਰਾਂ ਨੂੰ ਪ੍ਰਤੀ ਪਿੰਡ 50 ਲੱਖ ਰੁਪਏ ਦੇ ਹਿਸਾਬ ਨਾਲ ਫੰਡ ਮਿਲਣਗੇ। ਇਨ੍ਹਾਂ ‘ਚੋਂ ਅੰਮ੍ਰਿਤਸਰ ਜਿਲੇ ‘ਚ ਸਥਿਤ ਛੇ ਅਜਿਹੇ ਪਿੰਡਾਂ ਧਰਮਕੋਟ, ਸੈਂਰਾਈਆਂ, ਰਾਮ ਤੀਰਥ, ਕੱਥੂਨੰਗਲ, ਅੱਡਾ ਕੱਥੂਨੰਗਲ ਅਤੇ ਕੱਥੂਨੰਗਲ ਖੁਰਦ ਦੇ ਵਿਕਾਸ ਲਈ 50 ਲੱਖ ਰੁਪਏ ਦੇ ਹਿਸਾਬ ਨਾਲ ਤਿੰਨ ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਸੇ ਤਰ੍ਹਾਂ ਬਠਿੰਡਾ ‘ਚ ਕੱਚੀ ਭੁੱਚੋ ਲਈ 50 ਲੱਖ ਰੁਪਏ, ਗੁਰਦਾਸਪੁਰ ਜਿਲ੍ਹੇ ‘ਚ ਕੀੜੀ ਅਫਗਾਨਾ ਤੇ ਕਥਿਆਲਾ ਲਈ ਇਕ ਕਰੋੜ ਰੁਪਏ, ਲੁਧਿਆਣਾ ਜਿਲ੍ਹੇ ‘ਚ ਢਾਂਡਰਾ, ਸੋਦੀਵਾਲ ਤੇ ਅਗਵਾੜ ਲੋਪੋ ਲਈ 1.50 ਕਰੋੜ ਰੁਪਏ, ਮੋਗਾ ਜਿਲ੍ਹੇ ‘ਚ ਪਿੰਡ ਫਤਿਹਗੜ੍ਹ ਕੋਰੋਟਾਣਾ ਲਈ 50 ਲੱਖ ਰੁਪਏ, ਸੰਗਰੂਰ ‘ਚ ਪਿੰਡ ਮਸਤੂਆਣਾ, ਟਲ ਘਨੌਰ, ਖੁਰਾਣਾ, ਭਲਵਾਨ, ਭੁੱਦਲਵੱਢ, ਢਡੋਗਲ, ਖੇੜੀ ਜੱਟਾਂ ਤੇ ਭਸੌੜ ਲਈ 4 ਕਰੋੜ ਰੁਪਏ ਜਾਰੀ ਕੀਤੇ ਗਏ।

ਤਰਨਤਾਰਨ ਦੇ ਪਿੰਡ ਜਲਾਲਾਬਾਦ, ਕੋਰੇਵਧਾਨ ਤੇ ਦਿਆਲਪੁਰ ਲਈ 1.50 ਕਰੋੜ ਰੁਪਏ ਤੇ ਹੁਸ਼ਿਆਰਪੁਰ ਦੇ ਪਿੰਡ ਫਤਿਹਪੁਰ ਕੋਠੀ, ਕੋਠੀ, ਕਾਂਗੜ ਤੇ ਸਾਰੰਗਵਾਲ ਲਈ ਦੋ ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ ਨੂੰ ਇਸ ਸ਼ਰਤ ‘ਤੇ ਫੰਡ ਜਾਰੀ ਕੀਤੇ ਗਏ ਹਨ ਕਿ ਇਸ ਨਾਲ ਸਿਰਫ ਮਹੱਤਵਪੂਰਨ ਕਾਰਜ ਸ਼ੁਰੂ ਕਰਕੇ ਮੁਕੰਮਲ ਕੀਤੇ ਜਾਣੇ ਚਾਹੀਦੇ ਹਨ।

# ਆਜ਼ਾਦੀ ਘੁਲਾਟੀਏ ਗੁਰਦਿਆਲ ਸਿੰਘ ਨਹੀਂ ਰਹੇ

**ਸੰਗਰੂਰ:** ਆਜ਼ਾਦ ਹਿੰਦ ਫੌਜ ਦੇ ਬਾਨੀ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਜ਼ਦੀਕੀ ਆਜ਼ਾਦੀ ਘੁਲਾਟੀਏ ਗੁਰਦਿਆਲ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਹ ਕਰੀਬ 97 ਵਰ੍ਹਿਆਂ ਦੇ ਸਨ। ਬੀਤੀ 9 ਅਗਸਤ ਨੂੰ ਹੀ ਗੁਰਦਿਆਲ ਸਿੰਘ ਨੂੰ ਨਵੀਂ ਦਿੱਲੀ ਵਿਚ ਰਾਸ਼ਟਰਪਤੀ ਸਨਮਾਨ ਨਾਲ ਨਿਵਾਜਿਆ ਗਿਆ ਸੀ। ਆਜ਼ਾਦੀ ਘੁਲਾਟੀਏ ਗੁਰਦਿਆਲ ਸਿੰਘ ਦਾ ਜੱਦੀ ਪਿੰਡ ਭੋਤਨਾ ਜ਼ਿਲ੍ਹਾ ਬਰਨਾਲਾ ਹੈ ਪਰ ਉਨ੍ਹਾਂ ਦਾ ਜਨਮ ਪਹਿਲੀ ਜਨਵਰੀ 1922 ਨੂੰ ਨਾਨਕੇ ਘਰ ਪਿੰਡ ਮਹਿਲ ਕਲਾਂ ਵਿਖੇ ਹੋਇਆ ਸੀ। ਸੰਨ 1927 ‘ਚ ਉਨ੍ਹਾਂ ਦੇ ਪਿਤਾ ਸੱਜਣ ਸਿੰਘ ਮਲੇਸ਼ੀਆ ਵਿਖੇ ਪੀ.ਡਬਲਿਊ.ਡੀ. ਵਿਚ ਨੌਕਰੀ ਕਰਨ ਚਲੇ ਗਏ ਸਨ। ਸੰਨ 1937 ਵਿਚ ਗੁਰਦਿਆਲ ਸਿੰਘ 15 ਸਾਲ ਦੀ ਉਮਰ ‘ਚ ਆਪਣੇ ਪਿਤਾ ਕੋਲ ਮਲੇਸ਼ੀਆ ਚਲੇ ਗਏ ਤੇ ਮੋਟਰ ਗੱਡੀ ਚਲਾਉਣ ਦੀ ਨੌਕਰੀ ਕਰ ਲਈ। ਰੇਡੀਓ ਸੁਣਨ ਦੇ ਸ਼ੌਕੀਨ ਗੁਰਦਿਆਲ ਸਿੰਘ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਤਕਰੀਰ ਤੋਂ ਭਾਵੁਕ ਹੋ ਕੇ ਅੰਗਰੇਜ਼ਾਂ ਨੂੰ ਭਾਰਤ ‘ਚੋਂ ਕੱਢਣ ਲਈ ਆਪਣੀ ਨੌਕਰੀ ਛੱਡ ਦਿੱਤੀ ਅਤੇ ਆਪਣੀ ਜ਼ਮੀਨ ਜਾਇਦਾਦ ਆਜ਼ਾਦ ਹਿੰਦ ਫੌਜ ਨੂੰ ਦੇ ਕੇ ਆਜ਼ਾਦੀ ਦੀ ਲਹਿਰ ‘ਚ ਕੁੱਦ ਪਏ।

ਗੁਰਦਿਆਲ ਸਿੰਘ ਆਜ਼ਾਦ ਹਿੰਦ ਫੌਜ ‘ਚ ਬਤੌਰ ਡਰਾਈਵਰ ਭਰਤੀ ਹੋ ਗਏ। ਬਗਾਵਤੀ ਕਾਰਵਾਈਆਂ ਕਰਕੇ ਸਾਲ 1945 ਵਿਚ ਅੰਗਰੇਜ਼ਾਂ ਨੇ ਬਾਬਾ ਗੁਰਦਿਆਲ ਸਿੰਘ ਅਤੇ ਹੋਰ ਸਾਥੀਆਂ



ਨੂੰ ਗ੍ਰਿਫਤਾਰ ਕਰ ਲਿਆ। ਪਹਿਲਾਂ ਸਿੰਗਾਪੁਰ ਅਤੇ ਫਿਰ ਦਿੱਲੀ ਵਿਖੇ ਲਾਲ ਕਿਲੇ ਅੰਦਰ ਕੈਦ ਰੱਖਿਆ ਗਿਆ। ਇਨ੍ਹਾਂ ਉਪਰ ਕੇਸ ਚੱਲਿਆ ਤੇ ਜਵਾਹਰ ਲਾਲ ਨਹਿਰੂ ਵੱਲੋਂ ਕੇਸ ਦੀ ਵਕਾਲਤ ਕੀਤੀ ਗਈ। ਦੇਸ਼ ਆਜ਼ਾਦ ਹੋਣ ਮਗਰੋਂ ਇਸ ਆਜ਼ਾਦੀ ਘੁਲਾਟੀਏ ਨੂੰ ਸਾਲ 1947 ਤੋਂ ਲੈ ਕੇ 1996 ਤੱਕ ਕੋਈ ਪੈਨਸ਼ਨ ਜਾਂ ਭੱਤਾ ਆਦਿ ਨਹੀਂ ਦਿੱਤਾ ਗਿਆ। ਉਨ੍ਹਾਂ ਨੂੰ ਵਡੇਰੀ ਉਮਰ ਦੇ ਬਾਵਜੂਦ ਬੱਚਿਆਂ ਦੀ ਪਰਵਰਿਸ਼ ਕਰਨ ਲਈ ਪਹਿਲਾਂ ਦਿੱਲੀ ‘ਚ ਟੈਕਸੀ ਚਲਾਉਣੀ ਪਈ, ਫਿਰ ਸਾਲ 1960 ਤੋਂ 1993 ਤੱਕ ਨਿੱਜੀ ਬੱਸ ‘ਤੇ ਡਰਾਈਵਰੀ ਕੀਤੀ। ਜਦੋਂ ਬਜ਼ੁਰਗ ਅਵਸਥਾ ਵਿਚ ਡਰਾਈਵਰੀ ਕਰਨ ਤੋਂ ਅਸਮਰੱਥ ਹੋ ਗਏ ਤਾਂ ਸੰਗਰੂਰ ਬੱਸ ਅੱਡੇ ‘ਚ ਹਾਕਰ ਦਾ ਕੰਮ ਵੀ ਕੀਤਾ।

ਜਦੋਂ ਸਰਕਾਰ ਨੇ ਗੁਰਦਿਆਲ ਸਿੰਘ ਨੂੰ ਪੈਨਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਸਾਲ 1996 ਵਿੱਚ ਰਿੱਟ ਦਾਇਰ ਕੀਤੀ। ਫੈਸਲਾ ਗੁਰਦਿਆਲ ਸਿੰਘ ਦੇ ਹੱਕ ਵਿਚ ਹੋਇਆ। ਪੈਨਸ਼ਨ ਸ਼ੁਰੂ ਹੋਣ ਤੋਂ ਬਾਅਦ ਗੁਰਦਿਆਲ ਸਿੰਘ ਨੇ ਫਿਰ 1998 ਵਿਚ ਬਕਾਇਆ ਲੈਣ ਲਈ ਮੁੜ ਹਾਈ ਕੋਰਟ ‘ਚ ਰਿੱਟ ਦਾਇਰ ਕਰ ਦਿੱਤੀ। ਫਿਰ ਪੈਨਸ਼ਨ ਵੀ ਬੰਦ ਹੋ ਗਈ। 5 ਸਤੰਬਰ 2001 ਨੂੰ ਮੁੜ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕੀਤੀ ਅਤੇ ਸੁਪਰੀਮ ਕੋਰਟ ਨੇ ਬਕਾਇਆ ਦੇਣ ਦੇ ਹੁਕਮ ਦਿੱਤੇ। ਗੁਰਦਿਆਲ ਸਿੰਘ ਇਥੇ ਆਪਣੇ ਪੁੱਤਰ ਰਾਜਵਿੰਦਰ ਸਿੰਘ ਤੇ ਪਰਿਵਾਰ ਸਮੇਤ ਰਹਿ ਰਹੇ ਸਨ। 97 ਵਰ੍ਹਿਆਂ ਦੀ ਉਮਰ ‘ਚ ਵੀ ਉਹ ਚੜ੍ਹਦੀ ਕਲਾ ‘ਚ ਸਨ। ਰੇਡੀਓ ਸੁਣਨ ਦਾ ਸ਼ੌਕ ਆਖਰੀ ਸਮੇਂ ਤੱਕ ਬਰਕਰਾਰ ਰਿਹਾ।

# ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨੀ ਖਿਡਾਰੀ ਸੱਦਣ ਲਈ ਕੇਂਦਰ ਦੀ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਈਆਂ ਜਾਣ ਵਾਲੀਆਂ ਖੇਡਾਂ ‘ਚ ਪਾਕਿਸਤਾਨ ਸਮੇਤ ਕੁਝ ਹੋਰ ਦੇਸ਼ਾਂ ਦੇ ਖਿਡਾਰੀਆਂ ਨੂੰ ਵੀਜ਼ੇ ਦੇਣ ਦੀ ਕੀਤੀ ਬੇਨਤੀ ਨੂੰ ਕੇਂਦਰ ਸਰਕਾਰ ਨੇ ਸਵੀਕਾਰ ਕਰ ਲਿਆ ਹੈ। ਗੁਰਪੁਰਬ ਸਮਾਗਮ ਕਰੀਬ ਅੱਧਾ ਮਹੀਨਾ ਚੱਲਣਗੇ ਤੇ ਖੇਡ ਸਮਾਗਮਾਂ ਦੇ ਨਾਲ-ਨਾਲ ਧਾਰਮਿਕ ਸਮਾਗਮ, ਸੈਮੀਨਾਰ ਆਦਿ ਹੋਣਗੇ।

ਪੰਜਾਬ ਸਰਕਾਰ ਵੱਲੋਂ ਕਬੱਡੀ, ਵਾਲੀਬਾਲ ਮੁਕਾਬਲੇ ਕਰਵਾਏ ਜਾ ਰਹੇ ਹਨ ਤੇ 550 ਸਾਈਕਲ ਸਵਾਰ ਖਿਡਾਰੀਆਂ ਦਾ ਇਕ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਚੱਲੇਗਾ ਜਿਹੜਾ ਕਰਤਾਰਪੁਰ ਲਾਂਘੇ ਰਾਹੀ ਪਾਕਿਸਤਾਨ ਜਾਵੇਗਾ। ਸੂਬੇ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਬੇਨਤੀ ਪ੍ਰਵਾਨ ਹੋਣ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਆਂਢੀ ਦੇਸ਼ ਪਾਕਿਸਤਾਨ ਤੋਂ ਇਲਾਵਾ ਅਮਰੀਕਾ, ਕੈਨੇਡਾ, ਆਸਟਰੇਲੀਆ, ਜਰਮਨੀ ਅਤੇ ਕੁਝ ਹੋਰ ਦੇਸ਼ਾਂ ਦੇ ਕਬੱਡੀ ਅਤੇ ਵਾਲੀਬਾਲ ਖਿਡਾਰੀਆਂ ਨੂੰ ਸੱਦਿਆ ਜਾਵੇਗਾ। ਇਸ ਲਈ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ ਤੇ ਜਲਦੀ ਹੀ ਸੂਚੀਆਂ ਤਿਆਰ ਹੋ ਜਾਣਗੀਆਂ।

ਉਨ੍ਹਾਂ ਕਿਹਾ ਕਿ ਕਬੱਡੀ ਟੂਰਨਾਮੈਂਟ ਲਈ ਵੱਖ-ਵੱਖ ਦੇਸ਼ਾਂ ਤੋਂ ਖਿਡਾਰੀ ਹਿੱਸਾ ਲੈਣ ਆਉਣਗੇ। ਉਨ੍ਹਾਂ ਦੱਸਿਆ ਕਿ ਖਿਡਾਰੀਆਂ ਨੂੰ ਪਹਿਲਾਂ ਤੋਂ ਤੈਅ ਨਿਯਮਾਂ ਅਨੁਸਾਰ ਵੀਜ਼ੇ ਲੈਣ ਲਈ ਅਰਜ਼ੀਆਂ ਦੇਣੀਆਂ ਪੈਣਗੀਆਂ। ਖਿਡਾਰੀਆਂ ਨੂੰ ਆਨਲਾਈਨ ਅਰਜ਼ੀਆਂ ਦੇਣੀਆਂ ਪੈਣਗੀਆਂ।

# ਮਨਪ੍ਰੀਤ ਬਾਦਲ ਵਲੋਂ ਉੱਦਮੀਆਂ ਨੂੰ ਪੰਜਾਬ ‘ਚ ਪੂੰਜੀ ਨਿਵੇਸ਼ ਦਾ ਸੱਦਾ

**ਬੰਗਲੂਰੂ:** ਉੱਦਮੀਆਂ ਅਤੇ ਉਦਯੋਗਪਤੀਆਂ ਨੂੰ ਪੰਜਾਬ ਵਿਚ ਨਿਵੇਸ਼ ਦਾ ਸੱਦਾ ਦਿੰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਸੂਬੇ ਵਿਚ ਨਿਵੇਸ਼ਕਾਂ ਤੇ ਸਨਅਤਾਂ ਪੱਖੀ ਮਾਹੌਲ ਹੈ ਅਤੇ ਸਰਕਾਰ ਵੱਲੋਂ ਸਨਅਤਾਂ ਨੂੰ ਸਬਸਿਡੀਆਂ, ਰਿਆਇਤਾਂ ਵੀ ਦਿੱਤੀਆਂ ਜਾ ਰਹੀਆਂ ਹਨ।

ਇਥੇ ਸੀ.ਆਈ.ਆਈ. ਵੱਲੋਂ ਕਰਵਾਏ ਗਏ 8ਵੇਂ ਇਨਵੈਸਟ ਨਾਰਥ ਸੰਮੇਲਨ ਦੌਰਾਨ ਪੰਜਾਬ ਵਿਚ ਸਨਅਤੀ ਮਾਹੌਲ ਬਾਰੇ ਗੱਲ ਕਰਦਿਆਂ ਵਿੱਤ ਮੰਤਰੀ ਸ੍ਰੀ ਮਨਪ੍ਰੀਤ ਬਾਦਲ ਨੇ ਦੇਸ਼ ਦੀ ਆਜ਼ਾਦੀ ਵਿਚ ਪੰਜਾਬ ਦੇ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਅੰਦਰੂਨੀ ਤੇ ਬਾਹਰੀ ਰੱਖਿਆ ਕੀਤੇ ਜਾਣ ਕਾਰਨ ਹੀ ਪੰਜਾਬ ਨੂੰ ਦੇਸ਼ ਦੀ ‘ਖੜਗ ਭੁਜਾ’ ਦਾ ਖਿਤਾਬ ਮਿਲਿਆ ਹੈ ਪਰ ਬਦਕਿਸਮਤੀ ਨਾਲ ਪੰਜਾਬ ਨੂੰ ਅਤਿਵਾਦ ਅਤੇ ਹਿੰਸਾ ਦੇ ਕਾਲੇ ਦੌਰ ਵਿਚੋਂ ਲੰਘਣਾ ਪਿਆ, ਜਿਸ ਕਾਰਨ ਇਸ ਦੀ ਆਰਥਿਕ ਰਫਤਾਰ ਅਤੇ ਖੁਸ਼ਹਾਲੀ ਰੁਕ ਗਈ ਜਿਸ ਨੂੰ ਪੰਜਾਬੀਆਂ ਨੇ ਜੁਝਾਰੂ ਜਜ਼ਬੇ ਨਾਲ ਮੁੜ ਵਿਕਾਸ ਦੀ ਲੀਹ ‘ਤੇ ਲਿਆਂਦਾ ਹੈ।ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਨਿਵੇਸ਼ ਪੱਖੀ ਉੱਦਮਾਂ ਸਦਕਾ ਸਨਅਤਾਂ ਪੰਜਾਬ ਵੱਲ ਰੁਖ ਕਰ ਰਹੀਆਂ ਹਨ ਜੋ ਪਿਛਲੀ ਸਰਕਾਰ ਸਮੇਂ ਕੂਚ ਕਰ ਰਹੀਆਂ ਸਨ। ਨਿਵੇਸ਼ ਪੱਖੀ ਮਾਹੌਲ ਅਤੇ ਨੀਤੀਆਂ ਕਾਰਨ ਉੱਦਮੀਆਂ ਵਿਚ ਉਤਸ਼ਾਹ ਵਧਿਆ ਹੈ ਤੇ ਮੌਜੂਦਾ ਸਰਕਾਰ ਦੇ ਸੱਤਾ ਵਿਚ ਆਉਣ ਬਾਅਦ ਸੂਬੇ ਵਿਚ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਨਿਵੇਸ਼ ਹੋਇਆ ਹੈ। ਉਨ੍ਹਾਂ ਕਿਹਾ ਕਿ ‘ਇਨਵੈਸਟ ਪੰਜਾਬ-ਬਿਜ਼ਨੈਸ ਫਸਟ ਪੋਰਟਲ’ ਲਾਂਚ ਕੀਤਾ ਗਿਆ ਹੈ, ਜਿਥੇ 16 ਵਿਭਾਗਾਂ/ਏਜੰਸੀਆਂ ਨਾਲ ਸਬੰਧਤ 46 ਤਰ੍ਹਾਂ ਦੀਆਂ ਰੈਗੂਲੇਟਰੀ ਪ੍ਰਵਾਨਗੀ ਸਬੰਧੀ ਸੇਵਾਵਾਂ ਮੁਹੱਈਆ ਕਰਾਉਣ ਤੋਂ ਇਲਾਵਾ ਲਘੂ, ਦਰਮਿਆਨੇ ਤੇ ਵੱਡੇ ਉਦਯੋਗਾਂ ਨੂੰ ਰਿਆਇਤਾਂ ਵੀ ਦਿੱਤੀਆਂ ਜਾ ਰਹੀਆਂ ਹਨ।

ਲੋਕ ਨਿਰਮਾਣ ਤੇ ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਨੇ ਕਿਹਾ ਕਿ ਦੇਸ਼ ਵਿਚ ਹੈਦਰਾਬਾਦ ਤੇ ਬੰਗਲੂਰੂ ਤੋਂ ਬਾਅਦ ਮੁਹਾਲੀ ਉਦਯੋਗਿਕ ਹੱਬ ਵਜੋਂ ਉੱਭਰ ਰਿਹਾ ਹੈ। ਪੰਜਾਬ ਵਿਚ ਵਧੀਆਂ ਸੜਕਾਂ ਅਤੇ ਹਵਾਈ ਸੰਪਰਕ ਤੋਂ ਇਲਾਵਾ ਵਪਾਰ ਲਈ ਢੁਕਵਾਂ ਮਾਹੌਲ ਹੈ। ਇਸ ਮੌਕੇ ਵਧੀਕ ਮੁੱਖ ਸਕੱਤਰ ਇਨਵੈਸਟਮੈਂਟ ਪ੍ਰੋਮੋਸ਼ਨ, ਉਦਯੋਗ ਅਤੇ ਕਾਮਰਸ ਸ੍ਰੀਮਤੀ ਵਿਨੀ ਮਹਾਜਨ, ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ ਦੇ ਸੀ.ਈ.ਓ. ਰਜਤ ਅਗਰਵਾਲ ਨੇ ਵੀ ਨਿਵੇਸ਼ ਸਬੰਧੀ ਜਾਣਕਾਰੀ ਦਿੱਤੀ।

## ਪੰਜਾਬ ਹੁਣ ਦੇਸ਼ ਦਾ ਅੰਨ ਭੰਡਾਰ ਨਹੀਂ ਬਣਨਾ ਚਾਹੁੰਦਾ: ਮਨਪ੍ਰੀਤ

**ਬੰਗਲੌਰ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਹੁਣ ਲੰਮਾ ਸਮਾਂ ਭਾਰਤ ਲਈ ਅੰਨ ਭੰਡਾਰ ਨਹੀਂ ਬਣਿਆ ਰਹਿਣਾ ਚਾਹੁੰਦਾ। ਪੰਜਾਬ ਹੁਣ ਨਿਵੇਸ਼ ਵੱਲ ਧਿਆਨ ਦੇ ਰਿਹਾ ਹੈ ਤਾਂ ਜੋ ਬਾਕੀ ਦੇਸ਼ ਨਾਲ ਰਲਿਆ ਜਾ ਸਕੇ। ਸ੍ਰੀ ਬਾਦਲ ਕਿਹਾ ਕਿ ਪਿਛਲੇ 70 ਸਾਲਾਂ ਤੋਂ ਪੰਜਾਬ ਦੇਸ਼ ਲਈ ਅੰਨ ਭੰਡਾਰ ਬਣਿਆ ਹੋਇਆ ਹੈ।

ਪੰਜਾਬ ਉਸ ਸਮੇਂ ਤੋਂ ਦੇਸ਼ ਲਈ ਅਨਾਜ ਪੈਦਾ ਕਰ ਰਿਹਾ ਹੈ ਜਦੋਂ ਭਾਰਤ ਆਤਮ-ਨਿਰਭਰ ਨਹੀਂ ਸੀ। ਉਨ੍ਹਾਂ ਕਿਹਾ, ‘ਪਿਛਲੇ 70 ਸਾਲਾਂ ‘ਚ ਦੇਸ਼ ਦੀ ਖੁਰਾਕ ਸੁਰੱਖਿਆ ਲਈ ਅਸੀਂ ਆਪਣੀਆਂ ਜ਼ਮੀਨਾਂ ਤੇ ਪਾਣੀ ਜ਼ਹਿਰੀ ਬਣਾ ਲਏ ਹਨ ਅਤੇ ਹੁਣ ਅਸੀਂ ਮਹਿਸੂਸ ਕਰਦੇ ਹਾਂ ਕਿ ਹਰੀ ਕ੍ਰਾਂਤੀ ਪੰਜਾਬ ਤੋਂ ਪੂਰਬ ਵੱਲ ਜਾਣੀ ਚਾਹੀਦੀ ਹੈ।’

# ਹੜ੍ਹਾਂ ਦੀ ਤਬਾਹੀ ਨੇ ਕਿਸਾਨਾਂ ਦਾ ਫਿਕਰ ਵਧਾਇਆ

**ਜਲੰਧਰ:** ਸਤਲੁਜ ਦਰਿਆ ਦੇ ਹੜ੍ਹ ਨਾਲ ਮੱਚੀ ਤਬਾਹੀ ਦੀਆਂ ਨਿੱਤ ਨਵੀਆਂ ਪਰਤਾਂ ਖੁੱਲ੍ਹ ਰਹੀਆਂ ਹਨ। ਇਸ ਤਬਾਹੀ ਨਾਲ ਜਿਥੇ ਕਿਸਾਨਾਂ ਦੀ ਵੱਡੇ ਪੱਧਰ 'ਤੇ ਝੋਨੇ ਦੀ ਫਸਲ ਬਰਬਾਦ ਹੋ ਗਈ, ਉਥੇ ਪਿੰਡਾਂ ਵਿਚ ਪਾਣੀ ਵੜਨ ਨਾਲ ਲੋਕਾਂ ਦੇ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਜਾਨੀਆਂ ਚਾਹਲ ਦੇ ਤਿੰਨ ਕਿਸਾਨ ਭਰਾਵਾਂ ਦੀ ਚਾਰ ਏਕੜ ਜ਼ਮੀਨ ਹੀ ਦਰਿਆ ਰੋੜ੍ਹ ਕੇ ਲੈ ਗਿਆ।

ਕਿਸਾਨ ਭਜਨ ਸਿੰਘ ਅਤੇ ਉਸ ਦੇ ਚਾਰ ਭਰਾ ਬਲਕਾਰ ਸਿੰਘ, ਬਲਦੇਵ ਸਿੰਘ, ਨਿਰੰਜਣ ਸਿੰਘ ਅਤੇ ਜਗਤਾਰ ਸਿੰਘ ਡੇਰੇ ਵਿਚ ਇਕੱਠੇ ਰਹਿੰਦੇ ਹਨ। ਜਿਥੇ ਜਾਨੀਆਂ ਚਾਹਲ ਦਾ ਸਭ ਤੋਂ ਭਿਆਨਕ ਬੰਨ੍ਹ ਟੁੱਟਾ ਸੀ, ਉਨ੍ਹਾਂ ਦਾ ਘਰ ਉਥੋਂ ਥੋੜ੍ਹੇ ਫਾਸਲੇ 'ਤੇ ਹੈ। ਇਸ ਪਾੜ ਤੋਂ ਸਤਲੁਜ ਦਾ ਪਾਣੀ ਏਨੀ ਤੇਜ਼ੀ ਨਾਲ ਵਗ ਰਿਹਾ ਸੀ ਕਿ ਉਸ ਦੇ ਸਾਹਮਣੇ ਜਿਹੜੀ ਚੀਜ਼ ਵੀ ਆਈ, ਉਸ ਨੂੰ ਤਬਾਹ ਕਰ ਦਿੱਤਾ। ਭਜਨ ਸਿੰਘ ਅਤੇ ਉਸ ਦੇ ਭਰਾ ਬਲਕਾਰ ਸਿੰਘ ਨੇ ਦੱਸਿਆ ਕਿ ਹਫਤੇ ਬਾਅਦ ਜਦੋਂ ਪਾਣੀ ਘਟਿਆ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਿਥੋਂ ਦੀ ਦਰਿਆ ਨੇ ਵਹਿਣ ਬਦਲਿਆ ਸੀ, ਉਥੇ ਉਨ੍ਹਾਂ ਦੇ ਭਰਾਵਾਂ ਦੀ ਚਾਰ ਏਕੜ ਜ਼ਮੀਨ ਵਿਚ ਐਨੇ ਡੂੰਘੇ ਟੋਏ ਪੈ ਗਏ ਹਨ ਕਿ ਉਥੇ ਖੇਤ ਬਚੇ ਹੀ ਨਹੀਂ ਹਨ। ਇਨ੍ਹਾਂ ਕਿਸਾਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਖੇਤਾਂ ਵਿਚ 15 ਤੋਂ 25 ਫੁੱਟ ਤੱਕ ਡੂੰਘੇ ਟੋਏ ਪੈ ਗਏ ਹਨ। ਹੁਣ ਇਥੇ ਫਸਲ ਹੋਣੀ ਅਸੰਭਵ ਹੈ।

ਭਜਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਵਾਰ ਤਾਂ ਲੱਗਣ ਲੱਗ ਪਿਆ ਸੀ ਕਿ ਉਨ੍ਹਾਂ ਦਾ ਸਾਰਾ ਟੱਬਰ ਹੀ ਰੁੜ੍ਹ ਜਾਵੇਗਾ। ਹੜ੍ਹ ਦੀ ਪਹਿਲੀ ਰਾਤ ਉਹ ਸੌਂ ਨਹੀਂ ਸਕੇ ਤੇ ਉਨ੍ਹਾਂ ਨੂੰ ਸ਼ੂਕਦਾ ਪਾਣੀ ਹੀ ਡਰਾ ਰਿਹਾ ਸੀ। ਜਦੋਂ ਸਵੇਰ ਹੋਈ ਤਾਂ ਦੇਖਿਆ ਕਿ ਹਰ ਪਾਸੇ ਪਾਣੀ ਹੀ ਪਾਣੀ ਸੀ ਤੇ ਫਸਲਾਂ ਦਾ ਕਿਧਰੇ ਕੋਈ ਨਾਂ ਨਿਸ਼ਾਨ ਨਜ਼ਰ ਨਹੀਂ ਸੀ ਆ ਰਿਹਾ। ਬਲਕਾਰ ਸਿੰਘ ਦੇ ਪੁੱਤਰ ਮਨਦੀਪ ਸਿੰਘ ਨੇ ਦੱਸਿਆ ਕਿ ਘਰ ਵਿਚ ਪਏ ਕਣਕ ਦੇ ਡਰੰਮਾਂ ਵਿਚੋਂ ਵੀ ਕਣਕ ਕੱਢਣ ਦਾ ਸਮਾਂ ਨਹੀਂ ਸੀ ਮਿਲਿਆ। ਪਾਣੀ ਪੈਣ ਨਾਲ ਚਾਰ ਡਰੰਮਾਂ ਵਿਚ ਪਈਆਂ ਕਣਕ ਦੀਆਂ 40 ਬੋਰੀਆਂ ਖਰਾਬ ਹੋ ਗਈਆਂ ਹਨ।

ਇਸ ਤੋਂ ਇਲਾਵਾ ਜਿਹੜੇ ਕਿਸਾਨਾਂ ਦੇ ਖੇਤਾਂ ਵਿਚ ਢਾਈ ਤੋਂ ਤਿੰਨ ਫੁੱਟ ਤੱਕ ਹੜ੍ਹ ਨਾਲ ਰੇਤ ਚੜ੍ਹ ਗਿਆ ਹੈ ਉਨ੍ਹਾਂ ਨੂੰ ਕਣਕ ਬੀਜਣ ਦੀ ਚਿੰਤਾ ਹੁਣ ਤੋਂ ਹੀ ਸਤਾਉਣ ਲੱਗੀ ਹੈ। ਕਿਸਾਨਾਂ ਦਾ ਸਭ ਤੋਂ ਵੱਧ ਨੁਕਸਾਨ ਜਾਨੀਆਂ ਚਾਹਲ ਦੇ ਟੁੱਟੇ ਇਸ ਗੱਲ ਦਾ ਫਿਕਰ ਵੱਢ-ਵੱਢ ਕੇ ਖਾ ਰਿਹਾ ਹੈ ਕਿ ਰੇਤਾ ਚੁੱਕਣ 'ਤੇ ਜਿਹੜਾ ਖਰਚਾ ਆਵੇਗਾ ਉਸ ਨੂੰ ਉਹ ਕਿਵੇਂ ਪੂਰਾ ਕਰੇਗਾ। ਉਸ ਦਾ ਕਹਿਣਾ ਸੀ ਕਿ ਦਰਿਆ ਦੇ ਧੁੱਸੀ ਬੰਨ੍ਹ ਤੋਂ ਲੈ ਕੇ ਇਕ ਕਿਲੋਮੀਟਰ ਦੇ ਇਲਾਕੇ ਵਿਚ ਰੇਤਾ ਖੇਤਾਂ ਵਿੱਚ ਫੈਲ ਗਿਆ ਹੈ। ਕਿਸਾਨ ਮਨਦੀਪ ਸਿੰਘ ਦੀ ਜ਼ਮੀਨ ਵੀ ਹੜ੍ਹ ਨਾਲ ਆਏ ਰੇਤੇ ਦੀ ਮਾਰ



ਹੋਏ ਬੰਨ੍ਹ ਨੇ ਕੀਤਾ ਹੈ। ਜਿਹੜੇ ਕਿਸਾਨਾਂ ਦੀ ਜ਼ਮੀਨ ਪਾੜ ਦੇ ਬਿਲਕੁਲ ਨੇੜੇ ਸੀ, ਉਥੇ ਨੁਕਸਾਨ ਵੀ ਸਭ ਤੋਂ ਵੱਧ ਹੋਇਆ ਹੈ। ਕਿਸਾਨ ਸਰਬਜੀਤ ਸਿੰਘ ਦੇ ਸਾਰੇ ਖੇਤਾਂ ਵਿਚ ਰੇਤਾ ਚੜ੍ਹ ਗਿਆ ਹੈ ਜਿਸ ਨੇ ਝੋਨੇ ਦੀ ਫਸਲ ਨੂੰ ਤਾਂ ਦੱਬ ਹੀ ਲਿਆ ਹੈ ਤੇ ਅੱਗਿਉਂ ਕਣਕ ਬੀਜਣ ਤੱਕ ਇਹ ਖੇਤ ਖਾਲੀ ਵੀ ਹੋ ਸਕਣਗੇ, ਇਸ ਦੀ ਚਿੰਤਾ ਸਤਾਉਣ ਲੱਗ ਪਈ ਹੈ। ਜਾਨੀਆਂ ਚਾਹਲ ਦੇ ਨੌਜਵਾਨ ਕਿਸਾਨ ਸਰਬਜੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਹੇਠਾਂ ਆਈ ਹੋਈ ਹੈ। ਉਸ ਨੇ ਕਰੇਲੇ ਬੀਜੇ ਸਨ ਤੇ ਸਬਜ਼ੀ ਹੀ ਰੋਜ਼ਾਨਾ ਦੀ ਆਮਦਨੀ ਦਾ ਵੱਡਾ ਸਾਧਨ ਬਣੀ ਹੋਈ ਸੀ। ਸਾਰਾ ਕੁਝ ਹੜ੍ਹ ਨਾਲ ਆਏ ਰੇਤੇ ਨੇ ਬਰਬਾਦ ਕਰ ਦਿੱਤਾ। ਪੱਠੇ ਕੁਤਰਨ ਵਾਲੀ ਮਸ਼ੀਨ ਵੀ ਹੜ੍ਹ ਨੇ ਪੁੱਟ ਸੁੱਟੀ ਸੀ ਤੇ ਉਥੇ ਨਾਲ ਹੀ ਵੱਡਾ ਸਾਰਾ ਟੋਆ ਪੈ ਗਿਆ ਹੈ। ਹੜ੍ਹ ਨਾਲ ਮਿੱਟੀ ਆਉਂਦੀ ਤਾਂ ਕੋਈ ਨੁਕਸਾਨ ਨਹੀਂ ਸੀ ਹੋਣਾ ਪਰ ਰੇਤੇ ਨੇ ਸਾਰੇ ਸੁਫਨੇ ਹੀ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤੇ ਹਨ।

### ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ ਸ਼੍ਰੋਮਣੀ ਕਮੇਟੀ

**ਸ੍ਰੀ ਆਨੰਦਪੁਰ ਸਾਹਿਬ:** ਜ਼ਿਲ੍ਹਾ ਰੂਪਨਗਰ ਅੰਦਰ ਆਏ ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ ਆਈ ਹੈ ਜਿਸ ਤਹਿਤ ਹੜ੍ਹ ਪੀੜਤ ਪਰਿਵਾਰਾਂ ਦੀ ਸਿਹਤ ਤੇ ਬੱਚਿਆਂ ਸਿੱਖਿਆ ਲਈ ਮੁਫਤ ਕਿਤਾਬਾਂ ਤੇ ਕਾਪੀਆਂ ਵੰਡਣ ਦਾ ਫੈਸਲਾ ਕਮੇਟੀ ਵੱਲੋਂ ਕੀਤਾ ਗਿਆ ਹੈ। ਹੜ੍ਹ ਪੀੜਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਗਠਿਤ ਕੀਤੀ ਗਈ ਕਮੇਟੀ ਦੀ ਪਲੇਠੀ ਬੈਠਕ ਤਖਤ ਸ੍ਰੀ ਕੇਸਗੜ੍ਹ ਸਾਹਿਬ 'ਚ ਹੋਈ। ਬੈਠਕ 'ਚ ਅਧਿਕਾਰੀਆਂ ਤੋਂ ਨੁਕਸਾਨੇ ਗਏ ਪਿੰਡਾਂ ਅਤੇ ਲੋਕਾਂ ਦੀਆਂ ਮੁੱਖ ਲੋੜਾਂ ਬਾਰੇ ਜਾਣਕਾਰੀ ਲਈ ਗਈ ਜਿਸ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਇਸ ਵੇਲੇ ਲੋਕਾਂ ਨੂੰ ਮੁੱਖ ਲੋੜ ਸਿਹਤ ਸਹੂਲਤਾਂ ਦੀ ਹੈ ਜਾਂ ਤਾਂ ਬੱਚਿਆਂ ਦੀ ਸਿੱਖਿਆ ਨਾਲ ਸਬੰਧਤ ਸਾਮਾਨ ਦੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਮੈਡੀਕਲ ਵੈਨਾਂ ਭੇਜ ਕੇ ਮੁਫਤ ਦਵਾਈਆਂ ਵੰਡਣ ਤੇ ਲੋਕਾਂ ਦੇ ਇਲਾਜ ਲਈ ਕੈਂਪ ਲਗਾਏ ਜਾਣਗੇ ਉਥੇ ਹੀ ਹੜ੍ਹ ਮਾਰੇ ਪਿੰਡਾਂ ਦੇ ਬੱਚਿਆਂ ਨੂੰ ਮੁਫਤ ਕਾਪੀਆਂ ਤੇ ਕਿਤਾਬਾਂ ਵੰਡੀਆਂ ਜਾਣਗੀਆਂ ਤਾਂ ਜੋ ਉਹ ਆਪਣੀ ਪੜ੍ਹਾਈ ਜਾਰੀ ਰੱਖ ਸਕਣ।

## ਆਰ.ਐਸ. ਝਾਅ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਨਵੇਂ ਚੀਫ ਜਸਟਿਸ

**ਚੰਡੀਗੜ੍ਹ:** ਮੱਧ ਪ੍ਰਦੇਸ ਹਾਈਕੋਰਟ ਦੇ ਜੱਜ ਰਵੀ ਸ਼ੰਕਰ ਝਾਅ ਹੁਣ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਹੋਣਗੇ। ਉਹ ਮੱਧ ਪ੍ਰਦੇਸ ਹਾਈਕੋਰਟ ਦੇ ਸੀਨੀਅਰ ਜੱਜ ਹਨ ਤੇ ਸੁਪਰੀਮ ਕੋਰਟ ਕਾਲਜੀਅਮ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਵਜੋਂ ਉਨ੍ਹਾਂ ਦੇ ਨਾਂ ਦੀ ਸਿਫਾਰਸ਼ ਕੀਤੀ ਗਈ ਹੈ।

ਜਸਟਿਸ ਝਾਅ ਮੌਜੂਦਾ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਦੀ ਥਾਂ ਲੈਣਗੇ। ਜਸਟਿਸ ਮੁਰਾਰੀ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਤਰੱਕੀ ਮਿਲਣ ਜਾ ਰਹੀ ਹੈ ਤੇ ਉਨ੍ਹਾਂ ਨੂੰ ਸੁਪਰੀਮ ਕੋਰਟ ਕਾਲਜੀਅਮ ਵੱਲੋਂ ਹਰੀ ਝੰਡੀ ਮਿਲਣ ਉਪਰੰਤ ਹੀ ਜਸਟਿਸ ਝਾਅ ਨੂੰ ਚੰਡੀਗੜ੍ਹ ਵਿਖੇ ਚੀਫ ਜਸਟਿਸ ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਜਸਟਿਸ ਕ੍ਰਿਸ਼ਨ ਮੁਰਾਰੀ ਮੂਲ ਰੂਪ 'ਚ ਇਲਾਹਾਬਾਦ ਹਾਈਕੋਰਟ ਨਾਲ ਸਬੰਧਤ ਹਨ ਤੇ ਉਨ੍ਹਾਂ ਨੂੰ ਪਿਛਲੇ ਸਾਲ ਦੋ ਜੂਨ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਚੀਫ ਜਸਟਿਸ ਲਗਾਇਆ ਗਿਆ ਸੀ। ਉਨ੍ਹਾਂ ਤੋਂ ਇਲਾਵਾ ਰਾਜਸਥਾਨ ਹਾਈਕੋਰਟ ਦੇ ਚੀਫ ਜਸਟਿਸ ਰਵਿੰਦਰਾ ਭੱਟ, ਹਿਮਾਚਲ ਪ੍ਰਦੇਸ਼ ਹਾਈਕੋਰਟ ਦੇ ਚੀਫ ਜਸਟਿਸ ਰਾਮਾ ਸੁਬਰਾਮਨੀਅਨ ਤੇ ਕੇਰਲਾ ਹਾਈਕੋਰਟ ਦੇ ਚੀਫ ਜਸਟਿਸ ਰਿਸ਼ੀਕੇਸ਼ ਰਾਏ ਨੂੰ ਵੀ ਸੁਪਰੀਮ ਕੋਰਟ ਦੇ ਜੱਜ ਵਜੋਂ ਤਰੱਕੀ ਦਿੱਤੀ ਜਾ ਰਹੀ ਹੈ।




# ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਜਾਗੀ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਹੜ੍ਹ ਪੀੜਿਤ ਇਲਾਕਿਆਂ ਦੇ ਲੋਕਾਂ ਦੇ ਮੁੜ ਵਸੇਬੇ ਤੇ ਰਾਹਤ ਕਾਰਜਾਂ ਲਈ ਰੱਖੇ 475.56 ਕਰੋੜ ਰੁਪਏ ਦੀ ਵਰਤੋਂ ਲਈ ਵਿਆਪਕ ਯੋਜਨਾ ਤਿਆਰ ਕੀਤੀ ਜਾਵੇ। ਇਸ ਵਿਚੋਂ 242.33 ਕਰੋੜ ਰੁਪਏ ਤਬਾਹ ਹੋ ਚੁੱਕੇ ਬੁਨਿਆਦੀ ਢਾਂਚੇ, ਰਾਹਤ ਅਪਰੇਸ਼ਨਾਂ ਅਤੇ 233.23 ਕਰੋੜ ਰੁਪਏ ਨੁਕਸਾਨ ਦਾ ਅੰਦਾਜ਼ਾ ਮਿਲਣ ਤੋਂ ਬਾਅਦ ਥੋੜ੍ਹੇ ਅਤੇ ਲੰਮੇ ਸਮੇਂ ਦੀਆਂ ਯੋਜਨਾਵਾਂ ਲਈ ਦਿੱਤੇ ਜਾਣਗੇ।

ਮੁੱਖ ਮੰਤਰੀ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਆਖਿਆ ਕਿ ਬੁਨਿਆਦੀ ਢਾਂਚੇ ਨੂੰ ਪਹਿਲ ਦੇ ਆਧਾਰ 'ਤੇ ਬਣਾਇਆ ਜਾਵੇ। ਕੈਪਟਨ ਨੇ ਆਫਤ ਪ੍ਰਬੰਧਨ ਗਰੁੱਪ ਦੀ ਅਗਵਾਈ ਕਰ ਰਹੇ ਮੁੱਖ ਸਕੱਤਰ ਨੂੰ ਹੜ੍ਹਾਂ ਤੋਂ ਬਾਅਦ ਬੁਨਿਆਦੀ ਢਾਂਚੇ ਦੇ ਕੰਮਾਂ ਵਿਚ ਤੇਜ਼ੀ ਲਿਆਉਣ ਨੂੰ ਯਕੀਨੀ ਬਣਾਉਣ ਲਈ ਆਖਿਆ। 475.56 ਕਰੋੜ ਰੁਪਏ ਵਿਚੋਂ 68.75 ਕਰੋੜ ਰੁਪਏ ਰੂਪ ਨਗਰ ਜ਼ਿਲ੍ਹੇ ਲਈ, ਮੋਗਾ ਲਈ 91.38 ਕਰੋੜ ਰੁਪਏ, ਜਲੰਧਰ ਲਈ 119.85 ਕਰੋੜ ਰੁਪਏ, ਕਪੂਰਥਲਾ ਲਈ 189.62 ਕਰੋੜ ਰੁਪਏ, ਫਾਜ਼ਿਲਕਾ ਲਈ 54 ਲੱਖ ਰੁਪਏ ਅਤੇ ਫਿਰੋਜ਼ਪੁਰ ਲਈ 5.42 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ।

ਕੈਪਟਨ ਨੇ ਵਧੀਕ ਮੁੱਖ ਸਕੱਤਰ (ਵਿਕਾਸ) ਨੂੰ ਆਖਿਆ ਕਿ ਖੇਤੀ ਜ਼ਮੀਨ ਨੂੰ ਮੁੜ ਵਰਤਣ ਯੋਗ ਬਣਾਇਆ ਜਾਵੇ। ਹੜ੍ਹਾਂ ਨਾਲ ਪ੍ਰਭਾਵਿਤ ਕਿਸਾਨਾਂ ਵੱਲੋਂ ਸਹਿਕਾਰੀ ਬੈਂਕਾਂ ਤੋਂ ਚੁੱਕੇ ਫਸਲੀ ਕਰਜ਼ੇ ਦੀ ਵਸੂਲੀ ਅੱਗੇ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਵਪਾਰਕ ਬੈਂਕਾਂ ਵੱਲੋਂ ਵੀ ਅਜਿਹਾ ਹੀ ਫੈਸਲਾ ਲੈਣ ਲਈ ਉਹ ਇਸ ਮਸਲੇ ਨੂੰ ਭਾਰਤ ਸਰਕਾਰ ਕੋਲ ਉਠਾਉਣਗੇ।

### ਭਾਖੜਾ ਡੈਮ ਤੋਂ ਪਾਣੀ ਛੱਡਣ ਬਾਰੇ ਜਾਂਚ ਹੋਵੇ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੜ੍ਹਾਂ ਕਾਰਨ ਪੰਜਾਬ 'ਚ ਹੋਈ ਤਬਾਹੀ ਦੇ ਮਾਮਲੇ ਦੀ ਜਾਂਚ ਕਰਾਉਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਹ ਮਾਮਲਾ ਚਿੰਤਾ ਦਾ ਵਿਸ਼ਾ ਹੈ ਕਿ ਇਹ ਤਬਾਹੀ ਕੁਦਰਤੀ ਆਫਤ ਨਾਲ ਹੋਈ ਹੈ ਜਾਂ ਭਾਖੜਾ ਡੈਮ ਬੋਰਡ ਮੈਨੇਜਮੈਂਟ ਦੀ ਅਣਗਹਿਲੀ ਕਾਰਨ। ਇਹ ਸੱਚ ਪੰਜਾਬ ਦੇ ਲੋਕਾਂ ਦੇ ਸਾਹਮਣੇ ਲਿਆਉਣ ਲਈ ਸਮੁੱਚੇ ਘਟਨਾਕ੍ਰਮ ਦੀ ਜਾਂਚ ਕਰਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਖੜਾ ਡੈਮ ਬੋਰਡ ਮੈਨੇਜਮੈਂਟ ਦੀ ਭਰੋਸੇਯੋਗਤਾ ਬਹਾਲ ਕਰਨਾ ਮੈਨੇਜਮੈਂਟ ਦੀ ਜ਼ਿੰਮੇਵਾਰੀ ਹੈ। ਜਦੋਂ ਭਾਖੜਾ ਡੈਮ ਤੋਂ ਪਾਣੀ ਛੱਡਿਆ ਗਿਆ ਉਸ ਵੇਲੇ ਮਾਲਵਾ ਖੇਤਰ ਦਾ ਇਕ ਹਿੱਸਾ ਨਹਿਰੀ ਪਾਣੀ ਦੀ ਕਟੌਤੀ ਨਾਲ ਜੂਝ ਰਿਹਾ ਸੀ।

## ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ 100 ਸਾਲ ਪੂਰੇ ਹੋਣ 'ਤੇ ਬੰਗਾਲ 'ਚ ਬਣੇਗੀ ਯਾਦਗਾਰ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਜਲ੍ਹਿਆਂਵਾਲੇ ਬਾਗ ਸਾਕੇ ਨੂੰ ਲੈ ਕੇ ਮੇਦਨੀਪੁਰ ਦੇ ਪਿਛਾਵਨੀ ਸੇਤੂ 'ਤੇ ਇਕ ਯਾਦਗਾਰ ਤੇ ਅਜਾਇਬ ਘਰ ਤਿਆਰ ਕਰਨ ਲਈ ਵਿਧਾਨ ਸਭਾ 'ਚ ਪੇਸ਼ ਕੀਤੇ ਮਤੇ ਨੂੰ ਸਪੀਕਰ ਵਿਮਾਨ ਬੈਨਰਜੀ ਨੇ ਮਨਜ਼ੂਰੀ ਦੇ ਦਿੱਤੀ ਹੈ।

ਇਸ ਮਤੇ 'ਤੇ ਚਰਚਾ ਦੌਰਾਨ ਮੁੱਖ ਮੰਤਰੀ ਤੋਂ ਇਲਾਵਾ ਵਿਰੋਧੀ ਧਿਰ ਦੇ ਆਗੂ ਅਬਦੁਲ ਮੰਨਾਨ, ਕਾਂਗਰਸੀ ਵਿਧਾਇਕ ਅਸਿਤ ਮਿੱਤਰ, ਮਾਕਪਾ ਵਿਧਾਇਕ ਦਲ ਦੇ ਆਗੂ ਸੁਜਨ ਚੱਕਰਵਰਤੀ, ਭਾਜਪਾ ਵਿਧਾਇਕ ਦਲ ਦੇ ਆਗੂ ਮਨੋਜ ਟਿੱਗਾ ਤੇ ਹੋਰਾਂ ਨੇ ਹਿੱਸਾ ਲਿਆ। ਮਮਤਾ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ ਸਾਕੇ ਦੇ 100 ਸਾਲ ਪੂਰੇ ਹੋਣ ਉਤੇ ਕੋਲਕਾਤਾ 'ਚ ਇਕ ਯਾਦਗਾਰ ਬਣਾਈ ਜਾਵੇਗੀ। ਆਜ਼ਾਦੀ ਦੀ ਲੜਾਈ 'ਚ ਬੰਗਾਲ ਦੇ ਯੋਗਦਾਨ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਮਾਤੰਗਨੀ ਹਾਜਰਾ ਦੇ ਸੰਗਰਾਮ ਬਾਰੇ ਸਦਨ 'ਚ ਤੱਥ ਰੱਖਿਆ ਤੇ ਕਿਹਾ ਕਿ ਅੰਗਰੇਜ਼ਾਂ ਦੀਆਂ ਧਮਕੀਆਂ ਦੇ ਬਾਵਜੂਦ ਉਸ ਨੇ ਕਿਹਾ ਸੀ ਕਿ ਮੈਂ ਪਿੱਛੇ ਨਹੀਂ ਹਟਾਂਗੀ, ਇਸ ਲਈ ਉਸ ਥਾਂ ਦਾ ਨਾਂ 'ਪਿਛਾਵਨੀ' ਰੱਖ ਦਿੱਤਾ ਗਿਆ, ਇਸ ਕਰਕੇ ਉਥੇ ਅਜਾਇਬ ਘਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਾਕੇ ਦੇ ਵਿਰੋਧ 'ਚ ਗੁਰੂਦੇਵ ਰਵਿੰਦਰ ਨਾਥ ਟੈਗੋਰ ਨੇ ਆਪਣੀ ਨਾਈਟਹੁੱਡ ਦੀ ਉਪਾਧੀ ਛੱਡ ਦਿੱਤੀ ਤੇ ਸੁਭਾਸ਼ ਚੰਦਰ ਬੋਸ, ਚਿਤਰੰਜਨ ਦਾਸ ਤੇ ਰਾਜਾ ਰਾਮ ਮੋਹਨ ਵਰਗਿਆਂ ਨੇ ਆਜ਼ਾਦੀ ਦੀ ਲੜਾਈ 'ਚ ਜ਼ਿਕਰਯੋਗ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਰਾਸ਼ਟਰਵਾਦ ਮਾਮਲੇ 'ਚ ਬੰਗਾਲ ਦੇ ਲੋਕ ਸਭ ਤੋਂ ਅੱਗੇ ਹਨ ਤੇ ਇਸ ਤੋਂ ਬਾਅਦ ਪੰਜਾਬ ਦਾ ਸਥਾਨ ਹੈ। ਪੰਜਾਬ ਤੇ ਬੰਗਾਲ ਦੇ ਆਪਸੀ ਸਬੰਧ ਲੰਮੇ ਸਮੇਂ ਤੋਂ ਹਨ।

# ਕੇਂਦਰ ਨੇ ਖੰਡ ਮਿੱਲਾਂ ਤੇ ਗੰਨਾ ਕਿਸਾਨਾਂ ਦੀ ਫੜੀ ਬਾਂਹ

**ਨਵੀਂ ਦਿੱਲੀ:** ਸਰਕਾਰ ਨੇ ਆਗਾਮੀ ਮਾਰਕੀਟਿੰਗ ਸਾਲ ਦੌਰਾਨ ਵਾਧੂ ਘਰੇਲੂ ਸਟਾਕ ਨੂੰ ਖਤਮ ਕਰਨ ਦੇ ਨਾਲ ਨਾਲ ਮਿੱਲਾਂ ਨੂੰ 15,000 ਕਰੋੜ ਰੁਪਏ ਦੇ ਗੰਨੇ ਦੇ ਵੱਡੇ ਬਕਾਏ ਨੂੰ ਖਤਮ ਕਰਨ ਵਿਚ ਮਦਦ ਦੇਣ ਅਤੇ 6 ਮਿਲੀਅਨ ਟਨ ਖੰਡ ਦੀ ਬਰਾਮਦ ਲਈ 6,268 ਕਰੋੜ ਰੁਪਏ ਦੀ ਸਬਸਿਡੀ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਆਰਥਿਕ ਮਾਮਲਿਆਂ (ਸੀ.ਸੀ.ਈ.ਏ.) ਬਾਰੇ ਕਮੇਟੀ ਨੇ ਖੁਰਾਕ ਮੰਤਰਾਲੇ ਦੇ ਇਸ ਸਬੰਧੀ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਸੂਚਨਾ ਅਤੇ ਪ੍ਰਸਾਰਣ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਅਸੀਂ ਗੰਨਾ ਕਿਸਾਨਾਂ ਦੇ ਹਿੱਤ ਵਿਚ ਇਕ ਮਹੱਤਵਪੂਰਨ ਫੈਸਲਾ ਲਿਆ ਹੈ। ਕੈਬਨਿਟ ਨੇ ਸਾਲ 2019-20 ਦੇ ਮਾਰਕੀਟਿੰਗ ਸਾਲ (ਅਕਤੂਬਰ ਸਤੰਬਰ) ਲਈ 60 ਲੱਖ ਟਨ ਦੀ ਬਰਾਮਦ ਸਬਸਿਡੀ ਨੂੰ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਗਲੇ ਮਾਰਕੀਟਿੰਗ ਸਾਲ ਦੌਰਾਨ ਖੰਡ ਮਿੱਲਾਂ ਨੂੰ 10,448 ਰੁਪਏ ਪ੍ਰਤੀ ਟਨ ਦੀ ਯਕਮੁਸ਼ਤ ਨਿਰਯਾਤ ਸਬਸਿਡੀ ਦਿੱਤੀ ਜਾਏਗੀ ਜਿਸ 'ਤੇ ਖਜ਼ਾਨੇ ਦੇ 6,268 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਸੇ ਤਰ੍ਹਾਂ ਕਮੇਟੀ ਨੇ 2021-22 ਤੱਕ ਮੌਜੂਦਾ ਜ਼ਿਲ੍ਹਾ ਜਾਂ ਰੈਫਰਲ ਹਸਪਤਾਲਾਂ ਨਾਲ ਜੁੜੇ 75 ਸਰਕਾਰੀ ਮੈਡੀਕਲ ਕਾਲਜਾਂ ਦੀ ਸਥਾਪਨਾ ਨੂੰ ਵੀ ਮਨਜ਼ੂਰੀ ਦਿੱਤੀ। ਕੇਂਦਰੀ ਯੋਜਨਾ ਦੇ ਤੀਜੇ ਪੜਾਅ ਤਹਿਤ ਨਵੇਂ ਮੈਡੀਕਲ ਕਾਲਜਾਂ ਦੀ ਸਥਾਪਨਾ ਨਾਲ ਦੇਸ ਵਿਚ ਘੱਟੋ ਘੱਟ 15,700 ਐਮ.ਬੀ.ਬੀ.ਐਸ. ਸੀਟਾਂ ਦਾ ਵਾਧਾ ਹੋਵੇਗਾ। ਇਕ ਸਰਕਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਨਵੇਂ ਮੈਡੀਕਲ ਕਾਲਜ ਅਧੀਨ ਸੇਵਾ ਵਾਲੇ ਖੇਤਰਾਂ ਵਿਚ ਸਥਾਪਿਤ ਕੀਤੇ ਜਾਣਗੇ ਜਿਥੇ ਕੋਈ ਮੈਡੀਕਲ ਕਾਲਜ ਨਹੀਂ ਹੈ ਅਤੇ ਜ਼ਿਲ੍ਹਾ ਹਸਪਤਾਲ ਘੱਟੋ ਘੱਟ 200 ਬੈੱਡਾਂ ਵਾਲੇ ਹੋਣਗੇ।

ਇਸ ਨਾਲ ਯੋਗ ਸਿਹਤ ਮਾਹਿਰਾਂ ਦੀ ਗਿਣਤੀ ਵਿਚ ਵਾਧਾ ਹੋਵੇਗਾ ਤੇ ਸਰਕਾਰੀ ਖੇਤਰ ਵਿਚ ਸਿਹਤ ਸੰਭਾਲ ਵਿਚ ਸੁਧਾਰ ਦੇ ਨਾਲ ਨਾਲ ਕਿਫਾਇਤੀ ਮੈਡੀਕਲ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਮਿਲੇਗੀ। ਕਮੇਟੀ ਨੇ ਭਾਰਤ ਅਤੇ ਗੈਂਬੀਆ ਦਰਮਿਆਨ ਦਵਾਈ ਦੀ ਰਵਾਇਤੀ ਪ੍ਰਣਾਲੀਆਂ ਦੇ ਖੇਤਰ ਵਿਚ ਸਮਝੌਤੇ ਦੇ ਸਹਿਮਤੀ ਪੱਤਰ ਨੂੰ ਵੀ ਮਨਜ਼ੂਰੀ ਦਿੱਤੀ ਹੈ। 31 ਜੁਲਾਈ ਨੂੰ ਗੈਂਬੀਆ ਵਿਚ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਯਾਤਰਾ ਦੌਰਾਨ ਇਸ ਸਬੰਧੀ ਸਮਝੌਤੇ 'ਤੇ ਦਸਤਖਤ ਕੀਤੇ ਗਏ ਸਨ। ਇਹ ਸਮਝੌਤਾ ਭਾਰਤ ਅਤੇ ਗੈਂਬੀਆ ਦਰਮਿਆਨ ਦਵਾਈ ਦੀਆਂ ਰਵਾਇਤੀ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨ ਲਈ ਢਾਂਚਾ ਮੁਹੱਈਆ ਕਰਾਏਗਾ ਅਤੇ ਦੋਵਾਂ ਦੇਸ਼ਾਂ ਨੂੰ ਇਸ ਖੇਤਰ ਵਿਚ ਆਪਸੀ ਤੌਰ 'ਤੇ ਲਾਭ ਪਹੁੰਚਾਏਗਾ। ਇਸ ਦੇ ਨਾਲ ਹੀ ਕਮੇਟੀ ਨੇ ਕੋਲਾ ਖਣਨ ਅਤੇ ਠੇਕਾ ਅਧਾਰਤ ਰੁਜ਼ਗਾਰ ਸਿਰਜਣ ਵਿਚ 100 ਫੀਸਦੀ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇਣ ਦੇ ਨਾਲ ਨਾਲ ਸਿੰਗਲ-ਬ੍ਰਾਂਡ ਪ੍ਰਚੂਨ ਵਿਕਰੇਤਾਵਾਂ ਲਈ ਸੋਰਸਿੰਗ ਨਿਯਮਾਂ ਨੂੰ ਸੌਖਾ ਕੀਤਾ ਹੈ। ਇਸ ਦੇ ਨਾਲ ਹੀ ਡਿਜੀਟਲ ਮੀਡੀਆ ਵਿਚ 26 ਫੀਸਦੀ ਵਿਦੇਸ਼ੀ ਨਿਵੇਸ਼ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਕਿਉਂਕਿ ਇਸ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵਿਕਾਸ ਨੂੰ ਹੁਲਾਰਾ ਦੇਣ ਲਈ ਕਈ ਸੁਝਾਵਾਂ ਦਾ ਖੁਲਾਸਾ ਕੀਤਾ ਹੈ।

## ਗੰਨਾ ਕਾਸ਼ਤਕਾਰਾਂ ਦੇ 765 ਕਰੋੜ ਦੱਬੀ ਬੈਠੀਆਂ ਨੇ ਖੰਡ ਮਿੱਲਾਂ

**ਜਲੰਧਰ:** ਪੰਜਾਬ ਦੇ ਗੰਨਾ ਕਾਸ਼ਤਕਾਰ ਇਕ ਪਾਸੇ ਕਰਜ਼ੇ ਦੇ ਭਾਰ ਹੇਠ ਦੱਬੇ ਹਨ ਤੇ ਉਨ੍ਹਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪੈ ਰਹੀ ਹੈ ਪਰ ਸਰਕਾਰ ਤੇ ਖੰਡ ਮਿੱਲਾਂ ਵਾਲੇ ਉਨ੍ਹਾਂ ਦਾ 765 ਕਰੋੜ ਰੁਪਏ ਦੱਬੀ ਬੈਠੇ ਹਨ। ਕਿਸਾਨਾਂ ਵੱਲੋਂ ਕਿਸ਼ਤਾਂ ਸਮੇਂ ਸਿਰ ਨਾ ਮੋੜਨ ਉਤੇ ਉਨ੍ਹਾਂ 'ਤੇ 3 ਫੀਸਦੀ ਵਿਆਜ ਜੁਰਮਾਨੇ ਵਜੋਂ ਮੜ੍ਹ ਦਿੱਤਾ ਜਾਂਦਾ ਹੈ।

ਕਿਸਾਨਾਂ ਨੂੰ ਡਿਫਾਲਟਰ ਕਰਾਰ ਦੇ ਕੇ ਬੈਂਕ ਕਰਜ਼ਾ ਦੇਣ ਤੋਂ ਇਨਕਾਰ ਕਰ ਦਿੰਦੀਆਂ ਤੇ ਪਾਈ-ਪਾਈ 'ਤੇ ਕਿਸਾਨਾਂ ਨੂੰ ਵਿਆਜ ਦੇਣਾ ਪੈਂਦਾ ਹੈ, ਪਰ ਪੰਜਾਬ ਦੇ ਕਿਸਾਨਾਂ ਨੂੰ ਗੰਨਾ ਵੇਚਿਆਂ ਸਾਲ ਲੰਘਣ ਵਾਲਾ ਹੈ, ਸਰਕਾਰ ਤੇ ਮਿੱਲਾਂ ਵਾਲੇ ਅਜੇ ਤੱਕ ਵੀ ਵੇਚੇ ਗੰਨੇ ਦਾ ਮੁੱਲ ਕਿਸਾਨਾਂ ਨੂੰ ਨਹੀਂ ਦੇ ਰਹੇ। ਕਮਾਲ ਇਸ ਗੱਲ ਦੀ ਹੈ ਕਿ ਕਿਸਾਨ ਤਾਂ ਕਰਜ਼ਿਆਂ ਦਾ ਵਿਆਜ ਭਰ ਰਹੇ ਹਨ ਪਰ ਸਰਕਾਰ ਤੇ ਮਿੱਲਾਂ ਵਾਲੇ ਕਿਸਾਨਾਂ ਨੂੰ ਵਰਤੇ ਪੈਸੇ 'ਤੇ ਧੇਲਾ ਵੀ ਨਹੀਂ ਦੇ ਰਹੇ। ਸਰਕਾਰੀ ਅੰਕੜਿਆਂ ਮੁਤਾਬਕ ਇਸ ਵੇਲੇ ਸਹਿਕਾਰੀ ਤੇ ਨਿੱਜੀ ਖੰਡ ਮਿੱਲਾਂ ਵੱਲ 700 ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਖੜ੍ਹਾ ਹੈ। ਪਿਛਲੇ ਸਾਲ ਦਸੰਬਰ ਮਹੀਨੇ ਖੰਡ ਮਿੱਲਾਂ ਨੇ ਜਦ ਕੇਂਦਰ ਸਰਕਾਰ ਵੱਲੋਂ ਮਿਥੇ 310 ਰੁਪਏ ਪ੍ਰਤੀ ਕੁਇੰਟਲ ਦੇ ਭਾਅ ਗੰਨਾ ਖਰੀਦਣ ਤੋਂ ਇਨਕਾਰ ਦਿੱਤਾ ਸੀ ਤਾਂ ਪੰਜਾਬ ਸਰਕਾਰ ਵੱਲੋਂ 25 ਰੁਪਏ ਪ੍ਰਤੀ ਕੁਇੰਟਲ ਦੇਣ ਦੇ ਐਲਾਨ ਨਾਲ ਗੰਨੇ ਦੀ ਖਰੀਦ ਚਾਲੂ ਕੀਤੀ ਗਈ ਪਰ ਸਰਕਾਰ ਨੇ ਨਿੱਜੀ ਮਿੱਲਾਂ ਨੂੰ ਦਿੱਤੇ ਜਾਣ ਵਾਲੇ 136 ਕਰੋੜ 'ਚੋਂ 75 ਕਰੋੜ ਰੁਪਏ ਇਸੇ ਮਹੀਨੇ ਦਿੱਤੇ ਹਨ, ਜਦਕਿ 61 ਕਰੋੜ ਰੁਪਏ ਅਜੇ ਵੀ ਬਕਾਇਆ ਖੜ੍ਹੇ ਹਨ।

# ਹਜੂਮੀ ਹਿੰਸਾ ਅੱਗੇ ਬੇਵੱਸ ਹੋਈਆਂ ਸਰਕਾਰਾਂ

**ਨਵੀਂ ਦਿੱਲੀ:** ਭਾਰਤ ਵਿਚ ਹਜੂਮੀ ਹਿੰਸਾ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਭੀੜ ਵੱਲੋਂ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਕਤਲਾਂ ਦੇ ਮਾਮਲੇ ਨਿੱਤ ਦਿਨ ਸਾਹਮਣੇ ਆ ਰਹੇ ਹਨ। ਇਕ ਗੈਰ-ਸਰਕਾਰੀ ਸਰੋਤ ਅਨੁਸਾਰ ਪਿਛਲੇ ਚਾਰ ਸਾਲਾਂ ਵਿਚ ਹਜੂਮੀ ਹਿੰਸਾ ਦੀਆਂ 250 ਤੋਂ ਵੱਧ ਘਟਨਾਵਾਂ ਹੋ ਚੁੱਕੀਆਂ ਹਨ। ਇਸੇ ਹਫਤੇ ਉੜੀਸਾ ਦੇ ਜਿਲ੍ਹਾ ਮਲਕਾਨਗਿਰੀ 'ਚ ਜਾਦੂ-ਟੂਣਾ ਕਰਨ ਦੇ ਸ਼ੱਕ 'ਚ 40 ਸਾਲਾ ਵਿਅਕਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇਹ ਘਟਨਾ ਕਾਲੀਮੇਲਾ ਥਾਣੇ ਅਧੀਨ ਆਉਂਦੇ ਦੂਰ-ਦੁਰਾਡੇ ਦੇ ਪਿੰਡ ਓਰੇਲਗੁਡਾ ਵਿਚ ਵਾਪਰੀ। ਇਸੇ ਤਰ੍ਹਾਂ ਯੂ.ਪੀ. ਦੇ ਸੰਘਣੀ ਆਬਾਦੀ ਵਾਲੇ ਖੇਤਰ ਚਿਪਾਤੀ 'ਚ ਭੀੜ ਨੇ ਇਕ ਘਰ 'ਚ ਦਾਖਲ ਹੋ ਕੇ ਇਕ ਔਰਤ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ, ਜਦੋਂਕਿ ਉਸ ਦੀਆਂ ਦੋ ਧੀਆਂ ਨੂੰ ਗੰਭੀਰ ਰੂਪ 'ਚ ਜਖਮੀ ਕਰ ਦਿੱਤਾ ਗਿਆ।

ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਦੇ ਦਿਓਰੀਆ ਜਿਲ੍ਹੇ ਵਿਚ 25 ਸਾਲਾਂ ਦੇ ਨੌਜਵਾਨ ਸੁਮੀਤ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਸੁਮੀਤ ਦੇ ਪਿਤਾ ਮੁਨੂੰ ਲਾਲ ਨੇ ਜਨਮ ਅਸ਼ਟਮੀ ਦਾ ਉਤਸਵ ਮਨਾਏ ਜਾਣ ਦੌਰਾਨ ਵਜਾਏ ਜਾ ਰਹੇ ਸ਼ੋਰੀਲੇ ਸੰਗੀਤ ਦਾ ਵਿਰੋਧ ਕੀਤਾ ਸੀ। ਤਿਉਹਾਰ ਮਨਾਉਣ ਵਾਲਿਆਂ ਨੇ ਮੁਨੂੰ ਲਾਲ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਦ ਸੁਮੀਤ ਤੇ ਉਹਦਾ ਭਰਾ ਸਚਿਨ ਆਪਣੇ ਪਿਤਾ ਨੂੰ ਬਚਾਉਣ ਆਏ ਤਾਂ ਉਨ੍ਹਾਂ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਗਿਆ। ਸੁਮੀਤ ਦੀ ਭੈਣ ਖੁਸ਼ਬੂ ਅਤੇ ਪਤਨੀ ਜਿਓਤੀ ਨੂੰ ਵੀ ਬਖਸ਼ਿਆ ਨਹੀਂ ਗਿਆ। ਇਸ ਤਰ੍ਹਾਂ ਦੇ ਮਾਮਲੇ ਨਿੱਤ ਦਿਨ ਸਾਹਮਣੇ ਆ ਰਹੇ ਹਨ। ਪਿਛਲੇ ਦਿਨੀਂ ਉਤਰ ਪ੍ਰਦੇਸ਼ ਵਿਚ ਇਕ ਔਰਤ ਨੂੰ ਬੱਚਾ ਚੁੱਕਣ ਦੇ ਸ਼ੱਕ ਵਿਚ ਬੁਰੀ ਤਰ੍ਹਾਂ ਮਾਰਿਆ ਗਿਆ। ਇਸ ਪ੍ਰਦੇਸ਼ ਦੇ ਸੈਂਬਲ ਇਲਾਕੇ ਵਿਚ ਇਕ ਵਿਅਕਤੀ ਨੂੰ ਬੱਚਾ ਚੁੱਕਣ ਦੀ ਅਫਵਾਹ ਕਰਕੇ ਭੀੜ ਵੱਲੋਂ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਗਊ ਰੱਖਿਆ ਦੇ ਨਾਂ ਉਤੇ ਇਕੱਠੀਆਂ ਹੋਈਆਂ ਭੀੜਾਂ ਨੇ ਦੇਸ਼ ਭਰ ਵਿਚ ਊਧਮ ਮਚਾਈ ਰੱਖਿਆ ਹੈ।

ਪਹਿਲੂ ਖਾਨ ਦਾ ਮਾਮਲਾ ਵੀ ਦੇਸ਼ ਭਰ ਵਿਚ ਬੜੀ ਉੱਚੀ ਪੱਧਰ 'ਤੇ ਉੱਠਿਆ ਸੀ। ਇਸ ਵਿਚ ਹਰਿਆਣਾ ਦੇ ਇਕ ਗਾਵਾਂ ਦੀ ਢੋਆ-ਢੁਆਈ ਕਰਨ ਵਾਲੇ ਵਿਅਕਤੀ ਪਹਿਲੂ ਖਾਨ ਅਤੇ ਉਸ ਦੇ ਪੁੱਤਰ ਨੂੰ ਅਪ੍ਰੈਲ 2017 ਵਿਚ ਰੋਕ ਕੇ ਭੀੜ ਵੱਲੋਂ ਉਸ ਦੀ ਸਖਤ ਮਾਰ-ਕੁਟਾਈ ਕੀਤੀ ਗਈ ਸੀ, ਜਿਸ ਵਿਚ ਪਹਿਲੂ ਖਾਨ ਦੀ ਮੌਤ ਹੋ ਗਈ ਸੀ। ਬਾਅਦ ਵਿਚ ਪਹਿਲੂ ਖਾਨ ਦੇ ਬੇਟਿਆਂ ਸਣੇ 47 ਗਵਾਹਾਂ ਨੇ ਆਪਣੇ ਬਿਆਨ ਅਦਾਲਤ ਵਿਚ ਦਿੱਤੇ ਸਨ।

ਇਸ ਤੋਂ ਵੱਡੀ ਹੋਰ ਗੱਲ ਕੀ ਹੋ ਸਕਦੀ ਹੈ ਕਿ ਅਦਾਲਤ ਨੇ ਸਬੂਤ ਨਾ ਹੋਣ ਦੇ ਆਧਾਰ 'ਤੇ ਸਾਰੇ 6 ਦੋਸ਼ੀਆਂ ਨੂੰ ਬਰੀ ਕਰ ਦਿੱਤਾ, ਜਦੋਂ ਕਿ ਇਨ੍ਹਾਂ ਦੋਸ਼ੀਆਂ ਦੇ ਪਹਿਲੂ ਖਾਨ ਅਤੇ ਉਸ ਦੇ ਪੁੱਤਰ ਨਾਲ ਮਾਰ-ਕੁਟਾਈ ਕਰਨ ਦੇ ਵੀਡੀਓ ਦ੍ਰਿਸ਼ ਵੀ ਸਾਹਮਣੇ ਆਏ ਸਨ। ਰਾਜਸਥਾਨ ਸਰਕਾਰ ਨੇ ਭੀੜਾਂ ਵੱਲੋਂ ਕੁਝ ਵਿਅਕਤੀਆਂ ਨੂੰ ਨਿਸ਼ਾਨਾ ਬਣਾ ਕੇ ਹਿੰਸਾ 'ਤੇ ਉਤਾਰੂ ਹੋਣ ਸਬੰਧੀ ਬਿੱਲ ਪਾਸ ਕਰ ਦਿੱਤਾ ਹੈ। ਅਜਿਹਾ ਪਹਿਲੂ ਖਾਨ ਦੀ ਘਟਨਾ ਦੇ ਦੋਸ਼ੀਆਂ ਦੇ ਬਰੀ ਹੋ ਜਾਣ ਤੋਂ ਪਿੱਛੋਂ ਕੀਤਾ ਗਿਆ।

ਇਸ ਤੋਂ ਪਹਿਲਾਂ ਮਨੀਪੁਰ ਦੀ ਵਿਧਾਨ ਸਭਾ ਨੇ ਦਸੰਬਰ 2018 ਵਿਚ ਇਸੇ ਤਰ੍ਹਾਂ ਦਾ ਹੀ ਬਿੱਲ ਪਾਸ ਕੀਤਾ ਸੀ। ਰਾਜਸਥਾਨ ਵਿਧਾਨ ਸਭਾ ਵਿਚ ਇਸ ਬਿੱਲ ਉਤੇ ਬਹਿਸ ਵਿਚ ਭਾਰਤੀ ਜਨਤਾ ਪਾਰਟੀ ਦੇ ਕਈ ਵਿਧਾਇਕਾਂ ਨੇ ਇਸ ਦਾ ਸਖਤ ਵਿਰੋਧ ਕੀਤਾ ਸੀ ਅਤੇ ਇਹ ਕਿਹਾ ਸੀ ਕਿ ਅਜਿਹਾ ਕੇਂਦਰ ਸਰਕਾਰ ਨੂੰ ਕਰਨਾ ਚਾਹੀਦਾ ਹੈ ਪਰ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਇਸ 'ਤੇ ਸਖਤ ਰੁਖ ਅਖਤਿਆਰ ਕਰਦਿਆਂ ਇਹ ਕਿਹਾ ਕਿ ਇਸ ਨੂੰ ਵਿਧਾਨ ਸਭਾ ਵੀ ਪਾਸ ਕਰ ਸਕਦੀ ਹੈ। ਇਸ ਵਿਚ ਉਮਰ ਕੈਦ ਅਤੇ 5 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਸ਼ਾਮਲ ਹੈ।


## ਟਰੱਕ ਰਿਪੇਅਰ ਮਕੈਨਿਕ ਦੀ ਲੋੜ ਹੈ

ਓਹਾਇਓ ਸਟੇਟ ਵਿਚ ਇੰਟਰਸਟੇਟ-80 'ਤੇ ਪੈਂਦੀ ਟਰੱਕ ਰਿਪੇਅਰ ਸ਼ਾਪ ਲਈ ਟਰੱਕ ਰਿਪੇਅਰ ਮਕੈਨਿਕ ਦੀ ਲੋੜ ਹੈ।
ਚੰਗਾ ਤਜਰਬਾ ਹੋਵੇ
ਤਨਖਾਹ $6000 ਡਾਲਰ
ਸ਼ਾਪ ਲੀਜ਼ 'ਤੇ ਦੇਣ 'ਤੇ ਵੀ ਵਿਚਾਰ ਹੋ ਸਕਦੀ ਹੈ
ਹੈਰੀ ਸਿੰਘ, ਫੋਨ: 917-428-7633
E-mail: singhharryc@aol.com
36-37



## ਤੰਦੂਰੀਏ, ਕੁੱਕ ਅਤੇ ਡਿਸ਼ ਵਾਸ਼ਰ ਲੋੜ ਹੈ

ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਡਿਸ਼ ਵਾਸ਼ਰ ਦੀ ਲੋੜ ਹੈ
ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ
ਸੰਪਰਕ ਕਰੋ:
ਫੋਨ: 916-468-8885
36-37


# ਟਰੇਸੀ 'ਚ ਬਜੁਰਗ ਸਿੱਖ ਦਾ ਚਾਕੂ ਮਾਰ ਕੇ ਕਤਲ

**ਕੈਲੀਫੋਰਨੀਆ:** ਟਰੇਸੀ ਵਿਚ ਸ਼ਾਮ ਦੀ ਸੈਰ ਕਰ ਰਹੇ ਇਕ ਪਰਵਾਸੀ ਭਾਰਤੀ ਸਿੱਖ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਪਰਮਜੀਤ ਸਿੰਘ ਦੱਸੀ ਗਈ ਹੈ। ਉਹ



3 ਸਾਲ ਪਹਿਲਾਂ ਹੀ ਇਥੇ ਆਇਆ ਸੀ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ।

ਪਰਮਜੀਤ ਸਿੰਘ 'ਤੇ ਐਤਵਾਰ ਸ਼ਾਮ ਨੂੰ ਟਰੇਸੀ ਵਿਚਲੇ ਗਰੈਚਨ ਟੈਲੀ ਪਾਰਕ ਵਿਚ ਰਾਤ 9 ਵਜੇ ਦੇ ਕਰੀਬ ਹਮਲਾ ਕੀਤਾ ਗਿਆ। ਜਖਮਾਂ ਦੀ ਤਾਬ ਨਾ ਸਹਾਰਦਿਆਂ ਉਸ ਦੀ ਮੌਤ ਹੋ ਗਈ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਇਕ ਰਾਹਗੀਰ ਨੇ ਇਕ ਵਿਅਕਤੀ ਨੂੰ ਜਮੀਨ 'ਤੇ ਪਿਆ ਦੇਖਿਆ ਜੋ ਖੂਨ ਨਾਲ ਲੱਥਪਥ ਸੀ। ਉਸ ਨੇ ਤੁਰਤ 911 'ਤੇ ਇਸ ਦੀ ਸੂਚਨਾ ਦਿੱਤੀ। ਪੁਲਿਸ ਨੇ ਘਟਨਾ ਦੀ ਜਾਂਚ ਅਰੰਭ ਦਿੱਤੀ ਹੈ।

ਪੁਲਿਸ ਅਨੁਸਾਰ ਸੀ. ਸੀ .ਟੀ. ਵੀ. ਕੈਮਰੇ ਵਿਚ ਇਕ ਵਿਅਕਤੀ ਦੀ ਵੀਡੀਓ ਰਿਕਾਰਡ ਹੋਈ ਹੈ, ਜੋ ਘਟਨਾ ਵੇਲੇ ਪਾਰਕ ਦੀ ਕੰਧ ਟੱਪ ਕੇ ਫਰਾਰ ਹੋਇਆ ਸੀ। ਸ਼ੱਕ ਹੈ ਕਿ ਉਸ ਨੇ ਹੀ ਪਰਵਾਸੀ ਭਾਰਤੀ 'ਤੇ ਹਮਲਾ ਕੀਤਾ। ਕੁਝ ਲੋਕਾਂ ਨੇ ਖਦਸ਼ਾ ਜਾਹਰ ਕੀਤਾ ਹੈ ਕਿ ਸਿੱਖ ਹੋਣ ਕਾਰਨ ਉਸ 'ਤੇ ਹਮਲਾ ਕੀਤਾ ਗਿਆ ਜਦੋਂ ਕਿ ਪੁਲਿਸ ਨੇ ਕਿਹਾ ਕਿ ਹਾਲ ਦੀ ਘੜੀ ਇਸ ਦੇ ਨਫਰਤੀ ਅਪਰਾਧ ਹੋਣ ਬਾਰੇ ਕੁਝ ਨਹੀਂ ਕਹਿ ਸਕਦੇ।

# ਸਿੱਖ ਵਿਰੋਧੀ ਹਮਲੇ ਰੋਕਣ ਲਈ ਅਮਰੀਕਾ ਨਾਲ ਗੱਲਬਾਤ ਕਰੇ ਕੇਂਦਰ: ਬੈਂਸ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਅਮਰੀਕਾ ਸਣੇ ਹੋਰ ਮੁਲਕਾਂ ਵਿਚ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਤੁਰਤ ਅਮਰੀਕਾ ਸਰਕਾਰ ਨਾਲ ਇਨ੍ਹਾਂ ਮਾਮਲਿਆਂ ਸਬੰਧੀ ਗੱਲਬਾਤ ਕਰਨ ਤਾਂ ਕਿ ਅੱਗੇ ਤੋਂ ਸਿੱਖਾਂ 'ਤੇ ਨਸਲੀ ਹਮਲੇ ਨਾ ਹੋ ਸਕਣ। ਵਿਧਾਇਕ ਬੈਂਸ ਨੇ ਆਖਿਆ ਕਿ 64 ਸਾਲਾ ਬਜ਼ੁਰਗ, ਜੋ ਪੰਜਾਬ ਤੋਂ ਆਪਣੀ ਬੇਟੀ ਅਤੇ ਜਵਾਈ ਕੋਲ ਗਿਆ ਹੋਇਆ ਸੀ, ਨੂੰ ਸ਼ਾਮ ਵੇਲੇ ਸੈਰ ਕਰਦਿਆਂ ਕਿਸੇ ਹਮਲਾਵਰ ਨੇ ਮੌਤ ਦੇ ਘਾਟ ਉਤਾਰ ਦਿੱਤਾ। ਉਨ੍ਹਾਂ ਵਿਦੇਸ਼ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਚਿੱਠੀ ਵਿਚ ਲਿਖਿਆ ਹੈ ਕਿ ਅਜਿਹਾ ਪਹਿਲੀ ਵਾਰ ਨਹੀਂ ਹੋਇਆ, ਇਸ ਤੋਂ ਪਹਿਲਾਂ ਵੀ ਅਮਰੀਕਾ ਦੇ ਵੱਖ-ਵੱਖ ਸੂਬਿਆਂ ਅਤੇ ਸ਼ਹਿਰਾਂ ਤੋਂ ਇਲਾਵਾ ਹੋਰਨਾਂ ਮੁਲਕਾਂ ਵਿਚ ਵੀ ਸਿੱਖਾਂ 'ਤੇ ਅਜਿਹੇ ਨਸਲੀ ਹਮਲੇ ਹੁੰਦੇ ਰਹਿੰਦੇ ਹਨ ਪਰ ਉਥੋਂ ਦੀਆਂ ਸਰਕਾਰਾਂ ਸਿੱਖਾਂ ਦੇ ਜਾਨ-ਮਾਨ ਦੀ ਰਾਖੀ ਕਰਨ 'ਚ ਨਾਕਾਮਯਾਬ ਰਹੀ ਹੈ।

## ਪਵਨ ਕਪੂਰ ਯੂ.ਏ.ਈ. 'ਚ ਭਾਰਤ ਦੇ ਰਾਜਦੂਤ ਨਿਯੁਕਤ

**ਨਵੀਂ ਦਿੱਲੀ:** ਸੀਨੀਅਰ ਰਾਜਦੂਤ ਪਵਨ ਕਪੂਰ ਨੂੰ ਸੰਯੁਕਤ ਅਰਬ ਅਮੀਰਾਤ ਵਿਚ ਭਾਰਤ ਦਾ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਭਾਰਤੀ ਵਿਦੇਸ਼ ਸੇਵਾ ਦੇ 1990 ਬੈਚ ਦੇ ਅਧਿਕਾਰੀ ਸ੍ਰੀ ਕਪੂਰ, ਨਵਦੀਪ ਸੂਰੀ ਦੀ ਥਾਂ ਲੈਣਗੇ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ ਉਨ੍ਹਾਂ ਵੱਲੋਂ ਛੇਤੀ ਅਹੁਦਾ ਸੰਭਾਲਣ ਦੀ ਸੰਭਾਵਨਾ ਹੈ।


## ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
33-36



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



## Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਈਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

ਪੰਜਾਬ ਟਾਈਮਜ਼

*ਸਨਿਚਰਵਾਰ, 7 ਸਤੰਬਰ 2019*

# ਭਾਰਤ ਵਿਚ ਮੰਦੀ ਅਤੇ ਮੋਦੀ

ਇਸ ਸਾਲ ਮੋਦੀ ਸਰਕਾਰ ਦਾ ਦੂਜਾ ਕਾਰਜਕਾਲ ਅਜੇ ਸ਼ੁਰੂ ਵੀ ਨਹੀਂ ਸੀ ਹੋਇਆ ਅਤੇ ਨਾ ਹੀ ਲੋਕ ਸਭਾ ਚੋਣਾਂ ਦੇ ਨਤੀਜੇ ਆਏ ਸਨ, ਪਰ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਨੇ ਸਰਕਾਰ ਦੇ ਅਗਲੇ 100 ਦਿਨਾਂ ਦੇ ਕੰਮ-ਕਾਰ ਦੀ ਯੋਜਨਾ ਬਣਾ ਵੀ ਲਈ ਹੈ। ਇਹ ਸੱਚ ਹੈ ਕਿ ਬਹੁਤ ਸਾਰੇ ਮਾਮਲਿਆਂ ਵਿਚ ਭਾਜਪਾ ਬਹੁਤ ਗਿਣ-ਮਿਥ ਕੇ ਅਤੇ ਪੂਰੀ ਰਣਨੀਤੀ ਨਾਲ ਪੈਰ ਅਗਾਂਹ ਵਧਾ ਰਹੀ ਹੈ। ਇਹ ਵੀ ਸੱਚ ਹੀ ਹੈ ਕਿ ਇਹ ਧਿਰ ਮੁਲਕ ਭਰ ਵਿਚ ਧਰਮ ਅਤੇ ਜਾਤਾਂ ਦੇ ਆਧਾਰ ਉਤੇ ਧਰੁਵੀਕਰਨ ਕਰਨ ਵਿਚ ਬਹੁਤ ਹੱਦ ਤੱਕ ਕਾਮਯਾਬ ਹੋਈ ਹੈ। ਕਸ਼ਮੀਰ ਮਸਲੇ ਸਮੇਤ ਹੁਣ ਵੀ ਜੋ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਉਹ ਧਰੁਵੀਕਰਨ ਵੱਲ ਹੀ ਸੇਧਤ ਹਨ। ਉਂਜ, ਸੋਚਣ-ਵਿਚਾਰਨ ਵਾਲਾ ਨੁਕਤਾ ਇਹ ਵੀ ਹੈ ਕਿ ਬਹੁਤ ਕੁਝ ਭਵਿੱਖ ਦੇ ਗਰਭ ਵਿਚ ਪਿਆ ਹੁੰਦਾ ਹੈ, ਇਸ ਬਾਰੇ ਕਿਆਸਆਰਾਈਆਂ ਤਾਂ ਲਾਈਆਂ ਜਾ ਸਕਦੀਆਂ ਹਨ, ਪਰ ਪੱਕ ਨਾਲ ਕੁਝ ਕਿਹਾ ਜਾਂ ਕੀਤਾ ਨਹੀਂ ਜਾ ਸਕਦਾ ਹੈ। ਮੁਲਕ ਦੇ ਅਰਥਚਾਰੇ ਦੇ ਮਾਮਲੇ ਵਿਚ ਅਜਿਹਾ ਹੀ ਵਾਪਰਿਆ ਹੈ। ਲਗਾਤਾਰ ਆ ਰਹੀਆਂ ਰਿਪੋਰਟਾਂ ਅਤੇ ਤੱਥ ਦੱਸਦੇ ਹਨ ਕਿ ਅਰਥਚਾਰਾ ਫਿਲਹਾਲ ਗੋਡਣੀਆਂ ਪਰਨੇ ਹੋਇਆ ਪਿਆ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਹਾਲਾਤ ਹੋਰ ਵੀ ਭਿਆਨਕ ਹੋ ਸਕਦੇ ਹਨ, ਕਿਉਂਕਿ ਕਿਸੇ ਪਾਸਿਓਂ ਠੁੰਮਣਾ ਮਿਲਣ ਦੀ ਆਸ ਕਿਤੇ ਦਿਸ ਨਹੀਂ ਰਹੀ ਹੈ। ਇਸ ਮਾਮਲੇ ‘ਤੇ ਮੋਦੀ ਸਰਕਾਰ ਬਹੁਤ ਬੇਵੱਸ ਦਿਖਾਈ ਦੇ ਰਹੀ ਹੈ।

ਉਘੇ ਅਰਥ ਸ਼ਾਸਤਰੀ ਭਾਰਤ ਦੀ ਇਸ ਮੰਦੀ ਆਰਥਿਕਤਾ ਨੂੰ ਸਿੱਧੇ-ਅਸਿੱਧੇ ਢੰਗ ਨਾਲ ਨੋਟਬੰਦੀ ਅਤੇ ਜੀ.ਐਸ.ਟੀ. ਨਾਲ ਜੋੜਦੇ ਹਨ। ਅੰਕੜੇ ਦੱਸਦੇ ਹਨ ਕਿ ਇਨ੍ਹਾਂ ਫੈਸਲਿਆਂ ਨੇ ਅਰਥਚਾਰੇ ਉਤੇ ਉਲਟ ਅਸਰ ਪਾਇਆ, ਹਾਲਾਂਕਿ ਸਰਕਾਰ ਅਜੇ ਤਕ ਇਹ ਮੰਨਣ ਲਈ ਤਿਆਰ ਨਹੀਂ। ਉਂਜ, ਇਨ੍ਹਾਂ ਮਸਲਿਆਂ ਬਾਰੇ ਇਹ ਖਾਮੋਸ਼ ਜ਼ਰੂਰ ਹੋ ਗਈ ਹੈ। ਨੋਟਬੰਦੀ ਨੇ ਆਮ ਕਾਰੋਬਾਰੀ ਨੂੰ ਮਧੋਲ ਸੁੱਟਿਆ, ਜਿਸ ਦਾ ਅਸਰ ਦੇਰ-ਸਵੇਰ ਅਰਥਚਾਰੇ ਉਤੇ ਪੈਣਾ ਹੀ ਸੀ। ਸਰਕਾਰ ਅੱਜ ਤਕ ਨੋਟਬੰਦੀ ਦੀ ਇਕ ਵੀ ਪ੍ਰਾਪਤੀ ਨਹੀਂ ਗਿਣਾ ਸਕੀ। ਆਰਥਿਕ ਮਾਹਿਰ ਅਤੇ ਵਿਰੋਧੀ ਧਿਰ ਦੇ ਸਿਆਸਤਦਾਨ ਇਸ ਨਾਲ ਹੋਏ ਨੁਕਸਾਨ ਦੀ ਤਫਸੀਲ ਵਾਰ-ਵਾਰ ਬਿਆਨ ਕਰ ਰਹੇ ਹਨ। ਇਸੇ ਤਰ੍ਹਾਂ ਜੀ.ਐਸ.ਟੀ. ਦਾ ਮਾਮਲਾ ਹੈ। ਪੂਰੇ ਮੁਲਕ ਵਿਚ ਇਕ ਟੈਕਸ ਦਾ ਮੁੱਦਾ ਸਹੀ ਤਾਂ ਹੈ, ਪਰ ਇਸ ਨੂੰ ਜਿੰਨੀ ਕਾਹਲੀ ਅਤੇ ਮਾੜੇ ਪ੍ਰਬੰਧਾਂ ਹੇਠ ਲਾਗੂ ਕੀਤਾ ਗਿਆ, ਉਸ ਨੇ ਗੁੜ ਗੋਬਰ ਕਰ ਦਿੱਤਾ। ਨਤੀਜਾ ਸਾਹਮਣੇ ਹੈ। ਇਸ ਤੋਂ ਕਾਰੋਬਾਰੀ ਤਾਂ ਔਖੇ ਹੋਏ ਹੀ ਹਨ, ਸਰਕਾਰ ਨੂੰ ਇਸ ਅੰਦਰ ਵਾਰ-ਵਾਰ ਤਬਦੀਲੀਆਂ ਕਰਨੀਆਂ ਪਈਆਂ ਹਨ, ਪਰ ਠੁੱਕ ਅਜੇ ਵੀ ਬਣ ਨਹੀਂ ਸਕਿਆ ਹੈ।

ਇਨ੍ਹਾਂ ਮਸਲਿਆਂ ਦਾ ਦੂਜਾ ਪਹਿਲੂ ਇਹ ਹੈ ਕਿ ਸਰਕਾਰ ਜਦੋਂ-ਜਦੋਂ ਕਿਸੇ ਸੰਕਟ ਵਿਚ ਘਿਰੀ ਹੈ, ਇਸ ਨੇ ਧਰੁਵੀਕਰਨ ਵਾਲੀ ਸਿਆਸਤ ਪਹਿਲਾਂ ਨਾਲੋਂ ਵੀ ਵਧੇਰੇ ਪ੍ਰਚੰਡ ਰੂਪ ਵਿਚ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਚੋਣਾਂ ਤੋਂ ਐਨ ਪਹਿਲਾਂ ਜਦੋਂ ਮੋਦੀ ਸਰਕਾਰ ਹਰ ਮੁੱਦੇ ਉਤੇ ਲਗਾਤਾਰ ਘਿਰ ਰਹੀ ਸੀ ਅਤੇ ਇਸ ਕੋਲ ਆਪਣੀਆਂ ਪੰਜ ਸਾਲ ਦੀਆਂ ਪ੍ਰਾਪਤੀਆਂ ਗਿਣਾਉਣ ਤੇ ਪ੍ਰਚਾਰਨ ਲਈ ਇਕ ਵੀ ਮੁੱਦਾ ਨਹੀਂ ਸੀ ਤਾਂ ਪਹਿਲਾਂ ਕਸ਼ਮੀਰ ਵਿਚ ਪੁਲਵਾਮਾ ਘਟਨਾ ਵਾਪਰੀ ਅਤੇ ਫਿਰ ਪਾਕਿਸਤਾਨ ਅੰਦਰ ਬਾਲਾਕੋਟ ਹਮਲਾ ਕਰਨ ਦਾ ਦਾਅਵਾ ਕਰ ਦਿੱਤਾ ਗਿਆ। ਚੋਣ ਮੈਦਾਨ ਵਾਲੇ ਵਿਰੋਧੀ ਹਾਲਾਤ ਰਾਤੋ-ਰਾਤ ਬਦਲ ਗਏ। ਦੇਸ਼ਭਗਤੀ ਤੋਂ ਸਿਵਾ ਹੋਰ ਕੋਈ ਚਰਚਾ ਤਕਰੀਬਨ ਖਤਮ ਹੀ ਹੋ ਗਈ। ਵਿਰੋਧੀਆਂ ਨੂੰ ਦੇਸ਼ ਧ੍ਰੋਹੀ ਤਕ ਆਖ ਦਿੱਤਾ ਗਿਆ। ਇਸ ਦਾ ਨਤੀਜਾ ਭਾਜਪਾ ਦੀ ਮਿਸਾਲੀ ਜਿੱਤ ਵਿਚ ਨਿਕਲਿਆ ਅਤੇ ਇਸ ਪਾਰਟੀ ਨੇ ਪੂਰੀ ਸ਼ਾਨੋ-ਸ਼ੌਕਤ ਨਾਲ ਅਗਲੀ ਸਰਕਾਰ ਦੀ ਵਾਗਡੋਰ ਵੀ ਸੰਭਾਲ ਲਈ। ਇਨ੍ਹਾਂ ਚੋਣਾਂ ਦੌਰਾਨ ਖੇਤਰੀ ਪਾਰਟੀਆਂ ਦੀ ਤਾਕਤ ਉਭਰਨ ਦੀਆਂ ਜੋ ਸੰਭਾਵਨਾਵਾਂ ਬਣ ਰਹੀਆਂ ਸਨ, ਉਹ ਖਤਮ ਹੋਣ ਦੇ ਕਗਾਰ ‘ਤੇ ਅੱਪੜ ਗਈਆਂ। ਹਾਲਾਤ ਇਹ ਬਣੇ ਕਿ ਸਰਕਾਰ ਵਿਚ ਭਾਜਪਾ ਦੀਆਂ ਭਾਈਵਾਲ ਪਾਰਟੀਆਂ, ਜੋ ਕੌਮੀ ਜਮਹੂਰੀ ਗਠਜੋੜ (ਐਨ. ਆਈ. ਏ.) ਦੇ ਮੰਚ ਹੇਠ ਇਕੱਠੀਆਂ ਹੋਈਆਂ ਹਨ, ਹੋਰ ਨਿਸੱਤੀਆਂ ਹੋ ਗਈਆਂ। ਇਸੇ ਤੱਥ ਦਾ ਲਾਹਾ ਲੈਂਦਿਆਂ ਭਾਜਪਾ ਦੇ ਆਗੂਆਂ ਨੇ ਇਕ ਰਾਸ਼ਟਰ, ਇਕ ਚੋਣ, ਇਕ ਭਾਸ਼ਾ ਆਦਿ ਮਸਲਿਆਂ ‘ਤੇ ਮੇਲ੍ਹਣਾ ਸ਼ੁਰੂ ਕਰ ਦਿੱਤਾ।

ਹੁਣ ਇਕ ਵਾਰ ਫਿਰ ਚੋਣਾਂ ਤੋਂ ਪਹਿਲਾਂ ਵਾਲੇ ਹਾਲਾਤ ਬਣ ਰਹੇ ਹਨ। ਚੋਣਾਂ ਤੋਂ ਐਨ ਪਹਿਲਾਂ ਸਭ ਚੋਣ ਵਿਸ਼ਲੇਸ਼ਕ ਇਹ ਖਦਸ਼ੇ ਜਾਹਰ ਕਰ ਰਹੇ ਸਨ ਕਿ ਭਾਜਪਾ ਦੇ ਆਗੂ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਫਿਰਕੂ ਫਸਾਦ ਕਰਵਾ ਸਕਦੇ ਹਨ ਤਾਂ ਕਿ ਦੋ ਫਿਰਕਿਆਂ ਵਿਚਾਲੇ ਤਣਾਅ ਵਧਾਇਆ ਜਾ ਸਕੇ, ਪਰ ਭਾਜਪਾ ਨੇ ਧਰੁਵੀਕਰਨ ਲਈ ਹੋਰ ਰਾਹ ਚੁਣਿਆ ਅਤੇ ਇਸ ਨੂੰ ਇੰਨੀ ਕਾਮਯਾਬੀ ਨਾਲ ਸਿਰੇ ਲਾਇਆ ਕਿ ਸਭ ਦੰਗ ਰਹਿ ਗਏ। ਉਸੇ ਤਰ੍ਹਾਂ ਦਾ ਖਦਸ਼ਾ ਹੁਣ ਵੀ ਪ੍ਰਗਟਾਇਆ ਜਾ ਰਿਹਾ ਹੈ। ਖਦਸ਼ਾ ਇਹ ਹੈ ਕਿ ਆਪਣੀ ਮਾੜੀ ਕਾਰਗੁਜ਼ਾਰੀ ਤੋਂ ਧਿਆਨ ਲਾਂਭੇ ਕਰਨ ਲਈ ਸਰਕਾਰ ਅਜਿਹੇ ਹੋਰ ਫੈਸਲੇ ਵੀ ਕਰ ਸਕਦੀ ਹੈ। ਇਹ ਫੈਸਲੇ ਕੀ ਹੋਣਗੇ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇੰਨਾ ਕੁ ਜ਼ਰੂਰ ਸਾਫ ਹੋ ਗਿਆ ਹੈ ਕਿ ਇਹ ਫੈਸਲੇ ਘੱਟੋ-ਘੱਟ ਲੋਕਾਂ ਦੇ ਪੱਖ ਵਾਲੇ ਨਹੀਂ ਹੋਣਗੇ। ਇਸ ਪਾਰਟੀ ਦਾ ਇਤਿਹਾਸ ਫਰੋਲਿਆਂ ਪਤਾ ਲਗਦਾ ਹੈ ਕਿ ਇਸ ਦਾ ਸਮੁੱਚਾ ਦਾਰੋਮਦਾਰ ਫਿਰਕੂ ਸਿਆਸਤ ਉਤੇ ਟਿਕਿਆ ਹੋਇਆ ਹੈ। ਰਾਮ ਮੰਦਿਰ ਤੋਂ ਲੈ ਕੇ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਤਕ ਪਾਰਟੀ ਨੇ ਧਰੁਵੀਕਰਨ ਦੀ ਸਿਆਸਤ ਰਾਹੀਂ ਹੀ ਚੁਣਾਵੀ ਮੈਦਾਨ ਵਿਚ ਆਪਣਾ ਜ਼ੋਰ ਵਧਾਇਆ ਹੈ। ਹੁਣ ਜਦੋਂ ਵਿਰੋਧੀ ਧਿਰ ਬੇਹੱਦ ਕਮਜ਼ੋਰ ਹਾਲਤ ਵਿਚ ਹੈ ਤਾਂ ਇਹ ਖਦਸ਼ਾ ਵੀ ਬਰਾਬਰ ਉਠ ਰਿਹਾ ਹੈ ਕਿ ਭਾਜਪਾ ਦੀ ਸਰਕਾਰ ਅੱਜ ਮਨਮਰਜ਼ੀ ਕਰਨ ਦੀ ਹਾਲਤ ਵਿਚ ਹੈ। ਇਸੇ ਤੱਥ ਨੇ ਸਿਆਸਤ ਦਾ ਅਗਲਾ ਰੁਖ ਤੈਅ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੁੜ੍ਹਤੀ ਹਿੰਮਤ ਦੀ !*

ਗੋਂਦਾਂ ਗੁੰਦਦੇ ਪਰਦਿਆਂ ਵਿਚ ਜਿਹੜੇ, ਗੁੱਝੇ ਖੋਲ੍ਹੀਏ ਪਾਜ ਲੁਟੇਰਿਆਂ ਦੇ।
ਨੀਤੀ ਸਮਝ ਕੇ ਹਾਕਮ ਦੀ ਦੂਰ ਕਰੀਏ, ਪਾਏ ਵਿਤਕਰੇ ਮੇਰਿਆਂ ਤੇਰਿਆਂ ਦੇ।
ਕਾਲੀ ਰਾਤ ਨੇ ਹੁੰਦਾ ਏ ਮੁੱਕਣਾ ਹੀ, ਬਣ ਕੇ ਚੱਲੀਏ ਗਾਹਕ ਸਵੇਰਿਆਂ ਦੇ।
ਚੜ੍ਹਦੀ ਕਲਾ ਦੇ ਕੰਨਾਂ ਵਿਚ ਬੋਲ ਪਾਈਏ, ਬੇਵਸੀ ਤੇ ਸਹਿਮ ਵਿਚ ਘੇਰਿਆਂ ਦੇ।
ਗੁੜ੍ਹਤੀ ਹਿੰਮਤ ਦੀ ਮਿਲੀ ਵਡਾਰੂਆਂ ਤੋਂ, ਗਾਵੇ ਗੀਤ ਇਤਿਹਾਸ ਵੀ ਜੇਰਿਆਂ ਦੇ।
ਆਉ ਦੋਸਤੋ, ਸੱਚ ਦੀ ‘ਕਿਰਨ’ ਬਣ ਕੇ, ਭਿੜੀਏ-ਜੂਝੀਏ ਨਾਲ ‘ਹਨੇਰਿਆਂ’ ਦੇ !

# ਯੁੱਧ ਤੇ ਸ਼ਾਂਤੀ: ਕੁਝ ਅਹਿਮ ਨੁਕਤੇ

*ਬੰਬੇ ਹਾਈਕੋਰਟ ਦੇ ਜੱਜ ਵੱਲੋਂ ਪ੍ਰੋਫੈਸਰ ਵਰਨੋਨ ਗੋਂਸਾਲਵਜ਼ ਕੋਲੋਂ ਗ੍ਰਿਫਤਾਰੀ ਮੌਕੇ ਬਰਾਮਦ ਹੋਈਆਂ ਕਿਤਾਬਾਂ ਬਾਰੇ ਸਵਾਲ ਕੀਤੇ ਗਏ ਹਨ, ਹਾਲਾਂਕਿ ਮੁਲਕ ਦੀਆਂ ਵੱਖ-ਵੱਖ ਉਚ ਅਦਾਲਤਾਂ ਇਹ ਫੈਸਲੇ ਕਰ ਚੁਕੀਆਂ ਹਨ ਕਿ ਮਾਓਵਾਦੀ ਜਾਂ ਕੋਈ ਹੋਰ ਵਿਚਾਰ ਰੱਖਣ, ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਸਾਹਿਤ ਪੜ੍ਹਨ ਜਾਂ ਕਿਸੇ ਕੋਲੋਂ ਪਾਬੰਦੀਸ਼ੁਦਾ ਸਾਹਿਤ ਬਰਾਮਦ ਹੋਣ ਨਾਲ ਇਹ ਸਾਬਤ ਨਹੀਂ ਹੋ ਜਾਂਦਾ ਕਿ ਉਹ ਬੰਦਾ ਦਹਿਸ਼ਤਗਰਦ ਜਾਂ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੈ। ਪਰ ਭਾਰਤ ਸਰਕਾਰ ਅਤੇ ਇਸ ਦੀਆਂ ਵੱਖ-ਵੱਖ ਸੰਸਥਾਵਾਂ ਵਿਰੋਧੀ ਵਿਚਾਰ ਰੱਖਣ ਵਾਲਿਆਂ ਦੀ ਆਵਾਜ਼ ਉਕਾ ਹੀ ਬੰਦ ਕਰਨ ਦੇ ਰਾਹ ਪੈ ਗਈਆਂ ਹਨ। ਇਸ ਬਾਰੇ ਵਿਸਥਾਰ ਸਹਿਤ ਚਰਚਾ ਇਸ ਲੇਖ ਵਿਚ ਕਾਲਮਨਵੀਸ ਬੂਟਾ ਸਿੰਘ ਨੇ ਕੀਤੀ ਹੈ। -ਸੰਪਾਦਕ*

ਬੰਬੇ ਹਾਈਕੋਰਟ ਦੇ ਜਸਟਿਸ ਸਾਰੰਗ ਕੋਟਵਾਲ ਵਲੋਂ ‘ਯੁੱਧ ਅਤੇ ਸ਼ਾਂਤੀ’ ਨੂੰ ਲੈ ਕੇ ਆਪਣੀ ਟਿਪਣੀ ਬਾਰੇ ਸਪਸ਼ਟ ਕਰਨ ਤੋਂ ਬਾਅਦ ਵਿਵਾਦ ‘ਖਤਮ’ ਹੋ ਗਿਆ। ‘ਯੁੱਧ ਅਤੇ ਸ਼ਾਂਤੀ’ ਸੰਸਾਰ ਪ੍ਰਸਿਧ ਲੇਖਕ ਤਾਲਸਤਾਏ ਦਾ ਨਾਵਲ ਹੋਣ ਕਾਰਨ ਅਦਾਲਤੀ ਟਿਪਣੀ ਉਪਰ ਸਵਾਲ ਉਠੇ ਸਨ। ਸਪਸ਼ਟੀਕਰਨ ਇਹ ਆਇਆ ਕਿ ਟਿਪਣੀ ਤਾਲਸਤਾਏ ਦੀ ਕਿਤਾਬ ਬਾਰੇ ਨਹੀਂ ਬਲਕਿ ਇਸੇ ਨਾਂ ਦੀ ਬਿਸ਼ਵਜੀਤ ਰਾਏ ਦੀ ਕਿਤਾਬ ਬਾਰੇ ਕੀਤੀ ਗਈ ਸੀ; ਲੇਕਿਨ ਸਵਾਲ ਦਾ ਅਗਲਾ ਹਿੱਸਾ ਅਜੇ ਵੀ ਹੱਲ ਨਹੀਂ ਹੋਇਆ ਹੈ ਜੋ ਪ੍ਰੋਫੈਸਰ ਵਰਨੋਨ ਗੋਂਸਾਲਵਜ਼ ਕੋਲ ਬੇਗਾਨੇ ਮੁਲਕ ਦੇ ਯੁੱਧ ਬਾਰੇ ਕਿਤਾਬ ਹੋਣ ਬਾਬਤ ਸੀ।

ਦਰਅਸਲ, ਸਵਾਲ ਕਿਸੇ ਮਸ਼ਹੂਰ ਕਿਤਾਬ ਦਾ ਨਹੀਂ ਬਲਕਿ ਵਿਚਾਰਾਂ ਦੀ ਆਜ਼ਾਦੀ ਦਾ ਹੈ। ਕਿਤਾਬ ਤਾਲਸਤਾਏ ਦੀ ਹੋਵੇ ਜਾਂ ਬਿਸ਼ਵਜੀਤ ਰਾਏ ਦੀ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਕਿਸੇ ਸ਼ਖਸ ਨੇ ਕਿਹੜੀ ਕਿਤਾਬ ਪੜ੍ਹਨੀ ਅਤੇ ਖਰੀਦ ਕੇ ਆਪਣੀ ਲਾਇਬ੍ਰੇਰੀ ਵਿਚ ਰੱਖਣੀ ਹੈ, ਇਹ ਉਸ ਦਾ ਨਿੱਜੀ ਮਾਮਲਾ ਹੈ। ਆਲਮ ਇਹ ਹੈ ਕਿ ਸਟੇਟ ਮਸ਼ੀਨਰੀ ਨੂੰ ਇਸ ਬੁਨਿਆਦੀ ਮਨੁੱਖੀ ਹੱਕ ਦਾ ਘਾਣ ਕਰਨ ਤੋਂ ਵੀ ਕੋਈ ਗੁਰੇਜ਼ ਨਹੀਂ ਹੈ। ਸਮਾਜ ਵਿਚ ਜਾਤਪਾਤੀ ਅਤੇ ਫਿਰਕੂ ਨਫਰਤ ਫੈਲਾਉਣ ਵਾਲਿਆਂ ਦੇ ਬੁੱਤ ਲਗਾ ਕੇ ਉਨ੍ਹਾਂ ਨੂੰ ਕੌਮੀ ਨਾਇਕ ਦੱਸਿਆ ਜਾ ਰਿਹਾ ਹੈ, ਤੇ ਰੌਸ਼ਨਖਿਆਲ ਲੋਕਾਂ ਦੀਆਂ ਨਿੱਜੀ ਲਾਇਬ੍ਰੇਰੀਆਂ ਫਰੋਲ ਕੇ ਰਾਜਧ੍ਰੋਹ ਦੇ ਸਬੂਤ ਲੱਭੇ ਜਾ ਰਹੇ ਹਨ।

ਬੂਟਾ ਸਿੰਘ
ਫੋਨ: +91-94634-74342

ਸਪਸ਼ਟੀਕਰਨ ਤੋਂ ਬਾਅਦ ਕਿਸੇ ਨੂੰ ਲੱਗ ਸਕਦਾ ਹੈ ਕਿ ਵਿਵਾਦ ਕਿਤਾਬ ਦੇ ਨਾਂ ਨੂੰ ਲੈ ਕੇ ਪੈਦਾ ਹੋਈ ਗਲਤਫਹਿਮੀ ਦਾ ਨਤੀਜਾ ਸੀ ਅਤੇ ਮੀਡੀਆ ਨੇ ਐਵੇਂ ਰਾਈ ਦਾ ਪਹਾੜ ਬਣਾ ਦਿੱਤਾ। ਵਿਵਾਦ ਦਾ ਕਾਰਨ ਬਣੀ ਟਿਪਣੀ, ਜੱਜ ਨੇ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਦੇ ਤਿੰਨ ਮੁਲਜ਼ਮਾਂ-ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਨੋਨ ਗੋਂਸਾਲਵਜ਼ ਤੇ ਅਰੁਣ ਫਰੇਰਾ, ਦੀਆਂ ਜ਼ਮਾਨਤ ਅਰਜ਼ੀਆਂ ਦੀ ਸੁਣਵਾਈ ਕਰਦਿਆਂ ਕੀਤੀ। ਪਿਛਲੇ ਸਾਲ 28 ਅਗਸਤ ਨੂੰ ਪੂਨੇ ਪੁਲਿਸ ਨੇ ਨੌਂ ਨਾਮਵਰ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਸੀ। ਪੁਲਿਸ ਦੀ ਕਹਾਣੀ ਅਨੁਸਾਰ, ਉਹ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੀ ਯੋਜਨਾ ਤਹਿਤ 31 ਦਸੰਬਰ 2017 ਨੂੰ ਭੀਮਾ-ਕੋਰੇਗਾਓਂ ਵਿਚ ਹਿੰਸਾ ਭੜਕਾਉਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਵਾਲੇ ‘ਸ਼ਹਿਰੀ ਨਕਸਲੀ’ ਹਨ। ਉਨ੍ਹਾਂ ਉਪਰ ਸਟੇਟ ਖਿਲਾਫ ਜੰਗ ਛੇੜਨ ਅਤੇ ਜੰਗ ਦੀ ਸਾਜ਼ਿਸ਼ ਰਚਣ ਬਾਬਤ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ ਅਤੇ ਗੈਰ ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਲਗਾਏ ਜਾਣ ਕਾਰਨ ਉਹ ਪਿਛਲੇ ਇਕ ਸਾਲ ਤੋਂ ਜੇਲ੍ਹ ਵਿਚ ਬੰਦ ਹਨ। ਯੂ.ਏ.ਪੀ.ਏ. ਤਹਿਤ ਉਨ੍ਹਾਂ ਦੀ ਜ਼ਮਾਨਤ ਪੁਲਿਸ ਦੀ ਮਨਜ਼ੂਰੀ ਤੋਂ ਬਾਅਦ ਹੀ ਹੋ ਸਕਦੀ ਹੈ।

ਹੁਣ ਸਵਾਲ ਹੈ ਕਿ ਫਰਜ਼ੀ ਐਫ. ਆਈ. ਆਰ. ਦਰਜ ਕਰਨ ਵਾਲੀ ਪੁਲਿਸ ਬੁੱਧੀਜੀਵੀਆਂ ਨੂੰ ਜ਼ਮਾਨਤ ਦੇਣ ਲਈ ਸਹਿਮਤੀ ਕਿਉਂ ਦੇਵੇਗੀ ਜਿਸ ਦੀ ਮਨਸ਼ਾ ਉਨ੍ਹਾਂ ਨੂੰ ਬਿਨਾ ਮੁਕੱਦਮਾ ਚਲਾਏ ਸਾਲਾਂ ਬੱਧੀ ਜੇਲ੍ਹ ਵਿਚ ਸਾੜਨ ਦੀ ਹੈ? ਪੂਨੇ ਪੁਲਿਸ ਨੇ 7000 ਪੰਨਿਆਂ ਦੀ ਚਾਰਜਸ਼ੀਟ ਪੇਸ਼ ਕੀਤੀ ਹੈ ਜੋ ਕਥਿਤ ਤੌਰ ਤੇ ਮੁਲਜ਼ਮਾਂ ਦੇ ਕੰਪਿਊਟਰਾਂ ਦੀਆਂ ਹਾਰਡ ਡਿਸਕਾਂ ਅਤੇ ਹੋਰ ਡੇਟਾ ਸਟੋਰੇਜ ਡਿਵਾਈਸਾਂ ਵਿਚੋਂ ਬਰਾਮਦ ਸਮੱਗਰੀ ‘ਤੇ ਆਧਾਰਤ ਹੈ। ਅੰਦਾਜ਼ਾ ਹੈ ਕਿ ਇਸ ਵਿਸ਼ਾਲ ਸਮੱਗਰੀ ਦੀਆਂ ਪ੍ਰਿੰਟਿਡ ਕਾਪੀਆਂ ਮੁਲਜ਼ਮਾਂ ਨੂੰ ਮੁਹੱਈਆ ਕਰਾਉਣ ਲਈ ਹੀ ਘੱਟੋ-ਘੱਟ ਢਾਈ ਸਾਲ ਲੱਗਣਗੇ।

ਪੂਨੇ ਪੁਲਿਸ ਵਲੋਂ ਬਣਾਈ ‘ਨਹਾਇਤ ਇਤਰਾਜ਼ਯੋਗ ਸਮੱਗਰੀ’ ਦੀ ਸੂਚੀ ਵਿਚ ਅਜਿਹੀਆਂ ਕਿਤਾਬਾਂ ਅਤੇ ਸੀਡੀਜ਼ ਸ਼ਾਮਲ ਹਨ ਜਿਨ੍ਹਾਂ ਤੋਂ ‘ਯੁੱਧ’ ਦੀ ਝਲਕ ਮਿਲਦੀ ਹੋਵੇ। ਇਸ ਪਿੱਛੇ ਸੋਚ ਇਹ ਕੰਮ ਕਰਦੀ ਹੈ ਕਿ ਯੁੱਧ ਸਿਰਲੇਖ ਤੋਂ ਹੀ ਜੱਜ ਸਾਹਿਬਾਨ ਦੀ ਰਾਇ ਬਣ ਜਾਵੇਗੀ ਕਿ ਇਹ ਬੁੱਧੀਜੀਵੀ ਸਟੇਟ ਖਿਲਾਫ ਯੁੱਧ ਛੇੜਨ ਦੀ ਸਾਜ਼ਿਸ਼ ਵਿਚ ਸ਼ਾਮਲ ਹਨ।

ਪੂਨੇ ਪੁਲਿਸ ਨੇ ਪ੍ਰੋਫੈਸਰ ਵਰਨੋਨ ਦੇ ਘਰੋਂ ਬਰਾਮਦ ਹੋਈ ‘ਇਤਰਾਜ਼ਯੋਗ ਸਮੱਗਰੀ’ ਦੀ ਜੋ ਸੂਚੀ ਅਦਾਲਤ ਵਿਚ ਪੇਸ਼ ਕੀਤੀ ਹੈ, ਉਸ ਵਿਚ ‘ਯੁੱਧ ਅਤੇ ਸ਼ਾਂਤੀ’ ਅਤੇ ‘ਮਾਓਵਾਦੀਆਂ ਨੂੰ ਸਮਝਦਿਆਂ’ ਨਾਂ ਦੀਆਂ ਕਿਤਾਬਾਂ, ਦਲਿਤ ਸੰਗੀਤ ਮੰਡਲੀ ਕਬੀਰ ਕਲਾ ਮੰਚ ਦੀ ਸੀਡੀ, ਆਨੰਦ ਪਟਵਰਧਨ ਦੀ ਮਸ਼ਹੂਰ ਦਸਤਾਵੇਜ਼ੀ ਫਿਲਮ ‘ਜੈ ਭੀਮ ਕਾਮਰੇਡ’, ਆਨਲਾਈਨ ‘ਮਾਰਕਸਿਸਟ ਆਰਕਾਈਵ’ ਦੀ ਸੀਡੀ ਵਗੈਰਾ ਸ਼ਾਮਲ ਹਨ। ਜੱਜ ਨੇ ਵਰਨੋਨ ਗੋਂਸਾਲਵਜ਼ ਨੂੰ ਸਵਾਲ ਕੀਤਾ ਕਿ ਉਸ ਦੇ ਘਰੋਂ ਮਿਲੀ ‘ਇਤਰਾਜ਼ਯੋਗ ਸਮੱਗਰੀ’ ਵਿਚੋਂ ਸੀਡੀ ‘ਰਾਜਯਾ ਦਮਨ ਵਿਰੋਧੀ’ ਦਾ ਸਿਰਲੇਖ ਹੀ ਦਰਸਾਉਂਦਾ ਹੈ ਕਿ ਇਹ ਸਟੇਟ ਖਿਲਾਫ ਕੁਝ ਹੈ ਜਦਕਿ ‘ਵਾਰ ਐਂਡ ਪੀਸ’ ਹੋਰ ਮੁਲਕਾਂ ਦੇ ਯੁੱਧ ਬਾਰੇ ਹੈ; ਤੂੰ ਇਹ ਇਤਰਾਜ਼ਯੋਗ ਸਮੱਗਰੀ ਜਿਵੇਂ ‘ਵਾਰ ਐਂਡ ਪੀਸ’, ਅਜਿਹੀਆਂ ਕਿਤਾਬਾਂ ਤੇ ਸੀਡੀਜ਼ ਘਰ ਵਿਚ ਕਿਉਂ ਰੱਖੀਆਂ? ਤੈਨੂੰ ਇਹ ਅਦਾਲਤ ਨੂੰ ਦੱਸਣਾ ਪਵੇਗਾ।

ਜੇ ਇਹ ਮੰਨ ਵੀ ਲਿਆ ਜਾਵੇ ਕਿ ਜਸਟਿਸ ਕੋਟਵਾਲ ਸੀਨੀਅਰ ਪੱਤਰਕਾਰ ਬਿਸ਼ਵਜੀਤ ਰਾਏ ਦੀ ਸੰਪਾਦਤ ਕਿਤਾਬ ‘ਯੁੱਧ ਅਤੇ ਸ਼ਾਤੀ’ ਦਾ ਜ਼ਿਕਰ ਕਰ ਰਹੇ ਸਨ ਜੋ ਦਰਅਸਲ ਮਰਹੂਮ ਮਹਾਸ਼ਵੇਤਾ ਦੇਵੀ ਸਮੇਤ ਵੱਖ ਵੱਖ ਬੁੱਧੀਜੀਵੀਆਂ ਵਲੋਂ ਪੱਛਮੀ ਬੰਗਾਲ ਦੇ ਇਲਾਕੇ ਜੰਗਲ ਮਹੱਲ ਵਿਚ ਉਠੀ ਲਾਲਗੜ੍ਹ ਬਗ਼ਾਵਤ ਦੇ ਪ੍ਰਸੰਗ ਵਿਚ ਸਰਕਾਰ ਅਤੇ ਮਾਓਵਾਦੀਆਂ ਦਰਮਿਆਨ ਚੱਲੀ ਸ਼ਾਂਤੀ ਵਾਰਤਾ ਬਾਰੇ ਲੇਖਾਂ ਦਾ ਸੰਗ੍ਰਹਿ ਹੈ, ਫਿਰ ਵੀ ਇਹ ਸਵਾਲ ਬੇਮਾਇਨਾ ਹਨ। ਪ੍ਰੋ. ਵਰਨੋਨ ਗੋਂਸਾਲਵਜ਼ ਸਮਾਜੀ ਵਰਤਾਰਿਆਂ ਦਾ ਡੂੰਘਾ ਅਧਿਐਨ ਕਰਨ ਵਾਲੇ ਵਿਦਵਾਨ/ਕਾਰਕੁਨ ਹਨ। ਉਹ ਆਪਣੇ ਵਿਸ਼ੇ ਨਾਲ ਵਾਬਸਤਾ ਕੋਈ ਵੀ ਕਿਤਾਬ ਪੜ੍ਹ ਸਕਦੇ ਹਨ।

ਬਿਸ਼ਵਜੀਤ ਰਾਏ ਦੀ ਕਿਤਾਬ ਅਤੇ ਉਸ ਦੇ ਘਰੋਂ ਬਰਾਮਦ ਕੀਤੀ ਹੋਰ ਸਮੱਗਰੀ ਉਪਰ ਕਦੇ ਵੀ ਪਾਬੰਦੀ ਨਹੀਂ ਲਗਾਈ ਗਈ। ਇਸ ਸੂਰਤ ਵਿਚ ਇਹ ਗ਼ੈਰ ਕਾਨੂੰਨੀ ਕਿਵੇਂ ਹੋਈ? ਜਸਟਿਸ ਕੋਟਵਾਲ ਨੂੰ ਪ੍ਰੋਫੈਸਰ ਵਰਨੋਨ ਗੋਂਸਾਲਵਜ਼ ਦੀ ਬਜਾਏ ਸਵਾਲ ਪੂਨੇ ਪੁਲਿਸ ਨੂੰ ਪੁੱਛਣਾ ਚਾਹੀਦਾ ਸੀ ਕਿ ਬਾਜ਼ਾਰ ਵਿਚ ਥੋਕ ਵਿਚ ਮਿਲਦੀ ਇਹ ਸਮੱਗਰੀ ਕਿਸ ਆਧਾਰ ਤੇ ‘ਇਤਰਾਜ਼ਯੋਗ’ ਹੈ ਅਤੇ ਬਰਾਮਦਗੀ ਸੂਚੀ ਵਿਚ ਕਿਤਾਬਾਂ ਸ਼ਾਮਲ ਕਰਨ ਦੀ ਵਾਜਬੀਅਤ ਕੀ ਹੈ?

ਗ਼ੌਰਤਲਬ ਹੈ ਕਿ ਪੁਲਿਸ ਦੇ ਪੰਚਨਾਮਿਆਂ (ਬਰਾਮਦਗੀ ਸੂਚੀ) ਵਿਚ ਇਸ ਤਰ੍ਹਾਂ ਦੀ ‘ਇਤਰਾਜ਼ਯੋਗ’ ਜਾਂ ‘ਗ਼ੈਰ ਕਾਨੂੰਨੀ ਸਮੱਗਰੀ’ ਕੋਈ ਨਵੀਂ ਗੱਲ ਨਹੀਂ। ਖੁਫੀਆ ਏਜੰਸੀਆਂ ਅਤੇ ਪੁਲਿਸ ਅਧਿਕਾਰੀਆਂ ਵਲੋਂ ਗ੍ਰਿਫਤਾਰ ਕੀਤੇ ਸ਼ਖਸ ਨੂੰ ‘ਪਾਬੰਦੀਸ਼ੁਦਾ’ ਜਥੇਬੰਦੀ ਨਾਲ ਵਾਬਸਤਾ ਜਾਂ ‘ਗ਼ੈਰ ਕਾਨੂੰਨੀ ਕਾਰਵਾਈਆਂ’ ਵਿਚ ਸ਼ਾਮਲ ਦਿਖਾਉਣ ਲਈ ਬਤੌਰ ਸਬੂਤ ਅਜਿਹਾ ਬਹੁਤ ਕੁਝ ਅਦਾਲਤਾਂ ਵਿਚ ਪੇਸ਼ ਜਾਂਦਾ ਹੈ। ਮਸ਼ਹੂਰ ਲੇਖਕ ਬਰੈਖਤ, ਮੁਨਸ਼ੀ ਪ੍ਰੇਮ ਚੰਦ ਵਗੈਰਾ ਦੀਆਂ ਲਿਖੀਆਂ ਕਿਤਾਬਾਂ ਵੀ ਪੰਚਨਾਮਿਆਂ ਦਾ ਸ਼ਿੰਗਾਰ ਬਣ ਚੁੱਕੀਆਂ ਹਨ। ਮਹਾਂਰਾਸ਼ਟਰ ਪੁਲਿਸ ਨੇ ਨਾਗਪੁਰ ਵਿਚ ਗ੍ਰਿਫਤਾਰ ਕੀਤੇ ਕਾਰਕੁਨਾਂ ਕੋਲੋਂ ਜੋ ‘ਪਾਬੰਦੀਸ਼ੁਦਾ ਸਾਹਿਤ’ ਬਰਾਮਦ ਦਿਖਾਇਆ ਹੈ, ਉਸ ਵਿਚ ਡਾ. ਅੰਬੇਡਕਰ ਦੀਆਂ ਲਿਖਤਾਂ ਅਤੇ ਸ਼ਹੀਦ ਭਗਤ ਸਿੰਘ ਬਾਰੇ ਪੈਂਫਲਿਟ ਸ਼ਾਮਲ ਸਨ। ਪੰਜਾਬ ਵਿਚ ਮਜ਼ਦੂਰ ਆਗੂ ਸੰਜੀਵ ਮਿੰਟੂ ਦੀ ਗ੍ਰਿਫਤਾਰੀ ਸਮੇਂ ਉਸ ਕੋਲੋਂ ਬਰਾਮਦ ਕੀਤੇ ‘ਪਾਬੰਦੀਸ਼ੁਦਾ ਸਾਹਿਤ’ ਵਿਚ ਨਾਨਕ ਸਿੰਘ ਦਾ ਮਸ਼ਹੂਰ ਨਾਵਲ ‘ਇਕ ਮਿਆਨ ਦੋ ਤਲਵਾਰਾਂ’ ਅਤੇ ਤਰਕਸ਼ੀਲ ਕਿਤਾਬਾਂ ਸ਼ਾਮਲ ਸਨ।

ਪਿਛਲੇ ਸਾਲ ਗ੍ਰਿਫਤਾਰੀਆਂ ਦੌਰਾਨ ਪੁਲਿਸ ਅਧਿਕਾਰੀਆਂ ਦੀ ਸੋਚ ਦਾ ਇਕ ਹੋਰ ਪਾਸਾ ਵੀ ਸਾਹਮਣੇ ਆਇਆ ਸੀ। ਪ੍ਰੋਫੈਸਰ ਵਰਵਰਾ ਰਾਓ ਨੂੰ ਗ੍ਰਿਫਤਾਰ ਕਰਨ ਸਮੇਂ ਉਸ ਦੀਆਂ ਧੀ ਪਵਨ ਦੇ ਘਰ ਦੀ ਤਲਾਸ਼ੀ ਵੀ ਲਈ ਗਈ ਜੋ ਹੈਦਰਾਬਾਦ ਯੂਨੀਵਰਸਿਟੀ ਵਿਚ ਵਿਦੇਸ਼ੀ ਅਤੇ ਅੰਗਰੇਜ਼ੀ ਜ਼ੁਬਾਨਾਂ ਦੇ ਪ੍ਰੋਫੈਸਰ ਸੱਤਿਆ ਨਰਾਇਣ ਦੀ ਪਤਨੀ ਹੈ। ਤਲਾਸ਼ੀ ਦੌਰਾਨ ਪੁਲਿਸ ਅਧਿਕਾਰੀਆਂ ਨੇ ਦਲਿਤ ਚਿੰਤਕ ਪ੍ਰੋਫੈਸਰ ਨੂੰ ਪੁੱਛਿਆ: ‘ਤੇਰੇ ਘਰ ਐਨੀਆਂ ਕਿਤਾਬਾਂ ਕਿਉਂ ਹਨ? ਤੂੰ ਐਨੀਆਂ ਕਿਤਾਬਾਂ ਕਿਉਂ ਪੜ੍ਹਦਾ ਏਂ? ਮਾਓ ਅਤੇ ਮਾਰਕਸ ਉਪਰ ਕਿਤਾਬਾਂ ਕਿਉਂ ਪੜ੍ਹਦਾ ਏਂ?... ਤੇਰੇ ਘਰ ਵਿਚ ਜੋਤੀਬਾ ਫੂਲੇ ਅਤੇ ਅੰਬੇਡਕਰ ਦੀਆਂ ਤਸਵੀਰਾਂ ਕਿਉਂ ਹਨ? ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਕਿਉਂ ਨਹੀਂ?’

ਨਾਮੀ ਲੇਖਕਾਂ ਦੀਆਂ ਕਿਤਾਬਾਂ ਅਤੇ ਦਸਤਾਵੇਜ਼ੀ ਫਿਲਮਾਂ ਨੂੰ ‘ਨਹਾਇਤ ਇਤਰਾਜ਼ਯੋਗ ਸਮੱਗਰੀ’ ਕਰਾਰ ਦੇਣਾ ਉਚ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਤੌਹੀਨ ਵੀ ਹੈ। ਉਚ ਅਦਾਲਤਾਂ ਫੈਸਲੇ ਕਰ ਚੁੱਕੀਆਂ ਹਨ ਕਿ ਮਾਓਵਾਦੀ ਵਿਚਾਰ ਰੱਖਣ, ਪਾਬੰਦੀਸ਼ੁਦਾ ਜਥੇਬੰਦੀ ਦਾ ਸਾਹਿਤ ਪੜ੍ਹਨ ਜਾਂ ਕਿਸੇ ਕੋਲੋਂ ਪਾਬੰਦੀਸ਼ੁਦਾ ਸਾਹਿਤ ਬਰਾਮਦ ਹੋਣ ਨਾਲ ਇਹ ਸਾਬਤ ਨਹੀਂ ਹੋ ਜਾਂਦਾ ਕਿ ਉਹ ਸ਼ਖਸ ਦਹਿਸ਼ਤਗਰਦ ਜਾਂ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੈ। ਇਸ ਬਾਬਤ ਸੁਪਰੀਮ ਕੋਰਟ (2011), ਕੇਰਲ ਹਾਈਕੋਰਟ (ਮਈ 2015) ਅਤੇ ਬੰਬੇ ਹਾਈਕੋਰਟ (ਕਬੀਰ ਕਲਾ ਮੰਚ ਕੇਸ, 2013) ਦੇ ਫੈਸਲੇ ਗੌਰਤਲਬ ਹਨ ਜਿਨ੍ਹਾਂ ’ਚ ਕਿਹਾ ਗਿਆ ਕਿ ਮਾਓਵਾਦੀ ਹੋਣਾ ਜੁਰਮ ਨਹੀਂ ਹੈ। ਮਹਿਜ਼ ਪਾਬੰਦੀਸ਼ੁਦਾ ਜਥੇਬੰਦੀਆਂ ਦੀ ਮੈਂਬਰਸ਼ਿਪ ਜੇਲ੍ਹ ਵਿਚ ਡੱਕਣ ਦੀ ਬੁਨਿਆਦ ਨਹੀਂ ਹੋ ਸਕਦੀ। ਨਾ ਹੀ ਸਮਾਜੀ, ਆਰਥਿਕ ਅਨਿਆਂ ਬਾਰੇ ਲਿਖਣ, ਵਿਚਾਰ ਪ੍ਰਗਟਾਉਣ ਜਾਂ ਗਾਉਣ ਨੂੰ ਜੁਰਮ ਕਰਾਰ ਦਿੱਤਾ ਜਾ ਸਕਦਾ ਹੈ। ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਨਾਲ ਹੀ ਕਿਸੇ ਨੂੰ ਮੁਜਰਿਮ ਨਹੀਂ ਕਿਹਾ ਜਾ ਸਕਦਾ ਜਦੋਂ ਤਕ ਉਸ ਦਾ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਹੋਣਾ ਜਾਂ ਇਸ ਲਈ ਉਕਸਾਉਣਾ ਸਾਬਤ ਨਹੀਂ ਹੋ ਜਾਂਦਾ। ਭਾਰਤੀ ਹੁਕਮਰਾਨਾਂ ਤੇ ਸਟੇਟ ਮਸ਼ੀਨਰੀ ਨੂੰ ਉਚ ਅਦਾਲਤਾਂ ਦੇ ਇਨ੍ਹਾਂ ਫੈਸਲਿਆਂ ਦੀ ਵੀ ਕੋਈ ਪ੍ਰਵਾਹ ਨਹੀਂ। ਜਮਹੂਰੀ ਮੁਖਾਲਫਤ ਨੂੰ ਕੁਚਲਣ ਲਈ ਬਣਾਏ ਅਜਿਹੇ ਕੇਸ ਕਈ ਕਈ ਸਾਲ ਅਦਾਲਤਾਂ ਵਿਚ ਚੱਲਦੇ ਰਹਿੰਦੇ ਹਨ।

ਏਜੰਸੀਆਂ ਦੀ ਜਾਂਚ ਕਿੰਨੀ ਬੇਬੁਨਿਆਦ ਅਤੇ ਤੁਅੱਸਬੀ ਹੁੰਦੀ ਹੈ, ਇਸ ਦੀ ਹਾਲੀਆ ਮਿਸਾਲ ਦਿਲ ਦੇ ਰੋਗਾਂ ਦੇ ਉਚ ਕੋਟੀ ਦੇ ਮਾਹਰ ਡਾ. ਉਪੇਂਦਰ ਕੌਲ (ਚੇਅਰਮੈਨ ਬਤਰਾ ਹਸਪਤਾਲ, ਦਿੱਲੀ) ਦੀ ਹੈ। ਦਹਿਸ਼ਤੀ ਤਾਣੇ-ਬਾਣੇ ਦੀ ਜਾਂਚ ਕਰਨ ਵਾਲੀ ਵਿਸ਼ੇਸ਼ ਏਜੰਸੀ ਐਨ.ਆਈ.ਏ. ਨੇ ਮੈਡੀਕਲ ਸ਼ਬਦਾਵਲੀ ਵਾਲੇ ਸਾਧਾਰਨ ਟੈਕਸਟ ਮੈਸੇਜ ਨੂੰ ਦਹਿਸ਼ਤੀ ਫੰਡਾਂ ਨਾਲ ਜੋੜ ਲਿਆ। ਤਿਹਾੜ ਜੇਲ੍ਹ ਵਿਚ ਬੰਦ ਕਸ਼ਮੀਰੀ ਆਗੂ ਯਾਸਿਨ ਮਲਿਕ ਡਾ. ਕੌਲ ਦੇ ਮਰੀਜ਼ ਹਨ। ਯਾਸਿਨ ਮਲਿਕ ਅਤੇ ਡਾ. ਕੌਲ ਦਰਮਿਆਨ ਬਲੱਡ ਟੈਸਟਾਂ ਦੀ ਰਿਪੋਰਟ ਬਾਬਤ ਟੈਕਸਟ ਮੈਸੇਜ ਦਾ ਆਦਾਨ-ਪ੍ਰਦਾਨ ਹੋਇਆ। ਇਕ ਟੈਕਸਟ ਮੈਸੇਜ ਵਿਚ ‘ਆਈ.ਐਨ.ਆਰ. 2.78’ ਲਿਖਿਆ ਗਿਆ ਸੀ। ਬਲੱਡ ਰਿਪੋਰਟ ਦੇ ਪ੍ਰਸੰਗ ਵਿਚ ਇਸਤੇਮਾਲ ਕੀਤੀ ਜਾਂਦੀ ਇਸ ਮੈਡੀਕਲ ਟਰਮ ਦਾ ਭਾਵ ਹੈ- ਇੰਟਰਨੈਸ਼ਨਲਾਈਜ਼ਡ ਰੇਸ਼ੋ; ਲੇਕਿਨ ਜਾਂਚ ਏਜੰਸੀ ਦੇ ‘ਮਾਹਿਰਾਂ’ ਨੇ ਇਸ ਨੂੰ ਦਹਿਸ਼ਤੀ ਫੰਡਾਂ ਦੇ ਤੌਰ ਤੇ ਇਸ ਤਰ੍ਹਾਂ ਡੀਕੋਡ ਕੀਤਾ: ‘ਭਾਰਤੀ ਕਰੰਸੀ ਵਿਚ 2.78 ਕਰੋੜ ਰੁਪਏ ਦੀ ਹਵਾਲਾ ਰਕਮ’।

ਕੀ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਐਨੇ ਅਣਭੋਲ ਹਨ? ਜਾਪਦਾ ਹੈ, ਇਹ ਡਾ. ਕੌਲ ਨੂੰ ਪ੍ਰੇਸ਼ਾਨ ਕਰਨ ਦਾ ਤਰੀਕਾ ਸੀ, ਕਿਉਂਕਿ ਥੋੜ੍ਹੇ ਦਿਨ ਪਹਿਲਾਂ ਹੀ ਉਨ੍ਹਾਂ ਨੇ ਐਨ.ਡੀ.ਟੀ.ਵੀ. ’ਤੇ ਬਹਿਸ ’ਚ ਸ਼ਾਮਲ ਹੋ ਕੇ ਜੰਮੂ ਕਸ਼ਮੀਰ ਦੇ ਹਾਲਾਤ ਬਾਰੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਸੀ। ਸੋ, ਭਗਵੀਂ ਸਰਕਾਰ ਦੇ ਹੁਕਮਾਂ ਦੀ ਅੱਖਾਂ ਮੀਟ ਕੇ ਤਾਮੀਲ ਕਰ ਰਹੀਆਂ ਜਾਂਚ ਏਜੰਸੀਆਂ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ’ਤੇ ਬਾਰੀਕ ਨਜ਼ਰ ਰੱਖਦੀਆਂ ਹਨ ਤੇ ਕਿੰਨੀ ਮਾਮੂਲੀ ਗੱਲ ਨੂੰ ਦਹਿਸ਼ਤੀ ਤਾਣੇ-ਬਾਣੇ ਨਾਲ ਜੋੜਨ ਦੇ ਸਮਰੱਥ ਹਨ। ਦਰਅਸਲ, ਅਸੀਂ ਸਟੇਟ ਵਲੋਂ ਆਪਣੇ ਹੀ ਸਮਾਜ ਨੂੰ ਬੌਧਿਕਤਾ ਤੋਂ ਵਾਂਝੇ ਕਰਨ ਲਈ ਛੇੜੇ ਯੁੱਧ ਦਾ ਸਾਹਮਣਾ ਕਰ ਰਹੇ ਹਾਂ।

# ਰਾਸ਼ਟਰਵਾਦ: ਬਸਤੀਵਾਦ ਦੇ ਵਿਰੋਧ ਤੋਂ ਤਾਨਾਸ਼ਾਹੀ ਤਕ

ਆਮ ਤੌਰ 'ਤੇ ਜਾਪਦਾ ਹੈ ਕਿ ਰਾਸ਼ਟਰ ਆਦਿ ਕਾਲ ਤੋਂ ਹੀ ਆਪਣੇ ਵਰਤਮਾਨ ਸਰੂਪ ਵਿਚ ਸਨ ਜਦੋਂਕਿ ਇਹ ਹਕੀਕਤ ਨਹੀਂ। ਸੰਸਾਰ ਦੇ ਇਤਿਹਾਸ 'ਚ 'ਰਾਸ਼ਟਰ' ਦਾ ਸੰਕਲਪ ਕਰੀਬ ਦੋ ਸਦੀਆਂ ਪੁਰਾਣਾ ਹੈ। ਇਸ ਨੂੰ ਯੂਰਪ ਵਿਚ ਉਭਰੇ ਆਧੁਨਿਕਵਾਦੀ ਦਰਸ਼ਨ ਦੀ ਦੇਣ ਵੀ ਕਿਹਾ ਜਾ ਸਕਦਾ ਹੈ। ਯੂਰਪ ਵਿਚ ਰਾਸ਼ਟਰਵਾਦ ਦੀ ਭਾਵਨਾ ਨੂੰ ਵਿਕਸਿਤ ਕਰਨ ਪਿੱਛੇ ਪੱਛਮੀ ਮੁਲਕਾਂ ਦੀਆਂ ਆਰਥਿਕ ਲੋੜਾਂ ਦਾ ਵੱਡਾ ਹੱਥ ਸੀ। ਸਨਅਤੀ ਪੂੰਜੀਵਾਦ ਦੇ ਫੈਲਣ ਕਾਰਨ ਛਾਪਾਖਾਨਾ, ਅਖਬਾਰ ਜਿਹੇ ਸੰਚਾਰ ਸਾਧਨ ਵਿਕਸਤ ਹੋਏ ਅਤੇ ਇਨ੍ਹਾਂ ਸਦਕਾ ਕਈ ਨਵੀਆਂ ਆਰਥਿਕ ਤੇ ਸਭਿਆਚਾਰਕ ਸਰਗਰਮੀਆਂ ਦਾ ਦੌਰ ਸ਼ੁਰੂ ਹੋਇਆ। ਇਨ੍ਹਾਂ ਤਬਦੀਲੀਆਂ ਕਾਰਨ ਹੀ ਵੱਖ ਵੱਖ ਸਮਾਜਕ ਸਮੂਹਾਂ 'ਚ ਖੁਦ ਨੂੰ ਇਕ ਰਾਸ਼ਟਰ ਵਜੋਂ ਚਿਤਵਣ ਦੀ ਸੋਝੀ ਵਿਕਸਤ ਹੋਈ।

ਯਾਦਵਿੰਦਰ ਸਿੰਘ
ਫੋਨ: +91-70420-73084

ਅਰਨੈਸਟ ਗੈਲਨਰ ਆਪਣੀ ਪੁਸਤਕ 'ਨੇਸ਼ਨ ਐਂਡ ਨੈਸ਼ਨਲਿਜ਼ਮ' ਵਿਚ ਦੱਸਦਾ ਹੈ ਕਿ ਰਾਸ਼ਟਰ ਵੀ ਇਮਾਰਤਾਂ ਵਾਂਗ ਹੀ ਉਸਾਰੇ ਜਾਂਦੇ ਹਨ। ਇਮਾਰਤਾਂ ਵਾਂਗ ਹੀ ਇਹ ਲਗਾਤਾਰ ਬਣਦੇ-ਬਿਣਸਦੇ ਰਹਿੰਦੇ ਹਨ। ਦੋ ਰਾਸ਼ਟਰਾਂ ਵਿਚਲੀਆਂ ਸਰਹੱਦਾਂ ਕੁਦਰਤੀ ਨਹੀਂ ਸਗੋਂ ਇਨ੍ਹਾਂ ਨੂੰ ਮਨੁੱਖਾਂ ਨੇ ਉਸਾਰਿਆ ਹੈ। ਇਹ ਸਰਹੱਦਾਂ ਸਮੇਂ-ਸਥਾਨ ਵਿਚ ਵਾਪਰਦੀ ਤਬਦੀਲੀ ਦੇ ਨਾਲ-ਨਾਲ ਬਦਲਦੀਆਂ ਰਹਿੰਦੀਆਂ ਹਨ। ਜਿਸ ਤਰ੍ਹਾਂ ਦੀ ਅੱਜ ਕਿਸੇ ਰਾਸ਼ਟਰ ਦੀ ਭੂਗੋਲਿਕ ਹਾਲਤ ਹੈ, ਉਸ ਨੂੰ ਵਰਤਮਾਨ ਹਾਲਤ ਤੱਕ ਪਹੁੰਚਣ ਲਈ ਕਈ ਪੜਾਵਾਂ ਵਿਚੋਂ ਲੰਘਣਾ ਪਿਆ ਹੈ।

ਰਾਸ਼ਟਰ ਦੀ ਨਿਰਮਾਣਕਾਰੀ ਨੂੰ ਸਿਧਾਂਤਕ ਸਰੂਪ ਦੇਣ ਵਾਲਿਆਂ ਵਿਚ ਸਭ ਤੋਂ ਚਰਚਿਤ ਨਾਂ ਬੈਂਡਿਕਟ ਐਂਡਰਸਨ ਦਾ ਹੈ। ਐਂਡਰਸਨ ਨੇ ਆਪਣੀ ਕਿਤਾਬ 'ਇਮੈਜਨਡ ਕਮਿਊਨਿਟੀਜ਼' ਵਿਚ ਰਾਸ਼ਟਰ ਨੂੰ ਕਾਲਪਨਿਕ ਸਿਆਸੀ ਭਾਈਚਾਰੇ ਵਜੋਂ ਸਮਝਣ ਦਾ ਯਤਨ ਕੀਤਾ। ਉਸ ਦਾ ਮੰਨਣਾ ਹੈ ਕਿ ਛੋਟੇ ਤੋਂ ਛੋਟੇ ਮੁਲਕ ਦੇ ਲੋਕ ਵੀ ਇਕ-ਦੂਜੇ ਨੂੰ ਨਿੱਜੀ ਤੌਰ 'ਤੇ ਨਹੀਂ ਜਾਣਦੇ। ਇਸ ਦੇ ਬਾਵਜੂਦ ਉਹ ਤਸੱਵਰ ਦੇ ਪੱਧਰ 'ਤੇ ਸਮੂਹ ਵਜੋਂ ਵਿਚਰਦੇ ਹਨ। ਉਹ ਖੁਦ ਨੂੰ ਰਾਸ਼ਟਰ ਨਾਂ ਦੀ ਸੰਸਥਾ ਦਾ ਮੈਂਬਰ ਮੰਨਦੇ ਹਨ ਅਤੇ ਬਿਨਾ ਕਦੇ ਇਕ-ਦੂਜੇ ਨੂੰ ਮਿਲਿਆਂ ਵੀ ਆਪਸ ਵਿਚ ਭਾਈਚਾਰਕ ਸਾਂਝ ਮਹਿਸੂਸ ਕਰਦੇ ਹਨ। ਇਥੇ ਵਿਚਾਰਨਯੋਗ ਨੁਕਤਾ ਇਹ ਹੈ ਕਿ ਰਾਸ਼ਟਰ ਦਾ ਸੰਕਲਪ ਭਾਵੇਂ ਆਧੁਨਿਕ ਸਟੇਟ ਨਾਲ ਸਬੰਧਤ ਹੈ ਪਰ ਅੰਗਰੇਜ਼ੀ ਭਾਸ਼ਾ ਵਿਚ ਇਸ ਲਈ ਵਰਤੇ ਜਾਣ ਵਾਲੇ ਸ਼ਬਦ 'ਨੇਸ਼ਨ' ਦਾ ਅਰਥ ਪਰਿਵਾਰ ਜਾਂ ਭਾਈਚਾਰੇ ਨਾਲ ਵੀ ਜੁੜਿਆ ਹੈ। ਰਾਸ਼ਟਰ ਦੇ ਸੰਕਲਪ ਪਿੱਛੇ ਛਿਪੀ ਇਹ ਅਧਿਕ ਭਾਈਚਾਰੇ ਦੀ ਭਾਵਨਾ ਹੀ ਰਾਸ਼ਟਰ ਦੇ ਤਸੱਵੁਰ ਦੀ ਸਭ ਤੋਂ ਅਹਿਮ ਕੜੀ ਹੈ।

ਰਾਸ਼ਟਰਵਾਦ ਦੀ ਉਸਾਰੀ ਵੱਖ-ਵੱਖ ਬਿਰਤਾਂਤਾਂ, ਮਿੱਥਾਂ ਅਤੇ ਪ੍ਰਤੀਕਾਂ ਨੂੰ ਆਧਾਰ ਬਣਾ ਕੇ ਨੇਪਰੇ ਚੜ੍ਹਦੀ ਹੈ। ਇਨ੍ਹਾਂ ਪ੍ਰਤੀਕਾਂ ਨਾਲ ਕਿਸੇ ਖਿੱਤੇ ਦੇ ਬਾਸ਼ਿੰਦਿਆਂ 'ਚ ਰਾਸ਼ਟਰ ਦਾ ਮੈਂਬਰ ਹੋਣ ਦੀ ਭਾਵੁਕ ਸਾਂਝ ਉਸਾਰੀ ਜਾਂਦੀ ਹੈ। ਇਸ ਦੌਰਾਨ ਕੁਝ ਰਵਾਇਤਾਂ ਨੂੰ ਸਰਬ-ਸਾਂਝੀਆਂ ਕੌਮੀ ਰਵਾਇਤਾਂ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸਾਂਝੇ ਇਤਿਹਾਸ ਅਤੇ ਇਕ ਭਾਈਚਾਰੇ ਨਾਲ ਸਬੰਧਤ ਹੋਣ ਦੀ ਇਹ ਮਿੱਥ ਰਾਸ਼ਟਰ ਦੀ ਘਾੜਤ ਨੂੰ ਨੇਪਰੇ ਚਾੜ੍ਹਦੀ ਹੈ। ਇਉਂ ਵੀ ਕਹਿ ਸਕਦੇ ਹਾਂ ਕਿ ਰਾਸ਼ਟਰ ਦਾ ਇਤਿਹਾਸ ਵੀ ਕਿਸੇ ਕਬੀਲੇ ਦੀ ਕਥਾ ਵਾਂਗ ਘੜਿਆ ਜਾਂਦਾ ਹੈ। ਕਬੀਲੇ ਦੇ ਅਤੀਤ ਵਾਂਗ ਇਸ ਵਿਚ ਵੀ ਸਾਂਝੀ ਵਿਰਾਸਤ ਅਤੇ ਸਾਂਝੀ ਪਛਾਣ ਜਿਹੀਆਂ ਕੜੀਆਂ ਸ਼ਾਮਲ ਹੁੰਦੀਆਂ ਹਨ। ਇਨ੍ਹਾਂ ਪ੍ਰਤੀਕਾਂ ਰਾਹੀਂ ਲੋਕ ਖੁਦ ਨੂੰ ਆਪਣੇ ਅਤੀਤ ਨਾਲ ਜੁੜਿਆ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਉਹ ਹੀ ਇਸ ਥਾਂ ਦੇ ਅਸਲੀ ਮਾਲਕ ਹਨ ਜੋ ਪੁਸ਼ਤ-ਦਰ-ਪੁਸ਼ਤ ਇਥੇ ਰਹਿ ਰਹੇ ਹਨ।

ਦੂਜੇ ਪਾਸੇ ਰਾਸ਼ਟਰ ਦੀ ਨਿਰਮਾਣਕਾਰੀ ਦੀ ਪ੍ਰਕਿਰਿਆ ਹਿੰਸਾ ਅਤੇ ਲੁੱਟ-ਖਸੁੱਟ ਨਾਲ ਵੀ ਜੁੜੀ ਹੈ। ਯੂਰਪੀ ਮੁਲਕਾਂ ਵਿਚ ਆਏ ਰਾਸ਼ਟਰਵਾਦ ਨੇ ਆਪਣੀ ਗਾਲਬ ਬਿਰਤੀ ਕਾਰਨ ਜਲਦੀ ਹੀ ਸਾਮਰਾਜਵਾਦ ਅਤੇ ਬਸਤੀਵਾਦ ਦਾ ਰੂਪ ਧਾਰਨ ਕਰ ਲਿਆ। ਆਧੁਨਿਕ ਸੰਸਾਰ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੇ ਰਾਸ਼ਟਰਵਾਦ ਨੇ ਨਾਜ਼ੀਵਾਦ ਅਤੇ ਫਾਸ਼ੀਵਾਦ ਜਿਹੇ ਤਾਨਾਸ਼ਾਹੀ ਪ੍ਰਬੰਧਾਂ ਨੂੰ ਜਨਮ ਦਿੱਤਾ। ਆਪਣੇ ਰਾਸ਼ਟਰ ਦੇ ਵਿਸਥਾਰ ਦੀ ਭਾਵਨਾ ਵਿਚੋਂ ਦੂਜੀਆਂ ਕੌਮਾਂ ਨੂੰ ਅਧੀਨ ਕਰਨ ਦੀ ਲਾਲਸਾ ਨੇ ਜਨਮ ਲਿਆ। ਇਸ ਦਾ ਨਤੀਜਾ ਏਸ਼ੀਆ ਅਤੇ ਅਫਰੀਕਾ ਵਿਚ ਸਥਾਪਤ ਬਸਤੀਵਾਦ ਦੇ ਰੂਪ ਵਿਚ ਸਾਹਮਣੇ ਆਇਆ ਤੇ ਇਸ ਬਸਤੀਵਾਦੀ ਗਲਬੇ ਤੋਂ ਮੁਕਤੀ ਹਾਸਲ ਕਰਨ ਦੀ ਇੱਛਾ ਤੀਜੀ ਦੁਨੀਆਂ ਵਿਚ ਵਿਕਸਤ ਹੋਏ ਰਾਸ਼ਟਰਵਾਦ ਦੀ ਬੁਨਿਆਦ ਬਣੀ।

ਦੁਨੀਆ ਦੀਆਂ ਪੁਰਾਤਨ ਸਭਿਆਤਾਵਾਂ-ਮਿਸਰ, ਚੀਨ ਤੇ ਭਾਰਤ, ਦਾ ਅੱਜ ਦੇ ਸਿਆਸੀ ਰਾਸ਼ਟਰਾਂ ਨਾਲ ਕੋਈ ਸਿੱਧਾ ਵਾਸਤਾ ਨਹੀਂ ਹੈ। ਤੀਜੀ ਦੁਨੀਆ ਦੇ ਮੁਲਕਾਂ ਵਿਚ ਰਾਸ਼ਟਰਵਾਦ ਦੀ ਭਾਵਨਾ ਬਸਤੀਵਾਦੀ ਦੌਰ ਵਿਚ ਵਿਕਸਤ ਹੋਈ। ਇਨ੍ਹਾਂ ਮੁਲਕਾਂ ਵਿਚਲੇ ਰਾਸ਼ਟਰਵਾਦ ਬਾਰੇ ਐਂਡਰਸਨ ਦਾ ਮੰਨਣਾ ਹੈ ਕਿ ਬਸਤੀਵਾਦ ਦੇ ਸਥਾਪਤ ਹੋਣ ਤੋਂ ਪਹਿਲਾਂ ਜਿਹੜੇ ਏਸ਼ਿਆਈ ਅਤੇ ਅਫਰੀਕੀ ਮੁਲਕ ਰਾਸ਼ਟਰ ਦੇ ਸੰਕਲਪ ਤੋਂ ਬਿਲਕੁਲ ਕੋਰੇ ਅਤੇ ਅਣਜਾਣ ਸਨ, ਉਨ੍ਹਾਂ ਅੰਦਰ ਵੀ ਯੂਰਪੀ ਬਸਤੀਵਾਦ ਦੀ ਨਕਲ ਵਿਚ ਰਾਸ਼ਟਰਵਾਦੀ ਰੁਝਾਨ ਵਿਕਸਤ ਹੋਣ ਲੱਗੇ। ਇਨ੍ਹਾਂ ਮੁਲਕਾਂ ਵਿਚ ਉਭਰੇ ਕੌਮੀ ਅੰਦੋਲਨਾਂ ਦੀ ਕਾਰਜ-ਸ਼ੈਲੀ ਉਤੇ ਯੂਰਪੀ ਰਾਸ਼ਟਰਵਾਦ ਦੇ ਮਾਡਲ ਦਾ ਸਪਸ਼ਟ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਤੀਜੀ ਦੁਨੀਆ ਦੇ ਕੌਮੀ ਸੰਘਰਸ਼ਾਂ ਦੀ ਵਾਗਡੋਰ ਇਨ੍ਹਾਂ ਮੁਲਕਾਂ ਦੇ ਉਨ੍ਹਾਂ ਕੁਲੀਨ ਬੁੱਧੀਜੀਵੀਆਂ ਦੇ ਹੱਥ ਵਿਚ ਸੀ ਜੋ ਯੂਰਪੀ ਮੁਲਕਾਂ ਤੋਂ ਸਿੱਖਿਆ ਹਾਸਲ ਕਰਕੇ ਆਏ ਸਨ। ਇਸੇ ਕਾਰਨ ਉਨ੍ਹਾਂ ਦੇ ਪ੍ਰਚਾਰੇ ਜਾਂਦੇ ਰਾਸ਼ਟਰਵਾਦ ਦੀ ਭਾਵਨਾ ਪਿੱਛੇ ਯੂਰਪੀ ਰਾਸ਼ਟਰ ਦੀ ਬਣਤਰ ਅਚੇਤ ਰੂਪ ਵਿਚ ਮੌਜੂਦ ਸੀ। ਇਸ ਦੇ ਬਾਵਜੂਦ ਤੀਜੀ ਦੁਨੀਆ ਦੇ ਦੇਸ਼ਾਂ 'ਚ ਵਿਕਸਤ ਹੋਇਆ 'ਰਾਸ਼ਟਰ' ਦਾ ਸੰਕਲਪ ਯੂਰਪ ਵਾਂਗ ਕਿਸੇ ਸਮਾਜਿਕ ਹਾਲਤ ਜਿਵੇਂ ਭਾਸ਼ਾ, ਨਸਲ ਜਾਂ ਧਰਮ ਵਿਚੋਂ ਵਿਕਸਤ ਨਹੀਂ ਹੋਇਆ ਸਗੋਂ ਯੂਰਪ ਦੀ ਰੀਸੇ ਇਸ ਨੂੰ ਹੋਰ ਮੁਲਕਾਂ ਨੇ ਅਪਨਾ ਲਿਆ। ਯੂਰਪ, ਅਮਰੀਕਾ ਅਤੇ ਰੂਸ ਦੇ ਰਾਸ਼ਟਰ ਉਹ ਮਾਡਲ ਸਨ ਜਿਨ੍ਹਾਂ ਨੂੰ ਏਸ਼ੀਆ ਅਤੇ ਅਫਰੀਕਾ ਦੇ ਦੇਸ਼ਾਂ ਦੀਆਂ ਕੌਮੀਅਤਾਂ ਨੇ ਆਪਣੀ ਪਸੰਦ ਮੁਤਾਬਿਕ ਚੁਣਿਆ ਅਤੇ ਆਪੋ-ਆਪਣੇ ਮੁਲਕਾਂ ਵਿਚ ਇਸ ਚੁਣੇ ਹੋਏ ਮਾਡਲ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ।

ਤੀਜੀ ਦੁਨੀਆ ਵਿਚ ਵਿਕਸਤ ਹੋਏ ਇਸ ਰਾਸ਼ਟਰਵਾਦ ਦੀ ਮੁੱਖ ਸਮੱਸਿਆ ਇਹ ਸੀ ਕਿ ਯੂਰਪੀ ਬਸਤੀਵਾਦ ਦੀ ਸਥਾਪਨਾ ਤੋਂ ਪਹਿਲਾਂ ਤੀਜੀ ਦੁਨੀਆ ਦੇ ਬਹੁਤੇ ਮੁਲਕਾਂ ਦੇ ਬਾਸ਼ਿੰਦੇ ਰਾਸ਼ਟਰ ਜਿਹੇ ਵੱਡੇ ਭਾਈਚਾਰੇ ਦੀ ਭਾਵਨਾ ਤੋਂ ਅਭਿੱਜ ਸਨ। ਇਸ ਏਕਤਾ ਨੂੰ ਕੌਮੀ ਆਜ਼ਾਦੀ ਦੀ ਲੜਾਈ ਲੜ ਰਹੇ ਚਿੰਤਕਾਂ ਅਤੇ ਦੇਸ਼ਭਗਤਾਂ ਨੇ ਉਭਾਰਿਆ। ਇਹ ਏਕਾ ਇਨ੍ਹਾਂ ਅੰਦੋਲਨਾਂ ਦੀ ਤਾਕਤ ਵੀ ਬਣਿਆ ਅਤੇ ਕਮਜ਼ੋਰੀ ਵੀ। ਇਸ ਏਕਤਾ ਕਾਰਨ ਇਕ ਪਾਸੇ ਤਾਂ ਬਸਤੀਵਾਦ ਵਿਰੋਧੀ ਸੰਘਰਸ਼ ਨੂੰ ਅਮਲੀ ਜਾਮਾ ਪਹਿਨਾਇਆ ਜਾਣਾ ਮੁਮਕਿਨ ਹੋ ਸਕਿਆ ਜਦੋਂਕਿ ਦੂਜੇ ਪਾਸੇ ਇਸੇ ਏਕੇ ਨੂੰ ਆਧਾਰ ਬਣਾ ਕੇ ਵੱਖ-ਵੱਖ ਸਮਾਜਿਕ ਸਮੂਹਾਂ ਵਿਚਲੀਆਂ ਵਿਲੱਖਣਤਾਵਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਇਸ ਆਪਾ-ਵਿਰੋਧੀ ਵਰਤਾਰੇ ਦਾ ਹੀ ਨਤੀਜਾ ਸੀ ਕਿ ਜਿੱਥੇ ਤੀਜੀ ਦੁਨੀਆਂ ਦੇ ਮੁਲਕਾਂ ਦੀ ਆਜ਼ਾਦੀ ਨੇ ਨਵੇਂ ਬਣੇ ਰਾਸ਼ਟਰਾਂ ਲਈ ਉਮੀਦ ਦੀ ਕਿਰਨ ਜਗਾਈ, ਉਥੇ ਬਸਤੀਵਾਦੀ ਸ਼ਾਸਨ ਤੋਂ ਮੁਕਤ ਹੋਣ ਤੋਂ ਬਾਅਦ ਛੇਤੀ ਹੀ ਬਹੁਤੇ ਦੇਸ਼ਾਂ ਵਿਚ ਖਾਨਾਜੰਗੀ ਦਾ ਮਾਹੌਲ ਛਾ ਗਿਆ। ਨਵੀਆਂ ਸਰਕਾਰਾਂ ਲਈ ਹਰ ਇਕ ਨੂੰ ਨਿਆਂ, ਸਮਾਜਿਕ ਸੁਰੱਖਿਆ ਅਤੇ ਆਰਥਿਕ ਵਿਕਾਸ ਮੁਹੱਈਆ ਕਰਵਾਉਣਾ ਮੁਸ਼ਕਿਲ ਹੋ ਗਿਆ ਜਿਸ ਕਾਰਨ ਰਾਸ਼ਟਰਵਾਦ ਦੇ ਪ੍ਰਵਚਨ ਸਾਹਵੇਂ ਕਈ ਨਵੇਂ ਸੁਆਲ ਖੜ੍ਹੇ ਹੋ ਗਏ। ਰਾਸ਼ਟਰ ਦੀ ਮਿੱਥ ਇਕ ਮੁਲਕ ਅੰਦਰ ਰਹਿ ਰਹੇ ਵੱਖ-ਵੱਖ ਸਭਿਆਚਾਰਾਂ, ਧਰਮਾਂ ਅਤੇ ਖੇਤਰਾਂ ਦੇ ਲੋਕਾਂ ਨੂੰ ਇਕਜੁੱਟ ਰੱਖਣ ਵਿਚ ਸਫਲ ਨਾ ਹੋ ਸਕੀ। ਜਿਥੇ ਇਕ ਪਾਸੇ ਆਲਮੀ ਪੂੰਜੀ ਦੇ ਪਸਾਰ ਕਾਰਨ ਭੂਗੋਲਿਕ ਹੱਦਬੰਦੀਆਂ ਟੁੱਟੀਆਂ, ਉਥੇ ਦੂਜੇ ਪਾਸੇ ਗੁਲਾਮੀ ਤੋਂ ਮੁਕਤ ਹੋਏ ਮੁਲਕਾਂ ਵਿਚੋਂ ਵੱਖਰੇ ਮੁਲਕਾਂ ਦੇ ਨਿਰਮਾਣ ਦੀ ਮੰਗ ਜ਼ੋਰ ਫੜਨ ਲੱਗੀ।

ਇਸ ਚਰਚਾ ਦਾ ਅਹਿਮ ਪਹਿਲੂ ਸਮਕਾਲੀ ਦੌਰ ਦੇ ਦੋ ਆਪਾ-ਵਿਰੋਧੀ ਵਰਤਾਰਿਆਂ ਵਿਚੋਂ ਪਛਾਣਿਆ ਜਾ ਸਕਦਾ ਹੈ। ਇਕ ਪਾਸੇ ਤਾਂ ਆਲਮੀ ਪੂੰਜੀ ਦੇ ਵਿਕਸਤ ਹੋਣ ਨਾਲ ਸੰਸਾਰੀਕਰਨ ਜਿਹਾ ਆਰਥਿਕ ਪ੍ਰਬੰਧ ਹੋਂਦ ਵਿਚ ਆਇਆ ਜਿਸ ਨੇ ਰਾਸ਼ਟਰਾਂ ਦੀਆਂ ਹੱਦਬੰਦੀਆਂ ਨੂੰ ਕਮਜ਼ੋਰ ਕੀਤਾ ਅਤੇ ਖੁੱਲ੍ਹੀ ਮੰਡੀ ਦਾ ਸੰਕਲਪ ਵਿਕਸਤ ਕੀਤਾ। ਦੂਜੇ ਪਾਸੇ ਇਸੇ ਦੌਰ ਅੰਦਰ ਕਈ ਦੇਸ਼ਾਂ ਵਿਚ ਵਾਪਰੀ ਟੁੱਟ-ਭੱਜ ਕਾਰਨ ਨਵੇਂ ਮੁਲਕ ਵੀ ਹੋਂਦ ਵਿਚ ਆਏ।

ਹੋਮੀ ਭਾਬਾ ਦੀ ਸੰਪਾਦਤ ਕੀਤੀ ਕਿਤਾਬ 'ਨੇਸ਼ਨ ਐਂਡ ਨਰੇਸ਼ਨ' ਮੁਤਾਬਿਕ ਰਾਸ਼ਟਰਵਾਦ ਰਾਹੀਂ ਪ੍ਰਚਾਰਿਆ ਏਕਤਾ ਦਾ ਨਾਅਰਾ ਕਦੇ ਵੀ ਵਿਹਾਰਕ ਪੱਧਰ 'ਤੇ ਮੁਮਕਿਨ ਨਹੀਂ ਹੋ ਸਕਦਾ। ਇਸ ਦਾ ਕਾਰਨ ਇਹ ਹੈ ਕਿ ਲਿੰਗ, ਜਮਾਤ ਅਤੇ ਨਸਲ ਜਿਹੀਆਂ ਮਿਸ਼ਰਤ ਪਛਾਣਾਂ ਕਾਰਨ ਰਾਸ਼ਟਰ ਕਈ ਤਰ੍ਹਾਂ ਦੀਆਂ ਦਰਜਾਬੰਦੀਆਂ ਵਿਚ ਵੰਡਿਆ ਹੁੰਦਾ ਹੈ। ਇਨ੍ਹਾਂ ਦਰਜਾਬੰਦੀਆਂ ਕਾਰਨ ਵਿਹਾਰਕ ਤੌਰ 'ਤੇ ਬਰਾਬਰੀ ਨੂੰ ਕਾਇਮ ਰੱਖ ਸਕਣਾ ਸੰਭਵ ਨਹੀਂ ਰਹਿੰਦਾ। ਅਜਿਹਾ ਕੋਈ ਇਕਹਿਰਾ ਅਤੇ ਸਾਂਝਾ ਬਿਰਤਾਂਤ ਨਹੀਂ ਜਿਸ ਨਾਲ ਕਿਸੇ ਰਾਸ਼ਟਰ ਦੇ ਸਮੁੱਚੇ ਵਸਨੀਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕੀਤੀ ਜਾ ਸਕੇ। ਜਿਹੜੇ ਬਿਰਤਾਂਤ ਕਿਸੇ ਰਾਸ਼ਟਰ ਨੂੰ ਪ੍ਰਗਟਾਉਣ ਵਾਲੇ ਜਾਪਦੇ ਹਨ, ਉਹ ਅਸਲ ਵਿਚ ਘੱਟਗਿਣਤੀ ਸਮੂਹਾਂ ਦੇ ਪ੍ਰਵਚਨਾਂ ਨੂੰ ਹਾਸ਼ੀਏ 'ਤੇ ਧੱਕ ਕੇ ਇਸ ਹਾਲਤ ਤੱਕ ਪਹੁੰਚੇ ਹੁੰਦੇ ਹਨ।

ਇਨ੍ਹਾਂ ਦੋ ਵਿਰੋਧੀ ਹਾਲਾਤ ਵਿਚ ਵੰਡੇ ਰਾਸ਼ਟਰ ਨੂੰ ਕਾਇਮ ਰੱਖਣ ਲਈ ਉਸਾਰਿਆ ਗਿਆ ਸਾਂਝੇ ਇਤਿਹਾਸ ਦਾ ਭਰਮ ਹੌਲੀ-ਹੌਲੀ ਟੁੱਟਣ ਲੱਗਦਾ ਹੈ। ਔਰਤ, ਕਿਸਾਨ ਅਤੇ ਘੱਟਗਿਣਤੀ ਸਮੂਹ ਰਾਸ਼ਟਰ ਦੇ ਸੱਤਾਧਾਰੀ ਪ੍ਰਵਚਨ ਦੇ ਸਮਾਨਾਂਤਰ ਹਾਸ਼ੀਏ ਵਾਲੀ ਹਾਲਤ 'ਤੇ ਵਿਚਰਦੇ ਹਨ ਜਿਸ ਕਾਰਨ ਰਾਸ਼ਟਰ ਦੇ ਸਥਿਰ ਅਤੇ ਸਦੀਵੀ ਹੋਣ ਦੇ ਸੰਕਲਪ ਨੂੰ ਲਗਾਤਾਰ ਚੁਣੌਤੀ ਵਿਚੋਂ ਲੰਘਣਾ ਪੈਂਦਾ ਹੈ। ਰਾਸ਼ਟਰਵਾਦ ਦੀ ਡਿਗਦੀ ਸਾਖ ਨੂੰ ਖੋਰਾ ਲੱਗਣ ਤੋਂ ਬਚਾਉਣ ਅਤੇ ਇਸ ਦੇ ਪ੍ਰਤੀਕਾਂ ਨੂੰ ਨਵਿਆਉਣ ਲਈ ਸੱਤਾਧਾਰੀ ਧਿਰ ਵਲੋਂ ਕੌਮੀ ਤਿਉਹਾਰਾਂ ਅਤੇ ਰਾਸ਼ਟਰ ਨਾਲ ਜੁੜੇ ਰੀਤੀ-ਰਿਵਾਜਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ।

ਇਹੀ ਨਹੀਂ, ਰਾਸ਼ਟਰ ਦੀ ਮਹਾਨਤਾ ਨੂੰ ਦਰਸਾਉਣ ਵਾਲੇ ਉਤਸਵ ਉਲੀਕੇ ਜਾਂਦੇ ਹਨ, ਰਾਸ਼ਟਰ ਦੀ ਮਿੱਥ ਨੂੰ ਪ੍ਰਗਟਾਉਂਦੇ ਬੁੱਤਾਂ ਤੇ ਮੂਰਤੀਆਂ ਦਾ ਨਿਰਮਾਣ ਕੀਤਾ ਜਾਂਦਾ ਹੈ, ਅਤੀਤ ਦੀ ਧੂੜ ਵਿਚ ਗੁਆਚੇ ਪੁਰਾਤਨ ਪਾਤਰਾਂ ਤੇ ਥਾਵਾਂ ਨੂੰ ਫਿਰ ਤੋਂ ਉਭਾਰਿਆ ਜਾਂਦਾ ਹੈ ਅਤੇ ਰਾਸ਼ਟਰ ਨੂੰ ਧਰਮ ਨਾਲ ਰਲਗੱਡ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਨਿੱਤ ਵਾਪਰਦੀ ਇਸ ਤਬਦੀਲੀ ਕਾਰਨ ਰਾਸ਼ਟਰ ਸਥਾਈ ਵਰਤਾਰਾ ਨਹੀਂ ਰਹਿੰਦਾ। ਇਹ ਸਮਾਜਿਕ-ਸਭਿਆਚਾਰਕ ਨਿਰਮਾਣਕਾਰੀ ਦਾ ਹਿੱਸਾ ਹੋ ਨਿੱਬੜਦਾ ਹੈ। ਰਾਸ਼ਟਰ ਦਾ ਇਹ ਬਦਲਿਆ ਸਰੂਪ ਰਾਸ਼ਟਰਵਾਦ ਦੀ ਸਭ ਨੂੰ ਨਾਲ ਲੈ ਕੇ ਚੱਲਣ ਦੀ ਭਾਵਨਾ ਤੋਂ ਬਿਲਕੁਲ ਉਲਟ ਦਿਸ਼ਾ ਵੱਲ ਮੁਹਾਰਾਂ ਮੋੜ ਲੈਂਦਾ ਹੈ।

ਇਸ ਸਬੰਧੀ ਮਹੱਤਵਪੂਰਨ ਨੁਕਤਾ ਇਹ ਹੈ ਕਿ ਕੌਮੀ ਅੰਦੋਲਨ ਦੌਰਾਨ ਬਹੁਗਿਣਤੀ ਦੇ ਨੁਮਾਇੰਦਿਆਂ ਵਲੋਂ ਨਿਭਾਈ ਭੂਮਿਕਾ ਨੂੰ ਤਾਂ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਜਦੋਂਕਿ ਬਸਤੀਵਾਦ ਦਾ ਵਿਰੋਧ ਕਰਨ ਵਾਲੇ ਹੋਰ ਹਾਸ਼ੀਆਗਤ ਸਮੂਹਾਂ ਅਤੇ ਜਨ-ਸਾਧਾਰਨ ਖਾਸਕਰ ਕਿਸਾਨਾਂ, ਦਲਿਤਾਂ, ਔਰਤਾਂ, ਘੱਟਗਿਣਤੀਆਂ ਅਤੇ ਆਦਿਵਾਸੀ ਸਮੂਹਾਂ ਦੀ ਭੂਮਿਕਾ ਨੂੰ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕੌਮੀ ਏਕਤਾ ਦੇ ਝੰਡੇ ਹੇਠ ਵੱਖ-ਵੱਖ ਸਮੂਹਾਂ ਦੀਆਂ ਵਿਲੱਖਣਤਾਵਾਂ ਦਾ ਦਮਨ ਕੀਤਾ ਜਾਣ ਲੱਗਦਾ ਹੈ। ਲਿੰਗ, ਜਾਤ, ਨਸਲ, ਧਰਮ ਅਤੇ ਸਭਿਆਚਾਰਕ ਵਖੇਰਵਿਆਂ ਨੂੰ ਨਜ਼ਰਅੰਦਾਜ਼ ਕਰਕੇ ਰਾਸ਼ਟਰੀ ਏਕਤਾ ਦੇ ਮੁਹਾਜ਼ ਹੇਠ ਸਾਂਝੀ ਕੌਮੀਅਤ ਦਾ ਭਰਮ ਸਿਰਜਿਆ ਜਾਂਦਾ ਹੈ। ਇਸ ਤਰ੍ਹਾਂ ਦੇਸ਼ ਦੀ ਕੌਮੀ ਆਜ਼ਾਦੀ ਹਾਸਲ ਕਰਨ ਲਈ ਕਲਪਿਆ ਗਿਆ ਰਾਸ਼ਟਰਵਾਦ ਹੌਲੀ-ਹੌਲੀ ਪ੍ਰਭੂਸੱਤਾਸ਼ਾਲੀ ਕੌਮਵਾਦ ਵਿਚ ਤਬਦੀਲ ਹੋਣ ਲੱਗਦਾ ਹੈ।

ਰਾਸ਼ਟਰਵਾਦ ਦੀ ਇਹ ਨਵੀਂ ਬਣਤਰ ਸਭ ਕਾਸੇ ਨੂੰ ਇਕ ਰੰਗ ਵਿਚ ਰੰਗ ਦਿੰਦੀ ਹੈ। ਇਸ ਵਿਚੋਂ ਵਿਰੋਧੀ ਜਾਪਣ ਵਾਲੀਆਂ ਸੁਰਾਂ ਨੂੰ ਦਬਾ ਦਿੱਤਾ ਜਾਂਦਾ ਹੈ। ਇਹ ਸਾਰੀ ਖੇਡ ਕੁਝ ਪ੍ਰਭਾਵਸ਼ਾਲੀ ਬਿਰਤਾਂਤਾਂ ਰਾਹੀਂ ਨੇਪਰੇ ਚਾੜ੍ਹੀ ਜਾਂਦੀ ਹੈ। ਇਹ ਬਿਰਤਾਂਤ ਜਨ ਸਾਧਾਰਨ ਉਤੇ ਇਸ ਕਦਰ ਗਾਲਬ ਹੋ ਜਾਂਦੇ ਹਨ ਕਿ ਲੋਕਾਈ ਨੂੰ ਇਹ ਸਮਝ ਨਹੀਂ ਲਗਦਾ ਕਿ ਕਿਸ ਤਰ੍ਹਾਂ ਬਸਤੀਵਾਦ ਦੇ ਵਿਰੋਧ ਵਿਚੋਂ ਉਪਜਿਆ ਰਾਸ਼ਟਰਵਾਦ ਖੁਦ ਤਾਨਾਸ਼ਾਹ ਬਣਨ ਵਾਲੇ ਰਾਹ ਪੈ ਗਿਆ।

# ਪਛਾਣ ਦੀ ਸਿਆਸਤ ਤੇ ਮਾਨਵਵਾਦੀ ਨਜ਼ਰੀਆ

ਫਰੈਂਜ਼ ਕਾਫਕਾ ਦੀ ਕਹਾਣੀ 'ਫੈਲੋਸ਼ਿਪ' ਵਿਚ ਪੰਜ ਸ਼ਖਸ ਇਕ ਥਾਂ ਤੇ ਰਹਿ ਰਹੇ ਹਨ। ਜਦੋਂ ਛੇਵਾਂ ਸ਼ਖਸ ਉਨ੍ਹਾਂ ਵਿਚ ਸ਼ਾਮਿਲ ਹੋਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਆਪਣੀ ਇਕਜੁੱਟਤਾ ਦਿਖਾਉਂਦੇ ਹੋਏ ਇਹ ਦਾਅਵਾ ਕਰਦੇ ਹਨ ਕਿ ਉਹ ਹਮੇਸ਼ਾ ਤੋਂ ਹੀ ਇਕੱਠੇ ਰਹਿ ਰਹੇ ਸਨ। ਆਪਣੀ ਸਾਂਝ ਟੁੱਟਣ ਦੇ ਡਰੋਂ ਉਹ ਉਸ ਨਾਲ ਗੱਲ ਕਰਨ ਤੋਂ ਵੀ ਇਨਕਾਰੀ ਹੁੰਦੇ ਹੋਏ 'ਆਪਣੇ' ਅਤੇ 'ਉਸ' ਵਿਚਕਾਰ ਅਦਿਖ ਦੀਵਾਰ ਉਸਾਰ ਲੈਂਦੇ ਹਨ। ਇਹ ਕਹਾਣੀ ਬੜੀ ਸੂਖਮਤਾ ਨਾਲ ਬਿਆਨ ਕਰਦੀ ਹੈ ਕਿ ਦੀਵਾਰ ਦਾ ਹੋਣਾ ਆਪਣੇ ਆਪ ਵਿਚ ਹੀ ਹਿੰਸਕ ਵਰਤਾਰਾ ਹੈ, ਕਿਉਂਕਿ ਇਸ ਨੂੰ ਸਦੀਵੀ ਸਮਝਦੇ ਹੋਏ, ਨਾ ਸਿਰਫ ਕੁਝ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ ਜਾਂਦਾ ਹੈ ਬਲਕਿ ਇਸ ਦੇ ਅੰਦਰ ਰਹਿਣ ਵਾਲਿਆਂ ਤੋਂ ਵੀ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਪਸ ਵਿਚ ਇਕ ਧੁਰੇ ਦੁਆਲੇ ਜੁੜੇ ਰਹਿਣ।



ਸੁਮਨਦੀਪ ਕੌਰ
ਫੋਨ: +91-94179-34984

ਮੁਲਕ ਦੀ ਵੰਡ ਦੌਰਾਨ ਨਵੇਂ ਬਣੇ ਪੂਰਬੀ ਪਾਕਿਸਤਾਨ ਤੋਂ ਹਿਜਰਤ ਕਰਕੇ ਅਸਾਮ ਆ ਰਹੇ ਬੰਗਾਲੀਆਂ ਦੀ ਗਿਣਤੀ 1949 ਤੱਕ ਹੀ ਢਾਈ ਲੱਖ ਹੋ ਚੁੱਕੀ ਸੀ। ਇਸ ਨੇ ਅਸਾਮ ਦੇ ਲੋਕਾਂ ਵਿਚ ਆਪਣੀ ਮੂਲ ਪਛਾਣ ਦੇ ਖੁੱਸ ਜਾਣ ਦਾ ਡਰ ਪੈਦਾ ਕਰ ਦਿੱਤਾ। ਸਿੱਟੇ ਵਜੋਂ, ਅਸਾਮ ਵਿਚ ਇਸ ਦੀ ਮੁਖਾਲਫਿਤ ਹੋਣ ਲੱਗੀ ਜਿਸ ਨੇ 'ਬੋਂਗਾਲ ਖੇੜਾ' ਜਿਹੇ ਅੰਦੋਲਨ ਨੂੰ ਜਨਮ ਦਿੱਤਾ। 'ਬੋਂਗਾਲ' ਦਾ ਮੂਲ ਅਰਥ ਬਾਹਰੀ ਹੈ ਜਿਸ ਨੂੰ ਬੰਗਾਲੀਆਂ ਨਾਲ ਜੋੜ ਕੇ ਦੇਖਿਆ ਗਿਆ। ਹੌਲੀ ਹੌਲੀ ਇਸ ਦਾ ਨਾਂ 'ਬਿਦੇਖੀ ਖੇੜਾ' ਪੈ ਗਿਆ ਜਿਸ ਦਾ ਮੰਤਵ ਹਿਜਰਤ ਕਰਕੇ ਆਏ ਲੋਕਾਂ ਨੂੰ ਬਾਹਰ ਕੱਢਣਾ ਸੀ।

1960ਵਿਆਂ ਦੇ ਆਖਰੀ ਵਰ੍ਹਿਆਂ ਦੌਰਾਨ ਪੂਰਬੀ ਪਾਕਿਸਤਾਨ ਅਤੇ ਪੱਛਮੀ ਪਾਕਿਸਤਾਨ ਦੇ ਆਪਸੀ ਸਿਆਸੀ ਟਕਰਾਅ ਵਿਚੋਂ ਅਜਿਹੀ ਕਤਲੋਗਾਰਤ ਅਤੇ ਅਨਿਸ਼ਚਿਤਤਾ ਪੈਦਾ ਹੋਈ ਜਿਸ ਕਰਕੇ ਲੱਖਾਂ ਲੋਕਾਂ ਨੂੰ ਅਸਾਮ ਵਿਚ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ। ਇਸ ਨੇ 'ਬਾਹਰੀ' ਲੋਕਾਂ ਨੂੰ ਅਸਾਮ ਵਿਚੋਂ ਬਾਹਰ ਕੱਢਣ ਦੀ ਮੰਗ ਹੋਰ ਤਿੱਖੀ ਕਰ ਦਿੱਤੀ। 1978 ਵਿਚ ਸੰਸਦ ਮੈਂਬਰ ਹੀਰਾ ਲਾਲ ਪਟਵਾਰੀ ਦੀ ਮੌਤ ਤੋਂ ਬਾਅਦ ਹੋਈਆਂ ਉਪ ਚੋਣਾਂ ਦੌਰਾਨ ਇਹ ਮੰਗ ਵਿਕਰਾਲ ਰੂਪ ਅਖਤਿਆਰ ਕਰ ਗਈ, ਕਿਉਂਕਿ ਉਸ ਸਮੇਂ ਦੀਆਂ ਵੋਟਰ ਸੂਚੀਆਂ ਵਿਚ 'ਬਾਹਰੀ' ਵੋਟਰਾਂ ਦੀ ਗਿਣਤੀ ਵਿਚ ਹੈਰਾਨੀਕੁਨ ਵਾਧਾ ਹੋ ਚੁੱਕਾ ਸੀ।

ਅਸਾਮੀਆਂ ਦੁਆਰਾ ਸੜਕਾਂ ਤੇ ਆ ਕੇ ਮੁਸਲਸਲ ਮੁਜ਼ਾਹਰੇ ਕੀਤੇ ਗਏ ਜਿਸ ਵਿਚੋਂ ਅਸਾਮ ਅੰਦੋਲਨ ਦੀ ਰਸਮੀ ਸ਼ੁਰੂਆਤ ਹੋਈ।



ਇਹ ਅੰਦੋਲਨ ਲਗਾਤਾਰ ਛੇ ਸਾਲ ਤੱਕ ਚੱਲਿਆ ਜਿਸ ਦੌਰਾਨ ਅਨੇਕਾਂ ਹਿੰਸਕ ਘਟਨਾਵਾਂ ਦੇ ਨਾਲ ਨਾਲ 'ਨੀਲੀ' ਅਤੇ 'ਖੋਇਰਾਬਾੜੀ' ਜਿਹੇ ਕਤਲੇਆਮ ਵੀ ਹੋਏ ਜਿਨ੍ਹਾਂ ਵਿਚ ਹਜ਼ਾਰਾਂ ਬੰਗਾਲੀ ਹਿੰਦੂਆਂ ਅਤੇ ਮੁਸਲਮਾਨਾਂ ਦਾ ਕਤਲ ਕੀਤਾ ਗਿਆ। ਮੂਲ ਪਛਾਣ ਬਚਾ ਕੇ ਰੱਖਣ ਦਾ ਇਹ ਪ੍ਰਵਚਨ (ਡਿਸਕੋਰਸ) ਇੰਨਾ ਜ਼ੋਰਦਾਰ ਸੀ ਕਿ ਬਹੁਤ ਘੱਟ ਬੁੱਧੀਜੀਵੀਆਂ ਨੇ ਬੰਗਾਲੀਆਂ ਦੇ ਹੋ ਰਹੇ ਕਤਲੇਆਮ ਦਾ ਵਿਰੋਧ ਕੀਤਾ। ਆਖਰ, ਅਗਸਤ 1985 ਵਿਚ ਕੇਂਦਰ ਸਰਕਾਰ ਅਤੇ ਅੰਦੋਲਨਕਾਰੀਆਂ, ਜਿਨ੍ਹਾਂ ਵਿਚ ਆਲ ਅਸਮ ਗਣ ਸੰਗਰਾਮ ਪਰਿਸ਼ਦ ਅਤੇ ਆਲ ਇੰਡੀਆ ਅਸਮ ਸਟੂਡੈਂਟਸ ਯੂਨੀਅਨ ਸ਼ਾਮਿਲ ਸਨ, ਵਿਚਕਾਰ 'ਅਸਾਮ ਸਮਝੌਤਾ' ਹੋਇਆ।

ਇਸ ਸਮਝੌਤੇ ਤਹਿਤ ਪਹਿਲੀ ਜਨਵਰੀ 1966 ਨੂੰ ਤੈਅਸ਼ੁਦਾ ਤਾਰੀਖ ਮੰਨਦਿਆਂ ਵਿਦੇਸ਼ੀ ਨਾਗਰਿਕਾਂ ਦੀ ਸ਼ਨਾਖਤ ਅਤੇ ਉਨ੍ਹਾਂ ਨੂੰ ਬਾਹਰ ਕੱਢਣ ਦਾ ਫੈਸਲਾ ਹੋਇਆ। ਜੋ ਲੋਕ ਇਸ ਮਿਤੀ ਤੋਂ ਪਹਿਲਾਂ ਅਸਾਮ ਵਿਚ ਆਏ ਸਨ, ਉਨ੍ਹਾਂ ਦੀ ਨਾਗਰਿਕਤਾ ਨੂੰ ਸਵੀਕਾਰ ਕਰ ਲਿਆ ਗਿਆ। ਪਹਿਲੀ ਜਨਵਰੀ 1966 ਤੋਂ 24 ਮਾਰਚ 1971 ਦੇ ਅਰਸੇ ਦੌਰਾਨ ਅਸਾਮ ਵਿਚ ਆਏ ਲੋਕਾਂ ਲਈ ਉਨ੍ਹਾਂ ਦੀ ਨਾਗਰਿਕਤਾ ਫਾਰਨਰਜ਼ ਐਕਟ-1946 ਦੇ ਆਧਾਰ 'ਤੇ ਤੈਅ ਕੀਤੀ ਜਾਣੀ ਨਿਸ਼ਚਿਤ ਹੋਈ। ਇਸ ਮਿਤੀ ਤੋਂ ਬਾਅਦ ਆਏ ਲੋਕਾਂ ਦੀ ਸ਼ਨਾਖਤ ਕਰਨ ਅਤੇ ਉਨ੍ਹਾਂ ਨੂੰ ਬਾਹਰ ਕੱਢਣ ਦਾ ਫੈਸਲਾ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੋਣਾ ਤੈਅ ਹੋਇਆ।

ਉਂਜ, ਸਮਝੌਤਾ ਹੋਣ ਤੋਂ ਬਾਅਦ ਇਹ ਲਾਗੂ ਨਹੀਂ ਕੀਤਾ ਜਾ ਸਕਿਆ। ਇਸ ਬਾਰੇ ਇਕ ਕੋਸ਼ਿਸ਼ 2010 ਵਿਚ ਕਾਮਰੂਪ ਅਤੇ ਬਾਰਪੇਟਾ ਜ਼ਿਲ੍ਹਿਆਂ ਵਿਚ ਕੀਤੀ ਗਈ ਪਰ ਡਿਪਟੀ ਕਮਿਸ਼ਨਰ ਦੇ ਦਫਤਰ ਤੇ ਭੀੜ ਦੇ ਹਮਲੇ ਤੋਂ ਬਾਅਦ ਇਸ ਪ੍ਰਕਿਰਿਆ ਨੂੰ ਚਾਰ ਹਫਤਿਆਂ ਦੇ ਅੰਦਰ ਹੀ ਬੰਦ ਕਰਨਾ ਪਿਆ। ਆਖਰਕਾਰ, ਅਸਾਮ ਪਬਲਿਕ ਵਰਕਸ ਅਤੇ ਅਸਾਮ ਸਨਮਿਲਿਤਾ ਮਹਾਂਸੰਘ ਦੀ ਸੁਪਰੀਮ ਕੋਰਟ ਵਿਚ ਪਾਈ ਰਿਟ ਤੋਂ ਬਾਅਦ ਨਾਗਰਿਕਾਂ ਦੇ ਕੌਮੀ ਰਜਿਸਟਰ, ਜਿਸ ਨੂੰ ਪਹਿਲੀ ਵਾਰ 1951 ਵਿਚ ਛਾਪਿਆ ਗਿਆ ਸੀ, ਨੂੰ ਮੁੜ ਮੁਕੰਮਲ ਕਰਨ ਦਾ ਕੰਮ 2013 ਵਿਚ ਦੁਬਾਰਾ ਸ਼ੁਰੂ ਹੋ ਗਿਆ। ਇਸ ਤਹਿਤ ਆਪਣੀ ਨਾਗਰਿਕਤਾ ਸਾਬਿਤ ਕਰਨ ਦਾ ਸਾਰਾ ਦਾਰੋਮਦਾਰ ਲੋਕਾਂ ਤੇ ਹੀ ਛੱਡਿਆ ਗਿਆ। ਇਸ ਦਾ ਪਹਿਲਾ ਖਰੜਾ 31 ਦਸੰਬਰ 2017 ਨੂੰ ਪ੍ਰਕਾਸ਼ਤ ਹੋਇਆ ਜਿਸ ਵਿਚੋਂ ਚਾਲੀ ਲੱਖ ਲੋਕਾਂ ਨੂੰ ਭਾਰਤੀ ਨਾਗਰਿਕਤਾ ਤੋਂ ਮਹਿਰੂਮ ਕਰ ਦਿੱਤਾ ਗਿਆ। ਗ੍ਰਹਿ ਮੰਤਰਾਲੇ ਨੇ ਭਾਵੇਂ ਇਹ ਸਪਸ਼ਟ ਕੀਤਾ ਹੈ ਕਿ ਜਿਨ੍ਹਾਂ ਦੇ ਨਾਂ ਕੌਮੀ ਰਜਿਸਟਰ ਵਿਚ ਸ਼ਾਮਿਲ ਨਹੀਂ ਹੋਏ, ਉਨ੍ਹਾਂ ਨੂੰ ਵਿਦੇਸ਼ੀ ਟ੍ਰਿਬਿਊਨਲ

(ਬਾਕੀ ਸਫਾ 13 'ਤੇ)

# ਬ੍ਰਹਮਵਾਦ ਅਤੇ ਬ੍ਰਾਹਮਣਵਾਦ

## ਜਮਹੂਰੀਅਤ ਅਤੇ ਮੋਦੀ ਮਾਰਕਾ ਤਾਨਾਸ਼ਾਹੀ ਦੇ ਸੰਦਰਭ ਵਿਚ

ਕਸ਼ਮੀਰ ਵਿਚ ਵਾਪਰੀਆਂ ਤਾਜ਼ਾ ਘਟਨਾਵਾਂ ਤੋਂ ਕੁਝ ਮਹੀਨੇ ਪਹਿਲਾਂ ਪਾਰਲੀਮੈਂਟ ਦੀਆਂ ਚੋਣਾਂ ਦੌਰਾਨ ਮੋਦੀ-ਸ਼ਾਹ ਜੋੜੀ ਦੀ ਨਫਰਤ ਭਰੀ ਚੋਣ ਮੁਹਿੰਮ ਤੋਂ ਖਿਝ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਭ ਤੋਂ ਸੀਨੀਅਰ ਆਗੂਆਂ ਵਿਚੋਂ ਇਕ ਮੁਰਲੀ ਮਨੋਹਰ ਜੋਸ਼ੀ ਨੇ ਆਪਣੇ 'ਫੇਸ ਬੁਕ' ਸਫੇ ਉਤੇ ਲਿਖਿਆ ਸੀ:

"ਯਕੀਨਨ ਹੀ ਇਥੇ ਇਹ ਨੋਟ ਕਰਨਾ ਬਹੁਤ ਦਿਲਚਸਪ ਹੋਵੇਗਾ ਕਿ ਮਹਾਂਭਾਰਤ ਦੇ ਸ਼ਾਂਤੀ ਪਰਵ ਅਧਿਆਇ ਦੇ 107ਵੇਂ ਕਾਂਡ ਵਿਚ ਗਣਰਾਜ ਬਾਰੇ ਯੁਧਿਸ਼ਟਰ ਅਤੇ ਭੀਸ਼ਮ ਪਿਤਾਮਾ ਵਿਚਾਲੇ ਹੋਇਆ ਇਕ ਸੰਵਾਦ ਦਰਜ ਹੈ, 'ਗਣਰਾਜ ਕਿਵੇਂ ਲਗਾਤਾਰ ਇਕਜੁਟ, ਖੁਸ਼ਹਾਲ ਅਤੇ ਸ਼ਾਂਤਮਈ ਰਖਿਆ ਜਾ ਸਕਦਾ ਹੈ।' ਭੀਸ਼ਮ ਪਿਤਾਮਾ ਦੇ ਕਥਨ ਅਨੁਸਾਰ, 'ਗਣਰਾਜ ਦੇ ਮੈਂਬਰ ਸੂਝਵਾਨ ਹੋਣ, ਗਿਆਨ ਦੀਆਂ ਵਖ-ਵਖ ਸ਼ਾਖਾਵਾਂ ਦੇ ਚੰਗੇ ਜਾਣਕਾਰ ਹੋਣ ਅਤੇ ਉਹ ਆਪਸੀ ਭਰੋਸੇ ਤੇ ਵਿਸ਼ਵਾਸ ਨਾਲ ਲੋਕਾਂ ਦੀ ਸੇਵਾ ਕਰਨ। ਇਸ ਤਰ੍ਹਾਂ ਉਹ ਵਿਕਾਸ ਕਰਨਗੇ।'

ਗਣਰਾਜ ਦੀ ਬਣਤਰ (ਵਿਧਾਨ) ਬਾਰੇ ਗੱਲ ਕਰਦਿਆਂ ਮਹਾਂਭਾਰਤ ਵਿਚ ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਇਕ ਗਣਰਾਜ ਦਾ ਪਤਨ ਕਿਵੇਂ ਹੁੰਦਾ ਹੈ? ਭੀਸ਼ਮ ਪਿਤਾਮਾ ਦੇ ਕਹਿਣ

ਗੁਰਬਚਨ ਸਿੰਘ
ਫੋਨ: 91-98156-98451

ਅਨੁਸਾਰ ਜਿਥੇ ਭਰੋਸਾ ਖਤਮ ਹੋ ਜਾਏ, ਉਥੇ ਸਾਰਾ ਕੁਝ ਖਤਮ ਹੋ ਜਾਂਦਾ ਹੈ। ਬਹੁਤੇ ਗਣਰਾਜ ਇਕ-ਦੂਜੇ ਭਾਈਚਾਰੇ ਵਿਚ ਵਿਰੋਧ ਪੈਦਾ ਹੋਣ ਕਾਰਨ ਤਬਾਹ ਹੋ ਗਏ। ਇਕ ਗਣਰਾਜ ਵਿਚ, ਇਕ ਪਰਿਵਾਰ ਵਿਚ ਅਤੇ ਇਕ ਰਾਜ ਤੇ ਦੂਜੇ ਰਾਜ ਵਿਚਾਲੇ ਦੁਸ਼ਮਣੀ ਦੀ ਅੱਗ ਭੜਕਾਉਣ ਵਾਲੇ ਸਭ ਤੋਂ ਅਹਿਮ ਦੋ ਪੱਖ-ਲਾਲਚ ਅਤੇ ਹੰਕਾਰ ਹਨ। ਆਮ ਤੌਰ 'ਤੇ ਇਕ ਗਣਰਾਜ ਖੁਸ਼ਹਾਲ ਸਥਾਨ ਹੈ। ਸਿਆਣੇ ਲੋਕ ਗਣਰਾਜ ਦੇ ਨਾਗਰਿਕਾਂ ਦੀ ਪ੍ਰਸ਼ੰਸਾ ਕਰਦੇ ਹਨ। ਏਕਤਾ ਦੀ ਭਾਵਨਾ ਵਿਚ ਬੱਝੇ ਹੋਏ ਉਹ ਇਕ-ਦੂਜੇ ਨਾਲ ਧੋਖਾ ਨਹੀਂ ਕਰਦੇ, ਸਗੋਂ ਇਕ-ਦੂਜੇ ਦੀ ਸੇਵਾ ਕਰਕੇ ਖੁਸ਼ਹਾਲ ਸਮਾਜ ਸਿਰਜਦੇ ਹਨ।

ਗਣਰਾਜ ਦੀ ਹੋਰ ਵਿਆਖਿਆ ਕਰਦਿਆਂ ਭੀਸ਼ਮ ਪਿਤਾਮਾ ਦਸਦਾ ਹੈ ਕਿ ਇਸ ਤੋਂ ਪਹਿਲਾਂ ਕਿ ਰਾਜ ਲੋਕਾਂ ਨੂੰ ਸੁਰਖਿਆ ਦੇ ਸਕੇ, ਰਾਜ ਦਾ ਲੋਕਾਂ ਨੂੰ ਇਕ-ਦੂਜੇ ਦੇ ਡਰ ਤੋਂ ਸੁਰੱਖਿਅਤ ਕਰਨਾ ਜਰੂਰੀ ਹੈ, ਜੋ ਡਰ ਇਕ-ਦੂਜੇ ਪ੍ਰਤੀ ਬੇਭਰੋਸਗੀ ਵਿਚੋਂ ਪੈਦਾ ਹੁੰਦਾ ਹੈ। ਇਸ ਲਈ ਰਾਜ ਨੂੰ ਲੋਕਾਂ ਵਿਚਲੇ ਆਪਸੀ ਡਰ ਅਤੇ ਬੇਭਰੋਸਗੀ ਦੇ ਕਾਰਨਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਜੇ ਰਾਜ ਇਸ ਤਰ੍ਹਾਂ ਨਹੀਂ ਕਰਦਾ ਤਾਂ ਅੰਦਰੂਨੀ ਡਰ ਗਣਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦੇਵੇਗਾ। ਭੀਸ਼ਮ ਪਿਤਾਮਾ ਆਪਣੀ ਗੱਲ ਇਹ ਕਹਿ ਕੇ ਖਤਮ ਕਰਦਾ ਹੈ, 'ਜਦੋਂ ਕ੍ਰੋਧ, ਉਲਝਣਾਂ ਜਾਂ ਲਾਲਚ ਕਾਰਨ ਗਣਰਾਜ ਦੇ ਵੱਖ-ਵੱਖ ਭਾਈਚਾਰੇ ਆਪਸੀ ਸੰਵਾਦ ਖਤਮ ਕਰ ਲੈਂਦੇ ਹਨ ਤਾਂ ਇਹ ਯਕੀਨੀ ਉਨ੍ਹਾਂ ਦੀ ਪਹਿਲਾਂ ਹੀ ਹੋ ਚੁਕੀ ਹਾਰ ਦੇ ਲੱਛਣ ਹਨ।'

ਮਹਾਂਭਾਰਤ ਅਨੁਸਾਰ ਇਕ ਗਣਰਾਜ ਦੀ ਜ਼ਿੰਦਗੀ ਅਤੇ ਨਰੋਈ ਸਿਹਤ ਲਈ ਸਮਾਜਕ ਤੇ ਆਰਥਕ ਨੀਤੀਆਂ ਇਸ ਤਰ੍ਹਾਂ ਦੀਆਂ ਘੜੀਆਂ ਜਾਣੀਆਂ ਚਾਹੀਦੀਆਂ ਹਨ ਕਿ ਆਪਸੀ ਭਰੋਸਾ ਪੈਦਾ ਹੋਵੇ, ਆਪਸੀ ਡਰ ਦੀ ਭਾਵਨਾ ਖਤਮ ਹੋਵੇ, ਆਪਸੀ ਤਾਲਮੇਲ ਅਤੇ ਸੰਚਾਰ ਬਣਿਆ ਰਹੇ ਅਤੇ ਸਮਾਜ ਵਿਚ ਹਿੰਸਾ, ਕ੍ਰੋਧ ਤੇ ਉਲਝਣਾਂ ਦੀ ਪੂਰਨ ਰੂਪ ਵਿਚ ਅਣਹੋਂਦ ਹੋਵੇ। ਅਜਿਹਾ ਇਕਜੁਟ ਅਤੇ ਸੰਯੁਕਤ ਗਣਰਾਜ ਚਿਰ ਸਥਾਈ ਹੋਵੇਗਾ।"

ਅਖੀਰ ਵਿਚ ਮੁਰਲੀ ਮਨੋਹਰ ਜੋਸ਼ੀ ਦੀ ਆਪਣੀ ਟਿੱਪਣੀ ਹੈ, "ਇਕਜੁਟ ਭਾਰਤੀ ਗਣਰਾਜ ਹਮੇਸ਼ਾ ਜਿੱਤੇਗਾ, ਪਰ ਆਪਸੀ ਵੰਡਿਆ ਹੋਇਆ ਭਾਰਤ ਯਕੀਨੀ ਟੁੱਟੇਗਾ।"

ਮੁਰਲੀ ਮਨੋਹਰ ਜੋਸ਼ੀ ਦਾ ਇਹ ਲੰਬਾ ਹਵਾਲਾ ਦੇਣ ਦੀ ਲੋੜ ਇਸ ਕਰਕੇ ਪਈ ਹੈ ਤਾਂ ਕਿ ਮੋਦੀ-ਸ਼ਾਹ ਸਰਕਾਰ ਬਾਰੇ ਬਣਿਆ ਇਹ ਭਰਮ ਤੋੜਿਆ ਜਾ ਸਕੇ ਕਿ ਇਹ ਸਾਰੇ ਹਿੰਦੂਆਂ ਦੀ ਪ੍ਰਤੀਨਿਧ ਸਰਕਾਰ ਹੈ। ਇਸ ਭਰਮ ਨੂੰ ਤੋੜੇ ਬਿਨਾ ਮੋਦੀ-ਸ਼ਾਹ-ਡੋਵਾਲ ਜੁੰਡਲੀ ਦੀ ਰਾਜਨੀਤੀ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਆਨਲਾਈਨ ਨਿਕਲਦੇ ਪਰਚੇ 'ਕਾਰਵਾਂ' ਵਿਚ ਛਪੀ ਇਕ ਲੰਬੀ ਲਿਖਤ 'ਚ ਪਰਚੇ ਦੇ ਰਾਜਨੀਤਕ ਸੰਪਾਦਕ ਹਰਤੋਸ਼ ਸਿੰਘ ਬਲ ਨੇ ਮੋਦੀ-ਸ਼ਾਹ ਵਰਤਾਰੇ ਦੀ ਐਨ ਸਹੀ ਪੁਣ-ਛਾਣ ਕੀਤੀ ਹੈ। ਉਸ ਅਨੁਸਾਰ ਦੇਸ਼ ਦੀ ਕੁਲ ਵਸੋਂ ਦੇ ਕਰੀਬ 20 ਫੀਸਦੀ ਬ੍ਰਾਹਮਣ-ਬਾਣੀਆ ਜਾਤੀ ਦੇ ਗਠਜੋੜ ਨੇ ਦੇਸ਼ ਦੀ ਬਾਕੀ 80 ਫੀਸਦੀ ਆਬਾਦੀ ਨੂੰ ਉਸ ਦੇ ਰਾਜਸੀ ਹੱਕਾਂ ਤੋਂ ਵਾਂਝੇ ਰੱਖਣ ਲਈ ਨਫਰਤ ਭਰਿਆ (ਨਕਲੀ) ਹਿੰਦੂਵਾਦੀ ਜਨੂੰਨ ਭੜਕਾ ਕੇ ਦੇਸ਼ ਦੀ ਸਮੁੱਚੀ ਰਾਜਸੀ ਤਾਕਤ ਉਤੇ ਕਬਜ਼ਾ ਕਰ ਲਿਆ ਹੈ।

ਇਸ ਨਫਰਤ ਭਰੀ ਰਾਜਨੀਤੀ ਦੀ ਸ਼ੁਰੂਆਤ ਇੰਦਰਾ ਗਾਂਧੀ ਨੇ ਕੀਤੀ ਸੀ। ਉਸ ਨੇ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਵਿੱਢੇ ਅਕਾਲੀ ਦਲ ਦੇ ਸੰਘਰਸ਼ ਨੂੰ ਆਪਣੇ ਰਾਜਸੀ ਮਨਸੂਬਿਆਂ ਨੂੰ ਪੂਰਾ ਕਰਨ ਲਈ ਹਿੰਦੂ-ਸਿੱਖ ਮਸਲਾ ਬਣਾ ਕੇ ਉਚ ਜਾਤੀ ਹਿੰਦੂਆਂ ਦੇ ਮਨਾਂ ਵਿਚ ਸਿੱਖ ਵਿਰੋਧੀ ਨਫਰਤ ਭਰਨ ਲਈ ਵਰਤਿਆ। ਰਾਜੀਵ ਗਾਂਧੀ ਨੂੰ ਇਸ ਸਿੱਖ ਵਿਰੋਧੀ ਨਫਰਤ ਦਾ ਰਾਜਸੀ ਫਾਇਦਾ ਦਸੰਬਰ 1984 ਦੀਆਂ ਪਾਰਲੀਮੈਂਟ ਚੋਣਾਂ ਵਿਚ ਮਿਲਿਆ। ਉਸ ਨੇ 404 ਪਾਰਲੀਮੈਂਟ ਹਲਕਿਆਂ ਵਿਚ ਜਿੱਤ ਪ੍ਰਾਪਤ ਕਰਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ। ਬਾਬਰੀ ਮਸਜਿਦ ਦਾ ਏਜੰਡਾ ਬਣਾ ਕੇ ਸੰਘ ਪਰਿਵਾਰ ਨੇ ਇਸ ਸਿੱਖ ਵਿਰੋਧੀ ਨਫਰਤ ਨੂੰ ਮੁਸਲਮਾਨਾਂ ਤਕ ਵਿਸਥਾਰ ਦਿੱਤਾ। ਬਹੁਜਨ ਸਮਾਜ ਪਾਰਟੀ ਦੇ ਬਾਨੀ ਪ੍ਰਧਾਨ ਕਾਂਸ਼ੀ ਰਾਮ ਨੇ ਬ੍ਰਾਹਮਣ-ਬਾਣੀਆ ਗਠਜੋੜ ਨੂੰ ਮੁਖ ਨਿਸ਼ਾਨਾ ਬਣਾ ਕੇ ਅਤੇ ਹੇਠਲੀਆਂ ਸਾਰੀਆਂ ਜਾਤੀਆਂ ਤੇ ਧਾਰਮਿਕ ਘੱਟ-ਗਿਣਤੀਆਂ ਨੂੰ ਇਕਮੁੱਠ ਕਰਕੇ, ਇਸ ਉਚ ਜਾਤੀ ਗਠਜੋੜ ਨੂੰ ਵੰਗਾਰਿਆ, ਜਿਸ ਕਾਰਨ ਇਹ ਨਫਰਤੀ ਰਾਜਨੀਤੀ ਕੁਝ ਚਿਰ ਲਈ ਦਿੱਲੀ ਤੋਂ ਦੂਰ ਰਹੀ, ਪਰ ਉਸ ਦੀ ਵਾਰਿਸ ਬਣੀ ਮਾਇਆਵਤੀ ਨੇ ਬਹੁਜਨ ਸਮਾਜ ਨੂੰ ਉਤਰ ਪ੍ਰਦੇਸ਼ ਵਿਚ ਜਾਟਵ ਰਾਜਨੀਤੀ ਤਕ ਸੁੰਗੇੜ ਕੇ ਇਸ ਨਫਰਤੀ ਰਾਜਨੀਤੀ ਵਿਚ ਫਿਰ ਜਾਨ ਪਾ ਦਿਤੀ।

ਹਰ ਹੀਲਾ-ਵਸੀਲਾ ਵਰਤ ਕੇ ਬੇਸ਼ੱਕ ਮੋਦੀ-ਸ਼ਾਹ-ਡੋਵਾਲ ਜੁੰਡਲੀ ਨੇ ਸਰਕਾਰ ਉਤੇ ਕਬਜ਼ਾ ਕਰ ਲਿਆ ਹੈ, ਪਰ ਇਸ ਦੇ ਬਾਵਜੂਦ ਇਹ ਸਰਕਾਰ ਸਿਰਫ 15-20 ਫੀਸਦੀ ਬ੍ਰਾਹਮਣ-ਬਾਣੀਆ ਗਠਜੋੜ ਦੀ ਪ੍ਰਤੀਨਿਧਤਾ ਹੀ ਕਰਦੀ ਹੈ। ਇਸ ਦੇ ਸਾਰੇ ਨੀਤੀ ਫੈਸਲੇ ਅਤੇ ਆਰਥਕ ਨੀਤੀਆਂ ਇਸ ਸੱਚਾਈ ਦੀ ਪੁਸ਼ਟੀ ਕਰਦੀਆਂ ਹਨ। ਇਥੇ ਇਹ ਗੱਲ ਸਭ ਨੂੰ ਸਪਸ਼ਟ ਹੋਣੀ ਚਾਹੀਦੀ ਹੈ ਕਿ ਬ੍ਰਾਹਮਣ-ਬਾਣੀਆ ਗਠਜੋੜ ਹਿੰਦੂ ਫਿਲਾਸਫੀ ਦੀ ਮੁਖ ਧਾਰਾ (ਵੇਦਾਂਤ) ਦੀ ਪ੍ਰਤੀਨਿਧਤਾ ਨਹੀਂ ਕਰਦਾ, ਸਗੋਂ ਇਹ ਵੇਦਾਂਤ ਤੋਂ ਕੁਰਾਹੇ ਪਈ ਉਸ ਦੀ ਇਕ ਸ਼ਾਖ ਹੈ, ਜੋ ਹਕੀਕਤ ਦੀ ਥਾਂ ਮਾਨਸਿਕ ਕਲਪਨਾ ਵਿਚ ਜਿਉਂਦੀ ਹੈ ਅਤੇ ਜਿਸ ਨੇ ਅਜੋਕੇ ਸਾਮਰਾਜੀ ਦੌਰ ਵਿਚ ਆ ਕੇ ਹਿੰਦੂ ਭਾਈਚਾਰੇ ਸਮੇਤ ਸਮੁੱਚੇ ਦੇਸ਼ ਨੂੰ ਹੀ ਤਬਾਹੀ ਦੇ ਕੰਢੇ ਲੈ ਆਂਦਾ ਹੈ।

ਯੂਰਪ ਵਾਂਗ ਸਾਡੇ ਦੇਸ਼ ਵਿਚ ਵੀ ਐਨ ਮੁਢ ਤੋਂ ਹੀ ਆਤਮਕ ਗਿਆਨ (ਫਿਲਾਸਫੀ) ਦੀਆਂ ਦੋ ਧਾਰਾਵਾਂ ਇਕ-ਦੂਜੇ ਨਾਲ ਖਹਿ ਕੇ ਨਿਰੰਤਰ ਭਿੜਦੀਆਂ ਵਿਕਸਿਤ ਹੋਈਆਂ ਹਨ। ਗਿਆਨ ਦੀ ਇਕ ਧਾਰਾ ਹਕੀਕੀ ਯਥਾਰਥ ਭਾਵ ਬ੍ਰਹਮ ਉਤੇ ਟੇਕ ਰੱਖ ਕੇ ਵਿਕਸਿਤ ਹੋਈ ਹੈ, ਜੋ ਭੌਤਿਕਵਾਦੀ ਹੈ। ਗਿਆਨ ਦੀ ਦੂਜੀ ਧਾਰਾ ਮਨੁੱਖ ਦੀ ਮਾਨਸਿਕ ਕਲਪਨਾ ਉਤੇ ਆਧਾਰਿਤ ਹੈ, ਜੋ ਬ੍ਰਹਮ ਦੇ ਮਨੋ-ਕਲਪਿਤ ਵਿਅਕਤੀ ਰੂਪ ਬ੍ਰਹਮਾ ਉਤੇ ਟੇਕ ਰੱਖ ਕੇ ਵਿਕਸਿਤ ਹੋਈ ਹੈ। ਇਹੀ ਕਲਪਿਤ ਬ੍ਰਹਮਾ ਆਪਣੇ ਸਿਰ ਵਿਚੋਂ ਬ੍ਰਾਹਮਣ ਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਕਰਨ ਦੀ ਸੋਚ ਦਾ ਜਨਕ ਹੈ। ਗਿਆਨ ਦੀ ਇਹ ਬ੍ਰਾਹਮਣਵਾਦੀ ਧਾਰਾ ਹਿੰਦੂ ਧਰਮ ਵਿਚ ਆਈਆਂ ਸਭ ਜਾਤ-ਪਾਤ ਦੀਆਂ ਬੁਰਾਈਆਂ ਅਤੇ ਮੂਰਤੀ ਪੂਜ ਕਰਮ ਕਾਂਡ ਦੀ ਜਨਨੀ ਹੈ। ਇਹ ਧਾਰਾ ਹਿੰਦੂ ਧਰਮ ਦੀ ਮਹਾਨ ਫਿਲਾਸਫੀ ਨੂੰ ਨਹੀਂ, ਸਗੋਂ ਉਸ ਦੇ ਬਾਹਰੀ ਰੂਪ ਕਰਮ ਕਾਂਡ ਦੀ ਵਿਆਖਿਆ ਕਰਦੀ ਹੈ।

ਭਾਰਤ 'ਚ ਜਮਹੂਰੀਅਤ ਵਿਕਸਿਤ ਕਿਉਂ ਨਹੀਂ ਹੋਈ, ਇਸ ਦੀ ਖੋਜ ਕਰਦਿਆਂ ਡਾ. ਭੀਮ ਰਾਓ ਅੰਬੇਡਕਰ ਨੇ ਹਿੰਦੂ ਧਰਮ ਬਾਰੇ ਇਕ ਬੜੀ ਦਿਲਚਸਪ ਜਾਣਕਾਰੀ ਦਿੱਤੀ ਹੈ, "ਇਸ ਸੁਆਲ ਦਾ ਜੁਆਬ ਬੜਾ ਸਾਦਾ ਹੈ ਕਿ ਹਿੰਦੂ ਧਰਮ ਭਾਈਚਾਰੇ ਦੀ ਭਾਵਨਾ ਨਹੀਂ ਭਰਦਾ, ਸਗੋਂ ਇਹ ਸਮਾਜ ਨੂੰ ਜਾਤਾਂ ਤੇ ਵਰਣਾਂ ਵਿਚ ਵੰਡਦਾ ਹੈ ਅਤੇ ਇਸ ਵੰਡ ਨੂੰ ਜਮਾਤੀ ਚੇਤਨਾ ਵਿਚ ਪੱਕਿਆਂ ਕਰਦਾ ਹੈ। ਅਜਿਹੇ ਸਮਾਜੀ ਪ੍ਰਬੰਧ ਵਿਚ ਜਮਹੂਰੀਅਤ ਲਈ ਕੋਈ ਥਾਂ ਨਹੀਂ ਬਣ ਸਕਦੀ।...ਜਦੋਂ ਕਿ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਨੇ ਇਕ ਅਜਿਹੇ ਸੰਕਲਪ ਨੂੰ ਜਨਮ ਦਿਤਾ ਹੈ, ਜਿਸ ਦੀਆਂ ਸਮਾਜੀ ਜਮਹੂਰੀਅਤ ਲਈ ਭਾਈਚਾਰੇ ਦੇ ਸਿਧਾਂਤ ਨਾਲੋਂ ਵੀ ਕਿਤੇ ਵੱਧ ਸੰਭਾਵਨਾਵਾਂ ਹਨ। ਇਹ ਸੰਕਲਪ ਬ੍ਰਹਮਵਾਦ ਦਾ ਸਿਧਾਂਤ ਹੈ। ਇਹ ਮੰਨਣਾ ਅਤੇ ਅਹਿਸਾਸ ਕਰਨਾ ਕਿ ਤੁਸੀਂ ਅਤੇ ਮੈਂ ਸਾਰੇ ਇਕੋ ਹੀ ਬ੍ਰਹਮ (ਬ੍ਰਹਿਮੰਡ) ਦਾ ਅੰਸ਼ ਹਾਂ, ਜਮਹੂਰੀਅਤ ਤੋਂ ਬਿਨਾ ਕਿਸੇ ਹੋਰ ਸਿਧਾਂਤ ਵਾਸਤੇ ਕੋਈ ਥਾਂ ਹੀ ਨਹੀਂ ਛੱਡਦਾ।"

ਪੱਛਮੀ ਤਰਜ ਦੀ ਜਮਹੂਰੀਅਤ ਦੀ ਪੜਚੋਲ ਕਰਦਿਆਂ ਡਾ. ਅੰਬੇਡਕਰ ਨੇ ਲਿਖਿਆ ਹੈ, "ਪੱਛਮੀ ਤਰਜ ਦੀ ਜਮਹੂਰੀਅਤ ਦਾ ਆਧਾਰ ਇਹ ਹੈ ਕਿ ਅਸੀਂ ਸਾਰੇ ਪਰਮਾਤਮਾ ਦੇ ਬੱਚੇ ਹਾਂ। ਇਹ ਵਿਚਾਰ ਜਮਹੂਰੀਅਤ ਦੀ ਬੜੀ ਕਮਜ਼ੋਰ ਬੁਨਿਆਦ ਹੈ। ਇਹੀ ਕਾਰਨ ਹੈ ਕਿ ਜਿਥੇ ਕਿਤੇ



ਵੀ (ਪੱਛਮੀ ਤਰਜ ਦੀ) ਜਮਹੂਰੀਅਤ ਦੀ ਸਿਰਜਣਾ ਹੋਈ ਹੈ, ਉਥੇ ਹੀ ਇਹ ਇਸ ਕਮਜ਼ੋਰ ਬੁਨਿਆਦ ਉਤੇ ਖੜ੍ਹੀ ਹੈ। ਜਮਹੂਰੀਅਤ ਦੇ ਪੱਛਮੀ ਵਿਦਿਆਰਥੀਆਂ ਨੇ ਪ੍ਰਚਾਰਿਆ ਹੈ ਕਿ ਜਮਹੂਰੀਅਤ ਦਾ ਮੂਲ ਆਧਾਰ ਇਸਾਈ ਧਰਮ ਜਾਂ ਪਲੈਟੋ ਦੀ ਫਿਲਾਸਫੀ ਹੈ ਅਤੇ ਇਸ ਦਾ ਹੋਰ ਕੋਈ ਸੋਮਾ ਨਹੀਂ; ਪਰ ਜੇ ਉਹ ਜਾਣਦੇ ਕਿ ਭਾਰਤ ਨੇ ਬ੍ਰਹਮਵਾਦ ਦਾ ਸਿਧਾਂਤ ਵਿਕਸਿਤ ਕੀਤਾ ਹੈ, ਜੋ ਜਮਹੂਰੀਅਤ ਦੀ ਸਭ ਤੋਂ ਵਧੀਆ ਬੁਨਿਆਦ ਬਣਦਾ ਹੈ ਤਾਂ ਉਹ ਏਨੇ ਕੱਟੜਵਾਦੀ ਨਾ ਹੁੰਦੇ।"

ਡਾ. ਅੰਬੇਡਕਰ 'ਬ੍ਰਹਮਵਾਦ' ਬਾਰੇ ਕਹਿੰਦੇ ਹਨ, "ਜੇ ਕੋਈ ਪੁੱਛੇ ਕਿ ਬ੍ਰਹਮਵਾਦ ਕੀ ਹੈ? ਤਾਂ ਇਸ 'ਤੇ ਹੈਰਾਨੀ ਨਹੀਂ ਹੋਵੇਗੀ, ਕਿਉਂਕਿ ਹਿੰਦੂਆਂ ਲਈ ਵੀ ਇਹ ਨਵਾਂ ਸਿਧਾਂਤ ਹੈ। ਹਿੰਦੂ ਵੇਦਾਂਤ ਤੋਂ ਜਾਣੂ ਹਨ, ਬ੍ਰਾਹਮਣਵਾਦ ਤੋਂ ਜਾਣੂ ਹਨ, ਪਰ ਨਿਸ਼ਚਿਤ ਤੌਰ 'ਤੇ ਉਹ ਬ੍ਰਹਮਵਾਦ ਤੋਂ ਜਾਣੂ ਨਹੀਂ ਹਨ। ਪਰ ਇਸ ਦੇ ਬਾਵਜੂਦ ਬ੍ਰਹਮ ਦੇ ਸਿਧਾਂਤ ਦੀਆਂ ਸਮਾਜੀ ਅਰਥ ਸੰਭਾਵਨਾਵਾਂ ਹਨ, ਜੋ ਜਮਹੂਰੀਅਤ ਲਈ ਇਕ ਬੁਨਿਆਦ ਦੇ ਤੌਰ 'ਤੇ ਬੇਸ਼ਕੀਮਤੀ ਹਨ। ਜੇ ਸਾਰੇ ਮਨੁੱਖ ਬ੍ਰਹਮ ਦਾ ਅੰਸ਼ ਹਨ ਤਾਂ ਸਾਰੇ ਬਰਾਬਰ ਹਨ ਅਤੇ ਸਾਰੇ ਹੀ ਇਕੋ ਜਿਹੀ ਆਜ਼ਾਦੀ ਦੇ ਹੱਕਦਾਰ ਹਨ, ਜੋ ਜਮਹੂਰੀਅਤ ਦਾ ਅਸਲੀ ਮਨੋਰਥ ਹੈ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਬ੍ਰਹਮ ਭਾਵੇਂ ਅਗਮ ਹੈ, ਪਰ ਇਸ ਵਿਚ ਭੋਰਾ ਭਰ ਵੀ ਸ਼ੱਕ ਨਹੀਂ ਕਿ ਕੋਈ ਵੀ ਹੋਰ ਸਿਧਾਂਤ ਜਮਹੂਰੀਅਤ ਲਈ ਏਨੀ ਤਗੜੀ ਬੁਨਿਆਦ ਨਹੀਂ ਬਣ ਸਕਦਾ, ਜਿੰਨਾ ਬ੍ਰਹਮਵਾਦ ਦਾ ਸਿਧਾਂਤ ਬਣਦਾ ਹੈ।"

ਡਾ. ਅੰਬੇਡਕਰ ਅਨੁਸਾਰ ਹਿੰਦੂਆਂ ਦੀ ਸਮੁੱਚੀ ਧਾਰਮਿਕ ਫਿਲਾਸਫੀ ਦੀਆਂ ਤਿੰਨ ਧਾਰਾਵਾਂ ਹਨ: ਬ੍ਰਹਮਵਾਦ, ਵੇਦਾਂਤ ਅਤੇ ਬ੍ਰਾਹਮਣਵਾਦ।

ਬ੍ਰਹਮਵਾਦ ਦੇ ਤਤ ਨੂੰ ਇਕ ਧਾਰਨਾ ਵਿਚ ਪੇਸ਼ ਕੀਤਾ ਜਾ ਸਕਦਾ ਹੈ, ਪਰ ਇਸ ਦੀ ਵਿਆਖਿਆ ਤਿੰਨ ਤਰ੍ਹਾਂ ਹੋ ਸਕਦੀ ਹੈ: 1. ਸਾਡੇ ਆਲੇ-ਦੁਆਲੇ ਦਿਸ ਰਿਹਾ ਸਗਲ ਪਸਾਰਾ ਬ੍ਰਹਮ ਹੈ। 2. ਮੈਂ ਬ੍ਰਹਮ ਹਾਂ। ਆਤਮਾ ਵੀ ਓਹੀ ਹੈ, ਜੋ ਬ੍ਰਹਮ ਹੈ, ਇਸ ਲਈ ਮੈਂ ਬ੍ਰਹਮ ਹਾਂ। 3. ਕਿਉਂਕਿ ਆਤਮਾ ਹੀ ਬ੍ਰਹਮ ਹੈ, ਇਸ ਲਈ ਤੂੰ ਵੀ ਬ੍ਰਹਮ ਦਾ ਅੰਸ਼ ਹੈਂ। ਭਾਵ ਸਾਰੇ ਜੀਵਾਂ ਵਿਚ ਤਤ ਦੀ ਏਕਤਾ ਹੈ। ਇਨ੍ਹਾਂ ਸੂਤਰਾਂ ਨੂੰ ਮਹਾਂਵਾਕ ਕਿਹਾ ਜਾਂਦਾ ਹੈ। ਇਹ ਬ੍ਰਹਮਵਾਦ ਦਾ ਤੱਤ ਨਿਚੋੜ ਹਨ।

ਵੇਦਾਂਤ ਦੀਆਂ ਸਿਖਿਆਵਾਂ ਦਾ ਤੱਤ ਨਿਚੋੜ ਇਨ੍ਹਾਂ ਧਾਰਨਾਵਾਂ ਵਿਚ ਪ੍ਰਗਟ ਕੀਤਾ ਗਿਆ ਹੈ: 1. ਸਿਰਫ ਬ੍ਰਹਮ ਸੱਚ ਹੈ। 2. ਸੰਸਾਰ ਮਾਇਆ ਹੈ। 3. ਜੀਵ ਅਤੇ ਬ੍ਰਹਮ (ੳ) ਇਕ ਸੋਚ ਅਨੁਸਾਰ ਇਕੋ ਹਨ। (ਅ) ਦੂਜੀ ਸੋਚ ਅਨੁਸਾਰ ਇਕੋ ਨਹੀਂ, ਸਗੋਂ ਉਸ ਦਾ ਤੱਤ ਹਨ, ਪਰ ਉਸ ਤੋਂ ਵੱਖਰੇ ਨਹੀਂ ਹਨ। (ੲ) ਤੀਜੀ ਸੋਚ ਅਨੁਸਾਰ ਇਹ ਵੱਖਰੇ ਅਤੇ ਇਕ-ਦੂਜੇ ਤੋਂ ਨਿਵੇਕਲੇ ਹਨ।

ਬ੍ਰਾਹਮਣਵਾਦ ਦੇ ਸਿਧਾਂਤ ਨੂੰ ਇਸ ਧਾਰਨਾ ਵਿਚ ਪੇਸ਼ ਕੀਤਾ ਜਾ ਸਕਦਾ ਹੈ: 1. ਚਾਰ ਵਰਣਾਂ ਵਿਚ ਯਕੀਨ। 2. ਵੇਦਾਂ ਦੀ ਪਵਿੱਤਰਤਾ ਅਤੇ ਉਨ੍ਹਾਂ ਦੇ ਅਨਾਦੀ ਹੋਣ ਵਿਚ ਯਕੀਨ। 3. ਮੁਕਤੀ ਦਾ ਇਕੋ ਇਕ ਸਾਧਨ ਦੇਵਤਿਆਂ ਨੂੰ ਬਲੀ ਦੇਣੀ।

ਬ੍ਰਹਮਵਾਦ ਅਤੇ ਵੇਦਾਂਤ-ਦੋਵੇਂ ਮੰਨਦੇ ਹਨ ਕਿ ਆਤਮਾ ਵੀ ਓਹੀ ਹੈ, ਜੋ ਬ੍ਰਹਮ ਹੈ, ਪਰ ਦੋਹਾਂ ਵਿਚ ਨਿਖੇੜਾ ਇਹ ਹੈ ਕਿ ਬ੍ਰਹਮਵਾਦ ਸੰਸਾਰ ਨੂੰ ਸੱਚਾਈ ਮੰਨਦਾ ਹੈ, ਜਦੋਂ ਕਿ ਵੇਦਾਂਤ ਸੰਸਾਰ ਨੂੰ ਮਾਇਆ (ਛਲਾਵਾ) ਕਹਿੰਦਾ ਹੈ। ਦੋਹਾਂ ਵਿਚਾਲੇ ਇਹੀ ਬੁਨਿਆਦੀ ਨਿਖੇੜਾ ਹੈ। ਇਹੀ ਮਾਰਕਸ ਦਾ ਭੌਤਿਕਵਾਦ (ਪਦਾਰਥਵਾਦ) ਹੈ।

ਏਂਗਲਸ ਨੇ ਲਿਖਿਆ ਹੈ, "ਮਨੁੱਖੀ ਮਨ ਬੁਨਿਆਦੀ ਹੈ ਜਾਂ ਕੁਦਰਤ? ਇਸ ਸਵਾਲ ਨੇ ਚਰਚ (ਮਜ਼ਹਬ) ਨੂੰ ਸੰਬੋਧਨ ਹੁੰਦਿਆਂ ਇਸ ਧਾਰਨਾ ਦਾ ਰੂਪ ਲਿਆ ਕਿ ਕੀ ਸੰਸਾਰ ਦੀ ਰਚਨਾ ਰੱਬ ਨੇ ਕੀਤੀ ਹੈ ਜਾਂ ਅੰਤਰੀਨ ਆਦਿ ਕਾਲ ਤੋਂ ਸੰਸਾਰ ਇਵੇਂ ਹੀ ਹੋਂਦ ਵਿਚ ਹੈ? ਇਸ ਸਵਾਲ ਦਾ ਜਵਾਬ ਦੇਣ ਵਾਲੇ ਫਿਲਾਸਫਰ ਦੋ ਵੱਡੇ ਧੜਿਆਂ ਵਿਚ ਵੰਡੇ ਹੋਏ ਸਨ। ਜੋ ਕੁਦਰਤ ਨਾਲੋਂ ਮਨੁੱਖੀ ਮਨ ਨੂੰ ਸਿਰਮੌਰ ਮੰਨਦੇ ਸਨ ਅਤੇ ਅੰਤਿਮ ਤੌਰ 'ਤੇ ਕਿਸੇ ਵੀ ਤਰ੍ਹਾਂ ਸੰਸਾਰ ਦੀ ਰਚਨਾ ਹੋਈ ਮੰਨਦੇ ਸਨ, ਉਹ ਆਦਰਸ਼ਵਾਦੀ ਧੜਾ ਬਣੇ ਅਤੇ ਦੂਜੇ, ਜੋ ਕੁਦਰਤ ਨੂੰ ਸਿਰਮੌਰ ਮੰਨਦੇ ਸਨ, ਉਹ ਸਾਰੇ ਭੌਤਿਕਵਾਦੀਆਂ ਦੀਆਂ ਵੱਖ ਵੱਖ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ।"

ਏਂਗਲਸ ਦੇ ਇਸ ਪੈਮਾਨੇ ਅਨੁਸਾਰ ਬ੍ਰਹਮ ਦੀ ਸੱਚਾਈ ਨੂੰ ਮੰਨਣ ਵਾਲੇ ਸਾਰੇ ਫਿਲਾਸਫਰ ਭੌਤਿਕਵਾਦੀਆਂ ਵਿਚ ਸ਼ਾਮਿਲ ਹੁੰਦੇ ਹਨ। ਬ੍ਰਹਮਵਾਦ ਦਾ ਤੱਤ ਇਹ ਹੈ ਕਿ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਪਸਰਿਆ ਦ੍ਰਿਸ਼ਟਮਾਨ ਸੰਸਾਰ ਸੱਚ ਹੈ ਅਤੇ ਇਹ ਸੰਸਾਰ ਅਸੀਮ-ਅਗਮ ਬ੍ਰਹਮ ਦਾ ਇਕ ਅੰਸ਼ ਹੈ। ਇਸ ਲਈ ਹਰੇਕ ਵਸਤੂ-ਵਰਤਾਰਾ ਬ੍ਰਹਮ ਦਾ ਅੰਸ਼ ਹੈ। ਫਰਕ ਸਿਰਫ ਏਨਾ ਹੈ ਕਿ ਮਾਰਕਸ ਨੇ 'ਬ੍ਰਹਮ' (ਬ੍ਰਹਿਮੰਡ) ਦੀ ਥਾਂ ਨੇਚਰ (ਕੁਦਰਤ) ਸ਼ਬਦ ਵਰਤਿਆ ਹੈ।

ਡਾ. ਅੰਬੇਡਕਰ ਦੀ ਬ੍ਰਹਮਵਾਦ ਬਾਰੇ ਟਿੱਪਣੀ ਹੈ, "ਮੈਂ ਬ੍ਰਹਮ ਹਾਂ, ਕਹਿਣ ਨਾਲ ਆਪਣੀ ਅਸਲੀ ਮਨੁੱਖੀ ਹੋਂਦ ਦਾ ਅਹਿਸਾਸ ਹੁੰਦਾ ਹੈ ਕਿ ਬਾਕੀ ਮਨੁੱਖਾਂ ਵਾਂਗ ਮੈਂ ਵੀ ਇਕ ਮਨੁੱਖ ਹਾਂ। ਇਕ ਅਜਿਹੇ ਸੰਸਾਰ ਵਿਚ ਜਿਥੇ ਹੀਣ ਭਾਵਨਾ ਨਾਲ ਗ੍ਰਸਤ ਮਨੁੱਖ ਜਾਤੀ ਏਨਾ ਦੁੱਖ ਹੰਢਾ ਰਹੀ ਹੈ, ਉਥੇ ਅਜਿਹਾ ਅਹਿਸਾਸ ਮਨੁੱਖ ਜਾਤੀ ਦੇ ਮਨ ਵਿਚ ਸਵੈਮਾਣ ਨਾਲ ਜਿਉਣ ਦੀ ਭਾਵਨਾ ਦੇ ਪ੍ਰੇਰਨਾ ਪੈਦਾ ਕਰੇਗਾ।...ਜਮਹੂਰੀਅਤ ਦੀ ਮੰਗ ਹੈ ਕਿ ਹਰੇਕ ਵਿਅਕਤੀ ਨੂੰ ਆਪਣੀ ਯੋਗਤਾ ਪ੍ਰਗਟਾਉਣ ਦਾ ਹਰ ਸੰਭਵ ਮੌਕਾ ਮਿਲੇ। ਜਮਹੂਰੀਅਤ ਦੀ ਇਹ ਵੀ ਲੋੜ ਹੈ ਕਿ ਹਰ ਵਿਅਕਤੀ ਚੇਤੰਨ ਰੂਪ ਵਿਚ ਇਹ ਜਾਣੇ ਕਿ ਉਹ ਵੀ ਬਾਕੀ ਮਨੁੱਖਾਂ ਵਾਂਗ ਹਰ ਪੱਖੋਂ ਯੋਗ ਹੈ। ਬ੍ਰਹਮਵਾਦ ਦਾ ਸਿਧਾਂਤ ਸਪਸ਼ਟ ਕਰ ਦਿੰਦਾ ਹੈ ਕਿ ਅਸੀਂ ਸਾਰੇ ਹੀ ਉਸ ਅਸੀਮ ਬ੍ਰਹਮ ਦਾ ਅੰਸ਼ ਹਾਂ।"

ਡਾ. ਅੰਬੇਡਕਰ ਦੇ ਕਥਨ ਅਨੁਸਾਰ ਦੁੱਖਦਾਈ ਗੱਲ ਇਹ ਹੈ ਕਿ ਬ੍ਰਹਮਵਾਦ ਦਾ ਕੋਈ ਸਮਾਜੀ ਪ੍ਰਭਾਵ ਨਾ ਪਿਆ। ਇਹ ਧਰਮ ਦਾ ਆਧਾਰ ਨਾ ਬਣਾਇਆ ਗਿਆ। ਜਦੋਂ ਇਹ ਪੁਛਿਆ ਜਾਂਦਾ ਹੈ ਕਿ ਇਹ ਕਿਉਂ ਵਾਪਰਿਆ? ਤਾਂ ਜੁਆਬ ਮਿਲਦਾ ਹੈ ਕਿ ਬ੍ਰਹਮਵਾਦ ਸਿਰਫ ਫਿਲਾਸਫੀ ਹੈ। ਜਦੋਂ ਕਿ ਫਿਲਾਸਫੀ ਸ਼ੁਧ ਸਿਧਾਂਤ ਦਾ ਮਸਲਾ ਨਹੀਂ, ਸਗੋਂ ਮਨੁਖੀ ਜ਼ਿੰਦਗੀ ਵਿਚ ਫਿਲਾਸਫੀ ਦੀਆਂ ਅਮਲਯੋਗ ਸੰਭਾਵਨਾਵਾਂ ਹਨ। ਫਿਲਾਸਫੀ ਦੀਆਂ ਜੜ੍ਹਾਂ ਜ਼ਿੰਦਗੀ ਦੇ ਮਸਲਿਆਂ ਵਿਚ ਹੁੰਦੀਆਂ ਹਨ ਅਤੇ ਫਿਲਾਸਫੀ ਦੀਆਂ ਜੋ ਧਾਰਨਾਵਾਂ ਇਨ੍ਹਾਂ ਦਾ ਹੱਲ ਦੱਸਦੀਆਂ ਹਨ, ਉਹ ਸਮਾਜ ਦੀ ਮੁੜ ਸਿਰਜਣਾ ਲਈ ਸਮਾਜ ਦੇ ਸਿਧਾਂਤਕ ਹਥਿਆਰ ਵਜੋਂ ਕੰਮ ਆਉਣੀਆਂ ਚਾਹੀਦੀਆਂ ਹਨ। ਸਿਰਫ ਜਾਣਨਾ ਹੀ ਕਾਫੀ ਨਹੀਂ ਸਗੋਂ ਜੋ ਮਨੁੱਖ ਜਾਣਦੇ ਹਨ, ਉਹ ਫਿਲਾਸਫੀ ਦੀਆਂ ਇਨ੍ਹਾਂ ਧਾਰਨਾਵਾਂ ਨੂੰ ਅਮਲ ਵਿਚ ਲਾਗੂ ਕਰਨ ਦੇ ਯਤਨ ਵੀ ਕਰਨ।"

ਐਨ ਇਹੀ ਧਾਰਨਾ ਕਾਰਲ ਮਾਰਕਸ ਦੀ ਹੈ ਕਿ ਫਿਲਾਸਫਰਾਂ ਨੇ ਹੁਣ ਤੱਕ ਕਈ ਢੰਗਾਂ ਨਾਲ ਸੰਸਾਰ ਦੀ ਸਿਰਫ ਵਿਆਖਿਆ ਹੀ ਕੀਤੀ ਹੈ, ਜਦੋਂ ਕਿ ਮਸਲਾ ਫਿਲਾਸਫੀ ਦੀ ਵਿਚਾਰਧਾਰਾ ਅਨੁਸਾਰ ਮਨੁੱਖੀ ਸਮਾਜ ਨੂੰ ਮੁੜ ਜਥੇਬੰਦ ਕਰਨ ਅਤੇ ਇਸ ਨੂੰ ਬਦਲਣ ਦਾ ਹੈ। ਫਿਲਾਸਫੀ ਵਿਚ ਪ੍ਰਗਟ ਹੁੰਦੀ ਵਿਚਾਰਧਾਰਾ ਦੇ ਆਧਾਰ 'ਤੇ ਮਨੁੱਖੀ ਸਮਾਜ ਨੂੰ ਮੁੜ ਤੋਂ ਕਿਵੇਂ ਜਥੇਬੰਦ ਕੀਤਾ ਜਾਏ, ਮਾਰਕਸਵਾਦ ਇਸ ਦੀ ਵਿਆਖਿਆ ਕਰਦਾ ਹੈ।

ਡਾ. ਅੰਬੇਡਕਰ ਅਨੁਸਾਰ "ਇਹ ਗੱਲ ਨਹੀਂ ਕਿ ਬ੍ਰਾਹਮਣਾਂ ਨੇ ਬ੍ਰਹਮਵਾਦ ਦੇ ਸਿਧਾਂਤ ਨੂੰ ਪਛਾਣਿਆ ਨਹੀਂ। ਉਨ੍ਹਾਂ ਨੇ ਇਸ ਸਿਧਾਂਤ ਨੂੰ ਪਛਾਣਿਆ, ਪਰ ਖੁਦ ਨੂੰ ਇਹ ਸਵਾਲ ਕਦੇ ਨਾ ਪੁਛਿਆ ਕਿ ਇਸ ਦੇ ਹੁੰਦਿਆਂ, ਉਹ ਬ੍ਰਾਹਮਣ ਅਤੇ ਸ਼ੂਦਰ, ਔਰਤ ਅਤੇ ਮਰਦ, ਨੀਚ ਜਾਤ ਅਤੇ ਉਚੀ ਜਾਤ ਵਿਚਲੀ ਨਾਬਰਾਬਰੀ ਦੀ ਹਮਾਇਤ ਕਿਵੇਂ ਕਰ ਸਕਦੇ ਹਨ? ਸਿੱਟਾ ਇਹ ਨਿਕਲਿਆ ਕਿ ਇਕ ਪਾਸੇ ਅਸੀਂ ਬ੍ਰਹਮਵਾਦ ਦਾ ਸਭ ਤੋਂ ਵਧ ਜਮਹੂਰੀ ਸਿਧਾਂਤ ਲਈ ਫਿਰਦੇ ਹਾਂ ਅਤੇ ਦੂਜੇ ਪਾਸੇ ਇਕ ਸਮਾਜ ਹੈ, ਜੋ ਜਾਤ-ਪਾਤੀ ਕੋਹੜ, ਮੁਢਲੇ ਆਦਿਵਾਸੀ ਅਤੇ ਜਰਾਇਮ ਪੇਸ਼ਾ ਕਬੀਲਿਆਂ ਦੀ ਹੋਂਦ ਨਾਲ ਭ੍ਰਿਸ਼ਟਿਆ ਪਿਆ ਹੈ।...ਹੋਰ ਵੀ ਵੱਧ ਬੇਹੂਦਾ ਗੱਲ ਮਹਾਨ ਸ਼ੰਕਰਾਚਾਰੀਆ ਦੀਆਂ ਸਿਖਿਆਵਾਂ ਹਨ, ਕਿਉਂਕਿ ਇਹ ਸ਼ੰਕਰਾਚਾਰੀਆ ਹੀ ਹੈ, ਜਿਸ ਨੇ ਇਹ ਗਿਆਨ ਦਿੱਤਾ ਕਿ ਬ੍ਰਹਮ ਦੀ ਹੋਂਦ ਹੈ, ਜੋ ਸੱਚ ਹੈ ਅਤੇ ਸਭ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ, ਪਰ ਨਾਲ ਹੀ ਉਸ ਨੇ ਬ੍ਰਾਹਮਣਵਾਦੀ ਸਮਾਜ ਦੀਆਂ ਸਭ ਨਾਬਰਾਬਰੀਆਂ ਨੂੰ ਵੀ ਬੁਲੰਦ ਕੀਤਾ। ਸਿਰਫ ਇਕ ਮਨੋਰੋਗੀ ਵਿਅਕਤੀ ਹੀ ਅਜਿਹੇ ਦੋ ਵਿਰੋਧੀ ਸਿਧਾਂਤ ਪੁਸ਼ਟ ਕਰਨ ਦੀ ਖੁਸ਼ੀ ਲੈ ਸਕਦਾ ਹੈ।"

ਹਿੰਦੂ ਪੁਨਰ ਸੁਰਜੀਤੀ ਦੇ ਮੋਢੀ ਮੰਨੇ ਜਾਂਦੇ ਆਦਿ ਸ਼ੰਕਰਾਚਾਰੀਆ ਦੀ ਫਿਲਾਸਫੀ ਵਿਚਲੇ ਇਨ੍ਹਾਂ ਇਕ-ਦੂਜੇ ਦੇ ਉਲਟ ਦੋ ਟਕਰਾਵੇਂ ਰੁਝਾਨ ਪ੍ਰਗਟ ਕਰਕੇ ਡਾ. ਅੰਬੇਡਕਰ ਦੀ ਸੰਸਾਰ ਫਿਲਾਸਫੀ ਦੇ ਵਿਕਾਸ ਵਿਚ ਇਕ ਵੱਡੀ ਦੇਣ ਹੈ। ਇਕ ਦੂਜੇ ਦੇ ਐਨ ਉਲਟ ਦੋ ਟਕਰਾਵੇਂ ਰੁਝਾਨਾਂ-ਬ੍ਰਹਮਵਾਦ ਤੇ ਬ੍ਰਾਹਮਣਵਾਦ ਨੂੰ ਰਲਗੱਡ ਕਰਕੇ ਸ਼ੰਕਰਾਚਾਰੀਆ ਨੇ ਵੈਦਿਕ ਫਿਲਾਸਫੀ ਨੂੰ ਇਕ ਗੰਭੀਰ ਉਲਝਣ ਵਿਚ ਫਸਾ ਦਿੱਤਾ ਹੈ। ਇਸੇ ਉਲਝਣ ਦਾ ਸਮਾਜੀ ਅਤੇ ਰਾਜਸੀ ਖਮਿਆਜਾ ਅਜੋਕੇ ਹਿੰਦੂ ਭਾਈਚਾਰੇ ਦੇ ਨਾਲ ਨਾਲ ਕਰੋੜਾਂ ਨੀਚ ਕਹੇ ਜਾਂਦੇ ਦਲਿਤ ਅਤੇ ਘਟਗਿਣਤੀ ਭਾਈਚਾਰਿਆਂ ਨੂੰ ਭੁਗਤਣਾ ਪੈ ਰਿਹਾ ਹੈ। ਆਰ. ਐਸ. ਐਸ. ਤੇ ਮੋਦੀ-ਸ਼ਾਹ ਦੀ ਰਾਜਨੀਤੀ ਨੂੰ ਖਦੇੜਨ ਲਈ ਬ੍ਰਹਮਵਾਦ ਤੇ ਬ੍ਰਾਹਮਣਵਾਦ ਵਿਚ ਸਿਧਾਂਤਕ ਨਿਖੇੜਾ ਕਰਨ ਦੀ ਲੋੜ ਹੈ। ਗੁਰਮਤਿ ਨੇ ਇਹ ਨਿਖੇੜਾ ਪਹਿਲਾਂ ਹੀ ਕੀਤਾ ਹੋਇਆ ਹੈ,

ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥
(ਪੰਨਾ 1127)


ਬ੍ਰਹਮੁ ਦੀਸੈ ਬ੍ਰਹਮੁ ਸੁਣੀਐ
ਏਕੁ ਏਕੁ ਵਖਾਣੀਐ॥ (ਪੰਨਾ 846)

ਭਾਵ ਇਹ ਸਾਰੀ ਉਤਪਤੀ ਬ੍ਰਹਮ ਦੇ ਅੰਸ਼ ਤੋਂ ਹੋਈ ਹੈ। ਬ੍ਰਹਮ ਹੀ ਦਿਸਦਾ ਹੈ ਅਤੇ ਬ੍ਰਹਮ ਹੀ ਸੁਣੀਦਾ ਹੈ। ਇਸ ਬ੍ਰਹਮ ਦਾ ਵਿਖਿਆਨ ਏਕੋ ਦੇ ਰੂਪ ਵਿਚ ਕਰੀਦਾ ਹੈ। ਗੁਰਮਤਿ ਨੇ 'ਬ੍ਰਹਮ'

(ਬਾਕੀ ਅਗਲੇ ਸਫੇ 'ਤੇ)

# ਭਾਰਤ 'ਚ ਬਦਲਾਓ ਅਤੇ ਭਾਜਪਾ ਦੀਆਂ ਸਿਆਸੀ ਗੋਟੀਆਂ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਉਹ ਦਿਨ ਯਾਦ ਕਰ ਸਕਦੇ ਹਾਂ, ਜਦੋਂ ਪਹਿਲੀ ਵਾਰ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੂੰ ਅੱਗੇ ਲਾ ਕੇ ਕਈ ਧਿਰਾਂ ਨੇ ਕੇਂਦਰ ਵਿਚ ਤੇਰਾਂ ਦਿਨਾਂ ਵਾਲੀ ਸਾਂਝੀ ਸਰਕਾਰ ਬਣਾਈ ਤੇ ਬਹੁ-ਸੰਮਤੀ ਹਾਸਲ ਨਾ ਕਰ ਸਕਣ ਪਿੱਛੋਂ ਅਸਤੀਫਾ ਦੇ ਕੇ ਤੁਰ ਗਈ ਸੀ। ਇਸ ਨੂੰ ਰੋਕਣ ਲਈ ਕਈ ਪਾਰਟੀਆਂ, ਜਿਨ੍ਹਾਂ ਨਾਲ ਖੱਬੇ-ਪੱਖੀ ਵੀ ਸੀ, ਨੇ ਬਦਲਵੀਂ ਸਰਕਾਰ ਬਣਾਈ ਸੀ, ਜਿਸ ਨੂੰ ਬਾਹਰ ਤੋਂ ਕਾਂਗਰਸ ਪਾਰਟੀ ਨੇ ਇਹ ਸੋਚ ਕੇ ਆਸਰਾ ਦਿੱਤਾ ਕਿ ਜਦੋਂ ਵੀ ਸਾਡੇ ਅਗਲੇ ਹਾਲਾਤ ਸੁਖਾਵੇਂ ਹੋਣਗੇ, ਇਸ ਸਰਕਾਰ ਹੇਠੋਂ ਕੁਰਸੀ ਖਿੱਚ ਲਵਾਂਗੇ। ਫਿਰ ਹਰਦਨਹੱਲੀ ਡੋਡਾਗੌਡਾ ਦੇਵੇਗੌੜਾ ਤੇ ਇੰਦਰ ਕੁਮਾਰ ਗੁਜਰਾਲ ਵਾਲੀਆਂ ਦੋ ਸਰਕਾਰਾਂ ਕਾਂਗਰਸ ਨੇ ਇਸੇ ਤਰ੍ਹਾਂ ਡੇਗੀਆਂ ਸਨ, ਪਰ ਅਗਲੀਆਂ ਚੋਣਾਂ ਵਿਚ ਇਸ ਦੇਸ਼ ਦੇ ਲੋਕਾਂ ਨੇ ਕਾਂਗਰਸ ਨੂੰ ਮੂੰਹ ਨਹੀਂ ਸੀ ਲਾਇਆ ਤੇ ਭਾਜਪਾ ਆਗੂ ਵਾਜਪਾਈ ਦੀ ਅਗਵਾਈ ਹੇਠ ਸਰਕਾਰ ਬਣਨ ਦਾ ਸਬੱਬ ਬਣ ਗਿਆ ਸੀ।

ਦੋ ਵਾਰੀਆਂ ਵਿਚ ਕੁੱਲ ਛੇ ਸਾਲ ਰਾਜ ਕਰਦੇ ਰਹੇ ਭਾਜਪਾ ਆਗੂ ਵਾਜਪਾਈ ਅਤੇ ਅਡਵਾਨੀ ਦੀ ਜੋੜੀ ਨੂੰ ਇਸ ਸਵਾਲ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਕਿ ਉਹ ਰਾਮ ਮੰਦਿਰ ਦੀ ਉਸਾਰੀ, ਜੰਮੂ-ਕਸ਼ਮੀਰ ਲਈ ਵਿਸ਼ੇਸ਼ ਦਰਜੇ ਵਾਲੀ ਤਿੰਨ ਸੌ ਸੱਤਰ ਦੀ ਧਾਰਾ ਅਤੇ ਇੱਕੋ ਜਿਹਾ ਸਿਵਲ ਕੋਡ ਬਣਾਉਣ ਦੇ ਆਪਣੇ ਐਲਾਨਾਂ ਤੋਂ ਗੱਦੀ ਦੇ ਭੁੱਸ ਕਾਰਨ ਪਾਸਾ ਵੱਟ ਗਏ ਹਨ। ਭਾਜਪਾ ਆਗੂ ਕਹਿੰਦੇ ਸਨ ਕਿ ਅਜੇ ਸਾਡੀ ਆਪਣੀ ਬਹੁ-ਗਿਣਤੀ ਨਹੀਂ, ਦੂਜੇ ਦਲਾਂ ਦੇ ਆਸਰੇ ਸਰਕਾਰ ਚੱਲਦੀ ਹੋਣ ਕਾਰਨ ਇਹ ਕੰਮ ਨਹੀਂ ਕਰ ਸਕਦੇ, ਪਰ ਜਿਸ ਦਿਨ ਸਾਡੀ ਬਹੁ-ਗਿਣਤੀ ਹੋ ਗਈ ਤਾਂ ਉਸ ਦਿਨ ਇਹ ਕੁਝ ਵੀ ਕਰ ਦਿਆਂਗੇ।

ਸਹਿਯੋਗੀ ਦਲਾਂ ਦੇ ਆਗੂ ਆਖਦੇ ਸਨ ਕਿ ਇਹ ਸਿਰਫ ਕਹਿਣ ਦੀਆਂ ਹੀ ਗੱਲਾਂ ਹਨ, ਭਾਜਪਾ ਇਸ ਦੇਸ਼ ਵਿਚ ਉਹ ਕਦਮ ਕਦੇ ਨਹੀਂ ਚੁੱਕੇਗੀ, ਅਤੇ ਚੁੱਕ ਵੀ ਨਹੀਂ ਸਕਦੀ, ਜਿਨ੍ਹਾਂ ਦਾ ਦਾਅਵਾ ਕਰਦੀ ਹੈ। ਫਿਰ ਨਰਿੰਦਰ ਮੋਦੀ ਸਰਕਾਰ ਬਣ ਗਈ। ਲੋਕ ਸਭਾ ਵਿਚ ਬਹੁ-ਗਿਣਤੀ ਵਾਸਤੇ ਦੋ ਸੌ ਬਹੱਤਰ ਸੀਟਾਂ ਦੀ ਲੋੜ ਸੀ, ਉਸ ਦੀਆਂ ਦੋ ਸੌ ਬਿਆਸੀ ਆ ਗਈਆਂ, ਪਰ ਇਹ ਕੰਮ ਪੰਜ ਸਾਲ ਕੀਤੇ ਨਹੀਂ ਗਏ। ਮਾੜੀ-ਮੋਟੀ ਚਾਬੀ ਛੇੜ ਕੇ ਚੁੱਪ ਕਰ ਜਾਂਦੇ ਰਹੇ ਸਨ ਤੇ ਆਮ ਪ੍ਰਭਾਵ ਇਹ ਦਿੱਤਾ ਜਾ ਰਿਹਾ ਸੀ ਕਿ ਭਾਜਪਾ ਅਗਲੇ ਸਖਤ ਕਦਮ ਚੁੱਕਣ ਤੋਂ ਝਿਜਕਦੀ ਹੈ ਅਤੇ ਕਦੇ ਵੀ ਇਸ ਤੋਂ ਅੱਗੇ ਜਾਣ ਦੀ ਹਿੰਮਤ ਨਹੀਂ ਕਰ ਸਕਦੀ, ਕਿਉਂਕਿ ਬਹੁ-ਸੰਮਤੀ ਹੋ ਜਾਣ ਪਿੱਛੋਂ ਨਰਿੰਦਰ ਮੋਦੀ ਜਿਹਾ ਲੀਡਰ ਇਹ ਕੁਝ ਕਰਨ ਤੋਂ ਆਖਰੀ ਵੇਲੇ ਝਿਜਕਦਾ ਦਿੱਸਦਾ ਹੈ। ਅਸਲ ਸਥਿਤੀ ਸਮਝਣ ਤੋਂ ਜੋ ਲੋਕ ਉਦੋਂ ਅਸਮਰਥ ਸਨ, ਉਹ ਇਸ ਵੇਲੇ ਤਾਜ਼ਾ ਸਥਿਤੀ ਵੱਲ ਵੇਖ ਕੇ ਸਮਝਣਾ ਹੋਵੇ ਤਾਂ ਸਮਝ ਸਕਦੇ ਹਨ।

ਗੱਲ ਅਸਲ ਇਹ ਨਹੀਂ ਸੀ ਕਿ ਭਾਜਪਾ ਲੀਡਰਸ਼ਿਪ ਜਾਂ ਨਰਿੰਦਰ ਮੋਦੀ ਜਿਹਾ ਲੀਡਰ ਕੁਝ ਕਰਨੋਂ ਝਿਜਕ ਰਿਹਾ ਸੀ, ਸਗੋਂ ਇਹ ਸੀ ਕਿ ਉਸ ਨੂੰ ਲੋਕ ਸਭਾ ਅੰਦਰ ਬਹੁ-ਮੱਤ ਦੇ ਨਾਲ ਰਾਜ ਸਭਾ ਵਿਚ ਆਪਣੀ ਬਹੁ-ਗਿਣਤੀ ਨਾ ਹੋਣ ਦਾ ਅਹਿਸਾਸ ਅਗਲੇ ਕਦਮ ਨਹੀਂ ਸੀ ਪੁੱਟਣ ਦਿੰਦਾ। ਜਦੋਂ ਇਸ ਸਾਲ ਚੋਣਾਂ ਵਿਚ ਉਹ ਲੋਕ ਸਭਾ 'ਚ ਅੱਗੇ ਨਾਲੋਂ ਵੱਧ ਮੈਂਬਰਾਂ ਦਾ ਆਗੂ ਬਣਨ ਨਾਲ ਰਾਜ ਸਭਾ ਵਿਚੋਂ ਕੁਝ ਲੋਕਾਂ ਦੀ ਦਲ-ਬਦਲੀ ਅਤੇ ਕੁਝ ਹੋਰਨਾਂ ਦੇ ਅਸਤੀਫੇ ਦਿਵਾ ਕੇ ਵਿਰੋਧੀ ਧਿਰ ਨੂੰ ਅਧਰੰਗ ਦੀ ਮਾਰੀ ਸਾਬਤ ਕਰਨ ਤੇ ਕਈ ਵਿਰੋਧੀ ਆਗੂਆਂ ਨੂੰ ਫੈਸਲੇ ਦੀ ਘੜੀ ਹਾਜ਼ਰ ਨਾ ਹੋਣ ਲਈ ਮਨਾਉਣ ਵਿਚ ਸਫਲ ਹੋ ਗਏ, ਉਨ੍ਹਾਂ ਨੇ ਅਗਲੇ ਕੰਮ ਛੋਹ ਦਿੱਤੇ ਸਨ।

ਪਹਿਲਾਂ ਸੂਚਨਾ ਅਧਿਕਾਰ ਅਤੇ ਤਿੰਨ ਤਲਾਕ ਵਰਗੇ ਕੁਝ ਅਟਕੇ ਹੋਏ ਬਿੱਲ ਰਾਜ ਸਭਾ ਤੋਂ ਦਾਅ-ਪੇਚਕ ਹੁਨਰ ਨਾਲ ਪਾਸ ਕਰਵਾਏ ਤੇ ਫਿਰ ਰਾਜ ਸਭਾ ਵਿਚੋਂ ਜੰਮੂ-ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ 'ਤੇ ਕਾਟਾ ਮਰਵਾ ਦਿੱਤਾ। ਇਸ ਦੇ ਨਾਲ ਗੱਡੀ ਇੱਕ ਵਾਰ ਰਿੜ੍ਹਨ ਦੇ ਰਾਹ ਪੈ ਗਈ ਹੈ ਤੇ ਆਏ ਦਿਨ ਕੋਈ ਨਵਾਂ ਕਦਮ ਚੁੱਕਿਆ ਜਾ ਰਿਹਾ ਹੈ, ਕੁਝ ਕਦਮ ਉਠਾਏ ਜਾਣ ਦੇ ਐਲਾਨ ਕੀਤੇ ਜਾਣ ਲੱਗ ਪਏ ਹਨ ਤੇ ਕੁਝ ਕਦਮਾਂ ਬਾਰੇ ਕਨਸੋਆਂ ਇੰਜ ਸੁਣਨ ਲੱਗ ਪਈਆਂ ਹਨ ਕਿ ਸਭ ਕੁਝ ਬਦਲਦਾ ਜਾਪਦਾ ਹੈ।

ਨਰਿੰਦਰ ਮੋਦੀ ਸਰਕਾਰ ਦੇ ਪਹਿਲੇ ਰਾਜ ਵਿਚ ਇੱਕ ਵਾਰੀ ਕੁਝ ਬੈਂਕ ਵਲ੍ਹੇਟ ਕੇ ਸਟੇਟ ਬੈਂਕ ਆਫ ਇੰਡੀਆ ਦੇ ਢਿੱਡ ਵਿਚ ਪਾਏ ਗਏ ਸਨ ਤੇ ਕੁਝ ਹੋਰਨਾਂ ਨੂੰ ਬੈਂਕ ਆਫ ਬੜੌਦਾ ਵਿਚ ਸ਼ਾਮਲ ਕੀਤਾ ਗਿਆ ਸੀ। ਜਿਸ ਕਿਸੇ ਬੈਂਕ ਦੇ ਨਾਂ ਨਾਲ 'ਸਟੇਟ ਬੈਂਕ' ਲੱਗਦਾ ਸੀ, ਇਹੋ ਜਿਹੇ ਪੰਜ ਬੈਂਕ ਪਿਛਲੇਰੇ ਸਾਲ ਸਟੇਟ ਬੈਂਕ ਵਿਚ ਸ਼ਾਮਲ ਕਰਨ ਦੇ ਨਾਲ ਭਾਰਤੀ ਮਹਿਲਾ ਬੈਂਕ ਵੀ ਇਸ ਵਿਚ ਮਿਲਾ ਦਿੱਤਾ ਸੀ ਤੇ ਪੰਜਾਬ ਨਾਲ ਸਬੰਧਤ ਸਟੇਟ ਬੈਂਕ ਆਫ ਪਟਿਆਲਾ ਵੀ ਉਦੋਂ ਸਮੇਟ ਦਿੱਤਾ ਗਿਆ ਸੀ। ਅਗਲੇ ਸਾਲ ਮੋਦੀ ਸਰਕਾਰ ਨੇ ਦੇਨਾ ਬੈਂਕ ਅਤੇ ਵਿਜਯਾ ਬੈਂਕ ਨੂੰ ਵੀ ਬੈਂਕ ਆਫ ਬੜੌਦਾ ਵਿਚ ਸ਼ਾਮਲ ਕਰ ਦਿੱਤਾ ਤਾਂ ਇਸ ਪਿੱਛੋਂ ਪੰਜਾਬ ਨੈਸ਼ਨਲ ਬੈਂਕ ਦੀ ਵਾਰੀ ਮੰਨੀ ਜਾਣ ਲੱਗੀ ਸੀ। ਦਿੱਲੀ ਦੇ ਦਿਆਲ ਸਿੰਘ ਕਾਲਜ ਤੋਂ ਦਿਆਲ ਸਿੰਘ ਮਜੀਠੀਏ ਦਾ ਨਾਂ ਕੱਟੇ ਜਾਣ ਵੇਲੇ ਇਹ ਰੌਲਾ ਪਿਆ ਸੀ ਕਿ ਦਿਆਲ ਸਿੰਘ ਵੱਲੋਂ ਕਾਇਮ ਕੀਤਾ ਗਿਆ ਪੰਜਾਬ ਨੈਸ਼ਨਲ ਬੈਂਕ ਵੀ ਸ਼ਾਇਦ ਨਹੀਂ ਰਹਿਣ ਦਿੱਤਾ ਜਾਵੇਗਾ, ਪਰ ਲੋਕ ਸਭਾ ਚੋਣਾਂ ਸਿਰ 'ਤੇ ਵੇਖ ਕੇ ਉਦੋਂ ਸਰਕਾਰ ਨੇ ਇਹ ਇਰਾਦਾ ਛੱਡ ਦਿੱਤਾ ਸੀ।

ਬੀਤੇ ਸ਼ੁੱਕਰਵਾਰ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਭਾਜਪਾ ਦੀ ਮੌਜੂਦਾ ਸਰਕਾਰ ਵੱਲੋਂ ਇਹ ਐਲਾਨ ਕਰ ਦਿੱਤਾ ਹੈ ਕਿ ਦਸ ਹੋਰ ਬੈਂਕ ਇਸੇ ਤਰ੍ਹਾਂ ਚਾਰ ਵੱਡੇ ਬੈਂਕਾਂ ਵਿਚ ਮਿਲਾ ਲੈਣੇ ਤੇ ਦੇਸ਼ ਵਿਚ ਸਿਰਫ ਦਸ ਸਰਕਾਰੀ ਬੈਂਕ ਰਹਿਣ ਦੇਣੇ ਹਨ, ਜਿਨ੍ਹਾਂ ਵਿਚ ਪੰਜਾਬ ਨੈਸ਼ਨਲ ਬੈਂਕ ਵੀ ਹੋਵੇਗਾ ਤੇ ਦੋ ਬੈਂਕਾਂ ਨੂੰ ਆਪਣੇ ਢਿੱਡ ਵਿਚ ਪਾਉਣ ਪਿੱਛੋਂ ਇਹ ਭਾਰਤ ਦਾ ਦੂਸਰਾ ਵੱਡਾ ਬੈਂਕ ਅਖਵਾਏਗਾ। ਚਲੋ ਕੋਈ ਗੱਲ ਨਹੀਂ।

ਤੀਜਾ ਮਾਮਲਾ ਲੋਕ ਸਭਾ ਚੋਣਾਂ ਹੋਣ ਤੋਂ ਪਹਿਲਾਂ ਮੋਦੀ ਸਰਕਾਰ ਦੀ ਉਸ ਇੱਛਾ ਦੀ ਪੂਰਤੀ ਦਾ ਸੀ, ਜਿਸ ਵਿਚ ਇਹ ਗੱਲ ਚਲਾਈ ਗਈ ਕਿ ਰਿਜ਼ਰਵ ਬੈਂਕ ਕੋਲ ਪਿਆ ਪੈਸਾ ਕਿਸੇ ਕੰਮ ਨਹੀਂ ਆ ਰਿਹਾ ਤੇ ਇਹ ਕੇਂਦਰੀ ਸਰਕਾਰ ਨੂੰ ਵਿਕਾਸ ਕੰਮ ਲਈ ਦੇ ਦੇਣਾ ਚਾਹੀਦਾ ਹੈ। ਉਦੋਂ ਦੇ ਰਿਜ਼ਰਵ ਬੈਂਕ ਦੇ ਬੋਰਡ ਵਿਚਲੇ ਕੁਝ ਮੈਂਬਰਾਂ ਨੇ ਵਿਰੋਧ ਕੀਤਾ ਅਤੇ ਰਾਜਸੀ ਖੇਤਰ ਵਿਚੋਂ ਵੀ ਵੱਡਾ ਵਿਰੋਧ ਹੋਣ ਕਾਰਨ ਚੋਣਾਂ ਮੌਕੇ ਕਿਸੇ ਨਵੇਂ ਵਿਵਾਦ ਤੋਂ ਬਚਣ ਲਈ ਸਰਕਾਰ ਨੇ ਇਰਾਦਾ ਬਦਲ ਲਿਆ ਸੀ, ਪਰ ਚੋਣਾਂ ਜਿੱਤਣ ਦੇ ਤਿੰਨ ਮਹੀਨੇ ਨਹੀਂ ਸੀ ਲੰਘਣ ਦਿੱਤੇ ਕਿ ਉਸ ਨੇ ਰਿਜ਼ਰਵ ਬੈਂਕ ਤੋਂ ਪੌਣੇ ਦੋ ਲੱਖ ਕਰੋੜ ਰੁਪਏ ਆਪਣੇ ਖਾਤੇ ਵਿਚ ਪਵਾ ਲਏ ਹਨ। ਇਹ ਪੈਸਾ ਭਵਿੱਖ ਦੀ ਕਿਸੇ ਐਮਰਜੈਂਸੀ ਲਈ ਰੱਖਣ ਦੀ ਰਵਾਇਤ ਹੈ ਤੇ ਇੱਕ ਵਾਰੀ ਪਹਿਲਾਂ ਜਦੋਂ ਏਦਾਂ ਦੀ ਸੋਚ ਵਾਜਪਾਈ ਸਰਕਾਰ ਵੇਲੇ ਉੱਭਰੀ ਸੀ ਤਾਂ ਸਭ ਤੋਂ ਪਹਿਲਾਂ ਆਰ. ਐਸ. ਐਸ. ਨੇ ਇਸ ਦਾ ਵਿਰੋਧ ਕੀਤਾ ਸੀ। ਇਸ ਵਾਰੀ ਆਰ. ਐਸ. ਐਸ. ਕੇਂਦਰ ਸਰਕਾਰ ਦੇ ਨਾਲ ਖੜ੍ਹਾ ਹੈ।

ਏਜੰਡਾ ਅਜੇ ਸ਼ੁਰੂ ਹੋਇਆ ਹੈ, ਕਿਸੇ ਸਿਰੇ ਨਹੀਂ ਲੱਗਾ ਅਤੇ ਛੇਤੀ ਲੱਗਣ ਵਾਲਾ ਵੀ ਨਹੀਂ। ਰਾਮ ਮੰਦਿਰ ਦਾ ਮੁੱਦਾ ਬੜੇ ਲੰਮੇ ਸਮੇਂ ਤੋਂ ਲਟਕਿਆ ਪਿਆ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ ਛੇਤੀ ਸੁਣਵਾਈ ਦੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ ਸੀ, ਪਰ ਇਸ ਵਾਰ ਉਹ ਰੋਜ਼ਾਨਾ ਸੁਣਵਾਈ ਲਈ ਸਹਿਮਤ ਹੋ ਗਈ ਹੈ ਤੇ ਉਥੇ ਉਹ ਲੋਕ ਇਸ ਕੇਸ ਵਿਚ ਸਰਕਾਰ ਦੇ ਪੱਖ ਵਿਚ ਬੋਲਣ ਲੱਗੇ ਹਨ, ਜੋ ਕਈ ਸਾਲਾਂ ਤੋਂ ਵਿਰੋਧ ਕਰਦੇ ਆਏ ਸਨ। ਮੁਸਲਿਮ ਧਿਰਾਂ ਵਿਚੋਂ ਇੱਕ ਇਹ ਕਹਿਣ ਲੱਗ ਪਈ ਹੈ ਕਿ ਝਗੜੇ ਵਾਲੀ ਥਾਂ ਨਮਾਜ਼ ਨਹੀਂ ਪੜ੍ਹੀ ਜਾ ਸਕਦੀ, ਇਸ ਲਈ ਇਹ ਥਾਂ ਕਿਸੇ ਨੂੰ ਵੀ ਦਿੱਤੀ ਜਾਵੇ, ਸਾਨੂੰ ਇਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ।

ਕਾਨੂੰਨੀ ਜੰਗ ਇਸ ਵੇਲੇ ਹਿੰਦੂ ਅਤੇ ਮੁਸਲਿਮ ਧਿਰਾਂ ਵਿਚ ਓਨੀ ਨਹੀਂ, ਜਿੰਨੀ ਹਿੰਦੂ ਧਿਰਾਂ ਵਿਚੋਂ ਨਿਰਮੋਹੀ ਅਖਾੜੇ ਦੇ ਸਾਧੂਆਂ ਤੇ 'ਰਾਮ ਲੱਲਾ ਬਿਰਾਜਮਾਨ' ਵਾਲੀਆਂ ਦੋ ਧਿਰਾਂ ਵਿਚਾਲੇ ਹੁੰਦੀ ਪਈ ਹੈ। ਇਸ ਵਿਚ ਕਿਸੇ ਦਿਨ ਅਖਾੜੇ ਦੇ ਸਾਧੂ ਪਿੱਛੇ ਹਟਣ ਦਾ ਐਲਾਨ ਕਰ ਦੇਣ, ਜਿਸ ਲਈ ਯਤਨ ਵੀ ਕੀਤੇ ਜਾ ਰਹੇ ਹਨ ਤਾਂ ਉਹ ਥਾਂ ਸਾਫ ਹੋ ਸਕਦੀ ਹੈ, ਜਿਸ ਬਾਰੇ ਵਾਜਪਾਈ ਨੇ ਇੱਕ ਵਾਰ ਇਹ ਕਿਹਾ ਸੀ ਕਿ 'ਉਥੇ ਕੁਝ ਨੋਕੀਲੇ ਪੱਥਰ ਹਨ ਤਾਂ ਉਹ ਲੋਕਾਂ ਦੇ ਬੈਠਣ ਲਈ ਸਾਫ ਕਰਨੇ ਪੈਣਗੇ।'

ਨੋਕੀਲੇ ਪੱਥਰ ਉਦੋਂ ਵਾਜਪਾਈ ਨੇ ਬਾਬਰੀ ਮਸਜਿਦ ਦੇ ਗੁੰਬਦਾਂ ਨੂੰ ਕਿਹਾ ਸੀ ਤੇ ਲਖਨਊ ਵਿਚ ਦਿੱਤੇ ਵਾਜਪਾਈ ਦੇ ਭਾਸ਼ਣ ਤੋਂ ਅਗਲੇ ਦਿਨ ਭਾਜਪਾ ਦੀ ਭੜਕਾਈ ਹੋਈ ਭੀੜ ਨੇ ਢਾਹ ਕੇ ਉਹ 'ਨੋਕੀਲੇ ਪੱਥਰ' ਸਾਫ ਕਰ ਦਿੱਤੇ ਸਨ। ਬਾਕੀ ਕੰਮ ਅਗਲੇ ਦਿਨੀਂ ਹੋ ਸਕਦਾ ਹੈ। ਹਿੰਦੂ ਸੰਤਾਂ ਦੀ ਇੱਕ ਧਿਰ ਬੜੇ ਚਿਰ ਤੋਂ ਇਸ ਕੰਮ ਵਾਸਤੇ ਪਾਰਲੀਮੈਂਟ ਤੋਂ ਮਤਾ ਪਾਸ ਕਰਵਾਉਣ ਨੂੰ ਕਾਹਲੀ ਪੈ ਰਹੀ ਸੀ, ਉਸ ਨੂੰ ਵੀ ਇਸ ਪੜਾਅ 'ਤੇ ਇਹ ਜਾਪਣ ਲੱਗ ਪਿਆ ਹੈ ਕਿ ਫੈਸਲਾ ਸਾਡੇ ਪੱਖ ਵਿਚ ਹੋਣ ਦੇ ਹਾਲਾਤ ਹੋ ਸਕਦੇ ਹਨ।

ਇੱਕ ਏਜੰਡਾ ਹੋਰ ਹੈ ਅਤੇ ਉਹ ਆਰ. ਐਸ. ਐਸ. ਦੇ ਜਨਮ ਵੇਲੇ ਤੋਂ ਚੱਲਦਾ ਆ ਰਿਹਾ ਹੈ। ਬਹੁਤੇ ਲੋਕਾਂ ਨੂੰ ਯਾਦ ਨਹੀਂ ਕਿ ਜਿਸ ਸਾਲ ਸਤੰਬਰ ਵਿਚ ਆਰ. ਐਸ. ਐਸ. ਦੀ ਸ਼ੁਰੂਆਤ ਕੀਤੀ ਗਈ ਸੀ, ਉਸੇ ਸਾਲ ਦੋ ਮਹੀਨੇ ਪਿੱਛੋਂ ਇਸ ਦੇਸ਼ ਵਿਚ ਕਮਿਊਨਿਸਟ ਪਾਰਟੀ ਬਾਕਾਇਦਾ ਤੌਰ 'ਤੇ ਬਣਾਈ ਗਈ ਸੀ। ਦੇਸ਼ ਦੀ ਆਜ਼ਾਦੀ ਲਹਿਰ ਵੇਲੇ ਇੱਕ ਧਿਰ ਖੱਬੇ ਨੂੰ ਲਿਜਾਣ ਵਾਲੀ ਤੇ ਦੂਜੀ ਅਸਲੋਂ ਸੱਜੇ ਦਾ ਮੋੜਾ ਕੱਟਣ ਵਾਲੀ ਹੋਣ ਕਾਰਨ ਇਨ੍ਹਾਂ ਦੋਵਾਂ ਦਾ ਆਢਾ ਉਦੋਂ ਹੀ ਲੱਗ ਗਿਆ ਸੀ ਤੇ ਉਹ ਆਢਾ ਅੱਜ ਤੱਕ ਜਾਰੀ ਹੈ। ਵੀਰ ਸਾਵਰਕਰ ਕਿੱਦਾਂ ਦਾ ਸੀ, ਕਾਂਗਰਸ ਦੇ ਆਗੂ ਉਦੋਂ ਤੱਕ ਉਸ ਬਾਰੇ ਕੁਝ ਨਹੀਂ ਕਹਿੰਦੇ, ਜਦੋਂ ਤੱਕ ਆਪਣੇ ਖਿਲਾਫ ਕੋਈ ਹਮਲਾਵਰੀ ਹੁੰਦੀ ਨਹੀਂ ਵੇਖਦੇ ਤੇ ਖੱਬੇ ਪੱਖੀਏ ਉਸ ਦੇ ਖਿਲਾਫ ਬੋਲਣ ਦਾ ਕੋਈ ਮੌਕਾ ਛੱਡਦੇ ਨਹੀਂ।

ਆਰ. ਐਸ. ਐਸ. ਨਾਲ ਜੁੜੇ ਹਾਸੋਹੀਣੇ ਸਿਧਾਂਤਕਾਰ ਜਦੋਂ ਮਹਾਂਭਾਰਤ ਦੇ ਵਕਤ ਵੀ ਭਾਰਤ ਵਿਚ ਵੱਟਸ ਐਪ ਹੋਣ ਜਾਂ ਰਾਜਾ ਜਨਕ ਦੀ ਬੇਟੀ ਸੀਤਾ ਨੂੰ ਭਾਰਤ ਵਿਚਲਾ ਪਹਿਲਾ ਟੈਸਟ ਟਿਊਬ ਬੇਬੀ ਆਖਦੇ ਹਨ ਤਾਂ ਕਾਂਗਰਸੀ ਲੀਡਰ ਵਿਰੋਧ ਕਰਨ ਦੀ ਲੋੜ ਨਹੀਂ ਸਮਝਦੇ ਅਤੇ ਖੱਬੇ ਪੱਖੀ ਚੁੱਪ ਨਹੀਂ ਰਹਿੰਦੇ। ਦੋਹਾਂ ਦਾ ਵਿਰੋਧ ਭਾਰਤ ਦੀ ਰਾਜਨੀਤੀ ਦੇ ਅਗਲੇ ਏਜੰਡੇ ਦਾ ਹਿੱਸਾ ਬਣਨ ਵਾਲਾ ਹੈ। ਸਰਕਾਰ ਚਲਾ ਰਹੀ ਪਾਰਟੀ ਦੇ ਕਾਹਲੇ ਸਮਰਥਕ ਇਨ੍ਹੀਂ ਦਿਨੀਂ ਮੀਡੀਏ ਵਿਚ 'ਸ਼ਹਿਰੀ ਨਕਸਲ' ਮੁੱਦੇ ਉਤੇ ਉਸੇ ਤਰ੍ਹਾਂ ਭਖਵੀਂ ਬਹਿਸ ਦੇ ਪ੍ਰੋਗਰਾਮ ਐਵੇਂ ਨਹੀਂ ਰੱਖਣ ਲੱਗ ਪਏ, ਜਿਵੇਂ ਇੱਕ ਮਹੀਨਾ ਪਹਿਲਾਂ ਤੱਕ ਉਹ ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ ਦੇ ਮੁੱਦੇ 'ਤੇ ਵੀ ਕਰਿਆ ਕਰਦੇ ਸਨ। ਏਦਾਂ ਦਾ ਕੰਮ ਉਹ ਆਪ ਨਹੀਂ ਕਰਦੇ ਹੁੰਦੇ, ਕਿਸੇ ਦੇ ਇਸ਼ਾਰੇ 'ਤੇ ਕਰਦੇ ਹਨ।

ਭਾਰਤ ਵਿਚ 'ਸਾਰੇ ਲੋਕਾਂ ਲਈ ਇੱਕੋ ਜਿਹਾ' ਸੰਵਿਧਾਨ ਲਾਗੂ ਕਰਨ ਦਾ ਏਜੰਡਾ ਬੇਰੁੱਖਾ ਹੁੰਦਾ ਜਾਪਣ ਲੱਗ ਪਿਆ ਹੈ। ਇਹ ਨਵਾਂ ਏਜੰਡਾ ਹੌਲੀ-ਹੌਲੀ ਉਸ ਫਿੱਕੇ ਪੈ ਚੁੱਕੇ ਏਜੰਡੇ ਦੀ ਥਾਂ ਮੱਲ ਰਿਹਾ ਹੈ। ਭੀੜ ਕਿਸੇ ਨੂੰ ਮਾਰਦੀ ਹੈ ਤਾਂ ਮਾਰਨ ਦਿਓ, ਅਜੇ ਕੁਝ ਦਿਨ ਰੁਕ ਕੇ ਉਸ ਬਾਰੇ ਸੋਚਿਆ ਜਾ ਸਕਦਾ ਹੈ, 'ਸ਼ਹਿਰੀ ਨਕਸਲ' ਵਾਲਾ ਮੁੱਦਾ ਅਤੇ ਇਸ ਦੇ ਨਾਲ ਹੀ ਕਿਸੇ ਜੱਜ ਵੱਲੋਂ ਕੇਸ ਦੀ ਸੁਣਵਾਈ ਦੌਰਾਨ ਲਿਓ ਟਾਲਸਟਾਏ ਦੀ ਕਿਤਾਬ 'ਜੰਗ ਅਤੇ ਅਮਨ' ਬਾਰੇ ਅਸਲੋਂ ਬੇਲੋੜੀ ਟਿੱਪਣੀ ਕਰਨ ਦਾ ਜੋ ਮਤਲਬ ਹੈ, ਉਹ 'ਮਤਲਬ' ਅਗੇਤਾ ਏਜੰਡਾ ਬਣ ਰਿਹਾ ਹੈ। ਅਗਲਾ ਸਾਲ ਕਿਤੇ ਰਿਹਾ, ਅਗਲਾ ਮਹੀਨਾ ਹੀ ਇਸ ਦੇਸ਼ ਦੀ ਰਾਜਨੀਤੀ ਵਿਚ ਜੋ ਮੋੜ ਲਿਆਉਣ ਵਾਲਾ ਹੈ, ਇਸ ਵਰਤਾਰੇ ਤੋਂ ਸਮਝ ਪੈ ਸਕਦਾ ਹੈ।

ਇਸ ਵਕਤ ਦੀ ਸਰਕਾਰ ਕਿਸੇ ਹੋਰ ਦੇ ਸਮਰਥਨ ਦੀ ਮੁਥਾਜ ਨਹੀਂ। ਉਸ ਕੋਲ ਲੋਕ ਸਭਾ ਅਤੇ ਰਾਜ ਸਭਾ ਵਿਚ ਬਹੁ-ਗਿਣਤੀ ਕਰਨ ਦਾ ਜੁਗਾੜ ਮੌਜੂਦ ਹੈ। ਜੋ ਕੰਮ ਕਰਨ ਤੋਂ ਵਾਜਪਾਈ ਸਰਕਾਰ ਨੂੰ ਝਿਜਕ ਸੀ, ਉਹ ਇਸ ਵੇਲੇ ਕੀਤੇ ਜਾਣ ਲੱਗੇ ਹਨ। ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ, ਜੋ ਸਮਝਣ ਵਿਚ ਕਿਸੇ ਨੂੰ ਕੋਈ ਔਖ ਨਹੀਂ ਹੋਣੀ ਚਾਹੀਦੀ। ਫਿਰ ਵੀ ਕਈ ਲੋਕ ਹਾਲੇ ਤੱਕ ਅਗਲੇ ਰੁਤ ਤੋਂ ਸਿਰ ਫੇਰ ਰਹੇ ਹਨ। ਜਿਨ੍ਹਾਂ ਘੇਸਲ ਮਾਰੀ ਰੱਖਣ ਦੀ ਆਦਤ ਨਹੀਂ ਪਾਈ, ਉਹ ਅੱਜ ਦੇ ਰੰਗ ਵਟਾਉਂਦੇ ਹਾਲਾਤ ਵੇਖ ਸਕਦੇ ਤੇ ਕਹਿ ਸਕਦੇ ਹਨ ਕਿ ਭਾਰਤ ਵਿਚ ਬਹੁਤ ਕੁਝ ਬਦਲ ਗਿਆ ਹੈ, ਕੁਝ ਬਦਲਦਾ ਪਿਆ ਤੇ ਕੁਝ ਛੇਤੀ ਬਦਲਣ ਵਾਲਾ ਜਾਪਦਾ ਹੈ।

**ਬਹੁਤੇ ਲੋਕਾਂ ਨੂੰ ਯਾਦ ਨਹੀਂ ਕਿ ਜਿਸ ਸਾਲ ਸਤੰਬਰ ਵਿਚ ਆਰ. ਐਸ. ਐਸ. ਦੀ ਸ਼ੁਰੂਆਤ ਕੀਤੀ ਗਈ ਸੀ, ਉਸੇ ਸਾਲ ਦੋ ਮਹੀਨੇ ਪਿੱਛੋਂ ਇਸ ਦੇਸ਼ ਵਿਚ ਕਮਿਊਨਿਸਟ ਪਾਰਟੀ ਬਾਕਾਇਦਾ ਤੌਰ 'ਤੇ ਬਣਾਈ ਗਈ ਸੀ। ਦੇਸ਼ ਦੀ ਆਜ਼ਾਦੀ ਲਹਿਰ ਵੇਲੇ ਇੱਕ ਧਿਰ ਖੱਬੇ ਨੂੰ ਲਿਜਾਣ ਵਾਲੀ ਤੇ ਦੂਜੀ ਅਸਲੋਂ ਸੱਜੇ ਦਾ ਮੋੜਾ ਕੱਟਣ ਵਾਲੀ ਹੋਣ ਕਾਰਨ ਇਨ੍ਹਾਂ ਦੋਵਾਂ ਦਾ ਆਢਾ ਉਦੋਂ ਹੀ ਲੱਗ ਗਿਆ ਸੀ ਤੇ ਉਹ ਆਢਾ ਅੱਜ ਤੱਕ ਜਾਰੀ ਹੈ।**

## ਬ੍ਰਹਮਵਾਦ ਅਤੇ ਬ੍ਰਾਹਮਣਵਾਦ

*(ਪਿਛਲੇ ਸਫੇ ਦੀ ਬਾਕੀ)*

ਅਤੇ ਬ੍ਰਾਹਮਣਵਾਦ ਵਿਚ ਵਰਤੇ ਜਾਂਦੇ ਅੱਖਰ 'ਬ੍ਰਹਮ' ਵਿਚਾਲੇ ਵੀ ਸਪਸ਼ਟ ਨਿਖੇੜਾ ਕੀਤਾ ਹੈ। ਬ੍ਰਾਹਮਣਵਾਦ ਦੀ ਧਾਰਨਾ ਹੈ ਕਿ ਬ੍ਰਹਮਾ ਨੇ ਆਪਣੇ ਮੂੰਹ ਵਿਚੋਂ ਬ੍ਰਾਹਮਣ, ਬਾਹਾਂ ਵਿਚੋਂ ਖੱਤਰੀ, ਪੱਟਾਂ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਕੀਤੇ। ਹਿੰਦੂ ਮਤਿ ਵਿਚਲੀ ਵਰਣ ਵੰਡ ਦਾ ਇਸ ਨੂੰ ਜਨਕ ਕਿਹਾ ਜਾਂਦਾ ਹੈ। ਇਸ ਬ੍ਰਹਮਾ ਬਾਰੇ ਸਵਾਲ ਕਰਦਿਆਂ ਗੁਰਮਤਿ ਪੁੱਛਦੀ ਹੈ,

ਬ੍ਰਹਮਾ ਬਡਾ ਕਿ ਜਾਸੁ ਉਪਾਇਆ॥
(ਪੰਨਾ 331)
ਬ੍ਰਹਮੈ ਬੇਦ ਬਾਣੀ ਪਰਗਾਸੀ
ਮਾਇਆ ਮੋਹ ਪਸਾਰਾ॥ (ਪੰਨਾ 559)
ਬ੍ਰਹਮੇ ਵਡਾ ਕਹਾਇ ਅੰਤ ਨ ਪਾਇਆ॥
(ਪੰਨਾ 1279)
ਬ੍ਰਹਮੈ ਇੰਦ੍ਰ ਮਹੇਸਿ ਨ ਜਾਨੀ॥ (1032)

ਭਾਵ ਬ੍ਰਹਮਾ ਵੱਡਾ ਹੈ ਜਾਂ ਬ੍ਰਹਮ ਵੱਡਾ ਹੈ, ਜਿਸ ਤੋਂ ਸਭ ਦੀ ਉਤਪਤੀ ਹੋਈ ਹੈ। ਫਿਰ ਗੁਰਮਤਿ ਇਹ ਜਾਣਕਾਰੀ ਵੀ ਦਿੰਦੀ ਹੈ ਕਿ ਬ੍ਰਹਮਾ ਦੇ ਨਾਂ 'ਤੇ ਜੋ ਵੇਦਾਂ ਦਾ ਗਿਆਨ ਦਿੱਤਾ ਜਾ ਰਿਹਾ ਹੈ, ਇਹ ਸਾਰਾ ਮੋਹ ਮਾਇਆ ਦਾ ਪਸਾਰਾ ਭਾਵ ਮਨ-ਕਲਪਿਤ ਹੈ। ਗੁਰਮਤਿ ਇਹ ਵੀ ਦੱਸਦੀ ਹੈ ਕਿ ਬ੍ਰਹਮਾ ਆਪਣੇ-ਆਪ ਨੂੰ ਵੱਡਾ ਕਹਾਉਂਦਾ ਹੈ, ਪਰ ਖੁਦ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਇੰਜ ਬ੍ਰਹਮਵਾਦ ਅਤੇ ਬ੍ਰਾਹਮਣਵਾਦ ਵਿਚਾਲੇ ਨਿਖੇੜਾ ਕਰਕੇ ਹੀ ਅਸੀਂ ਮਹਾਂਭਾਰਤ ਵਿਚਲੀ ਜਮਹੂਰੀਅਤ ਅਤੇ ਮੋਦੀ ਮਾਰਕਾ ਤਾਨਾਸ਼ਾਹੀ ਵਿਚਲੇ ਫਰਕ ਬਾਰੇ ਸਪਸ਼ਟ ਹੋ ਸਕਾਂਗੇ।

# ਪਛਾਣ ਦੀ ਸਿਆਸਤ ਤੇ ਮਾਨਵਵਾਦੀ ਨਜ਼ਰੀਆ

*(ਸਫਾ 11 ਦੀ ਬਾਕੀ)*

ਸਾਹਮਣੇ ਆਪਣਾ ਕੇਸ ਪੇਸ਼ ਕਰਨ ਦਾ ਪੂਰਾ ਮੌਕਾ ਦਿੱਤਾ ਜਾਵੇਗਾ ਪਰ ਜਿਨ੍ਹਾਂ ਦੇ ਨਾਂ ਇਸ ਸੂਚੀ ਵਿਚ ਸ਼ਾਮਲ ਨਹੀਂ ਹਨ, ਫਿਲਹਾਲ ਉਹ ਇਸ ਸਮੇਂ ਡਰ, ਸਹਿਮ ਅਤੇ ਅਨਿਸ਼ਚਿਤਤਾ ਦੇ ਮਾਹੌਲ ਵਿਚ ਰਹਿਣ ਲਈ ਮਜਬੂਰ ਹਨ। ਹੁਣ ਅੰਤਿਮ ਕੌਮੀ ਰਜਿਸਟਰ ਵੀ ਸ਼ਨਿਚਰਵਾਰ ਨੂੰ ਜਾਰੀ ਕਰ ਦਿੱਤਾ ਗਿਆ ਹੈ ਜਿਸ ਪਿੱਛੋਂ 19 ਲੱਖ ਤੋਂ ਵੱਧ (19,06,657) ਲੋਕ ਬਾਹਰ ਰਹਿ ਗਏ ਹਨ। ਇਹ ਲੋਕ ਹੁਣ 120 ਦਿਨਾਂ ਦੇ ਅੰਦਰ ਅੰਦਰ ਵਿਦੇਸ਼ੀ ਟ੍ਰਿਬਿਊਨਲ ਸਾਹਮਣੇ ਆਪਣਾ ਕੇਸ ਪੇਸ਼ ਕਰ ਸਕਣਗੇ।

ਇਸ ਪ੍ਰਸੰਗ ਵਿਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਮੂਲ ਸਭਿਆਚਾਰਕ ਪਛਾਣ ਨੂੰ ਬਚਾਅ ਕੇ ਰੱਖਣ ਦੀ ਸਿਆਸੀ ਖੇਡ ਨੇ ਲੱਖਾਂ ਲੋਕਾਂ ਨੂੰ ਰਾਸ਼ਟਰਹੀਣ ਬਣਾ ਦਿੱਤਾ ਹੈ, ਉਹ ਮੂਲ ਅਤੇ ਖਾਲਸ ਪਛਾਣ ਕੀ ਹੈ? ਕਿਸੇ ਸਭਿਆਚਾਰ ਜਾਂ ਭਾਈਚਾਰੇ ਦੀ ਪਛਾਣ ਦੀ ਵਿਲੱਖਣਤਾ ਤੋਂ ਭਾਵੇਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਪਛਾਣ ਦੇ ਮੁੱਦੇ ਨੂੰ ਸ਼ੁੱਧਤਾ (ਪਿਓਰਿਟੀ), ਇਕਰੂਪਤਾ (ਹੋਮੋਜੈਨਿਟੀ) ਜਾਂ ਸਥਿਰਤਾ ਜਿਹੇ ਮਾਪਦੰਡਾਂ ਤੱਕ ਮਹਿਦੂਦ ਕਰਕੇ ਵੀ ਨਹੀਂ ਦੇਖਿਆ ਜਾ ਸਕਦਾ। ਪ੍ਰਸਿਧ ਫ੍ਰੈਂਚ ਦਾਰਸ਼ਨਿਕ ਯਾਂ-ਲਕ ਨੈਂਸੀ ਆਪਣੀ ਪੁਸਤਕ 'ਬੀਂਗ ਸਿੰਗੂਲਰ ਪਲੂਰਲ' ਵਿਚ ਲਿਖਦਾ ਹੈ ਕਿ ਪਛਾਣ ਅਨੇਕਾਂ ਤੱਤਾਂ ਦਾ ਸੁਮੇਲ ਹੁੰਦੀ ਹੈ ਜੋ ਇਕੋ ਸਮੇਂ ਇਕ ਦੂਜੇ ਨਾਲ ਅੰਤਰ-ਸੰਵਾਦ ਵਿਚ ਰਹਿੰਦਿਆਂ ਇਕ ਦੂਜੇ ਤੋਂ ਵੱਖਰੇ ਵੀ ਹੁੰਦੇ ਹਨ। ਕੋਈ ਵੀ ਪਛਾਣ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦੀ ਸਗੋਂ ਕਿਸੇ ਹੋਰ ਪਛਾਣ ਦੀ ਮੌਜੂਦਗੀ ਹੀ ਇਸ ਨੂੰ ਹੋਂਦ ਮੁਹੱਈਆ ਕਰਦੀ ਹੈ।

ਇਸੇ ਕਰਕੇ ਨੈਂਸੀ ਖਾਲਸ ਪਛਾਣ ਨੂੰ ਮੂਲੋਂ ਹੀ ਗਲਤ, ਨੀਰਸ, ਅਰਥਹੀਣ ਅਤੇ ਰੁਮਾਂਟਿਕ ਮੰਨਦਾ ਹੈ। ਕਿਸੇ ਵੀ ਪਛਾਣ ਜਿਵੇਂ ਪੰਜਾਬੀ, ਅਸਾਮੀ ਜਾਂ ਬੰਗਾਲੀ ਦੀ ਵਿਲੱਖਣਤਾ, ਕੋਈ ਸਥਿਰ ਜਾਂ ਅਪਰਿਵਰਤਨਸ਼ੀਲ ਵਰਤਾਰਾ ਨਹੀਂ ਸਗੋਂ ਇਹ ਆਪਸੀ ਵਖਰੇਵੇਂ, ਸੰਵਾਦ ਅਤੇ ਟਕਰਾਅ ਵਿਚੋਂ ਹੀ ਪੈਦਾ ਹੁੰਦੀ ਹੈ। ਤਵਾਰੀਖ ਗਵਾਹ ਹੈ ਕਿ ਜਦੋਂ ਵੀ ਕਿਸੇ ਧਰਮ, ਨਸਲ, ਭਾਸ਼ਾ ਜਾਂ ਸਭਿਆਚਾਰ ਦੀ ਵਿਲੱਖਣਤਾ ਦੀ ਥਾਂ ਸ਼ੁੱਧਤਾ ਅਤੇ ਇਕਰੂਪਤਾ ਦਾ ਪ੍ਰਵਚਨ (ਡਿਸਕੋਰਸ) ਭਾਰੂ ਹੋਇਆ ਤਾਂ ਇਸ ਦੇ ਖਤਰਨਾਕ ਸਿੱਟੇ ਨਿਕਲੇ ਹਨ।

ਅਸਾਮ ਵਿਚ ਮੂਲ ਪਛਾਣ ਦਾ ਆਧਾਰ ਭਾਸ਼ਾ ਨੂੰ ਮੰਨਿਆ ਗਿਆ ਹੈ ਅਤੇ ਇਸ ਆਧਾਰ 'ਤੇ ਹੀ ਇਸੇ ਖਿੱਤੇ ਵਿਚ ਵਸਦੇ ਬੰਗਾਲੀਆਂ ਨੂੰ 'ਬਾਹਰੀ' ਐਲਾਨਿਆ ਜਾਂਦਾ ਰਿਹਾ ਹੈ। ਕੋਈ ਵੀ ਭਾਸ਼ਾ ਆਪਣੇ ਆਪ ਵਿਚ ਖਾਲਸ ਨਹੀਂ ਹੁੰਦੀ, ਸਗੋਂ ਇਸ ਦਾ ਦੂਜੀਆਂ ਭਾਸ਼ਾਵਾਂ ਨਾਲ ਸੰਵਾਦ ਹੀ ਇਸ ਨੂੰ ਅਮੀਰੀ ਅਤੇ ਵਿਲੱਖਣਤਾ ਬਖਸ਼ਦਾ ਹੈ। ਅਸਾਮੀ ਅਤੇ ਬੰਗਾਲੀ ਭਾਸ਼ਾਵਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਅਸਾਮ ਦੇ ਬ੍ਰਹਮਪੁੱਤਰ ਵਾਲੇ ਇਲਾਕਿਆਂ ਵਿਚ ਰਹਿ ਰਹੇ ਬਹੁਤ ਸਾਰੇ ਬੰਗਾਲੀ ਅਸਾਮੀ ਭਾਸ਼ਾ ਲਿਖਦੇ ਬੋਲਦੇ ਹਨ ਪਰ ਇਸ ਸੁਮੇਲ ਦੇ ਬਾਵਜੂਦ ਮੂਲ ਪਛਾਣ ਦੇ ਚੱਕਰਵਿਊਹ ਵਿਚ ਫਸੇ ਅਸਾਮੀਆਂ ਨੇ ਆਪਣੇ ਜਥੇਬੰਦਕ ਅੰਦੋਲਨ ਨੂੰ ਇਸ ਤਰਕ ਤੇ ਚਲਾਇਆ ਕਿ ਉਨ੍ਹਾਂ ਦੀ ਭਾਸ਼ਾ ਅਤੇ ਪਛਾਣ ਨੂੰ ਬੰਗਾਲੀਆਂ ਤੋਂ ਖਤਰਾ ਹੈ।

ਮੌਜੂਦਾ ਕੇਂਦਰ ਸਰਕਾਰ ਦੁਆਰਾ ਇਸ ਗੁੰਝਲਦਾਰ ਮਸਲੇ ਨੂੰ ਕਿਸੇ ਮਾਨਵਵਾਦੀ ਪ੍ਰਸੰਗ ਵਿਚ ਸਮਝਣ ਦੀ ਬਜਾਏ ਸਿਟੀਜ਼ਨ ਅਮੈਂਡਮੈਂਟ ਬਿੱਲ ਪੇਸ਼ ਕਰਕੇ ਇਸ ਨੂੰ ਧਾਰਮਿਕ ਅਤੇ ਫਿਰਕੂ ਰੰਗਤ ਦੇ ਦਿੱਤੀ ਗਈ ਹੈ। ਇਸ ਬਿੱਲ ਤਹਿਤ ਭਾਵੇਂ ਬਹੁਗਿਣਤੀ ਫਿਰਕੇ ਨਾਲ ਵਾਬਸਤਾ ਲੋਕ ਆਪਣੀ ਨਾਗਰਿਕਤਾ ਦਾ ਅਧਿਕਾਰ ਮਹਿਫੂਜ਼ ਕਰਨ ਵਿਚ ਕਾਮਯਾਬ ਹੋ ਜਾਣਗੇ ਪਰ ਇਕ ਵਿਸ਼ੇਸ਼ ਘੱਟ ਗਿਣਤੀ ਫਿਰਕੇ ਨਾਲ ਵਾਬਸਤਾ ਲੋਕਾਂ ਤੇ ਰਾਸ਼ਟਰਹੀਣ ਹੋ ਜਾਣ ਦੀ ਪੱਕੀ ਮੋਹਰ ਲੱਗ ਜਾਵੇਗੀ।

ਇਸ ਸਮੇਂ ਜਦੋਂ ਮੂਲ ਪਛਾਣ ਦੀ ਸੌੜੀ ਸਿਆਸਤ 'ਅਸੀਂ' ਅਤੇ 'ਉਨ੍ਹਾਂ' ਵਿਚਕਾਰ ਪ੍ਰਤੱਖ ਵੰਡ ਕਰ ਰਹੀ ਹੈ ਤਾਂ ਸਭ ਤੋਂ ਅਹਿਮ ਸਵਾਲ ਹੈ ਕਿ 'ਅਸੀਂ' ਹੋਣ ਦਾ ਕੀ ਮਤਲਬ ਹੈ? ਕੋਈ ਵੀ ਭਾਈਚਾਰਾ, ਸਭਿਆਚਾਰ ਜਾਂ ਰਾਸ਼ਟਰ ਆਪਣੇ ਆਪ ਨੂੰ ਕਿਸੇ ਖਾਲਸ ਜਾਂ ਸਥਿਰ ਪਛਾਣ ਦੇ ਘੋਗੇ ਵਿਚ ਬੰਦ ਕਰਕੇ ਵਿਕਾਸ ਨਹੀਂ ਕਰ ਸਕਦਾ। ਸਮੇਂ ਦੀ ਲੋੜ ਇਹ ਹੈ ਕਿ ਪਛਾਣ ਦੀਆਂ ਪ੍ਰਚਲਿਤ ਪਰਿਭਾਸ਼ਾਵਾਂ ਨੂੰ ਕਿੰਜ ਨਵੇਂ ਸਿਰੇ ਤੋਂ ਮੁਖਾਤਿਬ ਹੋਇਆ ਜਾਵੇ ਤਾਂ ਜੋ ਆਪਸ ਵਿਚ ਉਸਰੀਆਂ 'ਅਦਿੱਖ ਦੀਵਾਰਾਂ' ਦੀ ਥਾਂ ਮਾਨਵਤਾਵਾਦੀ ਨਜ਼ਰੀਏ ਨੂੰ ਪਹਿਲ ਦਿੱਤੀ ਜਾ ਸਕੇ।

# ਅਸਾਮ ਵਿਚ ਐਨ. ਆਰ. ਸੀ. ਸੂਚੀ ਵਿਚੋਂ 19 ਲੱਖ ਲੋਕ ਬਾਹਰ

**ਗੁਹਾਟੀ:** ਅਸਾਮ ਵਿਚ ਅਸਲ ਭਾਰਤੀ ਨਾਗਰਿਕਾਂ ਨੂੰ ਮਾਨਤਾ ਦੇਣ ਵਾਲਾ ਸੋਧਿਆ ਹੋਇਆ ਅੰਤਿਮ ਐਨ.ਆਰ.ਸੀ. (ਨਾਗਰਿਕਾਂ ਬਾਰੇ ਕੌਮੀ ਰਜਿਸਟਰ) ਜਾਰੀ ਕਰ ਦਿੱਤਾ ਗਿਆ ਹੈ ਤੇ ਤਕਰੀਬਨ 19 ਲੱਖ ਅਰਜੀਕਰਤਾ ਸੂਚੀ ਵਿਚ ਜਗ੍ਹਾ ਨਹੀਂ ਬਣਾ ਸਕੇ। ਸੂਚੀ ਵਿਚੋਂ ਬਾਹਰ ਰਹਿ ਗਏ ਲੋਕਾਂ ਨੂੰ ਭਵਿੱਖ ਹੁਣ ਧੁੰਦਲਾ ਨਜ਼ਰ ਆ ਰਿਹਾ ਹੈ।

ਐਨ.ਆਰ.ਸੀ. ਦੇ ਸੂਬਾ ਕੋਆਰਡੀਨੇਟਰ ਦਫਤਰ ਵੱਲੋਂ ਜਾਰੀ ਬਿਆਨ ਮੁਤਾਬਕ ਕੁੱਲ 3,30,27,661 ਲੋਕਾਂ ਨੇ ਐਨ.ਆਰ.ਸੀ. ਲਈ ਅਰਜੀ ਦਿੱਤੀ ਸੀ ਜਿਨ੍ਹਾਂ ਵਿਚੋਂ 3,11,21,004 ਨੂੰ ਹੀ ਸੂਚੀ ਵਿਚ ਥਾਂ ਮਿਲੀ ਹੈ ਤੇ ਕਰੀਬ 19,06,657 ਰਹਿ ਗਏ ਹਨ। ਅਸਾਮ ਸਰਕਾਰ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਜਿਹੜੇ ਲੋਕ ਸੂਚੀ 'ਚ ਥਾਂ ਬਣਾਉਣ ਤੋਂ ਰਹਿ ਜਾਣਗੇ, ਉਨ੍ਹਾਂ ਨੂੰ 'ਕਿਸੇ ਵੀ ਹਾਲਤ' ਵਿਚ ਹਿਰਾਸਤ ਵਿਚ ਨਹੀਂ ਲਿਆ ਜਾਵੇਗਾ ਜਦ ਤੱਕ 'ਫੌਰਨਰਜ ਟ੍ਰਿਬਿਊਨਲ' ਉਨ੍ਹਾਂ ਨੂੰ ਵਿਦੇਸ਼ੀ ਕਰਾਰ ਨਹੀਂ ਦਿੰਦਾ। ਸੂਚੀ ਵਿਚੋਂ ਬਾਹਰ ਰਹਿ ਗਏ ਲੋਕਾਂ ਕੋਲ ਹੁਣ 'ਫੌਰਨਰਜ ਟ੍ਰਿਬਿਊਨਲ' ਜਾਣ ਲਈ 120 ਦਿਨ ਹਨ। ਇਥੇ ਸੰਤੁਸ਼ਟੀ ਨਾ ਹੋਣ 'ਤੇ ਉਹ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੀ ਜਾ ਸਕਦੇ ਹਨ।



ਸੈਂਕੜੇ ਲੋਕਾਂ ਨੇ ਐਨ.ਆਰ.ਸੀ. ਸੇਵਾ ਕੇਂਦਰਾਂ, ਡੀਸੀ ਦਫਤਰਾਂ ਤੇ ਸਰਕਲ ਦਫਤਰਾਂ ਵਿਚ ਸੂਚੀਆਂ ਦੇਖਣ ਲਈ ਰੁਖ ਕੀਤਾ ਤੇ ਮਗਰੋਂ ਕੁਝ ਖੁਸ਼ ਤੇ ਕੁਝ ਨਿਰਾਸ਼ ਪਰਤੇ। ਸੱਤਾਧਾਰੀ ਭਾਜਪਾ, ਵਿਰੋਧੀ ਧਿਰ ਕਾਂਗਰਸ ਸਣੇ ਆਲ ਅਸਾਮ ਸਟੂਡੈਂਟਸ ਯੂਨੀਅਨ ਨੇ ਇਸ ਆਖਰੀ ਨਾਗਰਿਕਤਾ ਸੂਚੀ 'ਤੇ ਅਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਹੈ। ਮੰਗਲਦੋਈ ਹਲਕੇ ਤੋਂ ਭਾਜਪਾ ਸੰਸਦ ਮੈਂਬਰ ਰਮੇਨ ਦੇਕਾ ਨੇ ਕਿਹਾ ਹੈ ਕਿ ਬਹੁਤ ਸਾਰੇ ਗੈਰਕਾਨੂੰਨੀ ਬੰਗਲਾਦੇਸ਼ੀ ਮੁਸਲਿਮ ਆਵਾਸੀ ਸੂਚੀ ਵਿਚ ਥਾਂ ਬਣਾ ਗਏ ਹਨ ਜਦਕਿ ਕਈ ਮੂਲਵਾਸੀ ਇਸ ਤੋਂ ਬਾਹਰ ਹਨ। ਸੰਸਦ ਮੈਂਬਰ ਨੇ ਕਿਹਾ ਕਿ ਇਹ ਸੂਚੀ ਸੁਪਰੀਮ ਕੋਰਟ ਦੀ ਨਿਗਰਾਨੀ ਵਿਚ ਤਿਆਰ ਕੀਤੀ ਗਈ ਹੈ ਪਰ ਦਸਤਾਵੇਜ਼ ਦਰੁਸਤ ਨਹੀਂ ਹਨ। ਬਰਪੇਟਾ ਤੋਂ ਕਾਂਗਰਸ ਸੰਸਦ ਮੈਂਬਰ ਅਬਦੁੱਲ ਖਾਲਿਕ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟਾਏ। ਅਸਾਮ ਦੇ ਮੰਤਰੀ ਹਿਮੰਤਾ ਬਿਸਵਾ ਸ਼ਰਮਾ ਜੋ ਕਿ ਉੱਤਰ-ਪੂਰਬ ਵਿਚ ਐਨ.ਡੀ.ਏ. ਦੇ ਹੀ ਸਰੂਪ ਉੱਤਰ-ਪੂਰਬ ਡੇਮੋਕ੍ਰੈਟਿਕ ਐਲਾਇੰਸ ਦੇ ਕਨਵੀਨਰ ਵੀ ਹਨ, ਨੇ ਕਿਹਾ ਕਿ 1971 ਤੋਂ ਪਹਿਲਾਂ ਭਾਰਤ ਆਉਣ ਵਾਲੇ ਬਹੁਤ ਸਾਰੇ ਸ਼ਰਨਾਰਥੀ ਆਖਰੀ ਸੂਚੀ ਦਾ ਹਿੱਸਾ ਨਹੀਂ ਹਨ। ਉਨ੍ਹਾਂ ਸੂਚੀ ਵਿਚ ਸ਼ਾਮਲ ਲੋਕਾਂ ਵਿਚੋਂ ਬੰਗਲਾਦੇਸ਼ ਨਾਲ ਲੱਗਦੇ ਜਿਲ੍ਹਿਆਂ 'ਚ 20 ਫੀਸਦੀ ਦੀ ਤੇ ਬਾਕੀ ਅਸਾਮ ਵਿਚ ਦਸ ਫੀਸਦੀ ਦੀ ਮੁੜ ਤਸਦੀਕ ਕਰਨ ਦੀ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ।

ਐਨ.ਆਰ.ਸੀ. ਲਈ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕਰਨ ਵਾਲਿਆਂ ਵਿਚੋਂ ਇਕ ਅਸਾਮ ਪਬਲਿਕ ਵਰਕਸ ਨੇ ਵੀ ਇਸ ਨੂੰ 'ਖਾਮੀਆਂ ਭਰਪੂਰ' ਦੱਸਿਆ ਹੈ ਤੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਸਾਮ ਨੂੰ ਸ਼ਾਇਦ ਹੀ ਕਦੇ ਗੈਰਕਾਨੂੰਨੀ ਆਵਾਸ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਸਕੇ। ਅਸਾਮ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਸਾਰੀ ਪ੍ਰਸ਼ਾਸਕੀ ਮਸ਼ੀਨਰੀ ਇਸ ਕੋਲ ਹੋਣ ਦੇ ਬਾਵਜੂਦ ਵੀ ਨਿਰਪੱਖ ਤੇ ਪਾਰਦਰਸ਼ੀ ਐਨ.ਆਰ.ਸੀ. ਨਹੀਂ ਦਿੱਤਾ ਜਾ ਸਕਿਆ। ਗੋਗੋਈ ਨੇ ਹੀ 2013 ਵਿਚ ਆਈ.ਏ.ਐਸ. ਅਧਿਕਾਰੀ ਪ੍ਰਤੀਕ ਹਜੇਲਾ ਨੂੰ ਐਨ.ਆਰ.ਸੀ. ਕੋਆਰਡੀਨੇਟਰ ਨਿਯੁਕਤ ਕੀਤਾ ਸੀ। ਅਸਮ ਗਣ ਪ੍ਰੀਸ਼ਦ ਦੇ ਪ੍ਰਧਾਨ ਤੇ ਖੇਤੀ ਮੰਤਰੀ ਅਤੁਲ ਬੋਰਾ ਨੇ ਕਿਹਾ ਕਿ ਸੂਚੀ ਵਿਚ ਥਾਂ ਬਣਾਉਣ ਵਾਲੇ ਲੋਕਾਂ ਦੀ ਗਿਣਤੀ 'ਬੇਤੁਕੇ ਢੰਗ ਨਾਲ ਬੇਹੱਦ ਘੱਟ' ਹੈ। ਮਨੁੱਖੀ ਅਧਿਕਾਰ ਸੰਗਠਨ ਐਮਨੈਸਟੀ ਇੰਟਰਨੈਸ਼ਨਲ ਨੇ ਅਸਾਮ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਯਕੀਨੀ ਬਣਾਏ ਕਿ ਹੁਣ ਫੌਰਨਰਜ ਟ੍ਰਿਬਿਊਨਲ ਪੂਰੀ ਪਾਰਦਰਸ਼ਤਾ ਨਾਲ ਆਪਣੀ ਭੂਮਿਕਾ ਅਦਾ ਕਰੇ। ਦੱਸਣਯੋਗ ਹੈ ਕਿ ਐਨ.ਆਰ.ਸੀ. ਗਲਤੀਆਂ ਪਾਏ ਜਾਣ ਕਾਰਨ ਵਿਵਾਦਾਂ 'ਚ ਹੀ ਘਿਰਿਆ ਰਿਹਾ ਹੈ।

## ਲੱਖ ਤੋਂ ਵੱਧ ਗੋਰਖਾ ਲੋਕ ਐਨ. ਆਰ. ਸੀ. ਤੋਂ ਬਾਹਰ: ਮਮਤਾ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਉਹ ਇਹ ਜਾਣ ਕੇ ਹੈਰਾਨ ਹੈ ਕਿ ਇਕ ਲੱਖ ਤੋਂ ਵੱਧ ਗੋਰਖਾ ਲੋਕ ਐਨ.ਆਰ.ਸੀ. ਤੋਂ ਬਾਹਰ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਇਹ ਯਕੀਨੀ ਬਣਾਉਣ ਚਾਹੀਦਾ ਹੈ ਕਿ ਕੋਈ ਵੀ ਅਸਲ ਹੱਕਦਾਰ ਇਸ ਤੋਂ ਬਾਹਰ ਨਾ ਰਹੇ। ਟੀ.ਐਮ.ਸੀ. ਸੁਪਰੀਮੋ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ 'ਸਾਰੇ ਭਾਰਤੀ ਭੈਣਾਂ ਤੇ ਭਰਾਵਾਂ ਨਾਲ ਨਿਆਂ ਹੋਣਾ ਚਾਹੀਦਾ ਹੈ'। ਪਾਰਟੀ ਵੱਲੋਂ ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਪਹਿਲਾਂ ਉਹ ਐਨ.ਆਰ.ਸੀ. ਪ੍ਰਕਿਰਿਆ ਤੋਂ ਅਣਜਾਣ ਸਨ। ਜਿਵੇਂ-ਜਿਵੇਂ ਹੋਰ ਸੂਚਨਾਵਾਂ ਆ ਰਹੀਆਂ ਹਨ, ਉਨ੍ਹਾਂ ਨੂੰ ਹੈਰਾਨੀ ਹੋਈ ਹੈ ਕਿ ਇਕ ਲੱਖ ਤੋਂ ਵੱਧ ਗੋਰਖਾ ਲੋਕ ਸੂਚੀ ਤੋਂ ਬਾਹਰ ਹਨ। ਉਨ੍ਹਾਂ ਕਿਹਾ ਕਿ ਵਾਕਈ ਹਜ਼ਾਰਾਂ ਦੀ ਗਿਣਤੀ ਵਿਚ ਅਸਲ ਭਾਰਤੀਆਂ ਦੇ ਨਾਂ ਸੂਚੀ ਤੋਂ ਬਾਹਰ ਹਨ।

## ਲੋਕ ਹਿੱਤਾਂ ਦੀ ਰਾਖੀ ਯਕੀਨੀ ਬਣਾਏ ਭਾਰਤ: ਸੰਯੁਕਤ ਰਾਸ਼ਟਰ

**ਬਰਲਿਨ:** ਸੰਯੁਕਤ ਰਾਸ਼ਟਰ ਦੇ ਚੋਟੀ ਦੇ ਸ਼ਰਨਾਰਥੀਆਂ ਬਾਰੇ ਅਧਿਕਾਰੀ ਨੇ ਭਾਰਤ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਅਸਾਮ ਸੂਬੇ ਵਿਚ ਐਨ.ਆਰ.ਸੀ. ਸੂਚੀ ਜਾਰੀ ਹੋਣ ਤੋਂ ਬਾਅਦ ਬਾਹਰ ਰਹਿ ਗਏ ਕਰੀਬ 20 ਲੱਖ ਲੋਕਾਂ ਵਿਚੋਂ ਕੋਈ ਵੀ ਦੇਸ਼ ਤੋਂ ਵਾਂਝਾ ਨਾ ਹੋਵੇ।

ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਫਿਲਿਪੋ ਗ੍ਰੇਂਡੀ ਨੇ ਜੇਨੇਵਾ ਵਿਚ ਬਿਆਨ ਜਾਰੀ ਕਰ ਕੇ ਫਿਕਰ ਜਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਪ੍ਰਕਿਰਿਆ, ਜਿਸ ਵਿਚ ਵੱਡੀ ਗਿਣਤੀ ਲੋਕ ਬਿਨਾਂ ਕਿਸੇ ਦੇਸ਼ ਦੀ ਨਾਗਰਿਕਤਾ ਤੋਂ ਰਹਿ ਜਾਂਦੇ ਹਨ, ਜਿਹੇ ਵਰਤਾਰਿਆਂ ਨੂੰ ਖਤਮ ਕਰਨ ਦੇ ਸੰਸਾਰਕ ਯਤਨਾਂ ਲਈ ਬਹੁਤ ਵੱਡਾ ਝਟਕਾ ਹੋਵੇਗਾ।

## ਕਸ਼ਮੀਰ: ਪਾਬੰਦੀਆਂ 'ਚ ਢਿੱਲ ਦੇ ਬਾਵਜੂਦ ਲੀਹ 'ਤੇ ਨਾ ਆਇਆ ਜਨਜੀਵਨ

**ਸ੍ਰੀਨਗਰ:** ਕਸ਼ਮੀਰ ਘਾਟੀ ਦੇ 11 ਪੁਲਿਸ ਥਾਣਾ ਖੇਤਰਾਂ ਵਿਚ ਪਾਬੰਦੀਆਂ 'ਚ ਢਿੱਲ ਦੇਣ ਦੇ ਬਾਵਜੂਦ ਕਸ਼ਮੀਰ 'ਚ ਆਮ ਜਨਜੀਵਨ ਪ੍ਰਭਾਵਿਤ ਰਿਹਾ। ਅਧਿਕਾਰੀਆਂ ਅਨੁਸਾਰ 105 ਪੁਲਿਸ ਥਾਣਾ ਖੇਤਰਾਂ ਵਿਚੋਂ 82 ਵਿਚ ਕੋਈ ਪਾਬੰਦੀ ਨਹੀਂ ਹੈ। ਪਹਿਲਾਂ ਤੋਂ ਚੱਲ ਰਹੀਆਂ 47 ਐਕਸਚੇਂਜਾਂ ਤੋਂ ਇਲਾਵਾ 29 ਹੋਰ ਲੈਂਡਲਾਈਨ ਟੈਲੀਫੋਨ ਐਕਸਚੇਂਜਾਂ 'ਚ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ। ਹਾਲਾਂਕਿ ਲਾਲ ਚੌਕ ਅਤੇ ਪ੍ਰੈੱਸ ਐਨਕਲੇਵ 'ਚ ਸੇਵਾਵਾਂ ਅਜੇ ਵੀ ਠੱਪ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਸਥਿਤੀ ਸ਼ਾਂਤੀਪੂਰਨ ਬਣੀ ਰਹੀ ਅਤੇ ਕਿਸੇ ਵੀ ਥਾਂ ਤੋਂ ਕਿਸੇ ਅਣਸੁਖਾਵੀਂ ਘਟਨਾ ਦੀ ਖਬਰ ਨਹੀਂ ਮਿਲੀ। ਕਸ਼ਮੀਰ ਵਿਚ ਜੁਮੇ ਦੀ ਨਮਾਜ਼ ਮਗਰੋਂ ਕਾਨੂੰਨ ਵਿਵਸਥਾ ਵਿਗੜਨ ਦੇ ਖਦਸ਼ੇ ਵਜੋਂ ਲੋਕਾਂ ਅਤੇ ਆਵਾਜਾਈ 'ਤੇ ਸਖਤ ਪਾਬੰਦੀਆਂ ਲਾਈਆਂ ਗਈਆਂ ਸਨ। ਸਿਰਫ ਐਂਬੂਲੈਂਸ ਅਤੇ ਹੰਗਾਮੀ ਹਾਲਤ ਦੇ ਮਾਮਲੇ 'ਚ ਹੀ ਆਉਣ-ਜਾਣ ਦੀ ਆਗਿਆ ਸੀ। ਅਧਿਕਾਰੀਆਂ ਅਨੁਸਾਰ ਹਾਲਾਂਕਿ ਹੁਣ ਜ਼ਿਆਦਾਤਰ ਇਲਾਕਿਆਂ 'ਚੋਂ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਸਨ ਪਰ ਆਮ ਜਨਜੀਵਨ ਪ੍ਰਭਾਵਿਤ ਰਿਹਾ। ਬਾਜ਼ਾਰ ਬੰਦ ਰਹੇ ਅਤੇ ਜਨਤਕ ਵਾਹਨ ਵੀ ਸੜਕਾਂ 'ਤੇ ਨਾਮਾਤਰ ਹੀ ਨਜ਼ਰ ਆਏ ਪਰ ਸ੍ਰੀਨਗਰ ਦੇ ਕਈ ਇਲਾਕਿਆਂ 'ਚ ਨਿੱਜੀ ਵਾਹਨ ਚਲਦੇ ਰਹੇ।

ਸ਼ਹਿਰ ਦੇ ਸਿਵਲ ਲਾਈਨ ਇਲਾਕੇ 'ਚ ਕੁਝ ਰੇਹੜੀ ਵਾਲਿਆਂ ਨੇ ਆਪਣਾ ਕੰਮਕਾਰ ਚਲਾਇਆ। ਉਨ੍ਹਾਂ ਦੱਸਿਆ ਕਿ ਕਸ਼ਮੀਰ ਘਾਟੀ ਦੇ ਬਹੁਤੇ ਇਲਾਕਿਆਂ ਵਿਚੋਂ ਬੈਰੀਕੇਡ ਅਤੇ ਪਾਬੰਦੀਆਂ ਹਟਾ ਲਈਆਂ ਹਨ ਪਰ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸੁਰੱਖਿਆ ਬਲ ਤਾਇਨਾਤ ਹਨ। ਜਿਕਰਯੋਗ ਹੈ ਕਿ 5 ਅਗਸਤ ਨੂੰ ਧਾਰਾ 370 ਖਤਮ ਕਰਕੇ ਜੰਮੂ-ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ 'ਚ ਵਿਚ ਵੰਡਣ ਦੇ ਫੈਸਲੇ ਤੋਂ ਲੈ ਕੇ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਅਜੇ ਬਹਾਲ ਨਹੀਂ ਕੀਤੀਆਂ ਗਈਆਂ।

## ਕਸ਼ਮੀਰੀ ਲੜਕੀਆਂ ਨਾਲ ਵਿਆਹ ਕਰਾਉਣ ਵਾਲੇ ਗ੍ਰਿਫਤਾਰ

**ਸੁਪਾਲ (ਬਿਹਾਰ):** ਬਿਹਾਰ ਦੇ ਦੋ ਭਰਾਵਾਂ, ਜਿਨ੍ਹਾਂ ਕਸ਼ਮੀਰੀ ਕੁੜੀਆਂ ਨਾਲ ਵਿਆਹ ਕਰਵਾਉਣ ਦਾ ਸੁਪਨਾ ਲਿਆ ਸੀ, ਦਾ ਚਾਅ ਜਲਦੀ ਹੀ ਖਤਮ ਹੋ ਗਿਆ ਜਦੋਂ ਉਨ੍ਹਾਂ ਨੂੰ ਲੜਕੀਆਂ ਉਧਾਲਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ। ਦੋ ਭਰਾਵਾਂ ਨੇ ਕੁੱਝ ਦਿਨ ਪਹਿਲਾਂ ਹੀ ਲੜਕੀਆਂ ਨਾਲ ਵਿਆਹ ਕਰਵਾਉਣ ਦਾ ਦਾਅਵਾ ਕੀਤਾ ਸੀ। ਦੋਵਾਂ ਨੂੰ ਜੰਮੂ ਕਸ਼ਮੀਰ ਦੇ ਰਾਮਬਨ ਜਿਲ੍ਹੇ ਵਿਚੋਂ ਲੜਕੀਆਂ ਭਜਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ।

ਇਹ ਜਾਣਕਾਰੀ ਬਿਹਾਰ ਪੁਲਿਸ ਨੇ ਦਿੱਤੀ ਹੈ। ਪ੍ਰਵੇਜ ਤੇ ਤਬਰੇਜ ਆਲਮ ਜੋ ਸੁਪਾਲ ਦੇ ਰਾਮ ਵਿਸ਼ਨੂੰ ਪੁਰ ਦੇ ਵਾਸੀ ਹਨ ਤੇ ਭਰਾ ਹਨ, ਰਾਮਬਨ 'ਚ ਤਰਖਾਣਾ ਕੰਮ ਕਰਦੇ ਸਨ ਤੇ ਉਨ੍ਹਾਂ ਦਾ ਦੋਵੇਂ ਕਸ਼ਮੀਰੀ ਭੈਣਾਂ ਨਾਲ ਪਿਆਰ ਹੋ ਗਿਆ ਸੀ। ਦੋਵੇਂ ਨੌਜਵਾਨ ਇਥੇ ਆਪਣੀਆਂ ਕਥਿਤ ਪਤਨੀਆਂ ਨੂੰ ਲੈ ਕੇ ਆਏ ਸਨ ਪਰ ਲੜਕੀਆਂ ਦੇ ਪਿਤਾ ਨੇ ਪੁਲਿਸ ਕੋਲ ਸ਼ਿਕਾਇਤ ਕਰ ਦਿੱਤੀ।

## ਇਮਰਾਨ ਯੂ.ਐਨ. 'ਚ ਰੱਖਣਗੇ ਕਸ਼ਮੀਰੀਆਂ ਦੀਆਂ ਭਾਵਨਾਵਾਂ: ਕੁਰੈਸ਼ੀ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਵਜੀਰੇ ਆਜਮ ਇਮਰਾਨ ਖਾਨ ਅਗਲੇ ਮਹੀਨੇ ਨਿਊ ਯਾਰਕ ਵਿਚ ਸੰਯੁਕਤ ਰਾਸ਼ਟਰ ਆਮ ਸਭਾ ਨੂੰ ਸੰਬੋਧਨ ਕਰਨ ਮੌਕੇ ਕਸ਼ਮੀਰ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ 'ਜੋਰਦਾਰ' ਤਰੀਕੇ ਨਾਲ ਕੌਮਾਂਤਰੀ ਭਾਈਚਾਰੇ ਅੱਗੇ ਰੱਖਣਗੇ। ਕੁਰੈਸ਼ੀ ਨੇ ਕਿਹਾ ਕਿ ਵਜੀਰੇ ਆਜਮ ਆਮ ਸਭਾ ਤੋਂ ਇਕ ਪਾਸੇ ਆਲਮੀ ਆਗੂਆਂ ਨਾਲ ਦੁਵੱਲੀਆਂ ਮੀਟਿੰਗਾਂ ਵੀ ਕਰਨਗੇ। ਕੁਰੈਸ਼ੀ ਨੇ ਦਾਅਵਾ ਕੀਤਾ ਕਿ ਭਾਰਤ ਨੇ ਸ਼ਿਮਲਾ ਸਮਝੌਤੇ ਦੀ ਉਲੰਘਣਾ ਕੀਤੀ ਹੈ ਤੇ ਕਸ਼ਮੀਰ ਵਿਚ ਕੀਤੀ ਗਈ 'ਇਕਤਰਫਾ' ਪੇਸ਼ਕਦਮੀ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਮਤਿਆਂ ਦੀ ਉਲੰਘਣਾ ਹੈ।

# ਧਾਰਾ 370: ਕੇਸ ਸੰਵਿਧਾਨਕ ਬੈਂਚ ਹਵਾਲੇ

**ਨਵੀਂ ਦਿੱਲੀ:** ਧਾਰਾ 370 ਮਨਸੂਖ ਕੀਤੇ ਜਾਣ ਮਗਰੋਂ ਜੰਮੂ ਕਸ਼ਮੀਰ ਦੇ ਸੰਵਿਧਾਨਕ ਰੁਤਬੇ 'ਚ ਲਿਆਂਦੇ ਗਏ ਬਦਲਾਅ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਸੁਪਰੀਮ ਕੋਰਟ ਨੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਹਵਾਲੇ ਕਰ ਦਿੱਤਾ ਹੈ। ਪਟੀਸ਼ਨਾਂ ਅਕਤੂਬਰ ਦੇ ਪਹਿਲੇ ਹਫਤੇ 'ਚ ਸੁਣਵਾਈ ਲਈ ਸੂਚੀਬੱਧ ਹੋਣਗੀਆਂ। ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਨ ਵਾਲੇ ਰਾਸ਼ਟਰਪਤੀ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਨੂੰ ਨੋਟਿਸ ਵੀ ਜਾਰੀ ਕੀਤੇ ਹਨ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐਸ ਏ ਬੋਬੜੇ ਅਤੇ ਐਸ ਏ ਨਜੀਰ 'ਤੇ ਆਧਾਰਿਤ ਤਿੰਨ ਮੈਂਬਰੀ ਬੈਂਚ ਕੇਂਦਰ ਦੀ ਇਸ ਦਲੀਲ ਨਾਲ ਸਹਿਮਤ ਨਹੀਂ ਸੀ ਕਿ ਇਸ ਮਾਮਲੇ 'ਚ ਨੋਟਿਸ ਜਾਰੀ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਤੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਅਦਾਲਤ 'ਚ ਹਾਜਰੀ ਦਰਜ ਕਰਵਾ ਰਹੇ ਹਨ। ਬੈਂਚ ਨੇ ਇਸ ਦਲੀਲ ਨੂੰ ਵੀ ਨਹੀਂ ਮੰਨਿਆ ਕਿ ਨੋਟਿਸ ਜਾਰੀ ਹੋਣ ਨਾਲ 'ਸਰਹੱਦ ਪਾਰ' ਇਸ ਮਾਮਲੇ ਨੂੰ ਹੋਰ ਉਛਾਲਿਆ ਜਾਵੇਗਾ ਅਤੇ ਗੰਭੀਰ ਨਤੀਜੇ ਨਿਕਲਣਗੇ।

ਅਟਾਰਨੀ ਜਨਰਲ ਨੇ ਕਿਹਾ ਕਿ ਅਦਾਲਤ ਵੱਲੋਂ ਜੋ ਕੁਝ ਵੀ ਆਖਿਆ ਜਾ ਰਿਹਾ ਹੈ, ਉਸ ਨੂੰ ਸੰਯੁਕਤ ਰਾਸ਼ਟਰ 'ਚ ਉਠਾਇਆ ਜਾ ਸਕਦਾ ਹੈ। ਉਨ੍ਹਾਂ ਦਾ ਇਸ਼ਾਰਾ ਪਾਕਿਸਤਾਨ ਵੱਲ ਸੀ ਜਿਸ ਨੇ ਕਸ਼ਮੀਰ ਮਸਲੇ ਨੂੰ ਹਰ ਮੁਹਾਜ਼ 'ਤੇ ਉਠਾਉਣ ਦਾ ਐਲਾਨ ਕੀਤਾ ਹੋਇਆ ਹੈ। ਇਸ ਮੁੱਦੇ 'ਤੇ ਦੋਵੇਂ ਧਿਰਾਂ ਦੇ ਵਕੀਲਾਂ 'ਚ ਬਹਿਸ ਵਿਚਕਾਰ ਬੈਂਚ ਨੇ ਕਿਹਾ,"ਸਾਨੂੰ ਪਤਾ ਹੈ ਕਿ ਕੀ ਕਰਨਾ ਹੈ, ਅਸੀਂ ਹੁਕਮ ਦੇ ਦਿੱਤਾ ਹੈ ਅਤੇ ਅਸੀਂ ਇਸ ਨੂੰ ਬਦਲਣ ਵਾਲੇ ਨਹੀਂ ਹਾਂ।" ਬੈਂਚ ਨੇ ਇਹ ਵੀ ਕਿਹਾ ਕਿ ਸਾਰੇ ਮਾਮਲੇ ਅਕਤੂਬਰ ਦੇ ਪਹਿਲੇ ਹਫਤੇ 'ਚ ਸੂਚੀਬੱਧ ਕੀਤੇ ਜਾਣਗੇ।

ਧਾਰਾ 370 ਨੂੰ ਰੱਦ ਕਰਨ ਸਬੰਧੀ ਰਾਸ਼ਟਰਪਤੀ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਪਹਿਲੀ ਪਟੀਸ਼ਨ ਵਕੀਲ ਐਮ.ਐਲ. ਸ਼ਰਮਾ ਵੱਲੋਂ ਦਾਖਲ ਕੀਤੀ ਗਈ ਸੀ। ਇਸ ਮਗਰੋਂ ਜੰਮੂ ਕਸ਼ਮੀਰ ਦਾ ਇਕ ਹੋਰ ਵਕੀਲ ਸ਼ਾਕਿਰ ਸ਼ਬੀਰ ਵੀ ਜੁੜ ਗਿਆ।

ਜੰਮੂ ਕਸ਼ਮੀਰ ਦੀ ਅਹਿਮ ਸਿਆਸੀ ਪਾਰਟੀ ਨੈਸ਼ਨਲ ਕਾਨਫਰੰਸ ਦੇ ਸੰਸਦ ਮੈਂਬਰਾਂ ਮੁਹੰਮਦ ਅਕਬਰ ਲੋਨ ਅਤੇ ਜਸਟਿਸ (ਸੇਵਾਮੁਕਤ) ਹਸਨੈਨ ਮਸੂਦੀ ਨੇ ਵੀ 10 ਅਗਸਤ ਨੂੰ ਸੂਬੇ ਦੇ ਰੁਤਬੇ 'ਚ ਕੀਤੇ ਬਦਲਾਅ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕੀਤੀ ਸੀ ਜਿਸ 'ਚ ਦਲੀਲ ਦਿੱਤੀ ਗਈ ਕਿ ਸੂਬੇ ਦੇ ਨਾਗਰਿਕਾਂ ਦੇ ਹੱਕਾਂ ਨੂੰ ਖੋਹ ਲਿਆ ਗਿਆ ਹੈ। ਲੋਨ ਜੰਮੂ ਕਸ਼ਮੀਰ ਵਿਧਾਨ ਸਭਾ ਦੇ ਸਾਬਕਾ ਸਪੀਕਰ ਹਨ ਜਦਕਿ ਮਸੂਦੀ ਜੰਮੂ ਕਸ਼ਮੀਰ ਹਾਈ ਕੋਰਟ ਦੇ ਜੱਜ ਰਹੇ ਹਨ। ਹੋਰ ਪਟੀਸ਼ਨਾਂ 'ਚ ਕੁਝ ਸਾਬਕਾ ਰੱਖਿਆ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਨੇ ਇਸ ਸਬੰਧੀ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ ਪਟੀਸ਼ਨਾਂ 'ਚ ਵੀ ਰਾਸ਼ਟਰਪਤੀ ਦੇ 5 ਅਗਸਤ ਦੇ ਹੁਕਮਾਂ ਨੂੰ ਗੈਰਸੰਵਿਧਾਨਕ ਐਲਾਨੇ ਜਾਣ ਦੀ ਮੰਗ ਕੀਤੀ ਗਈ ਹੈ।

## ਮਾਇਆਵਤੀ ਮੁੜ ਬਸਪਾ ਦੀ ਪ੍ਰਧਾਨ

**ਲਖਨਊ:** ਬਹੁਜਨ ਸਮਾਜ ਪਾਰਟੀ (ਬਸਪਾ) ਸੁਪਰੀਮੋ ਮਾਇਆਵਤੀ ਨੂੰ ਮੁੜ ਪਾਰਟੀ ਦਾ ਕੌਮੀ ਪ੍ਰਧਾਨ ਚੁਣ ਲਿਆ ਗਿਆ ਹੈ। ਇਸ ਮੌਕੇ ਮਾਇਆਵਤੀ ਨੇ ਕਿਹਾ ਕਿ ਉਹ ਕਦੇ



'ਰੁਕਣਗੇ ਜਾਂ ਝੁਕਣਗੇ ਨਹੀਂ'। ਉਨ੍ਹਾਂ ਨੂੰ ਇਥੇ ਹੋਈ ਪਾਰਟੀ ਦੀ ਕੌਮੀ ਕਾਰਜਕਾਰਨੀ ਕਮੇਟੀ ਦੇ ਆਗੂਆਂ ਦੀ ਵਿਸ਼ੇਸ਼ ਮੀਟਿੰਗ ਵਿਚ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਸੂਬਾਈ ਯੂਨਿਟਾਂ ਦੇ ਆਗੂ ਤੇ ਮੁਲਕ ਭਰ ਵਿਚੋਂ ਪਾਰਟੀ ਦੇ ਨੁਮਾਇੰਦੇ ਹਾਜਰ ਸਨ।

ਮਾਇਆਵਤੀ ਨੇ ਇਸ ਮੌਕੇ ਸਰਬਸੰਮਤੀ ਨਾਲ ਉਨ੍ਹਾਂ ਨੂੰ ਪ੍ਰਧਾਨ ਚੁਣਨ 'ਤੇ ਪਾਰਟੀ ਵਰਕਰਾਂ ਤੇ ਹੋਰਾਂ ਦਾ ਧੰਨਵਾਦ ਕੀਤਾ। 63 ਸਾਲਾ ਆਗੂ ਨੇ ਕਿਹਾ ਕਿ ਉਹ ਉਹ ਬਸਪਾ ਵੱਲੋਂ ਵਿੱਢੇ ਅੰਦੋਲਨ ਨੂੰ ਅੱਗੇ ਤੋਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਦਲਿਤ, ਆਦਿਵਾਸੀ ਤੇ ਪੱਛੜੀਆਂ ਸ਼੍ਰੇਣੀਆਂ ਦੇ ਸੰਤਾਂ, ਗੁਰੂਆਂ ਤੇ ਹੋਰ ਮਹਾਨ ਸ਼ਖਸੀਅਤਾਂ ਵੱਲੋਂ ਲੋਕ ਹਿੱਤ ਵਿਚ ਪਾਏ ਪੂਰਨਿਆਂ 'ਤੇ ਚੱਲਦੇ ਰਹਿਣਗੇ ਤੇ ਕਦੇ ਪਿੱਛੇ ਨਹੀਂ ਹਟਣਗੇ। ਮਾਇਆਵਤੀ ਨੇ ਕਿਹਾ ਕਿ ਬਸਪਾ ਸਰਕਾਰ ਦੀ ਉੱਤਰ ਪ੍ਰਦੇਸ਼ ਵਿਚ ਸ਼ਾਨਦਾਰ ਕਾਰਗੁਜ਼ਾਰੀ ਮਿਸਾਲੀ ਰਹੀ ਹੈ ਤੇ ਇਸੇ ਦੇ ਦਮ 'ਤੇ ਹੋਰ ਸੂਬਿਆਂ ਦੀਆਂ ਆਗਾਮੀ ਚੋਣਾਂ 'ਚ ਲੋਕਾਂ ਵੱਲੋਂ ਪਾਰਟੀ ਨੂੰ ਸਹਿਯੋਗ ਮਿਲੇਗਾ।

ਪਾਰਟੀ ਪ੍ਰਧਾਨ ਨੇ ਕਿਹਾ ਕਿ ਹਰਿਆਣਾ, ਮਹਾਰਾਸ਼ਟਰ, ਝਾਰਖੰਡ ਤੇ ਦਿੱਲੀ ਵਿਚ ਚੋਣਾਂ ਹੋਣ ਵਾਲੀਆਂ ਹਨ ਤੇ ਪਾਰਟੀ ਨੂੰ 'ਪੂਰੀ ਤਾਕਤ' ਨਾਲ ਇਹ ਸਾਰੀਆਂ ਚੋਣਾਂ ਲੜਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਬਸਪਾ ਇਹ ਚੋਣਾਂ ਭਾਜਪਾ ਦੇ ਕਾਂਗਰਸ ਦੋਵਾਂ ਖਿਲਾਫ ਲੜੇਗੀ ਤੇ ਸੱਤਾ ਦਾ ਤਵਾਜਨ ਬਿਠਾਏਗੀ। ਉਨ੍ਹਾਂ ਨਾਲ ਹੀ ਕਿਹਾ ਕਿ ਪਾਰਟੀ ਨੂੰ ਯੂਪੀ ਦੀਆਂ ਕੁਝ ਜ਼ਿਮਨੀ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਦਿਖਾਉਣੀ ਪਵੇਗੀ।

## ਪੰਜ ਸੂਬਿਆਂ 'ਚ ਨਵੇਂ ਰਾਜਪਾਲ ਨਿਯੁਕਤ

**ਨਵੀਂ ਦਿੱਲੀ:** ਸ਼ਾਹ ਬਾਨੋ ਮਾਮਲੇ ਵਿਚ ਰਾਜੀਵ ਗਾਂਧੀ ਸਰਕਾਰ ਤੋਂ ਅਸਤੀਫਾ ਦੇਣ ਵਾਲੇ ਉੱਘੇ ਮੁਸਲਿਮ ਚਿਹਰੇ ਆਰਿਫ ਮੁਹੰਮਦ ਖਾਨ (68) ਨੂੰ ਤਿੰਨ ਹੋਰ ਭਾਜਪਾ ਆਗੂਆਂ ਦੇ ਨਾਲ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਆਰਿਫ ਨੂੰ ਕੇਰਲ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ।

ਭਾਜਪਾ ਆਗੂ ਤੇ ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ (77) ਨੂੰ ਮਹਾਰਾਸ਼ਟਰ ਦਾ ਰਾਜਪਾਲ ਥਾਪਿਆ ਗਿਆ ਹੈ, ਉਹ ਵਿਦਿਆ ਸਾਗਰ ਰਾਓ ਦੀ ਥਾਂ ਲੈਣਗੇ। ਭਾਜਪਾ ਦੀ ਤਾਮਿਲਨਾਡੂ ਇਕਾਈ ਦੀ ਮੁਖੀ ਟੀ. ਸੌਂਦ੍ਰਯਾਰਾਜਨ (58) ਨੂੰ ਤਿਲੰਗਾਨਾ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ, ਉਹ ਤਿਲੰਗਾਨਾ ਵਿਚ ਈ.ਐਸ.ਐਲ. ਨਰਸਿਮ੍ਹਾ ਦੀ ਥਾਂ ਲੈਣਗੇ। ਸਾਬਕਾ ਕੇਂਦਰੀ ਮੰਤਰੀ ਕਲਰਾਜ ਮਿਸ਼ਰਾ (78), ਜਿਨ੍ਹਾਂ ਨੂੰ ਹਾਲ ਹੀ ਵਿਚ ਹਿਮਾਚਲ ਪ੍ਰਦੇਸ਼ ਦਾ ਰਾਜਪਾਲ ਲਾਇਆ ਗਿਆ ਸੀ, ਨੂੰ ਰਾਜਸਥਾਨ ਤਬਦੀਲ ਕਰ ਦਿੱਤਾ ਗਿਆ ਹੈ। ਮਿਸ਼ਰਾ ਕਲਿਆਣ ਸਿੰਘ ਦੀ ਥਾਂ ਲੈਣਗੇ ਜੋ ਰਾਜਪਾਲ ਵਜੋਂ ਸੇਵਾਕਾਲ ਪੂਰਾ ਕਰ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਬੰਡਾਰੂ ਦੱਤਾਤ੍ਰੇਅ (72) ਨੂੰ ਹਿਮਾਚਲ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਖਾਨ ਕੇਰਲ 'ਚ ਭਾਰਤ ਦੇ ਸਾਬਕਾ ਚੀਫ ਜਸਟਿਸ ਪੀ. ਸਤਸ਼ਿਵਮ ਦੀ ਥਾਂ ਲੈਣਗੇ।

# ਵਾਸ਼ਿੰਗਟਨ ਡੀ. ਸੀ. ਵਿਖੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਮਨਾਇਆ

**ਵਾਸ਼ਿੰਗਟਨ ਡੀ. ਸੀ. (ਬਿਊਰੋ):** ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਇਥੇ ਮੈਟਰੋਪਾਲਿਟਨ ਦੀਆਂ ਸੰਗਤਾਂ ਵਲੋਂ 'ਇੱਕ ਓਂਕਾਰ' ਸੰਸਥਾ ਦੇ ਬੈਨਰ ਹੇਠ ਬਹੁਤ ਹੀ ਸ਼ਰਧਾ ਤੇ ਧਾਰਮਿਕ ਰਹੁਰੀਤਾਂ ਨਾਲ ਮਨਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਫਲੋਟ 'ਤੇ ਸਜਾ ਕੇ ਲਿਆਂਦੀ ਗਈ, ਜਿਸ ਨੂੰ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੰਡਾਲ ਤੋਂ ਸਟੇਜ ਤੱਕ ਬਹੁਤ ਹੀ ਸ਼ਰਧਾ ਨਾਲ ਗੁਰੂ ਸ਼ਬਦ ਦਾ ਗਾਇਨ ਕਰਦੀਆਂ ਸੰਗਤਾਂ ਨੇ ਸਟੇਜ 'ਤੇ ਸੁਸ਼ੋਭਿਤ ਕੀਤਾ। ਇਹ ਅਲੌਕਿਕ ਨਜ਼ਾਰਾ ਵੇਖਣਯੋਗ ਸੀ। ਵੱਖ-ਵੱਖ ਜਥਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਮੁੱਖ ਤੌਰ 'ਤੇ ਭਾਈ ਸ਼ਵਿੰਦਰ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਨਿਰਮਲ ਸਿੰਘ ਅਤੇ ਬੀਬੀ ਗੁਨੀਤ ਕੌਰ ਦੇ ਜਥੇ ਨੇ ਬਹੁਤ ਹੀ ਸ਼ਰਧਾ ਨਾਲ ਬਾਬੇ ਨਾਨਕ ਦੀਆਂ ਸਿੱਖਿਆਵਾਂ ਨਾਲ ਸਬੰਧਿਤ ਸ਼ਬਦ ਕੀਰਤਨ ਕੀਤਾ।



ਜੈਕਾਰਿਆਂ ਦੀ ਗੂੰਜ ਨਾਲ ਇਹ ਦਿਹਾੜਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫੇ ਨੂੰ ਸਮਰਪਿਤ ਕੀਤਾ ਗਿਆ। ਲੰਗਰ ਵੀ ਅਤੁੱਟ ਵਰਤਿਆ। ਵੱਖ-ਵੱਖ ਗੁਰੂਘਰਾਂ ਤੋਂ ਆਇਆ ਲੰਗਰ ਗੋਰਿਆਂ ਨੇ ਵੀ ਛਕਿਆ ਤੇ ਬਾਬੇ ਨਾਨਕ ਦੀਆਂ ਸਿੱਖਿਆਵਾਂ ਦੀ ਜਾਣਕਾਰੀ ਲਈ।

ਗਰਮਖਿਆਲੀਆਂ ਦੇ ਗਰੁਪ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਬੈਨਰਾਂ ਨਾਲ ਆਪਣੀ ਸ਼ਮੂਲੀਅਤ ਦਾ ਪ੍ਰਗਟਾਵਾ ਕੀਤਾ। ਸਿੱਖ ਸ਼ਖਸੀਅਤ ਸ. ਰਵੀ ਸਿੰਘ ਖਾਲਸਾ ਵੀ ਵਿਸ਼ੇਸ਼ ਤੌਰ 'ਤੇ ਪੁੱਜੇ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਉਪਰੰਤ ਹੋਰ ਬੁਲਾਰਿਆਂ ਨੇ ਬਾਬੇ ਨਾਨਕ ਦੀਆਂ ਸਿੱਖਿਆਵਾਂ ਤੇ ਮਾਨਵਤਾ ਦੀ ਸੇਵਾ ਸਬੰਧੀ ਚਾਨਣਾ ਪਾਇਆ ਗਿਆ, ਜਿਸ ਵਿਚ 'ਸਿੱਖ ਏਡ' ਦੇ ਰਵੀ ਸਿੰਘ ਨੂੰ ਸੁਣਨ ਲਈ ਸੰਗਤਾਂ ਦੀ ਖਾਸ ਦਿਲਚਸਪੀ ਦੇਖੀ ਗਈ। ਸਟਾਲਾਂ ਰਾਹੀਂ ਕਾਫੀ ਕੁਝ ਪ੍ਰਦਰਸ਼ਿਤ ਕੀਤਾ ਗਿਆ, ਜਿਸ ਵਿਚ ਮੈਡੀਕਲ ਚੈਕਅਪ ਤੇ ਸਿੱਖੀ ਸਬੰਧੀ ਲਿਟਰੇਚਰ ਵੰਡਣਾ ਸ਼ਲਾਘਾਯੋਗ ਸੀ।

ਗੁਰਪੁਰਬ ਸਮਾਗਮ ਨੂੰ ਸ਼ਰਧਾ ਭਾਵਨਾ ਨਾਲ ਸੰਪੂਰਨ ਕਰਨ ਵਿਚ ਗੁਰੂਘਰਾਂ, ਜਥੇਬੰਦੀਆਂ ਅਤੇ ਸੰਸਥਾਵਾਂ ਦਾ ਭਰਪੂਰ ਯੋਗਦਾਨ ਸੀ। ਫਿਰ ਵੀ ਆਸ ਤੋਂ ਘੱਟ ਸ਼ਮੂਲੀਅਤ ਨੇ ਪ੍ਰਬੰਧਕਾਂ ਨੂੰ ਨਿਰਾਸ਼ ਕੀਤਾ। ਮਹਿਸੂਸ ਕੀਤਾ ਗਿਆ ਕਿ ਕੁਝ ਖਾਮੀਆਂ ਜਰੂਰ ਰਹਿ ਗਈਆਂ ਹੋਣਗੀਆਂ, ਜਿਨ੍ਹਾਂ ਨੂੰ ਸੁਧਾਰਨ ਲਈ ਭਵਿੱਖ ਵਿਚ ਉਪਰਾਲੇ ਕੀਤੇ ਜਾਣਗੇ ਤਾਂ ਜੋ ਸੰਗਤਾਂ ਦਾ ਭਾਰੀ ਇਕੱਠ ਜੁਟਾਇਆ ਜਾ ਸਕੇ।







## B.T.S CARRIER INC.



**BTS Truck Shop Major & Minor Work**
**@ 39115 Maple Ave., Wayne, MI 48184**

**Hiring Owner operator & Drivers**

**Long and local route**

**Driver rate 45 to 55 cents per mile**

**Owner operator (Own truck/trailer & insurance) will be paid 92% after 8% dispatch. If company trailer used then will 80% gross.**

**Fuel discount:** Pilot, Fly J, TA and Petro will pay 25 to 40 cents per gallon.

**Direct deposit also available.**

***For more information please contacts:***

**Rusty Singh 734-233-8464**
**Dave Aujla 734-419-1408**



## ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਦਾ ਪ੍ਰਾਜੈਕਟ 'ਮੇਰਾ ਪਿੰਡ, ਮੇਰਾ ਪੰਜਾਬ'

FRIENDS OF PUNJAB FOUNDATION

### ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ-ਮਨੁੱਖਤਾ ਦੀ ਸੇਵਾ

ਗੁਰੂ ਨਾਨਕ ਸਾਹਿਬ ਦੀ ਭੂਮੀ ਅਤੇ ਤੁਹਾਡੀਆਂ ਬਚਪਨ ਦੀਆਂ ਯਾਦਾਂ ਨਾਲ ਲਬਾਲਬ ਪਿੰਡ ਤੁਹਾਨੂੰ ਹਾਕਾਂ ਮਾਰ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਚਾਰ ਤੋਂ ਪੰਜ ਫੀਸਦ ਪਰਿਵਾਰ ਅਤਿ ਦੇ ਗਰੀਬ ਹਨ। ਉਹ ਆਪਣੇ ਹੋਣਹਾਰ ਬੱਚਿਆਂ ਦੀ ਉਚ ਸਿਖਿਆ ਲਈ ਵਸੀਲੇ ਨਹੀਂ ਜੁਟਾ ਸਕਦੇ। ਵਿਧਵਾਵਾਂ, ਔਲਾਦਹੀਣ ਬਜੁਰਗਾਂ ਅਤੇ ਅੰਗਹੀਣਾਂ ਦਾ ਨਿਤ ਦਿਨ ਦਾ ਗੁਜ਼ਾਰਾ ਬੜਾ ਮੁਸ਼ਕਿਲ ਹੈ। ਸਹੂਲਤਾਂ ਤੋਂ ਸੱਖਣੇ ਅਤੇ ਲਗਾਤਾਰ ਜਦੋਜਹਿਦ ਕਰ ਰਹੇ ਇਨ੍ਹਾਂ ਲੋਕਾਂ ਲਈ ਖਾਂਦੇ-ਪੀਂਦੇ ਲੋਕ ਆਮ ਕਰਕੇ ਅਤੇ ਸਰਕਾਰੀ ਸਿਸਟਮ ਖਾਸ ਕਰਕੇ ਕੋਈ ਪ੍ਰਵਾਹ ਨਹੀਂ ਕਰ ਰਹੇ।

ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਨਾਲ ਜੁੜੇ ਲੋਕ, ਜੋ ਪੰਜਾਬ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਵੱਸੇ ਹੋਏ ਹਨ, ਇਨ੍ਹਾਂ ਹਜ਼ਾਰਾਂ ਪਰਿਵਾਰਾਂ ਨੂੰ ਮਹੀਨੇਵਾਰ ਮਾਲੀ ਮਦਦ ਦੇ ਰਹੇ ਹਨ। ਪੰਜਾਬ ਦੇ ਕਰੀਬ 40 ਪਿੰਡ ਅਪਨਾਏ ਜਾ ਚੁਕੇ ਹਨ ਜਾਂ ਅਪਨਾਏ ਜਾਣ ਦੀ ਪ੍ਰਕ੍ਰਿਆ ਵਿਚ ਹਨ। ਮਦਦ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਦੀਆਂ ਕੁਝ ਮਿਸਾਲਾਂ ਇੰਜ ਹਨ:

* 80 ਸਾਲ ਤੋਂ ਉਪਰ ਬੇਜ਼ਮੀਨੇ ਬਜੁਰਗ ਵਿਧਵਾਵਾਂ, ਜਿਨ੍ਹਾਂ ਦੇ ਪੁੱਤਰ ਵੀ ਸਦੀਵੀ ਵਿਛੋੜਾ ਦੇ ਗਏ ਹਨ, ਅਜੇ ਵੀ ਦਿਹਾੜੀ ਕਰਨ ਲਈ ਮਜਬੂਰ ਹਨ।
* 45 ਸਾਲ ਦੀ ਇਕ ਛੱਡੀ ਹੋਈ ਤੇ ਬੇਜ਼ਮੀਨੀ ਔਰਤ ਆਪਣੇ ਗੁਜਾਰੇ ਅਤੇ ਤਿੰਨ ਛੋਟੀਆਂ ਧੀਆਂ (ਇਨ੍ਹਾਂ ਵਿਚੋਂ 2 ਅੰਗਹੀਣ ਹਨ) ਦੇ ਪਾਲਣ-ਪੋਸ਼ਣ ਲਈ ਮਿਹਨਤ ਮਜ਼ਦੂਰੀ ਕਰਦੀ ਹੈ।
* ਇਕ ਛੋਟੇ ਕਿਸਾਨ ਦੀ ਵਿਧਵਾ, ਜੋ ਪੋਲੀਓ ਤੋਂ ਪੀੜਤ ਹੈ, ਆਪਣੇ ਦੋ ਬੱਚੇ ਪਾਲ ਰਹੀ ਹੈ।
* ਇਕ ਲੋੜਵੰਦ ਪਰਿਵਾਰ ਦੀ ਮੁਟਿਆਰ ਕੁੜੀ ਦੀ ਮਾਸਟਰਜ਼ ਡਿਗਰੀ ਮੁਕੰਮਲ ਹੋਣ ਵਾਲੀ ਹੈ।
* ਇਕ ਬੇਜ਼ਮੀਨੇ ਅਤੇ ਅਨਪੜ੍ਹ ਜੋੜੇ ਦਾ ਪਹਿਲਾ ਹੀ ਬੱਚਾ ਲਗਭਗ ਜੋਤਹੀਣ ਹੀ ਜਨਮਿਆ ਹੈ।

**ਦੂਜੇ ਨੰਬਰ ਤਰਜੀਹ ਵਾਲੇ ਪ੍ਰਾਜੈਕਟ ਇਸ ਤਰ੍ਹਾਂ ਹਨ:**

* ਪਿੰਡ ਜਾਂ ਪਿੰਡਾਂ ਦੇ ਦਿਸ਼ਾਹੀਣ ਨੌਜਵਾਨਾਂ ਨੂੰ ਰੁਜ਼ਗਾਰ ਲਈ ਹੁਨਰ ਸਿਖਾਉਣ ਖਾਤਰ ਕੰਪਿਊਟਰ/ਸਿਖਲਾਈ ਸੈਂਟਰ ਦਾ ਪ੍ਰਬੰਧ। ਇਹ ਪ੍ਰਾਜੈਕਟ ਲਾਗੂ ਕਰਨ ਲਈ ਪਹਿਲਾ ਪਿੰਡ ਹੁਣ ਬਿਲਕੁਲ ਤਿਆਰ ਹੈ।
* ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਅਤੇ ਗਲੀਆਂ ਵਿਚ ਚਿੱਕੜ ਹੋਣ ਤੋਂ ਰੋਕਣ ਲਈ ਵੱਖ-ਵੱਖ ਘਰਾਂ 'ਚ ਸੋਕ ਪਿਟ ਵਾਟਰ ਰੀਚਾਰਜ ਸਿਸਟਮ (ਜਲ ਰੀਚਾਰਜ ਸਿਸਟਮ ਵਾਲਾ ਟੋਆ) ਲਾਇਆ ਜਾਵੇਗਾ।
* ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਘਰਾਂ ਵਿਚ ਮੋਰਿੰਗਾ ਪੌਦੇ ਮੁਫਤ ਲਾਉਣੇ।

ਇਨ੍ਹਾਂ ਪ੍ਰਾਜੈਕਟਾਂ ਲਈ 95 ਫੀਸਦ ਖਰਚਾ ਕੇਂਦਰ ਸਰਕਾਰ ਦੀਆਂ ਸਕੀਮਾਂ ਰਾਹੀਂ ਆਉਂਦਾ ਹੈ।

ਜੇ ਸਹੀ ਲਾਭਪਾਤਰੀ ਅਤੇ ਸਹੀ ਢੰਗ ਨਾਲ ਫੰਡ ਲਾਏ ਜਾ ਸਕਦੇ ਹੋਣ ਤਾਂ ਕਈ ਪਰਵਾਸੀ ਭਾਰਤੀ ਲੋੜਵੰਦਾਂ ਦੀ ਮਦਦ ਲਈ ਤਿਆਰ ਹਨ। ਸੰਸਥਾ ਵਲੋਂ ਤਿਆਰ ਅਤੇ ਲਾਗੂ ਕੀਤਾ ਪਾਰਦਰਸ਼ੀ ਢੰਗ ਤਰੀਕਾ ਬਹੁਤ ਸਾਰੇ ਪਰਵਾਸੀ ਭਾਰਤੀਆਂ ਨੂੰ ਉਨ੍ਹਾਂ ਦੇ ਪਿੰਡ ਨੂੰ ਅਪਨਾਉਣ ਲਈ ਰਾਹ ਦਸੇਰਾ ਬਣਿਆ ਹੈ। ਇਸ ਪ੍ਰਾਜੈਕਟ ਨਾਲ ਜੁੜੇ ਵਾਲੰਟੀਅਰ ਅਤੇ ਮੁਲਾਜ਼ਮ ਅਰੰਭ ਤੋਂ ਅੰਤ ਤੱਕ ਦਾਨੀ ਸੱਜਣਾਂ ਦੀ ਮਦਦ ਕਰਦੇ ਹਨ। ਦਾਨੀਆਂ ਦਾ 100 ਫੀਸਦੀ ਪੈਸਾ ਚੁਣੇ ਹੋਏ ਲਾਭਪਾਤਰੀਆਂ ਤੱਕ ਸਿੱਧਾ ਪੁੱਜਦਾ ਹੈ। ਸੰਸਥਾ ਫੰਡ ਇਕੱਠੇ ਨਹੀਂ ਕਰਦੀ ਅਤੇ ਨਾ ਮੰਗ ਕਰਦੀ ਹੈ।

ਆਪਣਾ 'ਪਿੰਡ' ਅਪਨਾਉ। ਆਪਣਾ ਯੋਗਦਾਨ ਪਾਉ। ਮਨੁੱਖਤਾ ਲਈ ਸੇਵਾ ਕਰੋ। ਬਾਬੇ ਨਾਨਕ ਦੀਆਂ ਸਿਖਿਆਵਾਂ ਦੇ ਪੈਰੋਕਾਰ ਬਣੋ। ਆਪਣੇ ਪਿਛੋਕੜ ਦੇ ਲੋੜਵੰਦਾਂ ਦੀ ਮਦਦ ਕਰਨਾ ਚਾਹੁੰਦੇ ਹੋ ਜਾਂ ਇਸ ਬਾਰੇ ਸੋਚਦੇ ਹੋ ਤਾਂ ਕ੍ਰਿਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

**ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179**

**www.friendsofpunjabfoundation.org**

# ਨਿੱਘਰਦੀ ਆਰਥਿਕਤਾ 'ਤੇ ਮੋਦੀ ਸਰਕਾਰ ਨੂੰ ਚੁਫੇਰਿਉਂ ਘੇਰਾ

**ਨਵੀਂ ਦਿੱਲੀ:** ਜੀ.ਡੀ.ਪੀ. (ਆਰਥਿਕ ਵਿਕਾਸ ਦਰ) ਘਾਟੇ 'ਤੇ ਭਾਜਪਾ ਸਰਕਾਰ ਨੂੰ ਚੁਫੇਰਿਉਂ ਘੇਰਾ ਪੈ ਗਿਆ ਹੈ। ਭਾਜਪਾ ਭਾਵੇਂ ਹੁਣ ਤੱਕ ਇਹੀ ਦੋਸ਼ ਲਾ ਰਹੀ ਸੀ ਕਿ ਵਿਰੋਧੀ ਜਾਣਬੁਝ ਕੇ ਗੁੰਮਰਾਹ ਕਰ ਰਹੇ ਹਨ ਪਰ ਤਾਜ਼ਾ ਅੰਕੜਿਆਂ



ਨੇ ਸਭ ਕੁਝ ਸਾਫ ਕਰ ਦਿੱਤਾ ਹੈ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਹੈ ਕਿ ਦੇਸ਼ ਦੇ ਅਰਥਚਾਰੇ ਦੀ 'ਨਿਘਰਦੀ ਹਾਲਤ' ਡੂੰਘੀ ਫਿਕਰਮੰਦੀ ਦਾ ਵਿਸ਼ਾ ਹੈ।

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ 'ਬਦਲਾਖੋਰੀ ਦੀ ਸਿਆਸਤ' ਨੂੰ ਲਾਂਭੇ ਰੱਖਣ ਤੇ ਅਰਥਚਾਰੇ ਨੂੰ 'ਮਨੁੱਖ ਵੱਲੋਂ ਸਿਰਜੇ ਸੰਕਟ' ਵਿਚੋਂ ਬਾਹਰ ਕੱਢਣ ਲਈ ਸਹੀ ਸੋਚ ਤੇ ਸਿਆਣਪ/ਸਮਝ ਰੱਖਣ ਵਾਲੇ ਲੋਕਾਂ ਨਾਲ ਰਾਬਤਾ ਕਰਨ। ਕਾਂਗਰਸੀ ਆਗੂ ਨੇ ਸਾਫ ਕਰ ਦਿੱਤਾ ਕਿ ਅਰਥਚਾਰੇ ਵਿਚ ਮੰਦੀ ਲਈ ਮੋਦੀ ਸਰਕਾਰ ਦੀਆਂ 'ਚਹੁੰ-ਤਰਫਾ ਕੁਪ੍ਰਬੰਧ' ਵਾਲੀਆਂ ਨੀਤੀਆਂ ਜ਼ਿੰਮੇਵਾਰ ਹਨ। ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਮਨਮੋਹਨ ਸਿੰਘ ਨੇ ਕਿਹਾ ਕਿ ਦੇਸ਼ ਦਾ ਨੌਜਵਾਨ, ਕਿਸਾਨ ਤੇ ਕਿਰਤੀ/ਮਜ਼ਦੂਰ, ਉੱਦਮੀ ਤੇ ਹਾਸ਼ੀਏ 'ਤੇ ਧੱਕੇ ਵਰਗ ਇਸ ਤੋਂ ਬਿਹਤਰ ਸੇਵਾਵਾਂ ਦੇ ਹੱਕਦਾਰ ਹਨ।

ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਅਰਥਵਿਵਸਥਾ 'ਤਬਾਹ' ਕਰਨ ਲਈ ਕੌਣ ਜ਼ਿੰਮੇਵਾਰ ਹੈ।

ਪ੍ਰਿਯੰਕਾ ਨੇ ਕਿਹਾ ਕਿ 'ਅੱਛੇ ਦਿਨ' ਦਾ ਰੌਲਾ-ਰੱਪਾ ਪਾਉਣ ਵਾਲੀ ਸਰਕਾਰ ਨੇ ਹੀ ਹੁਣ ਆਰਥਿਕਤਾ ਦੀ 'ਫੂਕ' ਕੱਢ ਦਿੱਤੀ ਹੈ, ਨਾ ਤਾਂ ਜੀ.ਡੀ.ਪੀ. ਤੇ ਨਾ ਹੀ ਕਰੰਸੀ ਮਜ਼ਬੂਤ ਹੈ, ਨੌਕਰੀਆਂ ਵੀ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਜਵਾਬ ਦਿੱਤਾ ਜਾਵੇ। ਸਰਕਾਰੀ ਅੰਕੜਿਆਂ ਮੁਤਾਬਕ ਸੰਨ 2019-20 ਦੇ ਅਪਰੈਲ-ਜੂਨ ਵਿੱਤੀ ਕੁਆਰਟਰ ਵਿਚ ਜੀ.ਡੀ.ਪੀ. ਘੱਟ ਕੇ 5 ਫੀਸਦ ਰਹਿ ਗਈ ਹੈ। ਉਤਪਾਦਨ ਵਿਚ ਆਈ ਵੱਡੀ ਕਮੀ ਤੇ ਖੇਤੀਬਾੜੀ ਸੈਕਟਰ ਦੀਆਂ ਗਤੀਵਿਧੀਆਂ ਘਟਣ ਨੂੰ ਇਸ ਦਾ ਕਾਰਨ ਦੱਸਿਆ ਜਾ ਰਿਹਾ ਹੈ। ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਵਿਅੰਗ ਕਰਦਿਆਂ ਕਿਹਾ ਕਿ 'ਹਿੱਟ ਫਿਲਮ 'ਕਿਆਮਤ ਸੇ ਕਿਆਮਤ' ਤੱਕ ਯਾਦ ਹੈ'? ਇਹ ਹੁਣ 'ਕੁਆਰਟਰ ਤੋਂ ਕੁਆਰਟਰ ਤੱਕ ਬਣ ਚੁੱਕਾ ਹੈ।' ਰਣਦੀਪ ਸੁਰਜੇਵਾਲਾ ਨੇ ਟਵੀਟ ਕੀਤਾ 'ਕੀ ਇਹ ਨਵਾਂ ਭਾਰਤ ਹੈ?' ਉਨ੍ਹਾਂ ਕਿਹਾ ਕਿ ਜੀ. ਡੀ. ਪੀ. ਗਰਾਫ ਜਨਵਰੀ-ਮਾਰਚ 2018 ਕੁਆਰਟਰ ਵਿਚ 8.1 ਫੀਸਦੀ ਤੋਂ ਘੱਟ ਕੇ ਹੁਣ ਅਪਰੈਲ-ਜੂਨ 2019 ਵਿਚ ਪੰਜ ਫੀਸਦੀ ਰਹਿ ਗਿਆ ਹੈ।

ਕਾਂਗਰਸੀ ਬੁਲਾਰੇ ਮਨੀਸ਼ ਤਿਵਾੜੀ ਨੇ ਵੀ ਕੇਂਦਰ ਸਰਕਾਰ ਉਤੇ ਇਸ ਮਾਮਲੇ 'ਤੇ ਨਿਸ਼ਾਨਾ ਸਾਧਿਆ। ਤਿਵਾੜੀ ਨੇ ਕਿਹਾ ਕਿ ਜੀ.ਡੀ.ਪੀ. ਪੰਜ ਨਹੀਂ ਬਲਕਿ ਤਿੰਨ ਫੀਸਦ ਹੈ। ਉਨ੍ਹਾਂ ਕਿਹਾ ਕਿ ਦੋ ਫੀਸਦੀ ਦਾ ਘਾਟਾ 2004-05 ਤੋਂ 2011-12 ਤੱਕ ਦੇ ਬੇਸ ਵਰ੍ਹੇ ਨੂੰ ਬਦਲਣ ਕਾਰਨ ਵੀ ਹੈ। ਉਨ੍ਹਾਂ ਕਿਹਾ ਕਿ ਆਰਥਿਕ ਵਾਤਾਵਰਨ ਨੂੰ ਯੋਜਨਾਬੱਧ ਢੰਗ ਨਾਲ ਤਹਿਸ-ਨਹਿਸ ਕੀਤਾ ਗਿਆ ਹੈ। ਆਈ.ਟੀ., ਈ.ਡੀ, ਸੀ.ਬੀ.ਆਈ. ਦੀ ਪਿਛਲੇ 5 ਵਰ੍ਹਿਆਂ ਦੌਰਾਨ ਪੱਖਪਾਤੀ ਤੇ ਖਤਰਨਾਕ ਢੰਗ ਨਾਲ ਵਰਤੋਂ ਕੀਤੀ ਗਈ ਹੈ। ਅਭਿਸ਼ੇਕ ਸਿੰਘਵੀ ਨੇ ਵੀ ਕਿਹਾ ਕਿ ਪੰਜ ਫੀਸਦੀ ਜੀ.ਡੀ.ਪੀ. 'ਮੋਦੀ ਬੂਸਟਰ' ਲੱਗਣ ਤੋਂ ਬਾਅਦ ਹੈ ਜੋ ਕਿ ਅਸਲ 'ਚ 3 ਫੀਸਦੀ ਹੈ।

## ਵਿਕਾਸ ਦਰ 7 ਸਾਲਾਂ 'ਚ ਸਭ ਤੋਂ ਹੇਠਲੇ ਪੱਧਰ ਉਤੇ

**ਨਵੀਂ ਦਿੱਲੀ:** ਦੇਸ਼ ਦੀ ਆਰਥਿਕ ਵਿਕਾਸ ਦਰ 2019-20 ਦੀ ਅਪਰੈਲ-ਜੂਨ ਤਿਮਾਹੀ ਵਿਚ ਘਟ ਕੇ 5 ਫੀਸਦੀ ਰਹਿ ਗਈ ਹੈ। ਇਹ ਪਿਛਲੇ ਸੱਤ ਸਾਲਾਂ 'ਚ ਸਭ ਤੋਂ ਹੇਠਲੇ ਪੱਧਰ ਉਤੇ ਹੈ। ਉਤਪਾਦਨ ਖੇਤਰ 'ਚ ਗਿਰਾਵਟ ਅਤੇ ਖੇਤੀਬਾੜੀ ਉਤਪਾਦਨ ਦੀ ਸੁਸਤ ਰਫਤਾਰ ਨਾਲ ਜੀ.ਡੀ.ਪੀ. ਵਿਕਾਸ ਦਰ 'ਚ ਇਹ ਗਿਰਾਵਟ ਆਈ ਹੈ।

ਜਾਰੀ ਅਧਿਕਾਰਕ ਅੰਕੜਿਆਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਵਿੱਤੀ ਸਾਲ 2012-13 ਦੇ ਅਪਰੈਲ-ਜੂਨ ਦੇ ਸਮੇਂ 'ਚ ਦੇਸ਼ ਦੀ ਆਰਥਿਕ ਵਿਕਾਸ ਦਰ ਸਭ ਤੋਂ ਹੇਠਲੇ ਪੱਧਰ 4.9 ਫੀਸਦੀ 'ਤੇ ਰਹੀ ਸੀ। ਇਕ ਸਾਲ ਪਹਿਲਾਂ 2018-19 ਦੀ ਪਹਿਲੀ ਤਿਮਾਹੀ 'ਚ ਆਰਥਿਕ ਵਿਕਾਸ ਦਰ 8 ਫੀਸਦੀ ਸੀ, ਜਦੋਂਕਿ ਇਸ ਤੋਂ ਪਿਛਲੀ ਤਿਮਾਹੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਜਨਵਰੀ ਤੋਂ ਮਾਰਚ 2019 ਦੀ ਤਿਮਾਹੀ 'ਚ ਵਿਕਾਸ ਦਰ 5.8 ਫੀਸਦੀ ਦਰਜ ਕੀਤੀ ਗਈ ਸੀ। ਰਿਜ਼ਰਵ ਬੈਂਕ ਨੇ ਜੂਨ ਵਿਚ ਹੋਈ ਮੌਦ੍ਰਿਕ ਸਮੀਖਿਆ 'ਚ ਚਾਲੂ ਵਿੱਤੀ ਸਾਲ ਦੀ ਆਰਥਿਕ ਵਿਕਾਸ ਦਰ ਦਾ ਅਨੁਮਾਨ 7 ਫੀਸਦੀ ਤੋਂ ਘਟ ਕੇ 6.9 ਫੀਸਦੀ ਕਰ ਦਿੱਤਾ ਸੀ। ਕੇਂਦਰੀ ਬੈਂਕ ਨੇ ਵਿੱਤੀ ਸਾਲ ਦੀ ਪਹਿਲੀ ਛਿਮਾਹੀ 'ਚ ਜੀ.ਡੀ.ਪੀ. ਵਿਕਾਸ ਦਰ ਦੇ 5.8 ਫੀਸਦੀ ਤੋਂ 6.6 ਫੀਸਦੀ ਤੇ ਦੂਸਰੀ ਛਿਮਾਹੀ 'ਚ 7.3 ਫੀਸਦੀ ਤੋਂ 7.5 ਫੀਸਦੀ ਦੇ ਦਾਇਰੇ ਵਿਚ ਰਹਿਣ ਦਾ ਅਨੁਮਾਨ ਪ੍ਰਗਟਾਇਆ ਹੈ। ਸਾਲ 2019 ਦੇ ਅਪਰੈਲ-ਜੂਨ ਦੇ ਸਮੇਂ 'ਚ ਚੀਨ ਦੀ ਆਰਥਿਕ ਵਿਕਾਸ ਦਰ 6.2 ਫੀਸਦੀ ਰਹੀ ਹੈ ਜੋ ਪਿਛਲੇ 27 ਸਾਲ 'ਚ ਸਭ ਤੋਂ ਘੱਟ ਹੈ।

# ਗੂਗਲ ਨੇ ਅੰਮ੍ਰਿਤਾ ਪ੍ਰੀਤਮ ਨੂੰ ਕੀਤਾ ਯਾਦ

**ਨਵੀਂ ਦਿੱਲੀ:** ਪੰਜਾਬੀ ਦੀ ਕੌਮਾਂਤਰੀ ਪੱਧਰ ਦੀ ਲੇਖਕਾ ਮਰਹੂਮ ਅੰਮ੍ਰਿਤਾ ਪ੍ਰੀਤਮ ਨੂੰ ਉਸ ਦੇ ਜਨਮ ਦਿਨ ਮੌਕੇ ਵਿਸ਼ਵ ਦੇ ਸਭ ਤੋਂ ਵੱਡੇ ਸਰਚ ਇੰਜਣ 'ਗੂਗਲ' ਨੇ ਆਪਣਾ ਡੂਡਲ ਸਮਰਪਿਤ ਕਰਕੇ ਯਾਦ ਕੀਤਾ ਹੈ।

ਗੂਗਲ ਨੇ ਗਿਆਨਪੀਠ ਤੇ ਪਦਮ ਭੂਸ਼ਣ ਵਾਲੇ ਪੁਰਾਤਨ ਪੰਜਾਬੀ ਘਰ ਦਾ ਵਰਾਂਡਾ ਦਿਖਾਈ ਦਿੰਦਾ ਹੈ। ਕਸਬਾ ਗੁੱਜਰਾਂਵਾਲਾ (ਪਾਕਿਸਤਾਨ) ਵਿਚ 31 ਅਗਸਤ, 1919 ਨੂੰ ਜਨਮੀ ਅੰਮ੍ਰਿਤਾ ਪ੍ਰੀਤਮ ਦੋਵਾਂ ਦੇਸ਼ਾਂ ਦੀ ਵੰਡ ਤੋਂ ਬਾਅਦ 1947 ਵਿਚ ਨਵੀਂ ਦਿੱਲੀ ਆ ਵਸੀ ਸੀ।

ਆਲ ਇੰਡੀਆ ਰੇਡੀਓ ਵਿਚ ਕੰਮ ਕਰਦੀ





ਸਨਮਾਨ ਪ੍ਰਾਪਤ ਅੰਮ੍ਰਿਤਾ ਪ੍ਰੀਤਮ ਦੀ ਰਚਨਾ 'ਕਾਲਾ ਗੁਲਾਬ' ਨੂੰ ਸੰਕੇਤਕ ਵਿਧੀ ਰਾਹੀਂ ਪੇਸ਼ ਕਰਕੇ ਡੂਡਲ ਵਿਚ ਪੰਜਾਬੀ ਮਾਹੌਲ ਸਿਰਜਿਆ ਹੈ।

ਸਲਵਾਰ-ਕਮੀਜ ਪਹਿਨ ਕੇ ਸਿਰ ਢਕੀ ਬੈਠੀ ਮੁਟਿਆਰ, ਸੰਭਵ ਹੈ ਕਲਾਕਾਰ ਨੇ ਉਹ ਅੰਮ੍ਰਿਤਾ ਚਿਤਵੀ ਹੋਵੇਗੀ, ਚੌਂਕੜੀ ਮਾਰ ਕੇ ਬੈਠੀ ਹੋਈ ਕਾਗਜ਼ ਉਪਰ ਕੁਝ ਲਿਖ ਰਹੀ ਹੈ। ਸਾਹਮਣੇ ਕਾਲੇ ਗੁਲਾਬ ਪਏ ਹਨ ਤੇ ਪਿੱਠ-ਭੂਮੀ ਵਿਚ ਡਾਟ ਰਹੀ ਅਤੇ ਸਾਹਿਤਕ ਰਸਾਲੇ 'ਨਾਗਮਣੀ' ਦੀ ਸੰਪਾਦਕ ਰਹੀ ਅੰਮ੍ਰਿਤਾ ਪ੍ਰੀਤਮ ਨੇ 1947 ਦੀ ਵੰਡ ਦੇ ਦਰਦ ਨੂੰ ਬਿਆਨਦੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਲਿਖੀ, ਜਿਸ ਕਰਕੇ ਉਸ ਨੂੰ ਬਹੁਤ ਪ੍ਰਸਿੱਧੀ ਪ੍ਰਾਪਤ ਹੋਈ। ਉਨ੍ਹਾਂ ਦਾ ਨਾਵਲ 'ਪਿੰਜਰ' ਅਤੇ 'ਰਸੀਦੀ ਟਿਕਟ' ਬਹੁਤ ਮਕਬੂਲ ਹੋਏ। ਇਸ ਤੋਂ ਪਹਿਲਾਂ ਗੂਗਲ ਨੇ ਮੁਹੰਮਦ ਰਫੀ, ਐਮ.ਐਫ. ਹੁਸੈਨ ਸਮੇਤ ਕਈਆਂ ਦੇ ਡੂਡਲ ਬਣਾਏ ਹਨ।

# ਆਰ. ਬੀ. ਆਈ. ਉਤੇ ਮੋਦੀ ਸਰਕਾਰ ਦੇ ਦਾਬੇ 'ਤੇ ਉਠੇ ਸਵਾਲ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਵੱਲੋਂ ਕੇਂਦਰ ਸਰਕਾਰ ਨੂੰ 1.76 ਲੱਖ ਕਰੋੜ ਰੁਪਏ ਦੇਣ ਦੇ ਫੈਸਲੇ ਨਾਲ ਨਵੀਂ ਚਰਚਾ ਛਿੜ ਗਈ ਹੈ। ਰਿਜ਼ਰਵ ਬੈਂਕ ਨੇ ਪਿਛਲੇ ਸਾਲ 28 ਹਜ਼ਾਰ ਕਰੋੜ ਰੁਪਏ ਸਰਕਾਰ ਨੂੰ ਦਿੱਤੇ ਸਨ ਅਤੇ ਬਾਕੀ 1,48,051 ਰੁਪਏ ਇਸ ਸਾਲ ਦਿੱਤੇ ਜਾਣੇ ਹਨ।

ਕੇਂਦਰੀ ਬਜਟ ਵਿਚ ਵਿੱਤ ਮੰਤਰੀ ਨੇ ਐਲਾਨ ਕੀਤਾ ਸੀ ਕਿ ਸਰਕਾਰ ਜਨਤਕ ਖੇਤਰ ਦੇ ਬੈਂਕਾਂ ਦਾ ਸੰਕਟ ਹੱਲ ਕਰਨ ਲਈ 70 ਹਜ਼ਾਰ ਕਰੋੜ ਰੁਪਏ ਦੇਵੇਗੀ। ਜੀ.ਐਸ.ਟੀ. ਰਾਹੀਂ ਇਕੱਠੇ ਹੋਣ ਵਾਲੇ ਮਾਲੀਏ ਵਿਚ ਆਈ ਕਮੀ ਰਿਜ਼ਰਵ ਬੈਂਕ ਵੱਲੋਂ ਦਿੱਤੀ ਰਾਸ਼ੀ ਦੇ ਲਗਭਗ ਬਰਾਬਰ ਹੈ। ਰਿਜ਼ਰਵ ਬੈਂਕ ਦੇ ਇਸ ਫੈਸਲੇ ਨੂੰ ਵਿੱਤ ਮੰਤਰੀ ਦੇ ਬੈਂਕਾਂ ਦੇ ਸਹਾਇਤਾ ਦੇਣ ਦੇ ਐਲਾਨ ਅਤੇ ਜੀ.ਐਸ.ਟੀ. ਵਿਚ ਪੈਣ ਵਾਲੇ ਘਾਟੇ ਨਾਲ ਜੋੜ ਕੇ ਹੀ ਦੇਖਿਆ ਜਾ ਰਿਹਾ ਹੈ। ਵਿੱਤੀ ਮਾਹਿਰਾਂ ਅਨੁਸਾਰ ਬੈਂਕਾਂ ਦੇ ਘਾਟੇ ਵਿਚ ਜਾਣ ਦਾ ਕਾਰਨ ਵੱਡੇ ਘਰਾਣਿਆਂ ਵੱਲੋਂ ਕਰਜ਼ਾ ਲੈ ਕੇ ਵਾਪਸ ਨਾ ਕਰਨ ਅਤੇ ਉਨ੍ਹਾਂ ਕਰਜ਼ਿਆਂ ਨੂੰ ਨਾਨ ਪ੍ਰਫਾਰਮਿੰਗ ਐਸੈੱਟਸ (ਐਨ.ਪੀ.ਏ.) ਵਿਚ ਬਦਲਣਾ ਹੈ। ਪਿਛਲੇ ਦਿਨੀਂ ਦੇਸ਼ ਦੇ ਆਟੋਮੋਬਾਇਲ ਉਦਯੋਗਪਤੀਆਂ ਨੇ ਟੈਕਸ ਦਰਾਂ ਘੱਟ ਕਰਨ ਅਤੇ ਹੋਰ ਸਹੂਲਤਾਂ ਦੇਣ ਦੀ ਮੰਗ ਕੀਤੀ ਸੀ ਕਿਉਂਕਿ ਵਾਹਨਾਂ ਦੀ ਖਰੀਦ ਵਿਚ ਕਮੀ ਆਈ ਹੈ। ਵਿੱਤ ਮੰਤਰੀ ਨੇ ਵਪਾਰੀਆਂ, ਸਨਅਤਕਾਰਾਂ ਤੇ ਅਮੀਰ ਘਰਾਣਿਆਂ ਨੂੰ ਕਾਫੀ ਸਹੂਲਤਾਂ ਤੇ ਛੋਟਾਂ ਦੇਣ ਦਾ ਐਲਾਨ ਵੀ ਕੀਤਾ ਹੈ।

ਨੋਟਬੰਦੀ ਅਤੇ ਜੀ.ਐਸ.ਟੀ. ਲਾਗੂ ਕਰਨ ਦੇ ਫੈਸਲਿਆਂ ਨੂੰ ਇਸ ਵਿੱਤੀ ਸੰਕਟ ਦਾ ਆਧਾਰ ਮੰਨਿਆ ਜਾ ਰਿਹਾ ਹੈ। ਵਿਰੋਧੀ ਧਿਰ ਨੇ ਇਲਜ਼ਾਮ ਲਗਾਇਆ ਹੈ ਕਿ ਪ੍ਰਧਾਨ ਮੰਤਰੀ ਅਤੇ ਉਸ ਦੇ ਸਾਥੀਆਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਅਰਥਚਾਰੇ ਦੀ ਡੁੱਬਦੀ ਜਾ ਰਹੀ ਬੇੜੀ ਨੂੰ ਕਿਵੇਂ ਬਚਾਇਆ ਜਾਵੇ ਅਤੇ ਉਹ ਕੇਂਦਰੀ ਬੈਂਕ ਦੀ





ਵਿੱਤੀ ਹਾਲਤ ਨੂੰ ਖਰਾਬ ਕਰਨ ਦੀ ਰਾਹ ਉਤੇ ਚੱਲ ਰਹੇ ਹਨ। ਪਿਛਲੇ ਸਾਲਾਂ ਦੌਰਾਨ ਰਿਜ਼ਰਵ ਬੈਂਕ ਦੇ ਦੋ ਗਵਰਨਰਾਂ ਨੇ ਵਿੱਤੀ ਮਾਮਲਿਆਂ ਵਿਚ ਸਰਕਾਰ ਨਾਲ ਮੱਤਭੇਦ ਕਾਰਨ ਅਸਤੀਫੇ ਵੀ ਦਿੱਤੇ ਸਨ। ਬੈਂਕ ਦੇ ਮਾਮਲਿਆਂ ਵਿਚ ਸਿਆਸੀ ਦਖਲ ਦਾ ਇਲਜ਼ਾਮ ਵੀ ਮੀਡੀਆ ਦੀਆਂ ਸੁਰਖੀਆਂ ਬਣਿਆ ਰਿਹਾ ਹੈ। ਇਹ ਵੀ ਧਿਆਨ ਦੇਣਯੋਗ ਹੈ ਕਿ ਬੈਂਕ ਦਾ ਮੌਜੂਦਾ ਗਵਰਨਰ ਆਰਥਿਕ ਮਾਮਲਿਆਂ ਦਾ ਮਾਹਿਰ ਨਹੀਂ ਹੈ।

ਰਿਜ਼ਰਵ ਬੈਂਕ ਦੇਸ਼ ਦੀ ਵਿੱਤੀ ਹਾਲਤ 'ਤੇ ਨਜ਼ਰ ਰੱਖਣ, ਪੈਸਾ/ਸਰਮਾਇਆ ਨੂੰ ਮੰਡੀ ਵਿਚ ਮੁਹੱਈਆ ਕਰਾਉਣ ਅਤੇ ਬੈਂਕਾਂ ਦੀ ਕਾਰਗੁਜ਼ਾਰੀ 'ਤੇ ਨਜ਼ਰਸਾਨੀ ਕਰਨ ਦਾ ਕੰਮ ਕਰਦਾ ਹੈ। ਉਦਯੋਗ, ਵਪਾਰ ਅਤੇ ਖੇਤੀ ਦੇ ਖੇਤਰਾਂ ਵਿਚ ਸੰਕਟ ਸਪੱਸ਼ਟ ਦਿਖਾਈ ਦੇ ਰਿਹਾ ਹੈ। ਸਰਕਾਰੀ ਸਕੀਮਾਂ ਨੂੰ ਲਾਗੂ ਕਰਨ ਲਈ ਪੈਸੇ ਦੀ ਥੁੜ ਵੀ ਜੱਗ ਜ਼ਾਹਿਰ ਹੈ। ਵਿੱਤੀ ਮਾਹਿਰ ਦੋਸ਼ ਲਾ ਰਹੇ ਹਨ ਕਿ ਸਰਕਾਰ ਰਿਜ਼ਰਵ ਬੈਂਕ ਦੇ ਪੈਸੇ ਨਾਲ ਕਾਰਪੋਰੇਟ ਘਰਾਣਿਆਂ ਦੀ ਸਹਾਇਤਾ ਕਰਨ ਦੀ ਫਿਰਾਕ ਵਿਚ ਹੈ। ਇਹ ਮੰਨਿਆ ਹੈ ਕਿ ਜਿੰਨਾ ਚਿਰ ਆਮ ਲੋਕਾਂ ਦੀ ਆਮਦਨ ਵਿਚ ਵਾਧਾ ਨਹੀਂ ਹੁੰਦਾ ਜਾਂ ਫਾਲਤੂ ਪਿਆ ਪੈਸਾ ਕਿਸੇ ਨਾ ਕਿਸੇ ਹੀਲੇ ਆਮ ਲੋਕਾਂ ਤੱਕ ਨਹੀਂ ਪਹੁੰਚਦਾ, ਉਦੋਂ ਤੱਕ ਅਰਥਵਿਵਸਥਾ ਦੀ ਮੁਹਾਰ ਹਾਂ ਪੱਖੀ ਨਹੀਂ ਹੁੰਦੀ। ਕੁਝ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਮੁਆਫ ਕਰਕੇ ਜਾਂ ਉਨ੍ਹਾਂ ਨੂੰ ਸਹੂਲਤਾਂ ਦੇਣ ਨਾਲ ਅਰਥਚਾਰਾ ਸਿੱਧੇ ਰਾਹ 'ਤੇ ਨਹੀਂ ਆ ਸਕਦਾ।

## ਸਾਬਕਾ ਮੰਤਰੀ ਨੂੰ ਸੌ ਕਰੋੜ ਜੁਰਮਾਨਾ ਤੇ ਕੈਦ

**ਮੁੰਬਈ:** ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ ਵਿਚ ਸੈਸ਼ਨ ਅਦਾਲਤ ਨੇ ਦੋ ਸਾਬਕਾ ਮੰਤਰੀਆਂ ਸੁਰੇਸ਼ ਜੈਨ, ਗੁਲਾਬਰਾਓ ਦਿਓਕਰ ਅਤੇ 46 ਹੋਰਨਾਂ ਨੂੰ ਮਕਾਨ ਉਸਾਰੀ ਘੁਟਾਲੇ ਵਿਚ ਤਿੰਨ ਤੋਂ ਲੈ ਕੇ ਸੱਤ ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਹੈ। ਸੈਸ਼ਨ ਜੱਜ ਸ੍ਰਿਸ਼ਟੀ ਨੀਲਕੰਠ ਨੇ 'ਘਰਕੁਲ' ਬਹੁਕਰੋੜੀ ਘੁਟਾਲੇ ਵਿਚ ਸਾਬਕਾ ਮੰਤਰੀ ਜੈਨ ਨੂੰ ਸੱਤ ਸਾਲ ਕੈਦ ਅਤੇ ਇਕ ਸੌ ਕਰੋੜ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਗੁਲਾਬ ਰਾਓ ਦਿਓਕਰ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬਾਕੀ ਦੇ 46 ਦੋਸ਼ੀਆਂ ਨੂੰ ਤਿੰਨ ਤੋਂ ਸੱਤ ਸਾਲ ਦੇ ਵਿਚਾਲੇ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਵਿਚ ਕੁਝ ਨਗਰ ਕੌਂਸਲ ਦੇ ਸਾਬਕਾ ਅਧਿਕਾਰੀ ਵੀ ਹਨ।

# ਮੋਦੀ ਸਰਕਾਰ ਵੱਲੋਂ ਦਸ ਹੋਰ ਬੈਂਕਾਂ ਦਾ ਰਲੇਵਾਂ

**ਨਵੀਂ ਦਿੱਲੀ:** ਪਿਛਲੇ ਸੱਤ ਸਾਲਾਂ ਵਿਚ ਸਭ ਤੋਂ ਹੇਠਲੇ ਪੱਧਰ 'ਤੇ ਆਈ ਅਰਥਚਾਰੇ ਦੀ ਵਿਕਾਸ ਦਰ ਨੂੰ ਹੁਲਾਰਾ ਦੇਣ ਤੇ ਭਾਰਤੀ ਅਰਥਚਾਰੇ ਨੂੰ ਭਵਿੱਖ ਵਿਚ ਪੰਜ ਖਰਬ ਡਾਲਰ ਦੇ ਮੇਚ ਦਾ ਬਣਾਉਣ ਦੇ ਇਰਾਦੇ ਨਾਲ ਸਰਕਾਰ ਨੇ ਦਸ ਸਰਕਾਰੀ ਬੈਂਕਾਂ ਦਾ ਰਲੇਵਾਂ ਕਰਕੇ ਚਾਰ ਸਰਕਾਰੀ ਬੈਂਕ ਬਣਾਉਣ ਦਾ ਐਲਾਨ ਕਰ ਦਿੱਤਾ ਹੈ।

ਵਿੱਤ ਮੰਤਰਾਲੇ ਨੇ ਬੈਂਕਿੰਗ ਸੈਕਟਰ ਵਿਚ ਅਹਿਮ ਸੁਧਾਰਾਂ ਦਾ ਐਲਾਨ ਕਰਦਿਆਂ ਕਿਹਾ ਕਿ ਸਰਕਾਰੀ ਬੈਂਕਾਂ ਦੇ ਰਲੇਵੇਂ ਦਾ ਮੁੱਖ ਮਕਸਦ ਸਰਕਾਰੀ ਮਾਲਕੀ ਵਾਲੇ ਬੈਂਕਾਂ ਦੀ ਗਿਣਤੀ ਨੂੰ ਘਟਾਉਣਾ ਤੇ ਇਨ੍ਹਾਂ ਨੂੰ ਆਲਮੀ ਪੱਧਰ 'ਤੇ ਮਜ਼ਬੂਤ ਕਰਨਾ ਹੈ। ਉਂਜ ਸਰਕਾਰ ਨੇ ਦਾਅਵਾ ਕੀਤਾ ਕਿ ਬੈਂਕਾਂ ਦੇ ਰਲੇਵੇਂ ਮਗਰੋਂ ਕਿਸੇ ਵੀ ਮੁਲਾਜ਼ਮ ਦੀ ਛਾਂਟੀ ਨਹੀਂ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਰਕਾਰ ਨੇ ਬੈਂਕਾਂ ਦੀਆਂ ਬੋਰਡ ਕਮੇਟੀਆਂ ਨੂੰ ਵਧੇਰੇ ਖੁਦਮੁਖਤਾਰੀ ਦੇਣ ਦੀ ਵੀ ਪੈਰਵੀ ਕੀਤੀ ਹੈ। ਪਿਛਲੇ ਹਫਤੇ ਆਟੋ ਤੇ ਹਾਊਸਿੰਗ ਸਮੇਤ ਵੱਖ-ਵੱਖ ਸੈਕਟਰਾਂ ਵਿਚ ਟੈਕਸ ਰਾਹਤਾਂ ਤੇ ਹੋਰ ਉਪਾਆਂ ਦਾ ਐਲਾਨ ਕਰਨ ਵਾਲੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜਿਨ੍ਹਾਂ ਬੈਂਕਾਂ ਦੇ ਰਲੇਵੇਂ ਦਾ ਐਲਾਨ ਕੀਤਾ, ਉਨ੍ਹਾਂ ਵਿਚ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨੂੰ ਓਰੀਐਂਟਲ ਬੈਂਕ ਆਫ ਕਾਮਰਸ (ਓ.ਬੀ.ਸੀ.) ਤੇ ਯੂਨਾਈਟਿਡ ਬੈਂਕ ਆਫ ਇੰਡੀਆ ਨਾਲ ਜੋੜ ਦਿੱਤਾ ਗਿਆ ਹੈ। ਰਲੇਵੇਂ ਮਗਰੋਂ ਤਿੰਨ ਬੈਂਕਾਂ ਦਾ ਇਹ ਸਮੂਹ ਦੇਸ਼ ਦਾ ਦੂਜਾ ਸਭ ਤੋਂ ਵੱਡਾ ਬੈਂਕ ਬਣ ਜਾਏਗਾ।

ਹੋਰਨਾਂ ਬੈਂਕਾਂ ਵਿਚ ਕੇਨਰਾ ਬੈਂਕ ਦਾ ਸਿੰਡੀਕੇਟ ਬੈਂਕ ਨਾਲ ਤੇ ਯੂਨੀਅਨ ਬੈਂਕ ਆਫ ਇੰਡੀਆ ਦਾ ਆਂਧਰਾ ਬੈਂਕ ਤੇ ਕਾਰਪੋਰੇਸ਼ਨ ਬੈਂਕ ਨਾਲ ਰਲੇਵਾਂ ਹੋਵੇਗਾ ਜਦੋਂਕਿ ਇੰਡੀਆ ਬੈਂਕ ਤੇ ਅਲਾਹਾਬਾਦ ਬੈਂਕ ਇਕ ਹੋਣਗੇ। ਰਲੇਵੇਂ ਦੇ ਇਸ ਅਮਲ ਦੇ ਹੋਂਦ ਵਿਚ ਆਉਣ ਮਗਰੋਂ ਕੌਮੀਕ੍ਰਿਤ ਸਰਕਾਰੀ ਬੈਂਕਾਂ ਦੀ ਗਿਣਤੀ ਘੱਟ ਕੇ 12 ਰਹਿ ਜਾਵੇਗੀ। ਦੋ ਸਾਲ (2017) ਪਹਿਲਾਂ ਇਹ ਗਿਣਤੀ 27 ਸੀ। ਸਰਕਾਰ ਮੁਤਾਬਕ ਇਸ ਫੈਸਲੇ ਨਾਲ ਬੈਂਕਾਂ ਦੀ ਬੈਲੈਂਸ ਸ਼ੀਟ ਮਜ਼ਬੂਤ ਹੋਵੇਗੀ ਤੇ ਬੈਂਕ ਕਰਜ਼ੇ ਦੇ ਰੂਪ ਵਿਚ ਮੋਟਾ ਪੈਸਾ ਦੇਣ ਦੇ ਸਮਰੱਥ ਹੋ ਜਾਣਗੇ। ਵਿੱਤ ਮੰਤਰੀ ਨੇ ਕਿਹਾ ਕਿ ਓ.ਬੀ.ਸੀ. ਤੇ ਯੂਨਾਈਟਿਡ ਬੈਂਕ ਦਾ ਪੰਜਾਬ ਨੈਸ਼ਨਲ ਬੈਂਕ ਨਾਲ ਰਲੇਵੇਂ ਮਗਰੋਂ ਜਿਹੜਾ ਬੈਂਕ ਦਾ ਕੁੱਲ ਕਾਰੋਬਾਰ 17.95 ਲੱਖ ਕਰੋੜ ਨੂੰ ਪੁੱਜ ਜਾਵੇਗਾ ਤੇ ਬੈਂਕ ਦੀਆਂ 11,437 ਸ਼ਾਖਾਵਾਂ ਹੋਣਗੀਆਂ। ਇਸੇ ਤਰ੍ਹਾਂ ਸਿੰਡੀਕੇਟ ਬੈਂਕ ਤੇ ਕੇਨਰਾ ਬੈਂਕ ਦੇ ਇਕ ਹੋਣ ਮਗਰੋਂ 15.20 ਲੱਖ ਕਰੋੜ ਦੇ ਕਾਰੋਬਾਰ ਤੇ 10,324 ਸ਼ਾਖਾਵਾਂ ਦੇ ਨੈੱਟਵਰਕ ਨਾਲ ਉਹ ਦੇਸ਼ ਦਾ ਚੌਥਾ ਸਭ ਤੋਂ ਵੱਡਾ ਸਰਕਾਰੀ ਬੈਂਕ ਬਣ ਜਾਵੇਗਾ। ਉਧਰ, ਆਂਧਰਾ ਬੈਂਕ ਤੇ ਕਾਰਪੋਰੇਸ਼ਨ ਬੈਂਕ ਦੇ ਯੂਨੀਅਨ ਬੈਂਕ ਨਾਲ ਰਲੇਵੇਂ ਮਗਰੋਂ ਉਹ ਇਸ ਸੂਚੀ ਵਿਚ ਪੰਜਵੇਂ ਸਥਾਨ 'ਤੇ ਕਾਬਜ਼ ਹੋਣਗੇ। ਬੈਂਕ ਦਾ 9609 ਬਰਾਂਚਾਂ ਨਾਲ ਕੁੱਲ ਕਾਰੋਬਾਰ 14.59 ਲੱਖ ਕਰੋੜ ਰੁਪਏ ਦੇ ਅੰਕੜੇ ਨੂੰ ਪੁੱਜ ਜਾਵੇਗਾ। ਅਲਾਹਾਬਾਦ ਬੈਂਕ ਦੇ ਇੰਡੀਅਨ ਬੈਂਕ ਵਿਚ ਸ਼ਾਮਲ ਹੋਣ ਨਾਲ ਉਹ 8.08 ਲੱਖ ਕਰੋੜ ਦੇ ਕਾਰੋਬਾਰ ਨਾਲ ਸੂਚੀ ਵਿਚ ਸੱਤਵੇਂ ਸਥਾਨ 'ਤੇ ਰਹਿਣਗੇ।

ਰਲੇਵੇਂ ਇਨ੍ਹਾਂ ਬੈਂਕਾਂ ਦਾ ਮੁਲਕ ਦੇ ਦੱਖਣੀ, ਉੱਤਰੀ ਤੇ ਪੂਰਬੀ ਹਿੱਸੇ ਵਿਚ ਸ਼ਾਖਾਵਾਂ ਪੱਖੋਂ ਮਜ਼ਬੂਤ ਤਾਣਾ ਬਾਣਾ ਹੋਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਬੈਂਕ ਆਫ ਇੰਡੀਆ ਤੇ ਸੈਂਟਰਲ ਬੈਂਕ ਆਫ ਇੰਡੀਆ ਪਹਿਲਾਂ ਵਾਂਗ ਕੰਮ ਕਰਦੇ ਰਹਿਣਗੇ। ਸਰਕਾਰ ਨੇ ਪਿਛਲੇ ਸਾਲ ਦੇਨਾ ਬੈਂਕ ਤੇ ਵਿਜਯਾ ਬੈਂਕ ਦਾ ਬੈਂਕ ਆਫ ਬੜੌਦਾ ਨਾਲ ਰਲੇਵਾਂ ਕਰ ਦਿੱਤਾ ਸੀ। ਵਿੱਤ ਮੰਤਰੀ ਨੇ ਇਸ ਮੌਕੇ ਸਰਕਾਰੀ ਖੇਤਰ ਦੇ ਬੈਂਕਾਂ ਵਿਚ ਕਈ ਪ੍ਰਬੰਧਕੀ ਸੁਧਾਰਾਂ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਬੈਂਕਾਂ ਦੇ ਬੋਰਡਾਂ ਨੂੰ ਖੁਦ ਮੁਖਤਾਰ ਬਣਾਉਂਦਿਆਂ ਪੂਰੇ ਅਧਿਕਾਰ ਦਿੱਤੇ ਜਾਣਗੇ ਤਾਂ ਕਿ ਉਹ ਆਪਣੇ ਰਲੇਵੇਂ ਸਬੰਧੀ ਵਿਉਂਤਬੰਦੀ ਕਰ ਸਕਣ।

ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰੀ ਬੈਂਕਾਂ ਦੇ ਮੁਨਾਫੇ ਵਿਚ ਪਹਿਲਾਂ ਨਾਲੋਂ ਸੁਧਾਰ ਹੋਇਆ ਹੈ ਤੇ ਵੱਟੇ ਖਾਤੇ ਪਏ (ਕਰਜ਼ੇ ਜਿਹੜੇ ਨਹੀਂ ਮੁੜੇ) ਅਸਾਸਿਆਂ ਕਰਕੇ ਪਏ ਘਾਟੇ ਵਿਚ ਮਾਰਚ 2019 ਤੱਕ ਕੁੱਲ ਮਿਲਾ ਕੇ 7.9 ਲੱਖ ਕਰੋੜ ਰੁਪਏ ਦਾ ਨਿਘਾਰ ਆਇਆ ਹੈ। ਦਸੰਬਰ 2018 ਵਿਚ ਇਹ ਅੰਕੜਾ 8.65 ਲੱਖ ਕਰੋੜ ਸੀ। ਉਨ੍ਹਾਂ ਕਿਹਾ ਕਿ ਆਰਜ਼ੀ ਕਰੈਡਿਟ ਗਾਰੰਟੀ ਸਕੀਮ ਦੇ ਅਮਲ ਵਿਚ ਆਉਣ ਨਾਲ ਐਨ.ਬੀ.ਐਫ.ਸੀ. ਤੇ ਹਾਊਸਿੰਗ ਫਾਇਨਾਂਸ ਕੰਪਨੀਆਂ ਨੂੰ ਪੈਸੇ ਦੇ ਵਹਾਅ ਦੇ ਰੂਪ ਵਿਚ ਦਿੱਤੀ ਜਾਂਦੀ ਮਦਦ 'ਚ ਪਹਿਲਾਂ ਨਾਲੋਂ ਸੁਧਾਰ ਹੋਇਆ ਹੈ।

ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ

ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ

# ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ!

## ਸਥਾਨ: ਟੈਂਪਲ ਕਾਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ (ਤਾਰਾਂ ਵਾਲਾ ਪੁਲ ਦੇ ਕੋਲ)

**ਮਕਸਦ**

*ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਮੁਹੱਈਆ ਕਰਨਾ।
*ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਮੁਹੱਈਆ ਕਰਨਾ।
*ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਮੁਹੱਈਆ ਕਰਨੀ।
*ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
*ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।





ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੂੰ ਆਪੋਧਾਪ ਪਈ ਹੋਈ ਹੈ, ਗੁਰੂ ਸਾਹਿਬਾਨ ਦੇ ਸਿਧਾਂਤ 'ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ। ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ, ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ। ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾ ਸ਼ੱਕ ਪਰਮਾਤਮਾ ਉਸ ਦਾਨ ਦੇ ਬਦਲੇ ਸੰਤੁਸ਼ਟੀ ਜ਼ਰੂਰ ਬਖਸ਼ੇਗਾ।

ਮੇਰੀ ਆਪ ਸਭ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰਾਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉਚਾ ਚੁੱਕਣ ਵਿਚ ਸਹਿਯੋਗ ਦੇਣ ਦਾ ਮਾਣ ਹਾਸਲ ਕਰੋ।

-ਭਾਈ ਸੱਜਣ ਸਿੰਘ



ਭਾਈ ਸੱਜਣ ਸਿੰਘ

**ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ:**

**Account Name: SHRI GURU RAMDAS GURMAT SOCIETY INC.**
**Bank: CAPITAL ONE**
**Routing Number: 021407912**
**Account Number: 7528899346**

# 'ਯੁੱਧ ਅਤੇ ਸ਼ਾਂਤੀ' ਦਾ ਮਹਾਤਮ

## ਤਾਲਸਤਾਏ ਦੇ ਬਹਾਨੇ ਗੱਲਾਂ 'ਚੋਂ ਗੱਲਾਂ

ਇਸ ਲੇਖ ਦਾ ਪਹਿਲਾ ਸਿਰਲੇਖ ਸੀ: 'ਇਹ ਕੌਣ ਹੈ, ਉਹ ਕੌਣ ਸੀ?' ਲੋਕ ਆਪਸ ਵਿਚ ਜੁੜੇ ਹੁੰਦੇ ਹਨ। ਜੌਹਨ ਗੁਆਰੇ ਆਪਣੇ ਨਾਟਕ 'ਸਿਕਸ ਡਿਗਰੀਜ਼ ਆਫ ਸੈਪੇਰੇਸ਼ਨ' ਵਿਚ ਇਹ ਕਹਿਣ ਦਾ ਯਤਨ ਕਰਦਾ ਹੈ ਕਿ ਕੋਈ ਵੀ ਦੋ ਮਨੁੱਖ ਆਪਣੇ ਆਪ ਨਾਲ ਛੇ ਜਾਂ ਇਸ ਤੋਂ ਘੱਟ ਕੜੀਆਂ ਰਾਹੀਂ ਜੁੜੇ ਹੁੰਦੇ ਹਨ (ਇਹ ਐਫ. ਕਾਰਿੰਥੀ ਦਾ ਵਿਚਾਰ ਸੀ)। ਭਾਰਤ ਦੀਆਂ ਅਖਬਾਰਾਂ ਵਿਚ ਇਕ ਰੂਸੀ ਨਾਵਲਕਾਰ ਚਰਚਾ ਦਾ ਵਿਸ਼ਾ ਬਣਿਆ ਹੈ। ਉਹ ਕੌਣ ਸੀ ਤੇ ਸਾਡੇ ਨਾਲ ਕਿਵੇਂ ਜੁੜਿਆ ਹੋਇਆ ਹੈ?

111 ਸਾਲ ਪਹਿਲਾਂ, ਭਾਵ 1908 ਦੀ ਗੱਲ ਹੈ। ਉਦੋਂ ਤਕ ਉਹ ਆਪਣੇ ਸਾਰੇ ਵੱਡੇ ਨਾਵਲ ਲਿਖ ਚੁੱਕਾ ਸੀ; ਅੱਠ ਵਰ੍ਹੇ ਪਹਿਲਾਂ (1901 ਵਿਚ) ਰੂਸ ਦੇ ਆਰਥੋਡੌਕਸ ਚਰਚ ਨੇ ਉਸ ਨੂੰ ਚਰਚ ਵਿਚੋਂ ਛੇਕ ਦਿੱਤਾ ਸੀ; ਬਹੁਤ ਸਾਰੇ ਲੇਖਕ ਤੇ ਵਿਦਵਾਨ ਟਿੱਲ ਲਾ ਹਟੇ ਸਨ (1902 ਤੋਂ

**ਸਵਰਾਜਬੀਰ**

1906 ਦੇ ਵਿਚਕਾਰ) ਕਿ ਉਸ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਦਿੱਤਾ ਜਾਵੇ ਪਰ ਇਨਾਮ ਦੇਣ ਵਾਲੀ ਕਮੇਟੀ ਨਹੀਂ ਮੰਨੀ ਸੀ; ਉਦੋਂ ਤਕ ਉਸ ਨੂੰ ਆਪਣੇ ਸਮਕਾਲੀਆਂ ਵਿਚ ਸਭ ਤੋਂ ਮਹਾਨ ਲੇਖਕ ਵਜੋਂ ਸਵੀਕਾਰ ਕੀਤਾ ਜਾ ਚੁੱਕਾ ਸੀ; 1908 ਵਿਚ ਅੰਗਰੇਜ਼ਾਂ ਦੀ ਗੁਲਾਮੀ ਸਹਿ ਰਹੇ ਦੇਸ਼ ਭਾਰਤ ਦੇ ਬਾਸ਼ਿੰਦੇ ਤਾਰਕ ਨਾਥ ਦਾਸ ਨੇ ਉਸ ਨੂੰ ਦੋ ਖਤ ਲਿਖੇ ਸਨ। ਇਹ ਬੰਦਾ ਕੌਣ ਸੀ? ਇਹ ਦੁਨੀਆ ਦਾ ਪ੍ਰਸਿਧ ਲੇਖਕ ਲਿਉ ਤਾਲਸਤਾਏ ਸੀ ਜਿਸ ਨੇ 'ਜੰਗ ਤੇ ਅਮਨ' (ਵਾਰ ਐਂਡ ਪੀਸ), 'ਅੰਨਾ ਕੈਰੀਨੀਨਾ', 'ਇਵਾਨ ਇਲੀਚ ਦੀ ਮੌਤ' (ਡੈਥ ਆਫ ਇਵਾਨ ਇਲੀਚ), 'ਮੋਇਆਂ ਦੀ ਜਾਗ' (ਦਿ ਰਿਸਰਰੈਕਸ਼ਨ) ਜਿਹੇ ਮਹਾਨ ਨਾਵਲ, ਕੁਰਜ਼ਰ ਸੋਨਾਟਾ ਅਤੇ ਫਾਦਰ ਸਰਜ਼ੀਅਸ ਜਿਹੀਆਂ ਕਈ ਮਹਾਨ ਕਹਾਣੀਆਂ, ਸਵੈ-ਜੀਵਨੀ, ਨਾਟਕ ਤੇ ਬਹੁਤ ਉਚ ਪੱਧਰ ਦੀ ਵਾਰਤਕ ਲਿਖੀ। ਉਸ ਨੂੰ ਵੇਲੇ ਦਾ ਮਹਾਨ ਚਿੰਤਕ ਮੰਨਿਆ ਜਾਂਦਾ ਸੀ, ਤੇ ਉਸ ਨੇ ਤਾਰਕ ਨਾਥ ਦਾਸ ਦੇ ਖਤਾਂ ਦਾ ਜਵਾਬ ਦਿੱਤਾ ਜਿਹੜਾ ਅੰਗਰੇਜ਼ੀ ਵਿਚ 'ਏ ਲੈਟਰ ਟੂ ਏ ਹਿੰਦੂ' (ਹਿੰਦੂ ਨੂੰ ਖਤ) ਵਜੋਂ ਜਾਣਿਆ ਜਾਂਦਾ ਹੈ।

ਕਈ ਲੋਕ ਪੁੱਛ ਸਕਦੇ ਹਨ, ਤਾਲਸਤਾਏ ਨੂੰ ਕਿਉਂ ਯਾਦ ਕੀਤਾ ਜਾਏ? ਤਾਲਸਤਾਏ ਵਰਗੇ ਹੋਰ ਕਈ ਲੇਖਕ ਹੋਏ ਹਨ। ਕਈ ਕਹਿ ਸਕਦੇ ਹਨ- ਨਹੀਂ, ਉਹੋ ਜਿਹੇ ਲੇਖਕ ਬਹੁਤ ਘੱਟ ਹੋਏ ਹਨ; ਉਸ ਨੂੰ ਯਾਦ ਕੀਤਾ ਜਾਣਾ ਚਾਹੀਦਾ ਹੈ, ਪਰ ਇਸ ਵੇਲੇ ਯਾਦ ਕਰਨ ਦਾ ਮੌਕਾ ਬੰਬੇ ਹਾਈ ਕੋਰਟ ਦੇ ਜੱਜ ਨੇ ਦਿੱਤਾ ਹੈ ਜਿਨ੍ਹਾਂ ਨੇ 29 ਅਗਸਤ ਨੂੰ ਵਰਨੋਨ ਗੋਂਸਾਲਵਜ਼ ਦੀ ਜ਼ਮਾਨਤ ਦੀ ਅਰਜ਼ੀ ਸੁਣਦੇ ਹੋਏ ਤਾਲਸਤਾਏ ਦੇ ਨਾਵਲ 'ਵਾਰ ਐਂਡ ਪੀਸ' ਕਿਤਾਬ ਬਾਰੇ ਜ਼ਿਕਰ ਕੀਤਾ ਅਤੇ ਗੋਂਸਾਲਵਜ਼ ਨੂੰ ਇਹ ਪੁੱਛਿਆ ਕਿ "ਉਸ ਨੇ ਇਹ ਕਿਤਾਬ, ਜਿਸ ਵਿਚ ਇਕ ਹੋਰ ਦੇਸ਼ ਦੀ ਜੰਗ ਦੇ ਵੇਰਵੇ ਹਨ, ਨੂੰ ਘਰ ਵਿਚ ਕਿਉਂ ਰੱਖਿਆ ਸੀ?" ਸਵਾਲ ਵਾਜਬ ਹੈ ਪਰ ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਵਰਨੋਨ ਗੋਂਸਾਲਵਜ਼ ਕੌਣ ਹੈ ਤੇ ਉਹ ਜੇਲ੍ਹ ਵਿਚ ਕਿਉਂ ਹੈ?


ਅੰਗਰੇਜ਼ਾਂ ਤੇ ਮਹਾਰਾਸ਼ਟਰ ਦੇ ਪੇਸ਼ਵਿਆਂ ਵਿਚਕਾਰ ਹੋਏ ਤੀਸਰੇ ਐਂਗਲੋ-ਮਰਾਠਾ ਯੁੱਧ ਵਿਚ ਲੜਾਈ ਪਹਿਲੀ ਜਨਵਰੀ, 1818 ਨੂੰ ਕੋਰੇਗਾਉਂ ਦੇ ਪਿੰਡ ਵਿਚ ਹੋਈ। ਇਸ ਪਿੰਡ ਦੇ ਲਾਗੇ ਭੀਮਾ ਨਾਂ ਦੀ ਨਦੀ ਵਹਿੰਦੀ ਹੈ ਤੇ ਇਸ ਲਈ ਇਸ ਨੂੰ ਕੋਰੇਗਾਉਂ ਭੀਮਾ ਦੀ ਲੜਾਈ ਵੀ ਕਿਹਾ ਜਾਂਦਾ ਹੈ। ਇਸ ਲੜਾਈ ਵਿਚ ਅੰਗਰੇਜ਼ ਫੌਜ ਦੀ ਛੋਟੀ ਜਿਹੀ ਟੁਕੜੀ (ਲਗਭਗ 834 ਬੰਦਿਆਂ ਦੀ), ਜਿਸ ਵਿਚ ਮਹਾਰ (ਮਹਾਰਾਸ਼ਟਰ ਦੀ ਦਲਿਤ ਜਾਤੀ) ਬਹੁਗਿਣਤੀ ਵਿਚ ਸਨ, ਨੇ ਪੇਸ਼ਵਾ ਫੌਜ ਦੀ ਵੱਡੀ ਟੁਕੜੀ (ਲਗਭਗ 2000 ਬੰਦਿਆਂ ਦੀ), ਜਿਸ 'ਚ ਬਹੁਤੇ ਸੈਨਿਕ ਮਰਹੱਟੇ, ਗੋਸਾਈਂ ਤੇ ਅਰਬ ਸਨ, ਨੂੰ ਹਰਾਇਆ। ਇਸ ਲਈ ਮਹਾਰਾਸ਼ਟਰ ਦੇ ਦਲਿਤ ਇਸ ਜਿੱਤ ਨੂੰ ਦਲਿਤਾਂ ਦੀ ਪੇਸ਼ਵਾ ਰਾਜਿਆਂ (ਜਿਹੜੇ ਬ੍ਰਾਹਮਣ ਸਨ) 'ਤੇ ਜਿੱਤ ਦਾ ਪ੍ਰਤੀਕ ਮੰਨਦੇ ਹਨ ਅਤੇ ਇਸ ਦੀ ਵਰ੍ਹੇਗੰਢ ਮਨਾਈ ਜਾਂਦੀ ਹੈ।

2018 ਵਿਚ ਜਦ ਦਲਿਤ ਕਾਰਕੁਨ ਅਤੇ ਹੋਰ ਲੋਕ ਇਸ ਜਿੱਤ ਦੀ 200ਵੀਂ ਵਰ੍ਹੇਗੰਢ ਮਨਾ ਰਹੇ ਸਨ ਤਾਂ ਉਨ੍ਹਾਂ 'ਤੇ ਪਥਰਾਉ ਕੀਤਾ ਗਿਆ। ਆਪਸ ਵਿਚ ਹੋਈ ਮੁੱਠਭੇੜ ਵਿਚ ਇਕ ਜਣੇ ਦੀ ਮੌਤ ਹੋ ਗਈ। ਪੂਰੇ ਦੇਸ਼ ਵਿਚ ਰੋਸ ਦੀ ਲਹਿਰ ਫੈਲ ਗਈ, ਖਾਸ ਕਰਕੇ ਮਹਾਰਾਸ਼ਟਰ ਵਿਚ। 3 ਜਨਵਰੀ ਨੂੰ ਮਹਾਰਾਸ਼ਟਰ ਬੰਦ ਹੋਇਆ। ਬਾਅਦ ਵਿਚ ਹੋਈ ਤਫਤੀਸ਼ ਦੌਰਾਨ ਅਗਸਤ 2018 ਵਿਚ ਆਂਧਰਾ ਪ੍ਰਦੇਸ਼/ਤਿਲੰਗਾਨਾ ਦੇ ਮਸ਼ਹੂਰ ਕਵੀ ਵਰਵਰਾ ਰਾਓ, ਸਮਾਜਿਕ ਕਾਰਕੁਨ ਅਰੁਣ ਫਰੇਰਾ, ਇਕਨੌਮਿਕ ਐਂਡ ਪੁਲਿਟੀਕਲ ਵੀਕਲੀ



ਵਰਨੋਨ ਗੋਂਸਾਲਵਜ਼

ਦੇ ਸਹਿਯੋਗੀ (ਸਲਾਹਕਾਰੀ) ਸੰਪਾਦਕ ਗੌਤਮ ਨਵਲੱਖਾ, ਮਸ਼ਹੂਰ ਅਰਥ ਸ਼ਾਸਤਰੀ ਕ੍ਰਿਸ਼ਨਾ ਭਾਰਦਵਾਜ ਦੀ ਧੀ ਸੁਧਾ ਭਾਰਦਵਾਜ (ਜੋ ਮਜ਼ਦੂਰਾਂ ਤੇ ਜਮਹੂਰੀ ਅਧਿਕਾਰਾਂ ਲਈ ਲੜਨ ਵਾਲੀ ਕਾਰਕੁਨ ਹੈ) ਅਤੇ ਵਰਨੋਨ ਗੋਂਸਾਲਵਜ਼ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਲੇਖਕਾਂ ਅਤੇ ਕਾਰਕੁਨਾਂ 'ਤੇ ਭੀਮਾ ਕੋਰੇਗਾਉਂ ਵਿਚ ਹੋਈ ਹਿੰਸਾ ਭੜਕਾਉਣ ਦੇ ਦੋਸ਼ ਲਾਏ ਗਏ ਅਤੇ ਇਹ ਵੀ ਦੋਸ਼ ਲਗਾਇਆ ਕਿ ਉਹ ਦੇਸ਼ ਦੇ ਇਕ ਵੱਡੇ ਨੇਤਾ ਨੂੰ ਕਤਲ ਕਰਨ ਦੀ ਯੋਜਨਾ ਬਣਾ ਰਹੇ




*ਤਾਲਸਤਾਏ ਦੇ ਮਸ਼ਹੂਰ ਨਾਵਲ 'ਯੁੱਧ ਅਤੇ ਸ਼ਾਂਤੀ' ਦਾ ਮੁਖੜਾ।*

ਸਨ। ਉਨ੍ਹਾਂ ਨੂੰ 'ਅਰਬਨ ਨਕਸਲਾਈਟਸ' ਦਾ ਨਾਮ ਦਿੱਤਾ ਗਿਆ ਹੈ। ਇਸ ਸਬੰਧ ਵਿਚ ਰੋਨਾ ਵਿਲਸਨ ਤੇ ਹੋਰਨਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਤੇ ਕਈਆਂ ਦੇ ਘਰਾਂ 'ਤੇ ਛਾਪੇ ਮਾਰੇ ਗਏ।

ਵਰਨੋਨ ਗੋਂਸਾਲਵਜ਼ ਕੌਣ ਹੈ? ਉਹ ਮੁੰਬਈ ਦੇ ਕਈ ਮਸ਼ਹੂਰ ਕਾਲਜਾਂ ਵਿਚ ਪੜ੍ਹਾਉਂਦਾ ਰਿਹਾ ਹੈ। ਉਸ ਨੂੰ 2007 ਵਿਚ ਨਕਸਲੀਆਂ ਦਾ ਸਹਿਯੋਗੀ ਹੋਣ ਦੇ ਦੋਸ਼ਾਂ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ ਵੀਹ ਮੁਕੱਦਮੇ ਦਾਇਰ ਕੀਤੇ ਗਏ। ਉਹ 2013 ਵਿਚ ਰਿਹਾਅ ਹੋਇਆ।

ਇਸ ਵਰਨੋਨ ਗੋਂਸਾਲਵਜ਼ ਤੋਂ ਜੱਜ ਨੇ ਪੁੱਛਿਆ ਹੈ ਕਿ ਉਸ ਦੇ ਘਰ ਵਿਚ ਤਾਲਸਤਾਏ ਦੀ ਕਿਤਾਬ 'ਵਾਰ ਐਂਡ ਪੀਸ' ਕੀ ਕਰ ਰਹੀ ਸੀ? ਉਹ ਤਾਲਸਤਾਏ, ਜਿਸ ਨੇ 111 ਵਰ੍ਹੇ ਪਹਿਲਾਂ ਤਾਰਕ ਨਾਥ ਦਾਸ ਨੂੰ ਖਤ ਲਿਖਿਆ ਸੀ।

ਇਹ ਤਾਰਕ ਨਾਥ ਦਾਸ ਕੌਣ ਸੀ? ਤਾਰਕ ਨਾਥ 1884 ਵਿਚ ਬੰਗਾਲ ਦੇ 24 ਪਰਗਨਾ ਜ਼ਿਲ੍ਹੇ ਵਿਚ ਜੰਮਿਆ ਬੰਗਾਲੀ ਸੀ, ਜਿਹੜਾ ਕਲਕੱਤੇ (ਹੁਣ ਕੋਲਕਾਤਾ) ਵਿਚ ਪੜ੍ਹਿਆ। ਉਸ ਨੇ ਪਾਂਡੂਰੰਗਾ ਖਾਨਾਖੋਜੇ (ਬਾਲ ਗੰਗਾਧਰ ਤਿਲਕ ਦਾ ਸਾਥੀ) ਨਾਲ ਮਿਲ ਕੇ ਇੰਡੀਅਨ ਇੰਡੀਪੈਂਡੈਂਸ ਲੀਗ ਦੀ ਨੀਂਹ ਰੱਖੀ ਅਤੇ ਕੈਨੇਡਾ ਵਿਚੋਂ 'ਫਰੀ ਹਿੰਦੋਸਤਾਨ' ਨਾਂ ਦਾ ਅਖਬਾਰ ਕੱਢਿਆ ਜਿਸ ਦੇ ਗੁਰਮੁਖੀ ਰੂਪ ਦਾ ਨਾਮ 'ਸਵਦੇਸ਼ ਸੇਵਕ' ਸੀ। ਉਹ ਗਦਰ ਪਾਰਟੀ ਨਾਲ ਵੀ ਜੁੜਿਆ ਰਿਹਾ ਅਤੇ ਸਾਨ ਫਰਾਂਸਿਸਕੋ ਸਾਜ਼ਿਸ਼ ਕੇਸ ਵਿਚ ਦੋ ਸਾਲ ਦੀ ਜੇਲ੍ਹ ਕੱਟੀ।

ਤਾਰਕ ਨਾਥ ਦਾਸ ਨੇ ਲਿਉ ਤਾਲਸਤਾਏ ਨੂੰ ਦੋ ਚਿੱਠੀਆਂ ਲਿਖੀਆਂ ਜਿਸ ਦਾ ਜਵਾਬ ਤਾਲਸਤਾਏ ਨੇ ਲੰਮਾ ਖਤ, ਜਿਸ ਨੂੰ 'ਏ ਲੈਟਰ ਟੂ ਏ ਹਿੰਦੂ' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਲਿਖ ਕੇ ਦਿੱਤਾ। ਇਹ ਖਤ 'ਫਰੀ ਹਿੰਦੋਸਤਾਨ' ਵਿਚ ਛਪਿਆ। ਉਸ ਸਮੇਂ ਤਕ ਤਾਲਸਤਾਏ ਦਾ ਇਹ ਵਿਚਾਰ ਪ੍ਰਪੱਕ ਹੋ ਚੁੱਕਾ ਸੀ ਕਿ ਜਬਰ ਦਾ ਸਾਹਮਣਾ ਕਰਨ ਲਈ ਅਹਿੰਸਾ ਦਾ ਤਰੀਕਾ ਅਪਣਾਇਆ ਜਾਣਾ ਚਾਹੀਦਾ ਹੈ। ਇਸ ਖਤ ਵਿਚ ਤਾਲਸਤਾਏ ਨੇ ਸਵਾਮੀ ਵਿਵੇਕਾਨੰਦ ਅਤੇ ਤਾਮਿਲ ਸਾਹਿਤ ਦੇ ਪੁਰਾਤਨ ਗ੍ਰੰਥ 'ਤ੍ਰਿਰੂਕੁਰਲ' ਦਾ ਜ਼ਿਕਰ ਕੀਤਾ ਹੈ (ਪਤਾ ਨਹੀਂ ਇਹ ਤਾਲਸਤਾਏ ਕੀ ਕੁਝ ਪੜ੍ਹਦਾ ਰਹਿੰਦਾ ਸੀ)।

ਕਹਾਣੀ ਅਜੇ ਖਤਮ ਨਹੀਂ ਹੋਈ। ਇਹ ਖਤ ਮਹਾਤਮਾ ਗਾਂਧੀ ਨੇ ਪੜ੍ਹਿਆ। ਉਸ ਵੇਲੇ ਉਹ ਦੱਖਣੀ ਅਫਰੀਕਾ ਵਿਚ ਰਹਿ ਰਿਹਾ ਸੀ। ਉਹ ਉਸ ਵੇਲੇ ਤਕ ਟਰਾਂਸਵਾਲ (ਦੱਖਣੀ ਅਫਰੀਕਾ ਦਾ ਸੂਬਾ) ਸਰਕਾਰ ਦੇ ਹਿੰਦੋਸਤਾਨੀਆਂ ਤੇ ਚੀਨੀਆਂ ਨੂੰ ਦਬਾਉਣ ਦੇ ਆਦੇਸ਼ ਵਿਰੁਧ ਸੱਤਿਆਗ੍ਰਹਿ ਕਰ ਚੁੱਕਾ ਸੀ। ਉਹ ਇਸ ਖਤ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਤਾਲਸਤਾਏ ਨੂੰ ਚਿੱਠੀ ਲਿਖ ਕੇ 'ਹਿੰਦੂ ਨੂੰ ਖਤ' ਨੂੰ ਦੱਖਣੀ ਅਫਰੀਕਾ ਤੋਂ ਚਲਾਏ ਜਾ ਰਹੇ ਆਪਣੇ ਅਖਬਾਰ 'ਇੰਡੀਅਨ ਓਪੀਨੀਅਨ' ਵਿਚ ਛਾਪਣ ਦੀ ਇਜਾਜ਼ਤ ਮੰਗੀ। ਗਾਂਧੀ ਨੇ ਲੇਖ ਦਾ ਤਰਜਮਾ ਗੁਜਰਾਤੀ ਵਿਚ ਕਰਕੇ ਹਿੰਦੋਸਤਾਨ ਭੇਜਿਆ। ਗਾਂਧੀ ਤੇ ਤਾਲਸਤਾਏ ਵਿਚ ਖਤੋ-ਕਿਤਾਬਤ ਹੁੰਦੀ ਰਹੀ। ਪਹਿਲੀ ਅਕਤੂਬਰ 1909 ਦੀ ਆਪਣੀ ਚਿੱਠੀ ਮਹਾਤਮਾ ਗਾਂਧੀ ਇਸ ਤਰ੍ਹਾਂ ਸ਼ੁਰੂ ਕਰਦਾ ਹੈ, "ਸ੍ਰੀਮਾਨ ਜੀ, ਮੈਂ ਤੁਹਾਡਾ ਧਿਆਨ ਉਨ੍ਹਾਂ ਘਟਨਾਵਾਂ ਵਲ ਦਿਵਾਉਣਾ ਚਾਹੁੰਦਾ ਹਾਂ ਜਿਹੜੀਆਂ ਟਰਾਂਸਵਾਲ ਵਿਚ ਤਿੰਨ ਵਰ੍ਹਿਆਂ ਤੋਂ ਹੋ ਰਹੀਆਂ ਹਨ।" ਤਾਲਸਤਾਏ ਆਪਣਾ ਖਤ ਇਥੋਂ ਸ਼ੁਰੂ ਕਰਦਾ ਹੈ, "ਮੈਨੂੰ ਤੁਹਾਡਾ ਬਹੁਤ ਦਿਲਚਸਪ ਖਤ ਹੁਣੇ-ਹੁਣੇ ਮਿਲਿਆ ਅਤੇ ਮੈਨੂੰ ਇਹ ਪੜ੍ਹ ਕੇ ਬਹੁਤ ਖੁਸ਼ੀ ਹੋਈ ਹੈ। ਰੱਬ ਟਰਾਂਸਵਾਲ ਵਿਚਲੇ ਸਾਡੇ ਭਰਾਵਾਂ ਤੇ ਸਾਥੀਆਂ ਦਾ ਭਲਾ ਕਰੇ! ਮਾਸਕੋ ਵਾਲੇ ਤੁਹਾਨੂੰ ਕ੍ਰਿਸ਼ਨ (ਭਗਵਾਨ) ਸਬੰਧੀ ਕਿਤਾਬ ਬਾਰੇ ਹੋਰ ਜਾਣਕਾਰੀ ਦੇਣਗੇ।"

ਗਾਂਧੀ ਤਾਲਸਤਾਏ ਦੀਆਂ ਲਿਖਤਾਂ ਤੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹ 1893 ਤੋਂ ਹੀ ਤਾਲਸਤਾਏ ਦੀਆਂ ਲਿਖਤਾਂ ਪੜ੍ਹ ਅਤੇ ਉਨ੍ਹਾਂ ਬਾਰੇ ਲਿਖ ਰਿਹਾ ਸੀ। ਉਸ ਦੇ ਅਹਿੰਸਾ ਤੇ ਸੱਤਿਆਗ੍ਰਹਿ ਦੇ ਸਿਧਾਂਤਾਂ ਦੀ ਸਿਰਜਣਾ ਤਾਲਸਤਾਏ ਦੇ ਸਿਧਾਂਤਾਂ ਦੀ ਜ਼ਮੀਨ 'ਤੇ ਹੀ ਕੀਤੀ ਗਈ ਸੀ। ਗਾਂਧੀ ਦੇ ਇਕ ਲੇਖ ਦਾ ਨਾਂ 'ਤਾਲਸਤਾਏ ਦਾ ਸੱਤਿਆਗ੍ਰਹਿ' ਹੈ। ਉਸ ਨੇ ਤਾਲਸਤਾਏ ਬਾਰੇ ਕਾਫੀ ਕੁਝ ਲਿਖਿਆ ਅਤੇ ਉਸ ਦੀਆਂ ਲਿਖਤਾਂ ਨੂੰ ਉਲਥਾਇਆ ਤੇ ਛਾਪਿਆ। ਗਾਂਧੀ ਨੇ ਟਰਾਂਸਵਾਲ ਵਿਚ ਇਕ ਸੰਸਥਾ/ਕਮਿਊਨ ਸ਼ੁਰੂ ਕੀਤੀ ਜਿਸ ਦਾ ਨਾਂ ਉਸ ਨੇ 'ਤਾਲਸਤਾਏ ਫਾਰਮ' ਰੱਖਿਆ।

ਗਾਂਧੀ ਨੇ ਉਸ ਤਾਲਸਤਾਏ ਨੂੰ ਖਤ ਲਿਖੇ ਅਤੇ ਤਾਲਸਤਾਏ ਦੇ ਸਿਧਾਂਤਾਂ 'ਤੇ ਅਮਲ ਕਰਕੇ ਅੰਗਰੇਜ਼ਾਂ ਵਿਰੁਧ ਅਤੇ ਆਜ਼ਾਦੀ ਲਈ ਅੰਦੋਲਨ ਚਲਾਏ। ਉਸ ਤਾਲਸਤਾਏ ਦੀ ਕਿਤਾਬ ਬਾਰੇ ਜੱਜ ਵਰਨੋਨ ਗੋਂਸਾਲਵਜ਼ ਤੋਂ ਪੁੱਛ ਰਿਹਾ ਹੈ ਕਿ ਉਹਦੀ ਕਿਤਾਬ ਗੋਂਸਾਲਵਜ਼ ਦੇ ਘਰ ਵਿਚ ਕਿਉਂ ਮਿਲੀ। ਸ਼ਾਇਦ ਇਸ ਦਾ ਠੀਕ ਜਵਾਬ ਮਹਾਤਮਾ ਗਾਂਧੀ ਤੇ ਤਾਰਕ ਨਾਥ ਦਾਸ, ਜੇ ਜਿਉਂਦੇ ਹੁੰਦੇ, ਹੀ ਦੇ ਸਕਦੇ ਸਨ ਅਤੇ ਜੱਜ ਨੂੰ ਦੱਸ ਸਕਦੇ ਸਨ ਕਿ ਤਾਲਸਤਾਏ ਕੌਣ ਸੀ ਤੇ ਕਿਤਾਬ 'ਵਾਰ ਐਂਡ ਪੀਸ' ਕਿਉਂ ਅਹਿਮ ਹੈ। ਹੋ ਸਕਦਾ ਹੈ, ਗਾਂਧੀ ਤੇ ਤਾਰਕ ਨਾਥ ਦਾਸ ਨੂੰ ਪੁੱਛਿਆ ਜਾਂਦਾ ਕਿ ਉਨ੍ਹਾਂ ਨੇ ਕਿਸੇ ਵਿਦੇਸ਼ੀ, ਭਾਵ ਤਾਲਸਤਾਏ ਨੂੰ ਖਤ ਕਿਉਂ ਲਿਖੇ ਸਨ? ਰੱਬ ਖੈਰ ਕਰੇ!

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਸਤੰਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-394



*ਹੱਥ ਜੋੜ, ਰੋਕ ਸਿਪਾਹੀ ਸਮਝਾਵੇ,
ਬਿਨਾ ਹੈਮਲਟ ਲੱਦ ਲਿਆ ਤੂੰ ਲਾਣਾ।
ਮੋਟਰ ਸਾਈਕਲ ਜੇ ਅੜ ਗਿਆ ਯਾਰ,
ਪਤਾ ਨਹੀਂ ਕੀ ਵਰਤ ਜਾਏ ਭਾਣਾ।*

## ਕੈਪਸ਼ਨ ਮੁਕਾਬਲਾ-392



ਹੱਥ ਫੜ ਗੁਟਕਾ ਮਾਰ ਕੇ ਚੌਂਕੀ
ਬਾਬਾ ਧਿਆਨ ਲਗਾਵੇ।
ਸੁੰਦਰ ਜੋੜੀ ਪੋਤਿਆਂ ਵਾਲੀ
ਆਪਣੇ ਮੂੱਢ ਬਿਠਾਵੇ।
ਇੱਕ ਪੰਥ ਦੋ ਕਾਜ ਦੇ ਵਾਲੀ
ਗੱਲ ਨੂੰ ਸੱਚ ਬਣਾਵੇ।

*-ਜਗਮੀਤ ਸਿੰਘ ਪੰਧੇਰ, ਕੈਨੇਡਾ*
*ਫੋਨ: 1-431-887-7222*

---

ਬਾਬਾ ਜੀ ਇਕਾਗਰ ਚਿੱਤ ਹੋ ਕੇ
ਬਹਿ ਗਏ ਬਿਰਤੀ ਲਾ ਕੇ,
ਦੋਵੇਂ ਪੋਤੇ ਪਾਠ ਸੁਣਨ ਲਈ
ਬਹਿ ਗਏ ਅੱਗੇ ਆ ਕੇ।
ਬੋਹੜ ਦੀ ਠੰਡੀ ਗੂੜ੍ਹੀ ਛਾਂਵੇਂ
ਬਾਬਾ ਜੀ ਪੜ੍ਹਦੇ ਬਾਣੀ,
ਇਕੋ ਉਮਰ ਦੇ ਬਾਲ-ਨਿਆਣੇ
ਦੋਵੇਂ ਹਾਣੀ-ਹਾਣੀ।
ਬਾਬਾ ਜੀ ਆਪਣੇ ਪੋਤਿਆਂ ਤਾਈਂ
ਬਾਣੀ ਨਿੱਤ ਸੁਣਾਉਂਦੇ,
ਨਿੱਕੀ ਉਮਰੇ ਮੰਜ਼ਿਲਾਂ ਵੱਡੀਆਂ
ਕਿਵੇਂ ਸਰ ਕਰਨੀਆਂ, ਸਿਖਾਉਂਦੇ।

*-ਪ੍ਰੀਤਮ ਸਿੰਘ ਲੰਮੇ, ਕੈਲੀਫੋਰਨੀਆ*
*ਫੋਨ: 925-325-2486*

---

ਬੱਚੇ ਤਾਂ ਬੱਚੇ ਹੀ ਹਨ
ਨਹੀਂ ਸਮਝ ਅਜੇ, ਕੀ ਹੈ ਪਾਠ।
ਪੜ੍ਹਦਾ ਜਦ ਬਾਬਾ ਹੇਕ ਨਾਲ
ਉਸ 'ਚ ਰਸ ਹੈ, ਤਾਲ ਤੇ ਲੈਅ ਹੈ।
ਬੱਚੇ ਤਾਂ ਮੁਗਧ ਹੋਣਗੇ ਹੀ।
ਬਾਬਾ ਪੜ੍ਹਾ ਰਿਹਾ ਸ਼ਰਧਾ ਨਾਲ
ਉਸ ਨੂੰ ਪੂਰਾ ਸਕੂਨ ਮਿਲ ਰਿਹਾ
ਪੋਤੇ ਸੁਣ ਰਹੇ ਧੁਨਾਂ ਬਾਬੇ ਦੀਆਂ।
ਚੁੱਪ ਚਾਪ ਲਾਗੇ ਬੈਠੇ ਤਾਂ ਹਨ
ਤੰਗ ਨਹੀਂ ਕਰ ਰਹੇ ਉਸ ਨੂੰ।
ਨਹੀਂ ਤਾਂ ਬੱਚਾ ਵਰਾਉਣਾ ਮੁਸ਼ਕਿਲ ਹੈ।

*-ਦਰਸ਼ਨਪਾਲ ਦੋਸਾਂਝ*

---

ਬਾਣੀ ਪੜ੍ਹੀਏ, ਬਾਣੀ ਸੁਣੀਏ
ਬਜ਼ੁਰਗਾਂ ਆਦਤ ਪਾਈ।
ਨਿੱਕੀ ਉਮਰ ਤੋਂ ਚੰਗੇ ਪਾਸੇ
ਲੱਗਣ ਦੀ ਜਾਚ ਸਿਖਾਈ।

*-ਹਰਮੀਕ ਸਿੰਘ ਸਟਾਕਟਨ*
*ਫੋਨ: 209-815-8883*

---

ਬਾਬੇ ਪੋਤੇ ਕਰ ਲਈ ਸਲਾਹ।
ਖਾਵਾਂਗੇ ਬਈ ਬਾਦ ਕੜਾਹ।
ਪਹਿਲਾਂ ਪਾਠ ਸੁਣੋ ਹੱਥ ਜੋੜ।
ਦੇਈਏ ਉਲਾਂਭਾ ਰੱਬ ਦਾ ਮੋੜ।

*-ਸੇਵਾ ਸਿੰਘ ਨੂਰਪੁਰੀ*

---

ਬੈਠੇ ਬੱਚੇ ਪਿਆਰ ਨਾਲ ਸੁਣਦੇ ਬਾਣੀ।
ਇਸੇ ਉਮਰ ਵਿਚ ਸੁਲਝਦੀ ਹੈ ਤਾਣੀ।
ਜੋ ਸਿਖਾਓ, ਉਹੀਓ ਸਿੱਖ ਜਾਣਗੇ
ਬੇਸ਼ਕ ਉਮਰ ਹੈ ਹਾਲੇ ਨਿਆਣੀ।
ਜਿਉਂ ਰਿੜਕ ਰਿੜਕ ਮੱਖਣ ਬਣਦਾ
ਪਾ ਕੇ ਦਹੀਂ ਦੇ ਵਿਚ ਮਧਾਣੀ।
ਲੰਘਿਆ ਹੋਇਆ ਛਾਪ ਛੱਡ ਜਾਂਦਾ
ਜਿਉਂ ਦਰਿਆ ਦਾ ਪਾਣੀ।
ਬਾਬਾ ਪੋਤਿਆਂ ਨੂੰ ਕੋਲ ਬਿਠਾ ਕੇ
ਸਿਖਾਵੇ ਪੜ੍ਹਨੀ-ਸੁਣਨੀ ਗੁਰਬਾਣੀ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

---

ਕੋਲ ਬਿਠਾ ਕੇ ਬਾਬਾ,
ਨਿੱਤ ਸੁਣਾਉਂਦਾ ਬਾਣੀ,
ਪੋਤੀਆਂ ਨੂੰ ਵੀ ਪੈ ਗਈ ਹੈ ਹੁਣ ਆਦਤ।
ਟਿਕ ਕੇ ਉਡੀਕਣ,
ਕਦੋਂ ਹੋਊ ਪਾਠ ਪੂਰਾ
ਪਾਉਣਾ ਖੌਰੂ, ਬਣ ਜਾਣਾ ਫਿਰ ਆਫਤ।

*-ਦਵਿੰਦਰ ਕੌਰ*

# ਭਾਰਤ 'ਚ ਜਮਹੂਰੀ ਸਲੀਕਾ ਅਤੇ ਪਰੰਪਰਾਵਾਂ ਖਾਤਮੇ ਵੱਲ

ਹੀਰੋਸ਼ੀਮਾ ਪਰਮਾਣੂ ਹਮਲੇ ਦੀ ਵਰ੍ਹੇਗੰਢ ਤੋਂ ਇਕ ਦਿਨ ਪਹਿਲਾਂ 5 ਅਗਸਤ ਨੂੰ ਭਾਰਤ ਦੀ ਰਾਜ ਸਭਾ ਨੇ ਆਪਣੇ ਹੀ ਇਕ ਰਾਜ, ਜੰਮੂ ਕਸ਼ਮੀਰ ਉਪਰ ਵੱਖਰੀ ਤਰ੍ਹਾਂ ਦਾ ਹਮਲਾ ਕੀਤਾ। ਇਸ ਪ੍ਰਾਂਤ ਨੂੰ ਖਾਸ ਦਰਜਾ ਦੇਣ ਵਾਲੀ ਧਾਰਾ 370 ਨੂੰ ਤੋੜਿਆ ਗਿਆ। ਇਸ ਵਾਸਤੇ ਕੋਈ ਸੰਜੀਦਾ ਬਹਿਸ ਨਹੀਂ ਹੋਣ ਦਿੱਤੀ, ਇਹ ਗਾਜੇ-ਵਾਜੇ ਤੇ ਹੋ-ਹੱਲੇ ਨਾਲ ਇਕ ਝਟਕੇ ਵਿਚ ਹੀ ਸਿਰੇ ਲਾ ਦਿੱਤੀ। ਇਸ ਦੇ ਨਾਲ ਹੀ ਹਮਲਾਵਰਾਂ ਨੇ ਆਪਣੇ ਆਪ ਨੂੰ ਜੇਤੂ ਕਰਾਰ ਦੇ ਕੇ ਖੁਸ਼ੀਆਂ ਮਨਾਈਆਂ ਤੇ ਬਹਾਦਰੀ ਦੇ ਤਮਗੇ ਵੀ ਆਪਣੀਆਂ ਹਿੱਕਾਂ ਉਪਰ ਲਗਾ ਲਏ। ਇਸ 'ਚ ਹੀ ਇਹ ਦਮਗਜ਼ਾ ਸ਼ਾਮਿਲ ਸੀ ਕਿ ਜਿਨ੍ਹਾਂ ਉਪਰ ਹਮਲਾ

**ਅਭੈ ਸਿੰਘ**
ਫੋਨ: +91-98783-75903

ਕੀਤਾ ਗਿਆ, ਉਹ ਇੰਜ ਦਬਾ ਦਿੱਤੇ ਗਏ ਕਿ ਕੁਸਕਣ ਜੋਗੇ ਵੀ ਨਹੀਂ ਛੱਡੇ।

ਇਹ ਕੰਮ ਜੰਗੀ 'ਅਚਨਚੇਤ' ਨਾਲ ਕੀਤਾ ਗਿਆ। ਦੱਸਿਆ ਜਾਂਦਾ ਹੈ ਕਿ ਗ੍ਰਹਿ ਮੰਤਰੀ ਅੱਧੀ ਰਾਤ ਤੋਂ ਵੱਧ ਸਮੇਂ ਤੱਕ ਆਪਣੇ ਦਫਤਰ ਵਿਚ ਅਗਲੇ ਦਿਨ ਕੀਤੇ ਜਾਣ ਵਾਲੇ 'ਧਮਾਕੇ' ਦੀ ਤਿਆਰੀ ਕਰਦਾ ਰਿਹਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਕਾਰਵਾਈ ਨਾਲ ਕਸ਼ਮੀਰ ਨੂੰ ਪੱਕੇ ਤੌਰ 'ਤੇ ਭਾਰਤ ਨਾਲ ਜੋੜਿਆ ਗਿਆ ਹੈ। ਝੂਠੀ ਗੱਲ ਹੈ ਬਲਕਿ ਇਸ ਨਾਲ ਕਸ਼ਮੀਰ ਤੇ ਭਾਰਤ ਦੇ ਸਬੰਧ ਦਾ ਦਸਤਾਵੇਜ਼ੀ ਆਧਾਰ ਨਹੀਂ ਰਹਿ ਜਾਂਦਾ। ਬਾਕੀ ਰੱਸੇ ਨਾਲ ਨਰੜ ਕੇ ਜੋ ਮਰਜ਼ੀ ਕਰੀ ਜਾਵੋ, ਉਹ ਵੱਖਰੀ ਗੱਲ ਹੈ। ਧੱਕੇਸ਼ਾਹੀ ਨੂੰ ਨਾ ਦਲੀਲ ਦੀ ਲੋੜ ਹੈ, ਨਾ ਦਸਤਾਵੇਜ਼ ਦੀ।

ਸਭ ਜਾਣਦੇ ਹਨ ਕਿ ਕਸ਼ਮੀਰ ਦੀ ਆਬਾਦੀ ਦਾ ਵੱਡਾ ਤਬਕਾ ਭਾਰਤ ਦਾ ਹਿੱਸਾ ਬਣਨ ਵਿਚ ਖੁਸ਼ ਨਹੀਂ। ਕੁਝ ਲੋਕ ਜੋ ਹਿੱਸਾ ਬਣੇ ਰਹਿਣ ਦੀ ਹਾਮੀ ਭਰਦੇ ਹਨ, ਧਾਰਾ 370 ਹੀ ਉਨ੍ਹਾਂ ਦੇ ਹੱਥ ਵਿਚ ਆਪਣੇ ਲੋਕਾਂ ਨੂੰ ਦਿਖਾਉਣ ਵਾਸਤੇ ਕੁਝ ਸੀ। ਇਨ੍ਹਾਂ ਲੋਕਾਂ ਨੂੰ ਉਥੇ ਮੁੱਖ-ਧਾਰਾ ਦੇ ਸਿਆਸਤਦਾਨ ਕਿਹਾ ਜਾਂਦਾ ਹੈ ਤੇ 'ਹਿੰਦ ਨਵਾਜ਼' ਵੀ। ਸਰਕਾਰ ਨੇ ਇਨ੍ਹਾਂ ਨੂੰ ਹੀ ਆਪਣੇ ਲੋਕਾਂ ਤੋਂ ਤੋੜ ਦਿੱਤਾ ਹੈ। ਇਸ ਨਾਲ ਕਸ਼ਮੀਰ ਦੇ ਅੰਦਰ ਥੋੜ੍ਹੀ ਬਹੁਤ ਬਚੀ ਸਿਆਸੀ ਸਰਗਰਮੀ ਵੀ ਖਤਮ ਹੁੰਦੀ ਹੈ। ਲਗਦਾ ਹੈ ਕਿ ਵਰਤਮਾਨ ਸਰਕਾਰ ਕਸ਼ਮੀਰੀਆਂ ਦਾ ਸਹਿਯੋਗ ਚਾਹੁੰਦੀ ਹੀ ਨਹੀਂ, ਇਹ ਡੰਡੇ ਦੇ ਜ਼ੋਰ ਨਾਲ ਹੀ ਸਭ ਠੀਕ ਕਰ ਦੇਣਾ ਚਾਹੁੰਦੀ ਹੈ ਤੇ ਇਥੇ ਵਰਤੇ ਗਏ ਡੰਡੇ ਨਾਲ ਸਾਰੇ ਭਾਰਤ ਵਿਚ ਆਪਣਾ ਵੋਟ ਬੈਂਕ ਬਣਾਏਗੀ।

ਕਿਵੇਂ ਬਣਦੀ ਹੈ ਧਾਰਾ 370 ਭਾਰਤ-ਕਸ਼ਮੀਰ ਸਬੰਧ ਦਾ ਆਧਾਰ, ਛੋਟੀ ਜਿਹੀ ਕਹਾਣੀ ਹੈ। ਅੰਗਰੇਜ਼ ਹਾਕਮਾਂ ਨੇ ਵੰਡ ਦੇ ਕਾਨੂੰਨ ਵਿਚ ਲਿਖ ਦਿੱਤਾ ਕਿ ਰਿਆਸਤਾਂ ਨੇ ਹਿੰਦੁਸਤਾਨ ਵਿਚ ਰਹਿਣਾ ਹੈ ਕਿ ਪਾਕਿਸਤਾਨ ਵਿਚ, ਇਹ ਫੈਸਲਾ ਉਥੋਂ ਦੇ ਹਾਕਮ ਕਰਨਗੇ। ਨਾਲ ਹੀ ਲਿਖ ਦਿੱਤਾ ਕਿ ਉਨ੍ਹਾਂ ਨੂੰ ਇਹ ਫੈਸਲਾ ਆਪਣੀ ਪਰਜਾ ਦੀਆਂ ਭਾਵਨਾਵਾਂ ਮੁਤਾਬਕ ਕਰਨਾ ਚਾਹੀਦਾ ਹੈ। ਮਹਾਰਾਜਾ ਹਰੀ ਸਿੰਘ ਨੇ ਪਹਿਲਾਂ ਤਾਂ ਕਾਫੀ ਦੇਰ ਲਟਕਾਈ ਰੱਖਿਆ, ਫਿਰ ਕਬਾਇਲੀ ਹਮਲੇ ਵੇਲੇ ਜਦੋਂ ਫੈਸਲਾ ਕੀਤਾ ਤਾਂ ਭਾਰਤ ਦੇ ਉਸ ਵੇਲੇ ਦੇ ਗਵਰਨਰ ਜਨਰਲ ਲਾਰਡ ਮਾਊਂਟਬੈਂਟਨ ਨੂੰ ਖਤ ਵਿਚ ਲਿਖ ਦਿੱਤਾ ਕਿ ਇਹ ਸਬੰਧ ਆਰਜ਼ੀ ਅਤੇ ਸਿਰਫ ਵਿਦੇਸ਼ੀ ਮਾਮਲੇ, ਸੁਰੱਖਿਆ ਤੇ ਸੰਚਾਰ ਦੇ ਖੇਤਰ ਵਿਚ ਹੀ ਹੋਵੇਗਾ; ਭਾਵ ਸਾਰਾ ਅੰਦਰੂਨੀ ਮਾਮਲਾ ਰਿਆਸਤ ਦਾ ਆਪਣਾ ਹੋਵੇਗਾ।

ਲਾਰਡ ਮਾਊਂਬੈਂਟਨ ਨੇ ਜਵਾਬ ਵਿਚ ਦੱਸਿਆ ਕਿ ਭਾਰਤ ਵਲੋਂ ਵੀ ਇਸ ਇਲਹਾਕ ਨੂੰ ਆਰਜ਼ੀ ਤੌਰ 'ਤੇ ਹੀ ਮਨਜ਼ੂਰ ਕੀਤਾ ਜਾ ਰਿਹਾ ਹੈ। ਇਸ ਨੂੰ ਪੱਕੇ ਤੌਰ 'ਤੇ ਤਦ ਹੀ ਮੰਨਿਆ ਜਾਵੇਗਾ ਜਦੋਂ ਜੰਮੂ ਕਸ਼ਮੀਰ ਦੇ ਲੋਕ ਰਾਇਸ਼ੁਮਾਰੀ ਰਾਹੀਂ ਇਸ ਦੀ ਤਸਦੀਕ ਕਰਨਗੇ। ਇਹ ਦੋ ਦਸਤਾਵੇਜ਼ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਦਰਸਾਉਂਦੇ ਹਨ ਪਰ ਇਨ੍ਹਾਂ ਦੀ ਇਬਾਰਤ ਨਹੀਂ ਲੁਕਾਈ ਜਾ ਸਕਦੀ। ਫਿਰ ਪਾਕਿਸਤਾਨ ਦੀ ਫੌਜ ਕਬਾਇਲੀਆਂ ਦੀ ਮਦਦ 'ਤੇ ਆ ਗਈ ਤਾਂ ਕਸ਼ਮੀਰ 'ਚ ਪੂਰੀ ਲੜਾਈ ਬਣ ਗਈ ਜੋ ਸੰਯੁਕਤ ਰਾਸ਼ਟਰ ਦੇ ਦਖਲ ਨਾਲ ਬੰਦ ਹੋਈ। ਜੰਗਬੰਦੀ ਰੇਖਾ ਬਣ ਗਈ ਤੇ ਦੋਹਾਂ ਮੁਲਕਾਂ ਨੇ ਇਸ ਦੇ ਅੰਤਮ ਹੱਲ ਵਾਸਤੇ ਸਾਰੀ ਰਿਆਸਤ ਦੇ ਲੋਕਾਂ ਦੀ ਵੋਟ ਕਰਵਾਉਣ ਦੀ ਸਹਿਮਤੀ ਪ੍ਰਗਟਾਈ। ਸ੍ਰੀਨਗਰ ਤੇ ਮੁਜ਼ੱਫਰਾਬਾਦ ਵਿਚ ਯੂ.ਐਨ. ਦੇ ਦਫਤਰ ਖੁਲ੍ਹਵਾਉਣੇ ਮੰਨੇ ਜੋ ਅੱਜ ਵੀ ਮੌਜੂਦ ਹਨ। ਇਸ ਤੱਥ ਨੂੰ ਛੁਪਾਇਆ ਨਹੀਂ ਜਾ ਸਕਦਾ। ਇਸ ਪਿੱਛੋਂ ਵੀ ਯੂ.ਐਨ. ਨੇ ਦੋ ਵਾਰੀ ਰਾਇਸ਼ੁਮਾਰੀ ਕਰਵਾਉਣ ਦੇ ਮਤੇ ਪਾਸ ਕੀਤੇ। ਇੰਜ ਇਹ ਨਹੀਂ ਕਿਹਾ ਜਾ ਸਕਦਾ ਕਿ ਕਸ਼ਮੀਰ ਮਸਲਾ ਭਾਰਤ ਦਾ ਅੰਦਰੂਨੀ ਹੈ।

ਜਦੋਂ ਆਲਮੀ ਪੰਚਾਇਤ ਵਲੋਂ ਰਾਇਸ਼ੁਮਾਰੀ ਦਾ ਦਬਾਅ ਵਧਿਆ ਤਾਂ ਭਾਰਤ ਸਰਕਾਰ ਨੇ, ਸ਼ੇਖ ਅਬਦੁੱਲਾ ਅਤੇ ਕਸ਼ਮੀਰ ਦੇ ਸਿਆਸਤਦਾਨ ਜਿਨ੍ਹਾਂ ਨੂੰ 'ਭਾਰਤ ਪੱਖੀ' ਕਿਹਾ ਜਾਂਦਾ ਹੈ, ਨਾਲ ਮਿਲ ਕੇ ਉਥੇ ਸੰਵਿਧਾਨ ਸਭਾ ਦੀ ਚੋਣ ਕਰਵਾਈ। ਇਸ ਵਿਚ ਬਹੁਤ ਧਾਂਦਲੀ ਹੋਈ, ਅਧਿਉਂ ਵੱਧ ਮੈਂਬਰ ਬਿਨਾ ਮੁਕਾਬਲਾ ਚੁਣੇ ਦਰਸਾਏ ਗਏ। ਯੂ.ਐਨ. ਨੇ ਵੀ ਚਿਤਾਵਨੀ ਦਿੱਤੀ ਕਿ ਇਹ ਰਾਇਸ਼ੁਮਾਰੀ ਦਾ ਬਦਲ ਨਹੀਂ ਹੋਵੇਗੀ। ਫਿਰ ਵੀ ਇਸ ਸੰਵਿਧਾਨ ਸਭਾ ਨੇ ਭਾਰਤ ਨਾਲ ਸਬੰਧ ਜੋੜਨ ਦੀ ਤਸਦੀਕ ਕੀਤੀ ਅਤੇ ਨਾਲ ਹੀ ਵਿਸ਼ੇਸ਼ ਅਧਿਕਾਰ ਦੀ ਸ਼ਰਤ ਰੱਖੀ, ਆਪਣਾ ਵੱਖਰਾ ਝੰਡਾ ਤੇ ਸੰਵਿਧਾਨ ਬਣਾਇਆ। ਭਾਰਤ ਨੇ ਇਹ ਸ਼ਰਤ ਧਾਰਾ 370 ਰਾਹੀਂ ਮਨਜ਼ੂਰ ਕੀਤੀ ਤੇ ਜੰਮੂ ਕਸ਼ਮੀਰ ਭਾਰਤ ਦਾ ਕਾਨੂੰਨੀ ਹਿੱਸਾ ਬਣਾ ਲਿਆ। ਅੱਜ ਤੱਕ ਜੰਮੂ ਕਸ਼ਮੀਰ ਦੇ ਸਕੱਤਰੇਤ 'ਤੇ ਭਾਰਤ ਦੇ ਤਿਰੰਗੇ ਝੰਡੇ ਦੇ ਨਾਲ ਹੀ ਜੰਮੂ ਕਸ਼ਮੀਰ ਦਾ ਲਾਲ ਰੰਗ ਦਾ ਝੰਡਾ ਝੁੱਲਦਾ ਆਇਆ ਹੈ। ਇਸ ਝੰਡੇ ਉਪਰ ਹਲ ਦਾ ਨਿਸ਼ਾਨ ਹੈ ਅਤੇ ਤਿੰਨ ਲਕੀਰਾਂ ਸੂਬੇ ਦੇ ਤਿੰਨੇ ਖਿੱਤਿਆਂ- ਜੰਮੂ, ਕਸ਼ਮੀਰ ਵਾਦੀ



ਤੇ ਲੱਦਾਖ ਦੀ ਨਮਾਇੰਦਗੀ ਕਰਦੀਆਂ ਹਨ।

ਅੱਜ ਤੱਕ ਆਲਮੀ ਭਾਈਚਾਰੇ ਅੱਗੇ ਬਹਿਸ ਵਿਚ ਭਾਰਤ ਇਹੀ ਕਹਿੰਦਾ ਆਇਆ ਹੈ ਕਿ ਜੰਮੂ ਕਸ਼ਮੀਰ ਦੀ ਸੰਵਿਧਾਨ ਸਭਾ ਦਾ ਫੈਸਲਾ ਅਤੇ ਭਾਰਤ ਦੀ ਧਾਰਾ 370 ਰਿਆਸਤ ਨੂੰ ਭਾਰਤ ਨਾਲ ਜੋੜਦੇ ਹਨ। ਜੰਮੂ ਕਸ਼ਮੀਰ ਦੇ ਜਿਹੜੇ ਸਿਆਸਤਦਾਨ ਅੱਗੇ ਹੋ ਕੇ ਵੱਖਵਾਦੀਆਂ ਨਾਲ ਲੜਦੇ ਰਹੇ, ਉਨ੍ਹਾਂ ਨੂੰ ਉਹ 'ਭਾਰਤ ਦੇ ਦਲਾਲ ਤੇ ਚਮਚੇ' ਦੱਸਦੇ ਹਨ। ਇਨ੍ਹਾਂ ਕਥਿਤ ਭਾਰਤ ਪੱਖੀ ਸਿਆਸਤਦਾਨਾਂ ਨੇ ਕਈ ਵਾਰ ਖਬਰਦਾਰ ਕੀਤਾ ਕਿ ਧਾਰਾ 370 ਨਹੀਂ ਰਹੀ ਤਾਂ ਇਲਹਾਕ ਵੀ ਨਹੀਂ ਰਹੇਗਾ। ਇਨ੍ਹਾਂ ਦੀ ਕਿਸੇ ਨਹੀਂ ਸੁਣੀ। ਅੱਜ ਇਹ ਜੇਲ੍ਹਾਂ ਵਿਚ ਹਨ, ਬਾਹਰ ਆਉਣਗੇ; ਕੀ ਕਹਿਣਗੇ ਪਤਾ ਨਹੀਂ। ਇਨ੍ਹਾਂ ਨੂੰ ਹੋਰ ਸੱਟ ਮਾਰਨ ਵਾਸਤੇ ਧਾਰਾ 370 ਤੋੜਨ ਦੇ ਨਾਲ ਹੀ ਰਿਆਸਤ ਨੂੰ ਵੀ ਦੋ ਹਿੱਸਿਆਂ ਵਿਚ ਤੋੜ ਕੇ ਕੇਂਸਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ। ਖਾਸ ਅਧਿਕਾਰ ਤਾਂ ਕੀ, ਉਨ੍ਹਾਂ ਨੂੰ ਰਾਜ ਦਾ ਆਮ ਅਧਿਕਾਰ ਵੀ ਨਹੀਂ ਦਿੱਤਾ ਗਿਆ।

ਅਸਲ ਵਿਚ ਤਾਂ 370 ਤੋੜਨ ਨਾਲ ਭਾਰਤ ਕਸ਼ਮੀਰ ਨੂੰ ਆਪਣਾ ਹਿੱਸਾ ਦਿਖਾਉਣ ਦਾ ਦਸਤਾਵੇਜ਼ੀ ਆਧਾਰ ਗੁਆ ਲੈਂਦਾ ਹੈ। ਇਹ ਰੱਟਾ ਤਾਂ ਲੱਗਦਾ ਰਹੇਗਾ ਕਿ ਜੰਮੂ ਤੇ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਪਰ ਕਿਉਂ ਅੰਗ ਹੈ, ਉਸ ਦਾ ਦਸਤਾਵੇਜ਼ੀ ਸਬੂਤ ਪਤਾ ਨਹੀਂ ਸਾਡੇ ਲੀਡਰਾਂ ਕੋਲ ਕਿਹੜਾ ਹੋਵੇਗਾ। ਇਕ ਹੋਰ ਸੱਚਾਈ ਨਹੀਂ ਛੁਪਾਈ ਜਾ ਸਕਦੀ ਕਿ ਰੂਸ ਅਤੇ ਦੋ ਚਾਰ ਹੋਰ ਦੇਸ਼ਾਂ ਨੂੰ ਛੱਡ ਕੇ ਕੋਈ ਵੀ ਮੁਲਕ ਆਪਣੇ ਨਕਸ਼ਿਆਂ ਵਿਚ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਨਹੀਂ ਦਿਖਾਉਂਦਾ, ਸਗੋਂ ਵਿਵਾਦ ਵਾਲਾ ਖਿੱਤਾ ਦਿਖਾਇਆ ਜਾਂਦਾ ਹੈ।

ਕਸ਼ਮੀਰ ਦੇ ਸਾਬਕਾ ਵਜ਼ੀਰ, ਐਮ. ਐਲ. ਏ., ਸਿਆਸਤਦਾਨ, ਪੱਤਰਕਾਰ, ਅਖਬਾਰਾਂ ਦੇ ਐਡੀਟਰ, ਟਰੇਡ ਯੂਨੀਅਨਾਂ ਦੇ ਲੀਡਰ ਜੇਲ੍ਹਾਂ ਵਿਚ ਹਨ। ਟੈਲੀਫੋਨ, ਇੰਟਰਨੈਟ ਬੰਦ। ਕੋਈ ਅਖਬਾਰ ਨਹੀਂ, ਟੈਲੀਵਿਜ਼ਨ ਬੰਦ। ਦੁਨੀਆ ਦੀ ਚੌਥੀ ਵੱਡੀ ਫੌਜ ਦਾ ਇਕ ਤਿਹਾਈ ਹਿੱਸਾ ਇਕੱਲੇ ਕਸ਼ਮੀਰ ਵਿਚ ਤਾਇਨਾਤ ਹੈ। ਹਰ ਗਲੀ ਵਿਚ ਵੀਹ ਵੀਹ ਸਿਪਾਹੀ, ਹਰ ਮੋੜ 'ਤੇ ਫੌਜੀ ਗੱਡੀ। ਸਰਕਾਰ ਇੰਜ ਪੇਸ਼ ਆ ਰਹੀ ਹੈ, ਜਿਵੇਂ ਕਸ਼ਮੀਰੀਆਂ ਤੋਂ ਬਦਲਾ ਲਿਆ ਜਾ ਰਿਹਾ ਹੈ, ਸਬਕ ਸਿਖਾਇਆ ਜਾ ਰਿਹਾ ਹੈ। ਕਈ ਵਾਰ ਲਗਦਾ ਹੈ ਕਿ ਇਹ ਸਖਤ ਪਾਬੰਦੀਆਂ ਸੁਰੱਖਿਆ ਦੀ ਮਜਬੂਰੀ ਨਹੀਂ, ਭਾਜਪਾ ਸਰਕਾਰ ਦਾ ਸ਼ੌਕ ਹੈ, ਤਾਕਤ ਦਾ ਮੁਜ਼ਾਹਰਾ ਹੈ। ਸਰਕਾਰ ਦੱਸਣਾ ਚਾਹੁੰਦੀ ਹੈ ਕਿ ਉਹ ਕਿਸ ਹੱਦ ਤੱਕ ਜਾ ਸਕਦੀ ਹੈ। ਇਧਰ ਭਾਜਪਾ ਟੋਲੇ ਬਾਜ਼ਾਰਾਂ ਵਿਚ ਚਾਂਗਰਾਂ ਮਾਰਦੇ ਫਿਰਦੇ ਹਨ ਕਿ ਇਹ ਇਸੇ ਤਰ੍ਹਾਂ ਸੂਤ ਆਉਂਦੇ ਹਨ ਜੋ ਕ੍ਰਿਕਟ ਵਿਚ ਪਾਕਿਸਤਾਨ ਦੀ ਜਿੱਤ ਉਪਰ ਪਟਾਕੇ ਚਲਾਉਂਦੇ ਹਨ, ਸਾਡੇ ਫੌਜੀਆਂ ਨੂੰ ਪੱਥਰ ਮਾਰਦੇ ਹਨ। ਕਸ਼ਮੀਰੀਆਂ ਨੂੰ ਦਿੱਤੇ ਜਾ ਰਹੇ ਤਸੀਹੇ ਵੀ ਫਖਰ ਬਣ ਰਹੇ ਹਨ। ਭਾਜਪਾ ਦਾ ਵੋਟ ਬੈਂਕ ਸੱਚਮੁੱਚ ਖੁਸ਼ ਹੈ।

ਜਿਹੜਾ ਕਿਹਾ ਜਾਂਦਾ ਹੈ ਕਿ ਇਸ ਨਾਲ ਕਸ਼ਮੀਰ ਦਾ ਵਿਕਾਸ ਹੋਵੇਗਾ, ਖੁਸ਼ਹਾਲੀ ਆਵੇਗੀ ਤੇ ਇਹ ਖੂਬਸੂਰਤ ਵਾਦੀ ਸਵਿਟਜ਼ਰਲੈਂਡ ਬਣ ਜਾਵੇਗੀ, ਇਹ ਕੋਈ ਸੰਜੀਦਾ ਭਵਿੱਖਬਾਣੀ ਨਹੀਂ, ਬਲਕਿ ਚਿੜਾਉਣ ਵਾਲਾ ਵਿਅੰਗ ਹੈ। ਜੇ ਸਵਿਟਜ਼ਰਲੈਂਡ ਬਣਾਉਣ ਦਾ ਹੀ ਸ਼ੌਕ ਸੀ ਤਾਂ ਹਿਮਾਚਲ ਜਾਂ ਉਤਰਾਖੰਡ ਨੂੰ ਬਣਾਇਆ ਜਾ ਸਕਦਾ ਸੀ। ਦਿੱਲੀ ਦੇ ਇਕ ਭਾਜਪਾ ਐਮ.ਪੀ. ਨੇ ਆਪਣੇ ਘਰ ਦੇ ਬਾਹਰ ਕਸ਼ਮੀਰੀ ਲਿਬਾਸ ਵਾਲੀ ਲੜਕੀ ਦਾ ਪੋਸਟਰ ਲਗਾਇਆ ਤੇ ਹੇਠਾਂ ਲਿਖਿਆ ਹੈ: '370 ਕਾ ਜਾਨਾ, ਤੇਰਾ ਮੁਸਕਰਾਨਾ'। ਇਸ ਦੀ ਤੰਨਜ਼ ਦੇਖੋ। ਸਭ ਜਾਣਦੇ ਹਨ ਕਿ ਆਉਣ ਵਾਲਾ ਵਕਤ ਕਸ਼ਮੀਰੀਆਂ ਵਾਸਤੇ ਬਹੁਤ ਦੁੱਖਾਂ, ਸੰਘਰਸ਼ਾਂ ਅਤੇ ਮੌਤਾਂ ਦਾ ਹੋ ਸਕਦਾ ਹੈ।

ਹਾਲਾਤ ਇਸ ਤਰ੍ਹਾਂ ਦੇ ਬਣ ਰਹੇ ਹਨ ਕਿ ਧਾਰਾ 370 ਦੇ ਨਾਲ ਹੀ ਸਾਡੇ ਦੇਸ਼ ਵਿਚੋਂ ਦਲੀਲਾਂ ਉਪਰ ਬਹਿਸ, ਅਸੂਲਾਂ ਦੀ ਗੱਲਬਾਤ ਅਤੇ ਵਿਰੋਧੀ ਵਿਚਾਰਾਂ ਦੀ ਕਦਰ ਵੀ ਖਤਮ ਹੋ ਗਈ ਹੈ। ਹਰ ਪਾਸੇ ਭੀੜਤੰਤਰ ਵਧ ਰਿਹਾ ਹੈ। ਕਹਿੰਦੇ ਹਨ ਕਿ ਭੀੜ ਅੱਗੇ ਕੋਈ ਦਲੀਲ ਨਹੀਂ ਚੱਲਦੀ। ਇਹੀ ਕੰਮ ਆਮ ਬਹਿਸਾਂ ਵਿਚ ਹੋ ਰਿਹਾ ਹੈ। ਮੰਤਰੀ ਤੇ ਐਮ.ਪੀ. ਵੀ ਇਸ ਤਰ੍ਹਾਂ ਦੀ ਇਲਜ਼ਾਮ ਤਰਾਸ਼ੀ ਕਰਦੇ ਹਨ ਕਿ 'ਖਾਣਾ ਭਾਰਤ ਦਾ ਤੇ ਬੋਲੀ ਪਾਕਿਸਤਾਨ ਦੀ ਬੋਲਣੀ', ਦੇਸ਼ ਧ੍ਰੋਹੀ, ਗੱਦਾਰ ਵਗੈਰਾ। ਬਜ਼ੁਰਗ ਨੇਤਾ ਐਲ.ਕੇ. ਅਡਵਾਨੀ ਨੂੰ ਵੀ ਕਹਿਣਾ ਪਿਆ ਸੀ ਕਿ ਜਿਨ੍ਹਾਂ ਦੇ ਖਿਆਲ ਸਾਡੇ ਨਾਲ ਨਹੀਂ ਮਿਲਦੇ, ਉਹ ਵਿਰੋਧੀ ਤਾਂ ਹੋ ਸਕਦੇ ਹਨ, ਗੱਦਾਰ ਜਾਂ ਦੇਸ਼ ਧ੍ਰੋਹੀ ਨਹੀਂ।

ਅੱਜ ਧਾਰਾ 370 ਦੇ ਨਾਲ ਹੀ ਦੇਸ਼ ਵਿਚੋਂ ਲੋਕਤੰਤਰੀ ਸਲੀਕਾ ਤੇ ਪਰੰਪਰਾਵਾਂ ਖਤਮ ਹੋ ਰਹੀਆਂ ਹਨ। ਸੁਣਨ ਦਾ ਮਾਦਾ ਤੇ ਸਹਿਣਸ਼ੀਲਤਾ ਮੁੱਕ ਰਹੀ ਹੈ। ਵਿਚਾਰਾਂ ਦੀ ਆਜ਼ਾਦੀ ਦੀ ਭਾਵਨਾ ਖਤਮ ਹੋ ਰਹੀ ਹੈ। ਖੁੱਲ੍ਹੇਆਮ ਕਿਹਾ ਜਾਂਦਾ ਹੈ ਕਿ ਵਿਚਾਰਾਂ ਦੀ ਆਜ਼ਾਦੀ ਦਾ ਮਤਲਬ ਇਹ ਨਹੀਂ ਕਿ ਕੋਈ ਰਾਸ਼ਟਰ ਵਿਰੁੱਧ ਬੋਲੇ। ਦਰਅਸਲ ਭੀੜਤੰਤਰ ਭੀੜਾਂ ਵਿਚੋਂ ਨਿਕਲ ਕੇ ਪ੍ਰੈਸ ਕਾਨਫਰੰਸਾਂ ਵਿਚ ਪਹੁੰਚ ਗਿਆ, ਸੰਸਦ ਹਾਲ ਤੱਕ ਪਹੁੰਚ ਗਿਆ ਤੇ ਲਾਲ ਕਿਲ੍ਹੇ ਦੇ ਮੰਚ ਤੱਕ ਵੀ ਪਹੁੰਚ ਗਿਆ ਹੈ। ਇਹ ਦੇਸ਼ ਦੇ ਹਿਤ ਵਿਚ ਨਹੀਂ, ਇਹ ਲੋਕਤੰਤਰ ਦੇ ਹਿਤ ਵਿਚ ਨਹੀਂ।

# ਮੋਦੀ ਸਰਕਾਰ ਅਤੇ ਡਿਗਦੀ ਵਿਕਾਸ ਦਰ

ਮੋਦੀ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ ਕਈ ਛੋਟੇ-ਵੱਡੇ ਸਰਵੇਖਣ ਕੀਤੇ ਜਾ ਰਹੇ ਹਨ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਲੋਕ ਉਸ ਦੀ ਕਾਰਗੁਜ਼ਾਰੀ ਬਾਰੇ ਕੀ ਸੋਚਦੇ ਹਨ? ਦਿਲਚਸਪ ਗੱਲ ਇਹ ਹੈ ਕਿ ਇਸ ਰਾਇਸ਼ੁਮਾਰੀ ਦੇ ਨਤੀਜੇ ਬਾਰੇ ਪਹਿਲਾਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਨੁਮਾਇੰਦਗੀ ਦੀ ਯੋਗਤਾ, ਕੌਮੀ ਸੁਰੱਖਿਆ ਅਤੇ ਪ੍ਰਸ਼ਾਸਨਕ ਨਿਪੁੰਨਤਾ ਦੇ ਮਾਮਲਿਆਂ ਵਿਚ ਮੋਦੀ ਨੂੰ 60 ਤੋਂ 65 ਫੀਸਦੀ ਰੇਟਿੰਗ ਮਿਲ ਰਹੀ ਹੈ। ਦੂਜੇ ਕਈ ਮਾਮਲਿਆਂ ਵਿਚ ਵੀ ਮੋਦੀ ਦਾ ਰੁਤਬਾ ਅਜੇ ਕਾਇਮ ਹੈ ਪਰ ਸਿਰਫ ਇਕ ਅਜਿਹਾ ਮਸਲਾ ਹੈ ਜਿਸ ਵਿਚੋਂ ਮੋਦੀ ਦੀ ਰੇਟਿੰਗ ਤੇਜ਼ੀ ਨਾਲ ਡਿੱਗੀ ਹੈ। ਇਹ ਹੈ

**ਅਭੈ ਕੁਮਾਰ ਦੂਬੇ**

ਆਰਥਿਕ ਰਣਨੀਤੀ ਅਤੇ ਪ੍ਰਬੰਧਨ ਦਾ ਮਾਮਲਾ।

ਇਥੇ ਮੋਦੀ ਤੋਂ ਸੰਤੁਸ਼ਟ ਲੋਕਾਂ ਦੀ ਗਿਣਤੀ ਕਾਫੀ ਘੱਟ ਹੈ ਅਤੇ ਅਸੰਤੁਸ਼ਟ ਹੋ ਕੇ ਸਵਾਲ ਚੁੱਕਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਸਰਕਾਰ ਅਤੇ ਉਸ ਦੇ ਬੁਲਾਰਿਆਂ ਦਾ ਇਹ ਕਥਨ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ ਹੈ ਕਿ ਭਾਰਤੀ ਅਰਥ-ਵਿਵਸਥਾ 'ਤੇ ਆਲਮੀ ਮੰਦੀ ਦਾ ਅਸਰ ਪਿਆ ਹੈ। ਜ਼ਾਹਰ ਹੈ ਕਿ ਲੋਕਾਂ ਨੇ ਆਰਥਿਕ ਸੰਕਟ ਬਾਰੇ ਬੇਚੈਨੀ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਹੈ ਪਰ ਅਜੇ ਲੋਕਾਂ ਨੂੰ ਸਰਕਾਰ ਦਾ ਵਿਰੋਧ ਕਰਨ ਦੀ ਨੌਬਤ ਨਹੀਂ ਆਈ। ਉਂਜ, ਜੇ ਸਮੱਸਿਆ ਜਲਦੀ ਨਾ ਸੁਲਝਾਈ ਗਈ ਤਾਂ ਇਹ ਹਾਲਤ ਵੀ ਪੈਦਾ ਹੋ ਸਕਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿਆਸੀ ਮੋਰਚੇ 'ਤੇ ਮਜ਼ਬੂਤੀ ਨਾਲ ਬੈਠੀ ਹੋਈ ਮੋਦੀ ਸਰਕਾਰ ਦੀ ਸਾਖ ਅਜੇ ਉਚੀ ਹੈ ਪਰ ਇਹ ਵੀ ਸਹੀ ਹੈ ਕਿ ਆਰਥਿਕ ਸਵਾਲ ਹੱਲ ਨਾ ਕਰ ਸਕਣ ਵਾਲੀਆਂ ਸਰਕਾਰਾਂ ਦਾ ਗਰਾਫ ਆਪਣੀ ਲੋਕਪ੍ਰਿਅਤਾ ਦੇ ਬਾਵਜੂਦ ਇਕ ਹੱਦ ਤੋਂ ਬਾਅਦ ਤੇਜ਼ੀ ਨਾਲ ਡਿਗਣ ਲਗਦਾ ਹੈ। ਸੰਕਟ ਕਿਉਂਕਿ ਸਾਡੇ ਸਾਹਮਣੇ ਹੈ, ਇਸ ਲਈ ਇਸ ਸਮੇਂ ਜਨਤਕ ਜੀਵਨ ਵਿਚ ਹੋਣ ਵਾਲੀ ਸਿਆਸਤ ਜੇ ਮੁੱਖ ਤੌਰ 'ਤੇ ਆਰਥਿਕ ਸਵਾਲ ਦੇ ਆਲੇ-ਦੁਆਲੇ ਕੇਂਦਰਿਤ ਹੋ ਜਾਵੇ ਤਾਂ ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

ਆਮ ਲੋਕਾਂ, ਜਿਨ੍ਹਾਂ ਵਿਚੋਂ ਜ਼ਿਆਦਾਤਰ ਮੋਦੀ ਦੇ ਸਮਰਥਕ ਹੁੰਦੇ ਹਨ, ਨਾਲ ਗੱਲ ਕਰਨ 'ਤੇ ਉਠਣ ਵਾਲੇ ਸਵਾਲ ਕੁਝ ਇਸ ਤਰ੍ਹਾਂ ਦੇ ਹੁੰਦੇ ਹਨ: ਕੀ ਬੈਂਕਾਂ ਨੂੰ ਇਕ-ਦੂਜੇ ਨਾਲ ਮਿਲਾਉਣ ਨਾਲ ਸਾਡੇ ਘਰ ਦੀ ਈ.ਐਮ.ਆਈ. ਘਟ ਜਾਵੇਗੀ? ਸਰਕਾਰ ਨੇ ਅਰਥ-ਵਿਵਸਥਾ ਲਈ ਜੋ ਪੈਕੇਜ ਐਲਾਨਿਆ ਹੈ, ਕੀ ਉਸ ਨਾਲ ਸਾਨੂੰ ਨੌਕਰੀ ਮਿਲਣ ਦੀ ਸੰਭਾਵਨਾ ਵਧੇਗੀ? ਬਾਜ਼ਾਰ ਵਿਚ ਨੌਕਰੀਆਂ ਉਪਲਬਧ ਕਿਉਂ ਨਹੀਂ ਹਨ ਅਤੇ ਮੋਦੀ ਇਸ ਸਿਲਸਿਲੇ ਵਿਚ ਕੀ ਕਰ ਰਹੇ ਹਨ? ਸਪਸ਼ਟ ਹੈ ਕਿ ਇਹ ਸਭ ਗੰਭੀਰ ਹਾਲਾਤ ਬਾਰੇ ਕੀਤੀਆਂ ਜਾਣ ਵਾਲੀਆਂ ਸਿੱਧੀਆਂ-ਸਾਦੀਆਂ ਗੱਲਾਂ ਹਨ ਪਰ ਜਨਤਾ ਮਨ ਹੀ ਮਨ ਵਿਚ ਇਕ ਗੱਲ ਜ਼ਰੂਰ ਸੋਚਦੀ-ਸਮਝਦੀ ਹੈ ਕਿ ਅਰਥ-ਵਿਵਸਥਾ ਦਾ ਸੰਕਟ ਰਾਤੋ-ਰਾਤ ਨਹੀਂ ਪੈਦਾ ਹੋਇਆ। ਇਹ ਲੰਮੇ ਸਮੇਂ ਤੋਂ ਚਲੀਆਂ ਆ ਰਹੀਆਂ ਸਮੱਸਿਆਵਾਂ ਅਤੇ ਗਲਤੀਆਂ ਕਾਰਨ ਹੌਲੀ-ਹੌਲੀ ਪੈਦਾ ਹੋਇਆ ਹੈ।

ਸਰਕਾਰ 70 ਹਜ਼ਾਰ ਕਰੋੜ ਦੀ ਪੂੰਜੀ ਬੈਂਕਾਂ ਨੂੰ ਦੇਣ ਵਾਲੀ ਹੈ ਤਾਂ ਕਿ ਬਾਜ਼ਾਰ ਵਿਚ ਕਰਜ਼ ਦੀ ਉਪਲਬਧਤਾ ਇਕੋ ਝਟਕੇ ਨਾਲ ਵਧ ਜਾਏ। ਇਸ ਪਿੱਛੇ ਧਾਰਨਾ ਇਹ ਹੈ ਕਿ ਬਾਜ਼ਾਰ ਵਿਚ ਜੇ 'ਲਿਕਵਿਡਿਟੀ' (ਵਪਾਰ ਲਈ ਨਿਵੇਸ਼ ਆਦਿ) ਘਟ ਗਈ ਤਾਂ ਉਸ ਨੂੰ ਵਧਾਉਣਾ ਚਾਹੀਦਾ ਹੈ ਪਰ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਸਰਕਾਰ ਨੂੰ ਰਿਜ਼ਰਵ ਬੈਂਕ ਤੋਂ ਪੌਣੇ ਦੋ ਲੱਖ ਕਰੋੜ ਦੇਣ ਵਾਲੇ ਉਸ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਪਿਛਲੇ ਮਹੀਨੇ ਹੀ ਮੌਨੇਟਰੀ ਪਾਲਿਸੀ ਕਮੇਟੀ ਦੀ ਬੈਠਕ ਵਿਚ ਜਾਣਕਾਰੀ ਦਿੱਤੀ ਸੀ ਕਿ ਜੂਨ ਤੋਂ ਹੀ ਆਰਥਿਕ ਪ੍ਰਣਾਲੀ ਵਿਚ 'ਲਿਕਵਿਡਿਟੀ' ਸਰਪਲੱਸ ਚੱਲ ਰਹੀ ਹੈ, ਭਾਵ ਮੰਦੀ ਲਿਕਵਿਡਿਟੀ ਦੇ ਘਟਣ ਕਾਰਨ ਨਹੀਂ, ਸਗੋਂ ਉਸ ਦੇ ਵੱਧ ਹੋਣ ਦੇ ਬਾਵਜੂਦ ਵਧੀ ਹੈ। ਇਸ ਦਾ ਭਾਵ ਇਹ ਹੋਇਆ ਕਿ ਬੈਂਕਾਂ ਨੂੰ ਇਸ ਵੱਡੇ ਪੈਮਾਨੇ 'ਤੇ ਪੂੰਜੀ ਦੇਣ ਨਾਲ ਮੰਦੀ ਦੀ ਸਮੱਸਿਆ ਹੱਲ ਹੋਣ ਵਾਲੀ ਨਹੀਂ ਹੈ।

ਇਥੇ ਸਵਾਲ ਉਠਦਾ ਹੈ: ਕੀ ਕਮਜ਼ੋਰ ਬੈਂਕਾਂ ਨੂੰ ਤਾਕਤਵਰ ਬੈਂਕਾਂ ਵਿਚ ਮਿਲਾਉਣ ਨਾਲ ਕੁਝ ਹਾਲਾਤ ਸੁਧਰਨਗੇ? ਪਾਠਕਾਂ ਨੂੰ ਯਾਦ ਹੋਵੇਗਾ ਕਿ ਇਸ ਸਾਲ ਦੀ ਸ਼ੁਰੂਆਤ ਵਿਚ ਵਿਜਿਆ ਬੈਂਕ ਅਤੇ ਦੇਨਾ ਬੈਂਕ ਨੂੰ ਬੈਂਕ ਆਫ ਬੜੌਦਾ ਵਿਚ ਮਿਲਾ ਦਿੱਤਾ ਗਿਆ ਸੀ। ਤੱਥ ਦੱਸਦੇ ਹਨ ਕਿ ਇਸ ਗੱਠਜੋੜ ਨਾਲ ਬੜੌਦਾ ਬੈਂਕ ਨੂੰ ਲਾਭ ਨਹੀਂ ਹੋਇਆ ਅਤੇ ਉਸ ਦਾ ਸ਼ੇਅਰ ਸਾਲ ਭਰ ਵਿਚ 150 ਰੁਪਏ ਤੋਂ ਘਟ ਕੇ 92 ਰੁਪਏ ਤੱਕ ਆ ਗਿਆ। ਜਾਣਕਾਰਾਂ ਦਾ ਮੰਨਣਾ ਹੈ ਕਿ ਮਜ਼ਬੂਤ ਦੇ ਮੋਢਿਆਂ 'ਤੇ ਕਮਜ਼ੋਰ ਦਾ ਬੋਝ ਪਾਉਣ ਨਾਲ ਵੀ ਮਜ਼ਬੂਤ ਆਪਣੀ ਰਫਤਾਰ ਛੱਡ ਕੇ ਰੀਂਗਣ ਦੀ ਹਾਲਤ ਵਿਚ ਆ ਸਕਦਾ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਬੈਂਕਾਂ ਨੂੰ ਇਕ-ਦੂਜੇ ਨਾਲ ਮਿਲਾਉਣ ਨਾਲ ਅਰਥ-ਵਿਵਸਥਾ ਦੇ ਨਤੀਜੇ ਚੰਗੇ ਹੀ ਮਿਲਣਗੇ।

ਇਸ ਸਮੇਂ ਸਾਡਾ ਕੁੱਲ ਘਰੇਲੂ ਉਤਪਾਦਨ 5 ਫੀਸਦੀ ਦੱਸਿਆ ਗਿਆ ਹੈ। ਕੀ ਇਹ ਹਕੀਕਤ ਵਿਚ 5 ਫੀਸਦੀ ਹੈ? ਜਿਸ ਸਮੇਂ ਇਹ ਦਰ 7 ਅਤੇ 7.5 ਫੀਸਦੀ ਨਿਕਲ ਕੇ ਆਉਂਦੀ ਸੀ, ਉਸ ਸਮੇਂ ਕਈ ਅਰਥ-ਸ਼ਾਸਤਰੀ ਆਲੋਚਨਾ ਕਰਦੇ ਸਮੇਂ ਇਹ ਕਹਿੰਦੇ ਸਨ ਕਿ ਕੁੱਲ ਘਰੇਲੂ ਉਤਪਾਦ ਦਾ ਮੁਲੰਕਣ ਕਰਨ ਲਈ ਆਧਾਰ ਸਾਲ ਵਿਚ ਤਰਮੀਮ ਕਰਨ ਨਾਲ ਇਹ ਵਧੀ ਹੋਈ ਦਰ ਦਾ ਅੰਕੜਾ ਆਇਆ ਹੈ। ਦਰਅਸਲ, ਸਰਕਾਰ ਵਲੋਂ ਐਲਾਨੀ ਦਰ ਤੋਂ ਡੇਢ ਤੋਂ ਦੋ ਫੀਸਦੀ ਘੱਟ ਕਰ ਦੇਣ ਨਾਲ ਅਸਲ ਦਰ ਮਿਲ ਸਕਦੀ ਹੈ, ਭਾਵ ਕੁੱਲ ਘਰੇਲੂ ਉਤਪਾਦਨ ਕਰ 5 ਫੀਸਦੀ ਨਹੀਂ, 3 ਜਾਂ 3.5 ਫੀਸਦੀ ਦੀ ਦਰ ਨਾਲ ਵਧ ਰਹੀ ਹੈ। ਇਹੋ ਕਾਰਨ ਹੈ ਕਿ ਨਾ ਕਾਰਾਂ ਵਿਕ ਰਹੀਆਂ ਹਨ ਅਤੇ ਨਾ ਹੀ ਬ੍ਰਿਟਾਨੀਆ ਦਾ 5 ਰੁਪਏ ਵਾਲਾ ਬਿਸਕੁਟਾਂ ਦਾ ਪੈਕੇਟ। ਸੰਸਾਰ ਵਿਕਾਸ ਦਰ ਵਿਚ ਆਈ ਕਮੀ ਕਾਰਨ ਭਾਰਤ ਦੀ ਬਰਾਮਦ ਵੀ ਬਹੁਤ ਘਟ ਗਈ ਹੈ। ਜਿਸ ਤਰ੍ਹਾਂ ਦੁਨੀਆ ਇਸ ਸਮੇਂ ਵਣਜ ਦੇ ਪੱਧਰ 'ਤੇ ਹੋ ਰਹੇ ਟਕਰਾਅ ਵਿਚ ਫਸੀ ਹੋਈ ਹੈ, ਉਸ ਨਾਲ ਨਹੀਂ ਲਗਦਾ ਕਿ ਇਹ ਆਲਮੀ ਮੰਦੀ ਛੇਤੀ ਖਤਮ ਹੋਣ ਵਾਲੀ ਹੈ। ਇਕ ਪਾਸੇ ਦੁਨੀਆ ਵਿਚ ਸਾਡੇ ਉਤਪਾਦਨਾਂ ਅਤੇ ਹੋਰ ਮਾਲ ਦੀ ਮੰਗ ਘਟ ਰਹੀ ਹੈ। ਦੂਜੇ ਪਾਸੇ ਘਰੇਲੂ ਬਾਜ਼ਾਰ ਵਿਚ ਮੰਗ ਦਾ ਗਰਾਫ ਤੇਜ਼ੀ ਨਾਲ ਹੇਠਾਂ ਆ ਗਿਆ ਹੈ। ਨਿੱਜੀ ਪੱਧਰ 'ਤੇ ਲੋਕਾਂ ਵਲੋਂ ਕੀਤਾ ਜਾਣ ਵਾਲਾ ਖਰਚ ਜੂਨ ਦੀ ਤਿਮਾਹੀ ਵਿਚ ਘਟ ਕੇ 3 ਫੀਸਦੀ 'ਤੇ ਆ ਗਿਆ ਹੈ। ਇਸ ਦੇ ਕੁਝ ਕਾਰਨ ਨੀਤੀਆਂ ਨਾਲ ਵੀ ਸਬੰਧਿਤ ਹਨ। ਹਾਲਾਂ ਕਿ ਖੁਰਾਕ ਮਹਿੰਗਾਈ ਘਟਣ ਕਾਰਨ ਖੇਤੀ ਖੇਤਰ ਵਿਚ ਹੋਣ ਵਾਲੀ ਆਮਦਨ 'ਤੇ ਉਲਟਾ ਪ੍ਰਭਾਵ ਪਿਆ ਹੈ।

ਦੂਜਾ ਜੀ.ਐਸ.ਟੀ. ਅਤੇ ਨੋਟਬੰਦੀ ਕਾਰਨ ਅਰਥ-ਵਿਵਸਥਾ ਵਿਚ ਕਾਲੇ ਧਨ ਦੀ ਤਾਕਤ ਵਿਚ ਜੋ ਕਮੀ ਆਈ ਹੈ, ਉਸ ਦਾ ਸਵਾਗਤ ਕਰਦੇ ਸਮੇਂ ਸਾਨੂੰ ਇਹ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਇਹ ਕਾਲਾ ਧਨ ਕਈ ਖੇਤਰਾਂ ਵਿਚ ਖਪਤ ਲਈ ਕੀਤੇ ਜਾ ਰਹੇ ਖਰਚੇ ਵਧਾਉਂਦਾ ਵੀ ਹੈ। ਇਸ ਲਈ ਕਾਲੇ ਧਨ ਦੀ ਮਾਤਰਾ ਵਿਚ ਬਹੁਤ ਕਮੀ ਦਾ ਮਤਲਬ ਵੀ ਮੰਗ ਘਟਣ ਦੇ ਰੂਪ ਵਿਚ ਨਿਕਲਦਾ ਹੈ। ਘਰੇਲੂ ਦਾਇਰੇ ਵਿਚ ਕੀਤੀ ਜਾਣ ਵਾਲੀ ਬੱਚਤ ਦਰ ਵੀ ਘਟੀ ਹੈ। ਇਸ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਾਂ ਤਾਂ ਲੋਕਾਂ ਦੀ ਆਮਦਨ ਘਟ ਰਹੀ ਹੈ ਜਾਂ ਲੋਕ ਖਪਤ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਬੱਚਤ ਦਾ ਇਕ ਹਿੱਸਾ ਖਰਚ ਕਰ ਰਹੇ ਹਨ।

ਕੁੱਲ ਮਿਲਾ ਕੇ ਸਵਾਲ ਇਹ ਹੈ: ਕੀ ਸਰਕਾਰ ਕੋਲ ਘਰੇਲੂ ਬਾਜ਼ਾਰ ਵਿਚ ਮੰਗ ਵਧਾਉਣ ਲਈ ਕੋਈ ਆਰਥਿਕ ਨੀਤੀ ਹੈ? ਨਿਰਮਲਾ ਸੀਤਾਰਾਮਨ ਨੇ ਜੋ ਪੈਕੇਜ ਦਾ ਐਲਾਨ ਕੀਤਾ ਹੈ, ਉਸ ਨਾਲ ਤਾਂ ਮੰਗ ਵਧਣ ਦੀ ਸੰਭਾਵਨਾ ਨਹੀਂ ਦਿਸ ਰਹੀ। ਸਾਰਾ ਦੇਸ਼ (ਨਾਗਰਿਕ, ਬੇਰੁਜ਼ਗਾਰ, ਉਦਯੋਗਪਤੀ, ਕਿਸਾਨ, ਮਜ਼ਦੂਰ, ਨੌਕਰੀਪੇਸ਼ਾ) ਮੋਦੀ ਵੱਲ ਦੇਖ ਰਹੇ ਹਨ। ਉਹ 'ਮਨ ਕੀ ਬਾਤ' ਕਰ ਰਹੇ ਹਨ ਪਰ ਹੁਣ ਸਮਾਂ 'ਅਰਥ-ਵਿਵਸਥਾ ਕੀ ਬਾਤ' ਕਰਨ ਦਾ ਹੈ।

# ਗੱਲ ਸਹੇ ਦੀ ਨਹੀਂ, ਪਹੇ ਦੀ

## ਪੰਜਾਬ ਯੂਨੀਅਨ ਟੈਰੇਟਰੀ ਬਣਨ ਲਈ ਤਿਆਰ ਰਹੇ

*ਪੰਜਾਬ ਦੇ ਲੋਕਾਂ ਨੂੰ ਹਮੇਸ਼ਾ ਸ਼ਿਕਾਇਤ ਰਹੀ ਕਿ ਕੇਂਦਰ ਸਰਕਾਰ ਪੰਜਾਬ ਨਾਲ ਵਿਤਕਰਾ ਕਰਦੀ ਹੈ। ਇਹ ਸ਼ਿਕਾਇਤ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਪਿਛੋਂ ਹੋਰ ਵੀ ਵਧ ਗਈ ਹੈ। ਤਾਜ਼ਾ ਮਿਸਾਲ ਭਾਖੜਾ ਡੈਮ ਤੋਂ ਪਾਣੀ ਕੰਟਰੋਲ ਕਰਨ ਦੀ ਹੈ, ਜਿਥੇ ਬਿਨਾ ਵਜ੍ਹਾ ਪਾਣੀ ਰੋਕ ਕੇ ਰੱਖਿਆ ਗਿਆ ਅਤੇ ਫਿਰ ਇਕ ਦਮ ਛੱਡ ਦਿੱਤਾ ਗਿਆ, ਜਿਸ ਨਾਲ ਹੜ੍ਹ ਆਏ ਅਤੇ ਪੰਜਾਬ ਵਿਚ ਭਾਰੀ ਨੁਕਸਾਨ ਹੋਇਆ। ਹੁਣ ਇਹ ਡਰ ਵੀ ਭਾਰੂ ਹੈ ਕਿ ਕਸ਼ਮੀਰ ਵਾਂਗ ਪੰਜਾਬ ਨਾਲ ਵੀ ਓਹੋ ਜਿਹਾ ਹੀ ਕੁਝ ਹੋਣ ਵਾਲਾ ਹੈ ਅਤੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਵੀ ਬਣਾਇਆ ਜਾ ਸਕਦਾ ਹੈ। ਪ੍ਰਿੰ. ਸਰਵਣ ਸਿੰਘ ਨੇ ਇਨ੍ਹਾਂ ਵਿਤਕਰਿਆਂ ਅਤੇ ਖਦਸ਼ਿਆਂ ਦਾ ਆਪਣੇ ਇਸ ਲੇਖ ਵਿਚ ਲੇਖਾ-ਜੋਖਾ ਕੀਤਾ ਹੈ। -ਸੰਪਾਦਕ*

ਪੰਜਾਬ ਹੁਣ ਬੇਹੱਦ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹੈ। ਐਤਕੀਂ ਭਾਖੜਾ ਡੈਮ ਮਈ ਤਕ ਹੀ ਭਰ ਗਿਆ ਸੀ। ਜੂਨ-ਜੁਲਾਈ ਦੇ ਦਿਨੀਂ ਇਸ ਨੂੰ ਖਤਰੇ ਦੇ ਨਿਸ਼ਾਨ ਤਕ ਪੁੱਜਣ ਲਈ ਪੂਰਾ ਭਰੀ ਰੱਖਿਆ ਗਿਆ। ਨਹਿਰਾਂ ਤੇ ਦਰਿਆਵਾਂ ਵਿਚ ਹਿਸਾਬ-ਕਿਤਾਬ ਨਾਲ ਪਾਣੀ ਨਾ ਛੱਡਿਆ ਗਿਆ। ਉਦੋਂ ਵਾਧੂ ਪਾਣੀ ਖੇਤਾਂ ਤਕ ਪਹੁੰਚਾਇਆ ਜਾ ਸਕਦਾ ਸੀ, ਜੋ ਫਸਲਾਂ ਪਾਲਦਾ। ਦਰਿਆਵਾਂ ਵਿਚ ਛੱਡੇ ਪਾਣੀ ਦਾ ਕਾਫੀ ਹਿੱਸਾ ਧਰਤੀ ਵਿਚ ਜੀਰਿਆ ਜਾਂਦਾ, ਪਰ ਡੈਮ ਨੂੰ ਕੰਢਿਆਂ ਤੱਕ ਭਰੀ ਗਏ। ਅਗਸਤ ਦੀਆਂ ਬਾਰਸ਼ਾਂ ਵਿਚ ਜਦੋਂ ਪਾਣੀ ਖਤਰੇ ਦੇ ਨਿਸ਼ਾਨ ਤਕ ਪੁੱਜਣ ਲੱਗਾ ਤਾਂ ਅਚਾਨਕ ਫਲੱਡ ਗੇਟ ਖੋਲ੍ਹ ਦਿੱਤੇ ਗਏ, ਜਿਸ ਨਾਲ ਸੈਂਕੜੇ ਪਿੰਡ, ਹਜ਼ਾਰਾਂ ਪਰਿਵਾਰ ਤੇ ਲੱਖਾਂ ਏਕੜ ਫਸਲਾਂ ਡੋਬ ਦਿੱਤੀਆਂ ਗਈਆਂ।



ਮੁਢਲੇ ਅੰਦਾਜ਼ੇ ਅਨੁਸਾਰ ਜਾਨ ਮਾਲ ਦੇ ਨਾਲ 30,000 ਕਰੋੜ ਰੁਪਏ ਦਾ ਮਾਲੀ ਨੁਕਸਾਨ ਹੋਇਆ। ਬਿਮਾਰੀਆਂ ਤੇ ਵਬਾਵਾਂ ਦੇ ਇਲਾਜ

**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਅਤੇ ਮੁੜ ਵਸੇਬੇ ਤਕ ਜੋ ਜਦੋਜਹਿਦ ਕਰਨੀ ਪੈਣੀ ਹੈ, ਉਹਦਾ ਹਿਸਾਬ ਲਾਉਣਾ ਅਜੇ ਬਾਕੀ ਹੈ। ਬਾਰਸ਼ ਪੰਜਾਬ ਵਿਚ ਬਹੁਤੀ ਨਹੀਂ ਪਈ। ਇਹ ਨੁਕਸਾਨ ਭਾਖੜੇ ਦੇ ਫਲੱਡ ਗੇਟ ਖੋਲ੍ਹਣ ਕਰਕੇ ਹੀ ਹੋਇਆ ਹੈ। ਕੇਂਦਰ ਸਰਕਾਰ ਨੇ ਪੰਜਾਬ ਦੀ ਵਿਸ਼ੇਸ਼ ਮਦਦ ਕਰਨ ਲਈ ਅਜੇ ਤਕ ਹਾਮੀ ਨਹੀਂ ਭਰੀ। ਏਡੀ ਵੱਡੀ ਅਣਗਹਿਲੀ ਦੀ ਪੂਰੀ ਪੜਤਾਲ ਹੋਣੀ ਚਾਹੀਦੀ ਹੈ ਕਿ ਪੰਜਾਬ ਦੀ ਤਬਾਹੀ ਦਾ ਕੌਣ ਤੇ ਕਿੰਨਾ ਜਿੰਮੇਵਾਰ ਹੈ?

ਕੇਂਦਰ ਸਰਕਾਰ ਨੇ ਜੇ ਹੁਣ ਵੀ 72 ਸਾਲ ਪੁਰਾਣੀ ਪੰਜਾਬ ਵਿਰੋਧੀ ਨੀਤੀ ਨਾ ਬਦਲੀ ਤਾਂ ਕੁਝ ਵੀ ਹੋ ਸਕਦੈ। ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ। ਉਨ੍ਹਾਂ ਨੇ ਅੰਗਰੇਜ਼ ਹਾਕਮਾਂ ਦੀਆਂ ਗੋਲੀਆਂ ਖਾਧੀਆਂ, ਫਾਂਸੀ ਚੜ੍ਹੇ, ਕਾਲੇ ਪਾਣੀ ਗਏ ਅਤੇ ਜਾਇਦਾਦਾਂ ਕੁਰਕ ਕਰਾਈਆਂ; ਪਰ ਆਜ਼ਾਦੀ ਆਉਣ ਸਮੇਂ ਪੰਜਾਬ ਦਾ ਧੜ ਦੁਫਾੜ ਕਰ ਦਿੱਤਾ ਗਿਆ। ਦਸ ਲੱਖ ਲੋਕ ਨਿਹੱਕੇ ਮਾਰੇ ਗਏ। ਅਣਗਿਣਤ ਔਰਤਾਂ ਦੀ ਪੱਤ ਲੁੱਟੀ ਗਈ। ਕਰੋੜ ਤੋਂ ਵੱਧ ਪੰਜਾਬੀਆਂ ਦਾ ਉਜਾੜਾ ਹੋਇਆ। ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਖਾਤਰ ਪੰਜਾਬੀਆਂ ਨੂੰ ਮਾਣ ਸਨਮਾਨ ਤਾਂ ਕੀ ਦੇਣਾ ਸੀ, ਉਲਟਾ ਕੇਂਦਰੀ ਹਾਕਮਾਂ ਨੇ ਪੰਜਾਬ ਨੂੰ ਹਰੇਕ ਖੇਤਰ ਵਿਚ ਪਿੱਛੇ ਸੁੱਟਿਆ। ਇਸ ਕੁਕਰਮ ਵਿਚ ਖੁਦ ਪੰਜਾਬ ਦੇ ਕਈ ਹਾਕਮ ਵੀ ਕੇਂਦਰ ਸਰਕਾਰਾਂ ਨਾਲ ਰਲਦੇ ਰਹੇ!

ਇਹ ਗੱਲ ਜੱਗ ਜਾਹਰ ਹੈ ਕਿ ਜਦੋਂ ਕਦੇ ਵੀ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਵਧਦੈ, ਲੜਾਈ ਜਾਂ ਜੰਗ ਹੁੰਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੁੰਦੈ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਨੂੰ ਕਿਸੇ ਕੇਂਦਰੀ ਸਰਕਾਰ ਨੇ ਕਦੇ ਕੋਈ ਵਿਸ਼ੇਸ਼ ਆਰਥਕ ਪੈਕੇਜ ਨਹੀਂ ਦਿੱਤਾ। ਕੇਂਦਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਵਿਰੁਧ ਜੇ ਕਦੇ ਬਦਅਮਨੀ ਫੈਲੀ ਤਾਂ ਕੇਂਦਰ ਨੇ ਬਦਅਮਨੀ ਦਬਾਉਣ ਦੇ ਨਾਂ ਉਤੇ ਭੇਜੇ ਗਏ ਸੁਰੱਖਿਆ ਦਲਾਂ ਦਾ ਖਰਚਾ ਵੀ ਪੰਜਾਬ ਸਿਰ ਹੀ ਪਾਇਆ। ਦੇਸ਼ ਦੇ ਕਮਾਊ ਪੁੱਤ ਪੰਜਾਬ ਸਿਰ ਐਵੇਂ ਨਹੀਂ ਤਿੰਨ ਲੱਖ ਕਰੋੜ ਦਾ ਕਰਜਾ ਚੜ੍ਹਿਆ। ਪੰਜਾਬੀਆਂ ਨੇ ਸਰਹੱਦਾਂ ਦੀ ਰਾਖੀ ਲਈ ਹਿੱਕਾਂ ਤਾਣ ਕੇ ਜਾਨਾਂ ਵਾਰੀਆਂ ਤੇ ਭੁੱਖੇ ਮਰਦੇ ਦੇਸ਼ ਦਾ ਢਿੱਡ ਭਰਿਆ। ਇਨਾਮ ਮਿਲਿਆ ਪੰਜਾਬੀਆਂ ਸਿਰ ਕਰਜਾ, ਭੁੱਖ ਨੰਗ ਤੇ ਵਿਦੇਸ਼ਾਂ ਵੱਲ ਦੇਸ਼ ਨਿਕਾਲਾ! ਮਜਬੂਰੀਵੱਸ ਪੰਜਾਬੀ ਹੁਣ ਵਾਹੋਦਾਹੀ ਦੇਸੋਂ ਭੱਜੇ ਜਾ ਰਹੇ ਹਨ। ਹਾਲਾਤ ਅਜਿਹੇ ਬਣਾਏ ਜਾ ਰਹੇ ਹਨ ਕਿ ਉਹ ਮੁੜ ਕੇ ਪੰਜਾਬ ਵੱਲ ਮੂੰਹ ਨਾ ਕਰਨ।

ਕੇਂਦਰ ਸਰਕਾਰਾਂ ਦੀ ਨੀਤੀ ਵੇਖੋ! ਪੰਜਾਬ ਦੀਆਂ ਨਹਿਰਾਂ, ਕੱਸੀਆਂ ਤੇ ਸੂਏ ਭਾਵੇਂ ਦਰਿਆਈ ਪਾਣੀਆਂ ਨੂੰ ਤਰਸਦੇ ਰਹਿਣ, ਧਰਤੀ ਹੇਠਲਾ ਪਾਣੀ ਭਾਵੇਂ ਡੂੰਘੇ ਪਤਾਲ 'ਚ ਚਲਾ ਜਾਵੇ, ਪਰ ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ, ਹਰਿਆਣੇ ਤੇ ਦਿੱਲੀ ਨੂੰ ਦੇਣਾ ਹੀ ਦੇਣਾ ਹੈ। ਕਦੇ ਕਿਸੇ ਨੇ ਕਿਹਾ ਕਿ ਜਮਨਾ ਦਾ ਪਾਣੀ ਦੇਸ਼ ਲਈ ਮਰ ਮਿਟਣ ਵਾਲੇ ਪੰਜਾਬ ਨੂੰ ਵੀ ਦੇ ਦਿੱਤਾ ਜਾਵੇ? ਦੁਨੀਆਂ ਭਰ 'ਚ ਰਿਪੇਰੀਅਨ ਸਿਧਾਂਤ, ਅਧਿਕਾਰ ਤੇ ਕਾਨੂੰਨ ਲਾਗੂ ਹੈ ਕਿ ਕੁਦਰਤੀ ਨਦੀਆਂ ਤੇ ਦਰਿਆ ਉਨ੍ਹਾਂ ਦੇ ਹੁੰਦੇ ਹਨ, ਜਿਨ੍ਹਾਂ ਦੀ ਜ਼ਮੀਨ 'ਤੇ ਉਹ ਵਗਦੇ ਹਨ। ਪੰਜਾਬ ਦੇ ਦਰਿਆਵਾਂ ਨੇ ਪੰਜਾਬੀਆਂ ਦੀ ਜਮੀਨ ਮੱਲੀ ਤੇ ਘੇਰੀ ਹੋਈ ਹੈ, ਜੋ ਅਰਬਾਂ ਖਰਬਾਂ ਦੀ ਹੈ। ਜੋ ਲੋਕ ਦਰਿਆਵਾਂ ਕੰਢੇ ਰਹਿੰਦੇ ਹਨ, ਜੇ ਉਹ ਦਰਿਆਵਾਂ ਦਾ ਸੁਖ ਮਾਣਦੇ ਹਨ ਤਾਂ ਹੜ੍ਹ ਆਉਣ 'ਤੇ ਉਹੀ ਦਰਿਆਵਾਂ ਦਾ ਦੁੱਖ ਵੀ ਜਰਦੇ ਹਨ। ਜਿਨ੍ਹਾਂ ਸੂਬਿਆਂ ਨੇ ਮੁਫਤ 'ਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਿਆ, ਕੀ ਉਨ੍ਹਾਂ ਦੀ ਜਿੰਮੇਵਾਰੀ ਨਹੀਂ ਬਣਦੀ ਕਿ ਔਖੇ ਵੇਲੇ ਪੰਜਾਬ ਦੀ ਮਦਦ ਕਰਨ? ਰਾਜਸਥਾਨ ਵਿਚ ਪੰਜਾਬ ਦੇ ਕਿਸਾਨਾਂ ਨੂੰ ਜਮੀਨ ਖਰੀਦਣ ਦੀ ਮਨਾਹੀ ਹੈ। ਉਹ ਉਥੋਂ ਦੀ ਮਿੱਟੀ ਭਾਵ ਪੱਥਰ ਮਹਿੰਗਾ ਮੁੱਲ ਤਾਰ ਕੇ ਖਰੀਦਦੇ ਹਨ। ਫਿਰ ਪੱਥਰ ਵਾਂਗ ਪੰਜਾਬ ਦੇ ਪਾਣੀ ਦਾ ਮੁੱਲ ਉਹ ਕਿਉਂ ਨਹੀਂ ਤਾਰਦੇ? ਹੈ ਕੋਈ ਨਿਆਂ? ਇਹ ਕਿਹੋ ਜਿਹਾ 'ਰਾਸ਼ਟਰਵਾਦ' ਹੈ?

ਪੰਜਾਬ ਸਿਰ ਚੜ੍ਹਿਆ ਅਰਬਾਂ ਖਰਬਾਂ ਦਾ ਕਰਜਾ ਨਿਰੀਆਂ ਫੈਲਸੂਫੀਆਂ ਦਾ ਨਹੀਂ, 1947 ਤੋਂ ਕੇਂਦਰ ਵੱਲੋਂ ਕੀਤੇ ਜਾ ਰਹੇ ਵਿਤਕਰੇ ਕਾਰਨ ਵੀ ਹੈ। ਇਹ ਵਿਤਕਰਾ ਸ਼ਰੇਆਮ ਦਿਸੀ ਜਾ ਰਿਹੈ। ਬਿਨਾ ਸ਼ੱਕ ਇਸ ਨੂੰ ਪੰਜਾਬ ਦੇ ਕੁਝ ਹਾਕਮਾਂ ਦਾ ਹੁੰਗਾਰਾ ਵੀ ਮਿਲਦਾ ਰਿਹਾ। ਸੂਬਿਆਂ ਵੱਲੋਂ ਸੰਵਿਧਾਨ ਵਿਚ ਦਰਜ ਫੈਡਰਲ ਢਾਂਚੇ ਦੀ ਮੰਗ ਸੰਵਿਧਾਨਕ ਹੈ। ਸੂਬਿਆਂ ਲਈ ਹੋਰ ਹੱਕ ਮੰਗਣੇ ਸੰਵਿਧਾਨਕ ਹਨ, ਜੋ ਦੇਣ ਦੀ ਥਾਂ ਉਲਟਾ ਖੋਹੇ ਜਾ ਰਹੇ ਹਨ। ਪੰਜਾਬ ਵਿਚ ਹੁਣ ਤਕ ਕੋਈ ਵੱਡੀ ਇੰਡਸਟਰੀ ਇਸ ਬਹਾਨੇ ਨਹੀਂ ਦਿੱਤੀ ਗਈ ਕਿ ਇਹ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੈ। ਖਦਸ਼ਾ ਪ੍ਰਗਟਾਇਆ ਜਾਂਦੈ ਕਿ ਇੰਡਸਟਰੀ ਉਜੜ ਸਕਦੀ ਹੈ। ਪੰਜਾਬ ਪਾਸ ਜੋ ਮਾੜੀ ਮੋਟੀ ਇੰਡਸਟਰੀ ਸੀ, ਉਹ ਪੰਜਾਬ ਦੇ ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਤੋਂ ਬਾਹਰ ਤੋਰ ਦਿੱਤੀ ਗਈ ਹੈ।

ਪੰਜਾਬ ਕੋਲ ਆਮਦਨ ਦਾ ਵਸੀਲਾ ਲੈ-ਦੇ ਕੇ ਖੇਤਾਂ ਦੀ ਉਪਜ ਹੀ ਹੈ, ਜੋ ਪਾਣੀ ਉਤੇ ਨਿਰਭਰ ਹੈ। ਦਰਿਆਈ ਪਾਣੀ ਦੀ ਘਾਟ ਕਾਰਨ ਪੰਜਾਬੀਆਂ ਨੂੰ 15 ਲੱਖ ਟਿਊਬਵੈੱਲ ਖੇਤਾਂ ਵਿਚ ਤੇ ਉਦੂੰ ਵੱਧ ਪਿੰਡਾਂ-ਸ਼ਹਿਰਾਂ ਵਿਚ ਲਾਉਣੇ ਪਏ ਹਨ। ਹਰ ਸਾਲ ਟਿਊਬਵੈੱਲ ਡੂੰਘੇ ਤੋਂ ਡੂੰਘੇ ਕਰਦਿਆਂ ਅਰਬਾਂ ਰੁਪਏ ਖਰਚ ਹੋਏ ਹਨ ਤੇ ਸੈਂਕੜੇ ਫੁੱਟ ਡੂੰਘੇ ਪਾਣੀ ਖਿੱਚਣ ਲਈ ਮੋਟਰਾਂ ਦੀ ਹਾਰਸ ਪਾਵਰ ਵਧਾ ਕੇ ਅਰਬਾਂ ਖਰਬਾਂ ਦੀ ਬਿਜਲੀ ਫੂਕਣੀ ਪਈ ਹੈ। ਪੰਜਾਬ ਦਿਨੋ ਦਿਨ ਮਾਰੂਥਲ ਹੋਣ ਵੱਲ ਵਧ ਰਿਹੈ। ਬੇਰੁਜ਼ਗਾਰ ਜੁਆਨੀ ਵਿਦੇਸ਼ਾਂ ਨੂੰ ਉਡੀ ਜਾ ਰਹੀ ਹੈ ਤੇ ਜੋ ਉਡ ਨਹੀਂ ਸਕਦੇ, ਉਹ ਨਸ਼ੇ-ਪੱਤੇ 'ਚ ਉਡ ਕੇ ਮਰੀ ਖਪੀ ਜਾ ਰਹੇ ਹਨ। ਪੰਜਾਬ ਦੀ ਸਥਿਤੀ ਹੁਣ ਉਹੋ ਜਿਹੀ ਬਣੀ ਹੋਈ ਹੈ, ਅਖੇ ਜਦੋਂ ਰੋਮ ਸੜ ਰਿਹਾ ਸੀ ਤਾਂ ਉਹਦਾ ਹਾਕਮ ਨੀਰੋ ਬੰਸਰੀ ਵਜਾ ਰਿਹਾ ਸੀ। ਸਾਡੇ ਹਾਕਮ ਵੀ ਨੀਰੋ ਬਣੇ ਹੋਏ ਹਨ।

ਪੰਜਾਬ ਦੇ ਪਿੰਡ ਕਪੂਰੀ ਦੀ ਜੂਹ ਵਿਚ ਐਸ. ਵਾਈ. ਐਲ. ਨਹਿਰ ਦਾ ਜੋ ਟੱਕ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਲਾਇਆ ਸੀ, ਉਹ ਪੰਜਾਬ ਦੀ ਸ਼ਾਹਰਗ ਉਤੇ ਟੱਕ ਸਾਬਤ ਹੋਇਆ ਸੀ। ਉਸ ਨਾਲ ਕਈ ਵਰ੍ਹੇ ਪੰਜਾਬੀਆਂ ਦਾ ਖੂਨ ਵਹਿੰਦਾ ਰਿਹਾ। ਹੁਣ ਫਿਰ ਪੰਜਾਬ ਦੀ ਧੌਣ ਉਤੇ ਐਸ. ਵਾਈ. ਐਲ. ਦੀ ਤਲਵਾਰ ਤਣੀ ਹੋਈ ਹੈ। ਵੇਖਦੇ ਹਾਂ ਭਾਜਪਾ ਦਾ ਪ੍ਰਧਾਨ ਮੰਤਰੀ ਕੀ ਕਰਦੈ? ਬਾਦਲ ਤੇ ਕੈਪਟਨ ਲਾਣਾ ਉਸ ਤੋਂ ਕੀ ਕਰਵਾਉਂਦੈ?

ਇਕ ਪਾਸੇ ਤਾਂ ਆਪਣੇ ਹੀ ਦਰਿਆਈ ਪਾਣੀ ਬਿਨਾ ਪੰਜਾਬ ਦੀਆਂ ਫਸਲਾਂ ਤਿਹਾਈਆਂ ਮਰ ਰਹੀਆਂ ਹਨ। ਦੂਜੇ ਪਾਸੇ ਦੂਸਰੇ ਸੂਬਿਆਂ ਦੀਆਂ ਫਸਲਾਂ ਸਾਰਾ ਸਾਲ ਪਾਲਣ ਤੇ ਸਾਰਾ ਸਾਲ ਬਿਜਲੀ ਦੀਆਂ ਸਹੂਲਤਾਂ ਦੇਣ ਲਈ ਭਾਖੜਾ ਬੰਨ੍ਹ ਕੰਢਿਆਂ ਤਕ ਭਰੀ ਰੱਖਣ ਅਤੇ ਜਦੋਂ ਪਾਣੀ ਉਤੋਂ ਦੀ ਹੋ ਜਾਵੇ ਤਾਂ ਫਲੱਡ ਗੇਟ ਖੋਲ੍ਹ ਕੇ ਪੰਜਾਬ ਨੂੰ ਡੋਬਣ ਦੀ ਨੀਤੀ ਜਾਰੀ ਹੈ। ਜੇ ਜੂਨ-ਜੁਲਾਈ ਵਿਚ ਬਾਰਸ਼ਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਜਾਬ ਦੇ ਦਰਿਆਵਾਂ ਵਿਚ ਹਿਸਾਬ-ਕਿਤਾਬ ਦਾ ਪਾਣੀ ਛੱਡਿਆ ਜਾਂਦਾ ਰਹਿੰਦਾ ਤਾਂ ਉਸ ਪਾਣੀ ਦਾ ਕਾਫੀ ਹਿੱਸਾ ਪੰਜਾਬ ਦੀ ਧਰਤੀ ਵਿਚ ਹੀ ਸਮਾ ਜਾਣਾ ਸੀ, ਜੋ ਬਾਅਦ ਵਿਚ ਕੰਮ ਆਉਂਦਾ। ਫਿਰ ਨਾ ਹੜ੍ਹ ਆਉਂਦਾ, ਨਾ ਲੋਕਾਂ 'ਤੇ ਆਫਤ ਆਉਂਦੀ। ਪੰਜਾਬ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਕੀ ਕੇਂਦਰ ਅਤੇ ਜੋ ਸੂਬੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਲਾਭ ਲੈ ਰਹੇ ਹਨ, ਉਹ ਇਸ ਨੁਕਸਾਨ ਦੀ ਪੂਰਤੀ ਕਰਨਗੇ?

ਆਉਂਦੇ ਦਿਨਾਂ ਵਿਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਜਿਵੇਂ ਕਿ ਚੋਣਾਂ ਮੌਕੇ ਅਕਸਰ ਹੁੰਦਾ ਆਇਐ, ਐਸ. ਵਾਈ. ਐਲ. ਦਾ ਮੁੱਦਾ ਮੁੜ ਭਖ ਪਿਆ ਹੈ। ਪੰਜਾਬ ਪਹਿਲਾਂ ਹੀ ਸੋਕੇ/ਡੋਬੇ ਦਾ ਮਾਰਿਆ ਪਿਆ ਹੈ। ਪੌਣੀ ਸਦੀ ਪਹਿਲਾਂ ਦਾ ਨਹੀਂ, 2018-19 ਵਿਚ ਵਗਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਮਾਪੇ ਮਿਣੇ ਬਿਨਾ ਜੇ ਫੈਸਲਾ ਹਰਿਆਣੇ ਨੂੰ ਹੋਰ ਪਾਣੀ ਦੇਣ ਦਾ ਆ ਗਿਆ ਤਾਂ ਸਿਆਪੇ ਪੈਣਗੇ ਹੀ ਪੈਣਗੇ। ਹਾਲੇ ਤਾਂ ਭਗਤ ਰਵਿਦਾਸ ਜੀ ਦੇ ਮੰਦਿਰ ਨੂੰ ਢੁਹਾਉਣ ਦਾ ਮਸਲਾ ਹੀ ਹੱਲ ਨਹੀਂ ਹੋ ਰਿਹਾ।

ਕਦੇ ਇਹ ਗੱਲ ਕਿਸੇ ਦੇ ਖਾਬ ਖਿਆਲ ਵਿਚ ਵੀ ਨਹੀਂ ਸੀ। ਹੁਣ ਦੇ ਹਾਲਾਤ ਸੰਭਾਵਨਾ ਬਣਾ ਰਹੇ ਹਨ ਕਿ ਸਾਰੇ ਪੰਜਾਬ ਨੂੰ ਹੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਾਂਗ ਯੂਨੀਅਨ ਟੈਰੇਟਰੀ ਬਣਾ ਕੇ ਪੰਜਾਬ ਰਾਜ ਦਾ ਦਰਜਾ ਖਤਮ ਕਰ ਦਿੱਤਾ ਜਾਵੇ। ਜੰਮੂ ਕਸ਼ਮੀਰ ਤੋਂ ਸ਼ੁਭ ਆਰੰਭ ਹੋ ਚੁਕੈ। ਮਾਝੇ, ਮਾਲਵੇ ਤੇ ਦੁਆਬੇ ਦੀਆਂ ਯੂਨੀਅਨ ਟੈਰੇਟਰੀਆਂ ਬਣਾ ਕੇ ਉਪ ਰਾਜਪਾਲ ਲਾਏ ਜਾਣ ਦੀਆਂ ਸੰਭਾਵਨਾਵਾਂ ਬਣਦੀਆਂ ਜਾਪਦੀਆਂ ਹਨ। ਲੋੜ ਪੈਣ 'ਤੇ ਉਨ੍ਹਾਂ ਨੂੰ ਇਕ ਦੂਜੇ ਨਾਲ ਉਲਝਾਇਆ ਜਾ ਸਕਦੈ। ਐਸ. ਵਾਈ. ਐਲ. ਨਹਿਰ ਉਂਜ ਤਾਂ ਬਣਨੀ ਨਹੀਂ, ਫੌਜ ਲਾ ਕੇ ਬਣਾਉਣੀ ਪਵੇਗੀ। ਬਦਅਮਨੀ ਫੈਲਣ ਉਤੇ ਹੋਰ ਫੌਜ ਲਾ ਕੇ ਪੰਜਾਬ ਰਾਜ ਦਾ ਦਰਜਾ ਖਤਮ ਕਰਨ ਦਾ ਫਿਰ ਸੁਨਹਿਰੀ ਮੌਕਾ ਹੋਵੇਗਾ। ਅਖੰਡ ਭਾਰਤ ਦਾ ਆਰ. ਐਸ. ਐਸ. ਦਾ ਸੁਹਾਗਾ ਫਿਰਨਾ ਸ਼ੁਰੂ ਹੋ ਗਿਆ ਹੈ। ਵੇਖਦੇ ਹਾਂ ਪੰਜਾਬ ਹੋਰ ਕਦੋਂ ਤਕ ਸੁੱਖ ਮਨਾਉਂਦੈ?

---

# ਆਹ ਲੈ ਭਾਬੋ ਸਾਂਭ ਕੁੰਜੀਆਂ...

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਜਦੋਂ ਦਾ ਮੈਂ ਆਪਣੀ ਉਮਰ ਦੇ 86ਵੇਂ ਵਰ੍ਹੇ ਵਿਚ ਪੈਰ ਧਰਿਆ ਹੈ, ਮੇਰੇ ਦਿਮਾਗ ਵਿਚ ਮੀਰ ਤਕੀ ਮੀਰ ਦਾ ਇਕ ਸ਼ਿਅਰ ਤੇ ਪੰਜਾਬੀ ਦਾ ਇਕ ਟੱਪਾ ਵਾਰ ਵਾਰ ਚੱਕਰ ਲਾ ਰਹੇ ਹਨ। ਕਦੀ ਮੈਂ ਪਹਿਲਾ ਗੁਣਗੁਣਾਉਣ ਲਗਦਾ ਹਾਂ ਤੇ ਕਦੀ ਦੂਜਾ। ਦੋਵੇਂ ਇਹ ਹਨ:

1. ਅਹਿਦ-ਏ-ਜਵਾਨੀ ਰੋ ਰੋ ਕਾਟਾ
ਪੀਰੀ ਮੇਂ ਲੀ ਆਂਖੇਂ ਮੂੰਦ।
ਯਾਨਿ ਰਾਤ ਬਹੁਤ ਥੇ ਜਾਗੇ
ਸੁਬਹ ਹੁਈ ਆਰਾਮ ਕੀਆ।
2. ਆਹ ਲੈ ਭਾਬੋ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ।

ਮੀਰ ਦੇ ਸ਼ਿਅਰ ਵਿਚ ਜਵਾਨੀ ਦੇ ਕਾਲ ਨੂੰ ਮੁਸ਼ਕਿਲਾਂ ਤੇ ਮਸਲਿਆਂ ਨਾਲ ਭਰਿਆ ਮੰਨਿਆ ਗਿਆ ਹੈ ਤੇ ਬੁਢਾਪੇ ਵਿਚ ਆਈ ਮੌਤ ਨੂੰ ਸਵੇਰ ਦਾ ਚਾਨਣ। ਭਾਵ ਇਹ ਕਿ ਹਰ ਪ੍ਰਾਣੀ ਤੇ ਜੀਵ ਜਿਉਂਦੇ ਜੀਅ ਤਾਂ ਜੀਵਨ ਦੇ ਝਮੇਲਿਆਂ ਤੇ ਸਿੜੀ ਸਿਆਪਿਆਂ ਵਿਚ ਘਿਰਿਆ ਰਹਿੰਦਾ ਹੈ, ਪਰ ਮੌਤ ਆਉਣ 'ਤੇ ਸਦਾ ਦੀ ਨੀਂਦੇ ਸੌਂ ਜਾਂਦਾ ਹੈ, ਜਿਸ ਨੂੰ ਮੀਰ ਨਵੀਂ ਸਵੇਰ ਦੀ ਆਮਦ ਕਹਿੰਦਾ ਹੈ।

ਪੰਜਾਬੀ ਵਾਲੇ ਟੱਪੇ ਦੀ ਥਾਹ ਪਾਈਏ ਤਾਂ ਇਸ ਦੇ ਅਰਥ ਵੀ ਡੂੰਘੇ ਹਨ। ਪਹਿਲੀ ਨਜ਼ਰੇ ਤਾਂ ਏਦਾਂ ਜਾਪਦਾ ਹੈ, ਜਿਵੇਂ ਵੀਰ ਦੇ ਵਿਆਹੇ ਜਾਣ ਪਿੱਛੋਂ ਘਰ ਵਿਚ ਸਾਰੀਆਂ ਦੀ ਪੁੱਛ ਪ੍ਰਤੀਤ ਖਤਮ ਹੋ ਜਾਂਦੀ ਹੈ ਤੇ ਸਰਦਾਰੀ ਵੀ ਜਾਂਦੀ ਲਗਦੀ ਹੈ; ਪਰ ਅਸਲੀ ਮਤਲਬ ਏਨਾ ਸਰਲ ਤੇ ਸੌਖਾ ਨਹੀਂ।

ਸਰਦਾਰੀ ਕਰਦੇ ਸਮੇਂ ਘਰ ਦੀ ਜ਼ਿੰਮੇਵਾਰੀ ਤੇ ਮਾਪਿਆਂ ਦੀ ਦੇਖ-ਭਾਲ ਵੀ ਧੀਆਂ ਹੀ ਕਰਦੀਆਂ ਹਨ, ਜਿਸ ਲਈ ਮੀਰ ਰੋ ਰੋ ਕੱਟੇ ਸਮੇਂ ਦਾ ਚਿੰਨ ਵਰਤਦਾ ਹੈ। ਭਰਜਾਈ ਦੀ ਆਮਦ ਪਿੱਛੋਂ ਘਰ ਦੀਆਂ ਖੁਸ਼ੀਆਂ, ਗਮੀਆਂ ਦੀ ਜ਼ਿੰਮੇਵਾਰੀ ਭਾਬੋ ਜਾਣੇ ਜਾਂ ਉਸ ਦਾ ਕੰਮ। ਸਰਦਾਰੀ ਵਿਚ ਸਵੇਰ ਸਾਰ ਦੁਧ ਰਿੜਕਣ ਤੋਂ ਲੈ ਕੇ ਦਿਨ ਭਰ ਦਾ ਝਾੜੂ ਪੋਚਾ ਤੇ ਚੌਂਕਾ ਚੁੱਲ੍ਹਾ ਹੀ



ਚਿੱਤਰਕਾਰ ਜਰਨੈਲ ਸਿੰਘ ਦਾ ਬਣਾਇਆ ਇੱਕ ਚਿੱਤਰ

ਨਹੀਂ, ਘਰ ਆਏ ਪ੍ਰਾਹੁਣੇ ਦੀ ਖਾਤਰ ਤਵੱਜੋ ਵੀ ਸ਼ਾਮਲ ਹੈ। ਘਰ ਦੇ ਡੰਗਰਾਂ ਤੇ ਹੋਰ ਪਸ਼ੂਆਂ ਦੀ ਸਾਂਭ ਸੰਭਾਲ ਤੇ ਹਲ ਵਾਹੁੰਦੇ ਜਾਂ ਵਾਢੀ ਕਰਦੇ ਚਾਚੇ-ਤਾਇਆਂ ਤੇ ਪਿਤਾ ਪੁਰਖਿਆਂ ਲਈ ਰੋਟੀ ਭੱਤਾ ਪਹੁੰਚਾਉਣਾ, ਦੁੱਧ ਘਿਓ, ਦਾਣਾ ਫੱਕਾ ਤੇ ਘਰ ਵਿਚਲੀ ਹਰ ਚੀਜ਼ ਵਸਤਰ ਕਿਵੇਂ ਸੰਭਾਲਣੀ ਹੈ, ਸਭ ਕਾਸੇ ਦੀ ਜ਼ਿੰਮੇਵਾਰ ਭਾਬੀ ਦੀ ਹੋ ਜਾਂਦੀ ਹੈ, ਜਿਸ ਨੂੰ ਲੋਕ ਬੋਲੀ ਵਿਚ ਭਾਬੋ ਕਿਹਾ ਗਿਆ ਹੈ।

ਇਹ ਸਭ ਕੁਝ ਸੋਚਦਿਆਂ ਮੇਰੇ ਮਨ ਵਿਚ ਖਿਆਲ ਆਉਂਦਾ ਹੈ ਕਿ ਮੀਰ ਦੇ ਸ਼ਿਅਰ ਤੇ ਪੰਜਾਬੀ ਦੇ ਟੱਪੇ ਦੇ ਅਰਥ ਕਿੰਨੇ ਵਿਸ਼ਾਲ ਹਨ। ਇਹ ਵੀ ਕਿ ਵਾਰਤਕਕਾਰੀ ਵਿਚ ਆਪਣੇ ਆਪ ਨੂੰ ਨਾਢੂ ਖਾਂ ਸਮਝਣ ਵਾਲਾ ਮੇਰਾ ਆਪਾ ਕਵੀਆਂ ਨਾਲੋਂ ਕਿੰਨਾ ਛੋਟਾ ਹੈ।

ਉਪਰੋਕਤ ਵਿਆਖਿਆ ਵਿਚ ਵੀ ਮੈਂ ਮੀਰ ਦੇ ਵੀਰ ਸ਼ਬਦ ਦਾ ਕੀ, ਲੋਕ ਟੱਪੇ ਦੇ ਨੌਂ ਸ਼ਬਦਾਂ ਦੇ ਪੂਰੇ ਅਰਥ ਨਹੀਂ ਸਮਝਾ ਸਕਿਆ। ਮੈਨੂੰ ਚਾਹੀਦਾ ਹੈ ਕਿ ਮੈਂ ਜੀਵਨ ਦੀਆਂ ਕੁੰਜੀਆਂ ਨਵੀਂ ਪੀੜ੍ਹੀ ਦੇ ਹੱਥ ਫੜਾਵਾਂ ਤੇ ਆਪ ਯਾਦਾਂ ਦੀ ਨੀਂਦੇ ਸੌਂ ਜਾਵਾਂ। ਪਰ ਮੇਰਾ ਜ਼ਿੱਦੀ ਮਨ ਮੈਨੂੰ ਭਗੌੜਾ ਹੋਣ ਦੀ ਇਜਾਜ਼ਤ ਨਹੀਂ ਦਿੰਦਾ ਤੇ ਅੰਦਰੋਂ ਬੋਲ ਪੈਂਦਾ ਹੈ ਕਿ ਗੋਲੀ ਮਾਰ ਮੌਤ ਨੂੰ ਤੇ ਮੌਤ ਦੇ ਫਰਿਸ਼ਤੇ ਨੂੰ, ਤੂੰ ਮਸਤ ਚਾਲੇ ਚਲਿਆ ਜਾ। ਇਹ ਵੀ ਕਿ ਮੌਤ ਨੇ ਤਾਂ ਆਉਣਾ ਹੀ ਹੈ ਤੇ ਮੀਰ ਤਕੀ ਮੀਰ ਦੀ ਸਵੇਰ ਵੀ ਕਿਸੇ ਨੇ ਨਹੀਂ ਦੇਖੀ। ਉਹ ਧੀਆਂ ਹੋਰ ਵੀ ਸਿਆਣੀਆਂ ਹਨ, ਜੋ ਘਰ ਦੀਆਂ ਕੁੰਜੀਆਂ ਆਪਣੇ ਹੱਥੀਂ ਭਾਬੋ ਨੂੰ ਸੌਂਪ ਕੇ ਆਪਣਾ ਜੀਵਨ ਨਵੇਂ ਸਿਰਿਓਂ ਵਿੱਢ ਲੈਂਦੀਆਂ ਹਨ।

**ਚਾਚਾ ਚੰਡੀਗੜ੍ਹੀਆ ਜ਼ਿੰਦਾਬਾਦ:** ਗੁਰਨਾਮ ਸਿੰਘ ਤੀਰ ਕਾਲਮਨਵੀਸ ਸੀ ਅਤੇ ਚਾਚਾ ਚੰਡੀਗੜ੍ਹੀਆ ਵਜੋਂ ਜਾਣਿਆਂ ਜਾਂਦਾ ਸੀ।



ਬੱਬੂ ਤੀਰ

ਉਸ ਦੀ ਧੀ ਹਰਮੋਹਨ ਕੌਰ ਵੀ ਬੱਬੂ ਤੀਰ ਨਾਂ ਥੱਲੇ ਕਾਲਮ ਲਿਖਦੀ ਹੈ। ਆਪਣੇ ਪਿਤਾ ਨਾਲੋਂ ਥੋੜ੍ਹਾ ਸੰਜੀਦਾ। ਉਸ ਦੀ ਸੰਜੀਦਗੀ ਦੀ ਕਦਰ ਪਾਉਂਦਿਆਂ ਉਸ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਚੰਡੀਗੜ੍ਹ ਵਿਚ ਉਹ ਮੇਰੀ ਗਵਾਂਢਣ ਹੈ ਤੇ ਗੁਰਮੋਹਨ ਸਿੰਘ ਸੰਧੂ ਦੀ ਜੀਵਨ ਸਾਥਣ ਹੋਣ ਦੇ ਨਾਤੇ ਆਪਣੇ ਨਾਂ ਨਾਲ ਸੰਧੂ ਲਿਖਦੀ ਹੈ। ਗਵਾਂਢ ਤੇ ਗੋਤ ਦੀ ਸਾਂਝ ਤਾਂ ਕੇਵਲ ਤਿੰਨ ਦਹਾਕੇ ਤੋਂ ਹੈ, ਪਰ ਤੀਰ ਦੀ ਬੇਟੀ ਹੋਣ ਕਾਰਨ ਮੈਨੂੰ ਤੇ ਮੇਰੀ ਪਤਨੀ ਨੂੰ ਮਾਪਿਆਂ ਵਾਲਾ ਮਾਣ ਦਿੰਦੀ ਹੈ। ਉਸ ਦੀ ਨਵੀਂ ਨਿਯੁਕਤੀ ਨੇ ਮੈਨੂੰ ਤੀਰ ਸਾਹਿਬ ਦੀ ਯਾਦ ਦਿਵਾ ਦਿੱਤੀ ਹੈ। ਉਹ ਪੰਜ ਦਹਾਕੇ ਪਹਿਲਾਂ ਸਵੇਰੇ ਸਵੇਰੇ ਨਵੀਂ ਦਿੱਲੀ ਦੇ ਇੰਡੀਆ ਗੇਟ ਦੀ ਹਰੀ ਘਾਹ 'ਤੇ ਨੰਗੇ ਪੈਰ ਸੈਰ ਕਰਦੇ ਸਨ ਤਾਂ ਮੈਂ ਆਪਣੀ ਪੰਡਾਰਾ ਰੋਡ ਵਾਲੀ ਰਿਹਾਇਸ਼ ਤੋਂ ਉਨ੍ਹਾਂ ਨਾਲ ਜਾ ਰਲਦਾ ਸਾਂ। ਉਨ੍ਹਾਂ ਦੀਆਂ ਚੋਂਦੀਆਂ ਚੋਂਦੀਆਂ ਗੱਲਾਂ ਮੇਰਾ ਦਿਨ ਭਰ ਦਾ ਸਫਰ ਸਹਿਜ, ਸੌਖਾ ਤੇ ਮਾਣਨਯੋਗ ਕਰ ਦਿੰਦੀਆਂ ਸਨ। ਗੁਰਨਾਮ ਸਿੰਘ ਤੀਰ ਦੀ ਬੇਟੀ ਨੂੰ ਉਚੀ ਪਦਵੀ ਮੁਬਾਰਕ!

**ਅੰਤਿਕਾ: ਅਮਰੀਕ ਡੋਗਰਾ ਦੀ 'ਗੁਲਾਬੀਨ' ਵਿਚੋਂ**

ਉਨ੍ਹਾਂ ਦੇ ਆਉਣ 'ਤੇ ਵਿਹੜੇ 'ਚ
ਚਾਨਣ ਫੈਲ ਜਾਂਦਾ ਹੈ,
ਮੈਂ ਐਵੇਂ ਦੀਵਿਆਂ ਨੂੰ ਹੁਣ
ਜਗਾਉਂਦਾ ਹਾਂ, ਬੁਝਾਉਂਦਾ ਹਾਂ।
ਉਨ੍ਹਾਂ ਦੀ ਯਾਦ ਜਦ ਆਈ
ਡਕਾਰੂੰ ਹੋ ਗਏ ਮਿੱਠੇ
ਪਤਾਸੇ ਨਿੰਮ ਨੂੰ ਲੱਗੇ
ਚਲੇ ਆਉ ਦਿਖਾਉਂਦਾ ਹਾਂ।

# ਗੁਰਬਾਣੀ ਵਿਚ 'ਦੇਵ' ਅਤੇ 'ਦੇਉ' ਸ਼ਬਦ ਦੀ ਬਹੁ-ਭਾਂਤੀ ਵਰਤੋਂ

ਗੁਰੂ ਗ੍ਰੰਥ ਸਾਹਿਬ ਵਿਚ 'ਦੇਵ' ਸ਼ਬਦ ਦੀ ਵਰਤੋਂ ਕਰੀਬ ਸੌ ਵਾਰੀ ਅਤੇ 'ਦੇਉ' ਸ਼ਬਦ ਦੀ ਵਰਤੋਂ ਕਰੀਬ 56 ਵਾਰੀ ਕੀਤੀ ਗਈ ਹੈ। ਸਮੁੱਚੀ ਗੁਰਬਾਣੀ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਦੇ ਢੰਗ ਤਰੀਕੇ ਜਾਂ ਅਰਥਾਂ ਨੂੰ ਸਮਝਣ ਤੋਂ ਬਿਨਾ ਇਨ੍ਹਾਂ ਬਾਰੇ ਟਪਲੇ ਲੱਗਣੇ ਸੁਭਾਵਕ ਹਨ। ਭਗਤ ਨਾਮਦੇਵ ਅਤੇ ਨਾਮਦੇਉ ਦੋ ਵੱਖਰੇ ਸ਼ਬਦ ਹਨ, ਜੋ 35 ਬਾਣੀ ਕਾਰਾਂ ਵਿਚੋਂ ਇੱਕ ਦਾ ਨਾਂ ਪ੍ਰਗਟ ਕਰਦੇ ਹਨ। ਭਗਤ ਜੈ ਦੇਵ ਜਾਂ ਜੈ ਦੇਉ ਵੀ ਇੱਕ ਬਾਣੀਕਾਰ ਦਾ ਨਾਂ ਹੈ। ਸਮੁੱਚੀ ਬਾਣੀ ਵਿਚ 'ਦੇਵ' ਅਤੇ ਦੇਉ' ਸ਼ਬਦਾਂ ਦੇ ਅਧਿਐਨ ਤੋਂ ਪਤਾ ਲੱਗਦਾ

**ਕਸ਼ਮੀਰਾ ਸਿੰਘ (ਪ੍ਰੋ.)**
**ਫੋਨ: 801-414-0171**

ਹੈ ਕਿ ਦੋ ਭਗਤਾਂ ਦੇ ਨਾਂਵਾਂ ਤੋਂ ਬਿਨਾ ਹੋਰ ਕਿਸੇ ਬਾਣੀਕਾਰ ਦੇ ਨਾਂ ਦਾ ਹਿੱਸਾ ਇਹ 'ਦੇਵ' ਜਾਂ 'ਦੇਉ' ਸ਼ਬਦ ਨਹੀਂ ਹਨ। ਆਓ, ਪਹਿਲਾਂ 'ਦੇਵ' ਸ਼ਬਦ ਦੀ ਕੀਤੀ ਵਰਤੋਂ ਦੇ ਕੁਝ ਕੁ ਪ੍ਰਮਾਣ ਲੈਂਦੇ ਹਾਂ,

(ੳ) ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 137)

ਦੈਆਲ ਦੇਵ- ਪ੍ਰਭੂ ਵਾਸਤੇ ਦੇਵ (ਪ੍ਰਕਾਸ਼ ਰੂਪ) ਸ਼ਬਦ: ਦੈਆਲ ਦੇਵ ਕਿਸੇ ਦਾ ਨਾਂ ਨਹੀਂ ਹੈ। ਪ੍ਰਭੂ ਦਇਆਲ ਹੈ ਅਤੇ ਪ੍ਰਕਾਸ਼-ਰੂਪ ਹੈ।

(ਅ) ਆਦਿ ਪੁਰਖੁ ਅਪਰੰਪਰ ਦੇਵ॥
(ਪੰਨਾ 187)

ਦੇਵ=ਪ੍ਰਕਾਸ਼ ਰੂਪ ਪ੍ਰਭੂ।

(ੲ) ਮੋਕਉ ਸਤਿਗੁਰ ਭਏ ਦਇਆਲ ਦੇਵ॥ (ਪੰਨਾ 209)

ਦੇਵ- ਸੰਬੋਧਨ ਕਾਰਕ, ਹੇ ਪ੍ਰਕਾਸ਼ ਰੂਪ ਪ੍ਰਭੂ!

(ਸ) ਕਾਮ ਕ੍ਰੋਧ ਅਹੰਕਾਰ ਬਿਨਸੈ ਮਿਲੈ ਸਤਿਗੁਰ ਦੇਵ॥ (ਪੰਨਾ 405)

ਸਤਿਗੁਰ ਦੇਵ=ਗੁਰੂ-ਦੇਵ, ਪ੍ਰਕਾਸ਼-ਰੂਪ ਗੁਰੂ।

(ਹ) ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥

ਅਬਿਚਲ ਨਗਰੀ ਨਾਨਕ ਦੇਵ ॥

ਦੇਵ- {ਸੰਬੰਧ ਕਾਰਕ}, ਦੇਵ ਦੀ, ਪ੍ਰਕਾਸ਼ ਰੂਪ ਪ੍ਰਭੂ ਦੀ ਅਬਿਚਲ ਨਗਰੀ।

**ਅਰਥ:** ਹੇ ਨਾਨਕ! (ਆਖ ਹੇ ਭਾਈ!) ਪੂਰਾ ਗੁਰੂ ਜਿਸ ਮਨੁੱਖ ਨੂੰ ਪ੍ਰਭੂ ਦੀ ਸੇਵਾ-ਭਗਤੀ ਦੀ ਦਾਤ ਬਖ਼ਸ਼ਦਾ ਹੈ, ਉਹ ਇਸ (ਐਸੇ ਹਿਰਦੇ) ਘਰ ਵਿਚ ਵੱਸਦਾ ਰਹਿੰਦਾ ਹੈ, ਜੋ ਪਰਮਾਤਮਾ ਦੇ ਰਹਿਣ ਵਾਸਤੇ (ਵਿਕਾਰਾਂ ਵਿਚ) ਕਦੇ ਨਾ ਡੋਲਣ ਵਾਲੀ ਨਗਰੀ ਬਣ ਜਾਂਦਾ ਹੈ।

**ਨੋਟ:** ਨਾਨਕ ਦੇਵ ਪਹਿਲੇ ਗੁਰੂ ਜੀ ਦਾ ਨਾਂ ਨਹੀਂ ਹੈ। 'ਨਾਨਕ' ਸ਼ਬਦ ਸੰਬੋਧਨ ਕਾਰਕ ਵਿਚ ਹੈ- ਹੇ ਨਾਨਕ! ਸ਼ਬਦ-ਜੋੜ ਨਾਨਕੁ ਦੇਵੁ ਨਹੀਂ ਹਨ, ਜੋ ਨਾਂ ਬਣ ਸਕੇ ਪਰ ਪ੍ਰਕਰਣ ਅਨੁਸਾਰ ਇਹ ਸ਼ਬਦ ਜੋੜ ਹੋ ਵੀ ਨਹੀਂ ਸਕਦੇ।

(ਕ) ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ॥ (ਪੰਨਾ 519)

ਸਤਿਗੁਰ ਦੇਵ=ਗੁਰੂ-ਦੇਵ ਨੂੰ, ਪ੍ਰਕਾਸ਼-ਰੂਪ ਗੁਰੂ ਨੂੰ। ਸਤਿਗੁਰ ਦੇਵ ਸ਼ਬਦ ਸੰਪਰਦਾਨ ਕਾਰਕ ਵਿਚ ਹਨ।

(ਖ) ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ॥ (ਪੰਨਾ 522)

ਗੁਰ ਸਮਰਥ ਦੇਵ {ਦੇਵ-ਸੰਬੰਧ ਕਾਰਕ}=ਸਮਰਥ ਗੁਰਦੇਵ ਦੀ। ਇਵੇਂ ਹੀ 'ਗੁਰ ਨਾਨਕ ਦੇਵ' ਵਾਕ-ਅੰਸ਼ ਹੋਵੇ ਤਾਂ ਅਰਥ ਬਣੇਗਾ- ਨਾਨਕ ਗੁਰਦੇਵ (ਗੁਰੂ)।

(ਗ) ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ ॥ (ਪੰਨਾ 1122)

**ਅਰਥ:** ਹੇ ਨਾਨਕ! ਜੋ ਮਨੁੱਖ ਚਾਨਣ-ਰੂਪ ਬੇਅੰਤ ਪ੍ਰਭੂ ਦੀ ਸਰਨ ਵਿਚ ਆ ਜਾਂਦਾ ਹੈ, ਜਮਦੂਤ ਮੁੜ ਉਸ ਨਾਲ ਕੋਈ ਝਗੜਾ ਨਹੀਂ ਪਾਉਂਦਾ।

**ਨੋਟ:** 'ਦੇਵ' ਸ਼ਬਦ ਨੂੰ 'ਨਾਨਕ' ਸ਼ਬਦ ਨਾਲ ਜੋੜ ਕੇ ਨਾਨਕ ਦੇਵ ਨਾਂ ਨਹੀਂ ਬਣਾਇਆ ਜਾ ਸਕਦਾ। 'ਦੇਵ' ਅਤੇ 'ਅਪਾਰ' ਸ਼ਬਦ ਸਬੰਧ ਕਾਰਕ ਵਿਚ ਹਨ। ਅਰਥ ਬਣਨਗੇ- ਪ੍ਰਕਾਸ਼ ਰੂਪ ਅਪਾਰ ਪ੍ਰਭੂ ਦੀ। 'ਨਾਨਕ' ਸ਼ਬਦ ਸੰਬੋਧਨ ਕਾਰਕ ਵਿਚ ਹੈ।

(ਘ) ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ ॥ (ਪੰਨਾ 1153)

**ਅਰਥ:** ਹੇ ਨਾਨਕ! ਬੇਅੰਤ ਪ੍ਰਭੂ-ਦੇਵ (ਪ੍ਰਕਾਸ਼ ਰੂਪ ਪ੍ਰਭੂ) ਦੀ ਸੇਵਾ-ਭਗਤੀ ਹੀ ਤੀਰਥ-ਯਾਤਰਾ ਹੈ, ਭਗਤੀ ਹੀ ਛੇ ਸ਼ਾਸਤਰਾਂ ਦੀ ਵਿਚਾਰ ਹੈ, ਭਗਤੀ ਹੀ ਦੇਵ-ਪੂਜਾ ਹੈ, ਭਗਤੀ ਹੀ ਦੇਸ-ਰਟਨ ਤੇ ਤੀਰਥ-ਯਾਤਰਾ ਹੈ। ਸਾਰੇ ਫਲ ਸਾਰੇ ਪੁੰਨ ਪਰਮਾਤਮਾ ਦੀ ਸੇਵਾ-ਭਗਤੀ ਵਿਚ ਹੀ ਹਨ।

**ਨੋਟ:** ਏਥੇ ਵੀ 'ਦੇਵ' ਸ਼ਬਦ 'ਨਾਨਕ' ਸ਼ਬਦ ਨਾਲ ਜੁੜ ਕੇ ਨਾਂ (ਗੁਰੂ ਨਾਨਕ ਦੇਵ ਜੀ) ਨਹੀਂ ਬਣਾਏਗਾ। 'ਅਪਾਰ' ਅਤੇ 'ਦੇਵ' ਸ਼ਬਦ ਸਬੰਧ ਕਾਰਕ ਵਿਚ ਹਨ ਅਤੇ ਅਪਾਰ ਦੇਵ ਦਾ ਅਰਥ ਹੈ- ਬੇਅੰਤ ਪ੍ਰਕਾਸ਼ ਰੂਪ ਦੀ, ਪ੍ਰਭੂ ਦੀ। 'ਨਾਨਕ' ਸ਼ਬਦ ਸੰਬੋਧਨ ਕਾਰਕ ਵਿਚ ਹੈ।

(ਙ) ਰਵਿਦਾਸ ਧਿਆਏ ਪ੍ਰਭ ਅਨੂਪ॥
ਗੁਰ ਨਾਨਕ ਦੇਵ ਗੋਵਿੰਦ ਰੂਪ॥

**ਵਿਚਾਰ:** 'ਨਾਨਕ' ਸ਼ਬਦ ਸੰਬੋਧਨ ਕਾਰਕ ਵਿਚ ਹੈ, ਹੇ ਨਾਨਕ! 'ਗੁਰ' ਸ਼ਬਦ 'ਦੇਵ' ਸ਼ਬਦ ਨਾਲ ਜੁੜ ਕੇ 'ਗੁਰਦੇਵ' ਬਣਾਏਗਾ। ਗੁਰਦੇਵ-ਗੁਰੂ ਹੀ, ਪ੍ਰਕਾਸ਼-ਰੂਪ ਗੁਰੂ ਹੀ। ਗੋਵਿੰਦ {ਸੰਬੰਧ ਕਾਰਕ} ਗੋਵਿੰਦ ਦਾ, ਪ੍ਰਭੂ ਦਾ। ਰੂਪ-ਰੂਪ ਹੀ ਹੈ।

**ਨੋਟ:** 'ਗੁਰ ਨਾਨਕ ਦੇਵੁ' ਲਿਖਿਆ ਹੁੰਦਾ ਤਾਂ ਪਹਿਲੇ ਗੁਰੂ ਜੀ ਦਾ ਨਾਂ ਬਣਨਾ ਸੀ, ਪਰ ਅਜਿਹਾ ਨਹੀਂ ਹੈ।

**ਅਰਥ:** ਰਵਿਦਾਸ ਨੇ ਭੀ ਸੋਹਣੇ ਪ੍ਰਭੂ ਦਾ ਸਿਮਰਨ ਕੀਤਾ। ਹੇ ਨਾਨਕ! ਆਖ ਕਿ ਗੁਰੂ ਪਰਮਾਤਮਾ ਦਾ ਰੂਪ ਹੀ ਹੈ।

(ਚ) ਦਰਸਨ ਪਿਆਸ ਬਹੁਤੁ ਮਨਿ ਮੇਰੈ॥
ਮਿਲੁ ਨਾਨਕ ਦੇਵ ਜਗਤ ਗੁਰ ਕੇਰੈ॥ (ਪੰਨਾ 1304)

**ਅਰਥ:** ਹੇ ਜਗਤ ਦੇ ਗੁਰਦੇਵ! ਮੇਰੇ ਮਨ ਵਿਚ ਤੇਰੇ ਦਰਸ਼ਨ ਦੀ ਬਹੁਤ ਤਾਂਘ ਹੈ, (ਮੈਨੂੰ) ਨਾਨਕ ਨੂੰ ਮਿਲ।

**ਵਿਚਾਰ:** 'ਨਾਨਕ' ਸ਼ਬਦ ਉਕਾਰਾਂਤ ਨਹੀਂ ਸਗੋਂ ਸੰਪ੍ਰਦਾਨ ਕਾਰਕ ਵਿਚ ਹੈ, ਜਿਸ ਦਾ ਅਰਥ ਹੈ- ਨਾਨਕ ਨੂੰ। ਮਿਲੁ ਨਾਨਕ- ਮੈਨੂੰ ਨਾਨਕ ਨੂੰ ਮਿਲ। ਕੌਣ ਮਿਲੇ? ਦੇਵ ਜਗਤ ਗੁਰ ਕੇਰੈ- ਜਗਤ ਦਾ ਗੁਰਦੇਵ, ਜਗਤ ਦਾ ਮਾਲਿਕ। ਕੇਰੈ- ਦੇ। 'ਜਗਤ' ਸ਼ਬਦ ਸਬੰਧ ਕਾਰਕ ਵਿਚ ਹੈ। 'ਗੁਰਦੇਵ' ਸੰਬੋਧਨ ਕਾਰਕ ਵਿਚ ਹੈ। ਗੁਰਬਾਣੀ ਵਿਆਕਰਣ ਅਨੁਸਾਰ ਇੱਥੇ 'ਨਾਨਕ' ਨੂੰ 'ਨਾਨਕੁ' ਅਤੇ 'ਦੇਵ' ਨੂੰ 'ਦੇਵੁ' ਨਹੀਂ ਲਿਖਿਆ ਜਾ ਸਕਦਾ, ਇਸ ਲਈ 'ਦੇਵ' ਸ਼ਬਦ ਨੂੰ 'ਨਾਨਕ' ਸ਼ਬਦ ਨਾਲ ਜੋੜ ਕੇ ਪਹਿਲੇ ਗੁਰੂ ਜੀ ਦਾ ਨਾਂ ਨਹੀਂ ਬਣਾਇਆ ਜਾ ਸਕਦਾ।

(ਛ) ਜਪਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥

**ਵਿਚਾਰ:** ਅਰਜੁਨ- {ਸੰਪ੍ਰਦਾਨ ਕਾਰਕ} ਅਰਜੁਨ ਨੂੰ। ਦੇਵ ਗੁਰੂ- ਗੁਰਦੇਵ ਨੂੰ। ਅਰਜੁਨ ਦੇਵ ਗੁਰੂ- ਗੁਰਦੇਵ (ਪ੍ਰਕਾਸ਼-ਰੂਪ) ਅਰਜੁਨ ਨੂੰ, ਗੁਰੂ ਅਰਜੁਨ ਨੂੰ। ਜਿਵੇਂ ਪਿਛਲੇ ਪ੍ਰਮਾਣਾਂ ਵਿਚ ਦੇਖਿਆ ਹੈ ਕਿ ਦੇਵ ਸ਼ਬਦ ਗੁਰੂ ਨਾਲ ਜੁੜ ਕੇ ਗੁਰਦੇਵ (ਗੁਰੂ) ਸ਼ਬਦ ਬਣਾਉਂਦਾ ਹੈ, ਇਵੇਂ ਹੀ ਇਸ ਪ੍ਰਮਾਣ ਵਿਚ ਵੀ 'ਦੇਵ' ਸ਼ਬਦ 'ਗੁਰੂ' ਸ਼ਬਦ ਨਾਲ ਹੀ ਜੁੜਨਾ ਹੈ। ਭੱਟਾਂ ਦੇ ਸਵੱਯਾਂ ਵਿਚ 20 ਵਾਰੀ 'ਅਰਜੁਨ' ਸ਼ਬਦ ਹੀ ਵਰਤਿਆ ਗਿਆ ਹੈ। 'ਦੇਵ' ਸ਼ਬਦ ਦਾ ਸਬੰਧ 'ਗੁਰੂ' ਸ਼ਬਦ ਨਾਲ ਉਪਰ ਲਿਖੇ ਪ੍ਰਮਾਣਾਂ ਵਿਚ ਜੁੜਦਾ ਹੈ, ਜਿੱਥੇ ਇਹ ਦੋਵੇਂ ਸ਼ਬਦ ਇੱਕੋ ਵਾਕ ਵਿਚ ਵਰਤੇ ਗਏ ਹਨ। ਉਪਰੋਕਤ ਘ, ਛ ਅਤੇ ਚ ਪ੍ਰਮਾਣ ਮੁੜ ਦੇਖੇ ਜਾ ਸਕਦੇ ਹਨ।

(ਜ) ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥ (ਪੰਨਾ 1409)

ਕਈ ਥਾਂਈਂ 'ਦੇਵ' ਸ਼ਬਦ ਦੀ ਵਰਤੋਂ 'ਦੇਵਤਿਆਂ' ਦੇ ਅਰਥ ਵਿਚ ਹੋਈ ਹੈ ਜਿਵੇਂ ਉਪਰੋਕਤ ਪੰਕਤੀ ਵਿਚ ਵੀ ਹੈ।

## 'ਦੇਉ' ਸ਼ਬਦ ਦੀ ਗੁਰਬਾਣੀ ਵਿਚ ਵਰਤੋਂ

'ਦੇਵ' ਸ਼ਬਦ ਤੋਂ 'ਵ' ਦੀ 'ਉ' ਵਿਚ ਹੋਈ ਤਬਦੀਲੀ ਤੋਂ 'ਦੇਉ' ਸ਼ਬਦ ਬਣਿਆ ਹੈ। 'ਦੇਵ' ਸ਼ਬਦ ਵਾਂਗ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਕਈ ਥਾਂਈਂ 'ਦੇਉ' ਸ਼ਬਦ ਕਿਰਿਆ ਰੂਪ ਵਿਚ ਵੀ ਵਰਤਿਆ ਗਿਆ ਹੈ, ਜਿੱਥੇ 'ਦੇਉ' ਦਾ 'ਦੇਉਂ' ਬਣ ਜਾਂਦਾ ਹੈ। ਗੁਰਬਾਣੀ ਵਿਚੋਂ ਕੁਝ ਕੁ ਪ੍ਰਮਾਣ ਹਨ:

(ੳ) ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ॥ (ਪੰਨਾ 87)

ਦੇਉ- ਚਾਨਣ ਸਰੂਪ। ਆਤਮ ਦੇਉ-ਆਤਮਾ ਨੂੰ ਪ੍ਰਕਾਸ਼ ਦੇਣ ਵਾਲਾ ਪ੍ਰਭੂ। ਆਤਮਦੇਵ ਦੀ ਥਾਂ ਆਤਮ ਦੇਉ ਵਰਤਿਆ ਹੈ।

(ਅ) ਸਲੋਕੁ ਮ: 2॥

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥ (ਪੰਨਾ 150)

**ਵਿਚਾਰ:** ਸ਼ਬਦਾਂ ਦੀ ਵਿਆਕਰਣਕ ਬਣਤਰ ਨੂੰ ਸਮਝੇ ਬਿਨਾ ਅਰਥ ਸਮਝਣ ਵਿਚ ਟਪਲੇ ਲੱਗ ਜਾਂਦੇ ਹਨ, ਜੋ ਗੁਰਬਾਣੀ ਦੇ ਸੱਚ ਨੂੰ ਝੂਠ ਵਿਚ ਬਦਲ ਦਿੰਦੇ ਹਨ। 'ਦੇਵ' ਅਤੇ 'ਦੇਉ' ਦਾ ਅਰਥ ਪ੍ਰਕਾਸ਼ ਰੂਪ ਬਹੁਤੀ ਥਾਂਈਂ ਵਰਤਿਆ ਗਿਆ ਹੈ। ਇਹ ਸ਼ਬਦ ਕਿਸੇ ਗੁਰੂ ਪਾਤਿਸ਼ਾਹ ਜੀ ਦੇ ਨਾਂ ਨਾਲ ਜੋੜਨੇ ਗੁਰਬਾਣੀ ਦੇ ਸ਼ਬਦ-ਜੋੜਾਂ ਦੀ ਬਣਤਰ ਪੱਖੋਂ ਅਗਿਆਨ ਹੈ। ਇਸ ਪ੍ਰਮਾਣ ਵਿਚ 'ਨਾਨਕੁ' ਸ਼ਬਦ ਨਹੀਂ ਸਗੋਂ 'ਨਾਨਕ' ਹੈ, ਜੋ ਸੰਬੋਧਨ ਕਾਰਕ ਵਿਚ ਹੈ। 'ਨਾਨਕ ਦੇਉ' ਦਾ ਅਰਥ ਪਹਿਲੇ ਗੁਰੂ ਜੀ ਦੇ ਨਾਂ ਨਾਲ ਤਾਂ ਜੁੜਨਾ ਸੀ, ਜੇ 'ਨਾਨਕੁ ਦੇਉ' ਲਿਖਿਆ ਹੁੰਦਾ ਪਰ ਅਜਿਹਾ ਨਹੀਂ ਹੈ। 'ਗੁਰੁ' ਸ਼ਬਦ ਨੂੰ 'ਦੇਉ' ਨਾਲ ਜੋੜਿਆ ਜਾਣਾ ਹੈ, ਜਿਸ ਨਾਲ 'ਗੁਰਦੇਉ' ਸ਼ਬਦ ਬਣਨਾ ਹੈ।

ਨਾਨਕ- ਹੇ ਨਾਨਕ! ਗੁਰਦੇਉ- ਪ੍ਰਕਾਸ਼ ਰੂਪ ਗੁਰੂ।

'ਜਿਨ ਗੁਰੁ ਨਾਨਕ ਦੇਉ' ਦਾ ਅਰਥ ਬਣਿਆ, ਹੇ ਨਾਨਕ! ਆਖ ਕਿ ਜਿਨ੍ਹਾਂ ਦੇ ਸਿਰ 'ਤੇ ਪ੍ਰਕਾਸ਼ ਰੂਪ ਗੁਰੂ ਦਾ ਹੱਥ ਹੈ, ਜਿਨ੍ਹਾਂ ਵਲ ਪ੍ਰਕਾਸ਼-ਰੂਪ ਗੁਰੂ ਹੈ, ਜਿਨ੍ਹਾਂ ਦਾ ਗੁਰਦੇਉ ਹੈ। ਵਿਸਥਾਰ,

**ਪਦਅਰਥ:** ਦੀਖਿਆ-ਸਿਖਿਆ। ਆਖਿ-ਆਖ ਕੇ, ਸੁਣਾ ਕੇ। ਬੁਝਾਇਆ-ਗਿਆਨ ਦਿੱਤਾ ਹੈ, ਆਤਮਕ ਜੀਵਨ ਦੀ ਸੂਝ ਦਿੱਤੀ ਹੈ। ਸਿਫਤੀ-ਸਿਫਤਿ ਸਾਲਾਹ ਰਾਹੀਂ। ਸਚਿ-ਸੱਚ ਵਿਚ। ਸਮੇਉ-ਸਮਾਈ ਦਿੱਤੀ ਹੈ, ਜੋੜਿਆ ਹੈ। ਕਿਆ-ਹੋਰ ਕੀ?

**ਅਰਥ:** ਹੇ ਨਾਨਕ! ਜਿਨ੍ਹਾਂ ਦਾ ਗੁਰਦੇਵ ਹੈ (ਭਾਵ, ਜਿਨ੍ਹਾਂ ਦੇ ਸਿਰ 'ਤੇ ਗੁਰਦੇਵ ਹੈ), ਜਿਨ੍ਹਾਂ ਨੂੰ (ਗੁਰੂ ਨੇ) ਸਿੱਖਿਆ ਦੇ ਕੇ ਗਿਆਨ ਦਿੱਤਾ ਹੈ ਤੇ ਸਿਫਤਿ ਸਾਲਾਹ ਰਾਹੀਂ ਸੱਚ ਵਿਚ ਜੋੜਿਆ ਹੈ, ਉਨ੍ਹਾਂ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ।

(ੲ) ਆਪੇ ਕਰਤਾ ਆਪੇ ਦੇਉ॥ (ਪੰਨਾ 343)

ਦੇਉ- ਪ੍ਰਕਾਸ਼-ਰੂਪ ਪ੍ਰਭੂ।

(ਸ) ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (ਪੰਨਾ 469)

ਗੁਰਬਾਣੀ ਵਿਚ ਵਰਤੇ ਸ਼ਬਦ 'ਨਿਰੰਜਨ ਦੇਉ' ਜਾਂ 'ਨਿਰੰਜਨ ਦੇਵ' ਕਿਸੇ ਦਾ ਨਾਂ ਨਹੀਂ ਹੈ। ਇਸੇ ਤਰ੍ਹਾਂ ਨਾਨਕ ਦੇਵ ਜਾਂ ਨਾਨਕ ਦੇਉ ਨਾਂ ਨਹੀਂ ਹੈ। ਨਿਰੰਜਨ-ਸ਼ੁੱਧ ਸਰੂਪ। ਦੇਉ-ਪ੍ਰਕਾਸ਼ ਸਰੂਪ।

(ਹ) ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ ॥1॥ (ਪੰਨਾ 515)

ਦੇਉ-{ਕਿਰਿਆ} ਦੇਉਂ, ਮੈਂ ਦੇਵਾਂ।

(ਕ) ਜੇ ਓਹੁ ਦੇਉ ਤ ਓਹੁ ਭੀ ਦੇਵਾ॥ (ਪੰਨਾ 525)

ਦੇਉ-ਦੇਵਤਾ। ਦੇਵਾ-ਦੇਵਤਾ।

(ਖ) ਗੁਰੁ ਮੇਰਾ ਦੇਉ ਅਲਖ ਅਭੇਉ॥ (ਪੰਨਾ 864)

ਦੇਉ-ਪ੍ਰਕਾਸ਼ ਰੂਪ ਪ੍ਰਭੂ। ਮੇਰਾ ਗੁਰੂ ਪ੍ਰਕਾਸ਼ ਰੂਪ ਪ੍ਰਭੂ ਦਾ ਹੀ ਰੂਪ ਹੈ।

(ਗ) ਬੋਹਿਥੁ ਨਾਨਕ ਦੇਉ ਗੁਰੁ ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ॥ (ਪੰਨਾ 1102)

**ਵਿਚਾਰ:** ਬੋਹਿਥੁ-ਜਹਾਜ। ਨਾਨਕ-{ਸੰਬੋਧਨ ਕਾਰਕ} ਹੇ ਨਾਨਕ! ਬੋਹਿਥੁ ਦੇਉ ਗੁਰੁ-ਗੁਰਦੇਉ ਬੋਹਿਥ ਹੈ। ਬੋਹਿਥ ਨਾਨਕ ਦੇਉ ਗੁਰੁ-ਹੇ ਨਾਨਕ! ਗੁਰਦੇਉ (ਪ੍ਰਕਾਸ਼-ਰੂਪ ਗੁਰੂ) ਜਹਾਜ ਹੈ। 'ਦੇਉ' ਸ਼ਬਦ 'ਨਾਨਕ' ਸ਼ਬਦ ਨਾਲ ਨਹੀਂ ਜੁੜੇਗਾ ਕਿਉਂਕਿ ਸ਼ਬਦ-ਜੋੜ 'ਨਾਨਕੁ' ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਸ਼ਬਦਾਂ ਦੀ ਵਿਆਖਿਆ ਹੈ, ਉਨ੍ਹਾਂ ਦੇ ਅਰਥ ਬਾਹਰੋਂ ਭਾਲਣ ਦੀ ਲੋੜ ਨਹੀਂ ਰਹਿ ਜਾਂਦੀ। ਗੁਰਬਾਣੀ ਦੇ ਅਰਥ ਸ਼ਬਦ-ਜੋੜਾਂ ਨਾਲ ਲੱਗੀਆਂ ਮਾਤਰਾਵਾਂ ਅਤੇ ਪ੍ਰਕਰਣ 'ਤੇ ਆਧਾਰਤ ਹਨ, ਜਿਨ੍ਹਾਂ ਨੂੰ ਧਿਆਨ ਵਿਚ ਰੱਖਣ ਨਾਲ ਅਰਥ ਸਮਝਣ ਵਿਚ ਸੌਖ ਹੋ ਜਾਂਦੀ ਹੈ। ਪ੍ਰੋ. ਸਾਹਿਬ ਸਿੰਘ ਦੀ ਲਿਖੀ 'ਗੁਰਬਾਣੀ ਵਿਆਕਰਣ' ਪੁਸਤਕ ਅਤੇ ਉਨ੍ਹਾਂ ਵਲੋਂ ਲਿਖਿਆ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਅਰਥ ਸਮਝਣ ਵਿਚ ਬਹੁਤ ਸਹਾਈ ਹੈ।

# ਕਾਵਿ ਜਗਤ

## ਗਜ਼ਲ

ਕੋਈ ਰਿਸ਼ਤਾ ਰਾਸ ਨਾ ਆਇਆ।
ਪੀੜਾਂ ਨੇ ਮੇਰਾ ਸਾਥ ਨਿਭਾਇਆ।

ਇਸ ਦੁਨੀਆਂ ਵਿਚ ਮੀਤ ਨਾ ਕੋਈ
ਐਵੇਂ ਸੀ ਭਰਮ ਭੁਲੇਖਾ ਪਾਇਆ।

ਦੁਨੀਆਂ ਹੋ ਗਈ ਖਾਲੀ ਖਾਲੀ
ਬਾਬੁਲ ਦਾ ਜਦ ਉਠ ਗਿਆ ਸਾਇਆ।

ਮਨ ਪਰਦੇਸੀ ਜਦ ਹੋ ਜਾਵੇ
ਹੋ ਜਾਂਦੈ ਸਭ ਜਗਤ ਪਰਾਇਆ।

ਮੈਂ ਬੈਠ ਬਨੇਰੇ ਰਾਹਾਂ ਤੱਕੀਆਂ
ਵੀਰ ਕਦੀ ਵੀ ਮਿਲਣ ਨਾ ਆਇਆ।

ਹਰ ਪਾਸੇ ਹੀ ਮਤਲਬਪ੍ਰਸਤੀ
ਬਹੁਤਿਆਂ ਨੂੰ ਰੱਜ ਕੇ ਅਜ਼ਮਾਇਆ।

ਕੋਈ ਜਮੀਨਾਂ 'ਤੇ ਅੱਖ ਰੱਖੇ
ਕਿਸੇ ਨੇ ਘਰ ਨੂੰ ਮੱਲਣਾ ਚਾਹਿਆ।

ਹੱਕ ਪਰਾਇਆ ਖਾਵਣ ਦੇ ਲਈ
ਸਭ ਨੇ ਆਪਣਾ ਜ਼ੋਰ ਹੈ ਲਾਇਆ।

ਤੂੰ ਮੇਰਾ ਪਿਤਾ, ਤੂੰ ਹੀ ਮੇਰਾ ਮਾਤਾ
ਤੂੰ ਮੇਰਾ ਰਾਖਾ ਸ਼ਬਦ ਮੈਂ ਗਾਇਆ।

ਮਿਹਰਬਾਨ ਹੋ ਸਤਿਗੁਰ ਮੇਰੇ
ਫਿਰ ਮੈਨੂੰ 'ਸੁਰਜੀਤ' ਬਣਾਇਆ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਅਹਿਮ ਵਕਤ

ਵਕਤ ਸਦਾ ਹੀ ਬਹੁਤ ਹੈ ਅਹਿਮ ਹੁੰਦਾ
ਇਸ ਵਿਚੋਂ ਗੁਜ਼ਰ ਰਿਹਾ
ਕਦੀ ਪੰਜਾਬ ਤੇ ਕਦੀ ਕਸ਼ਮੀਰ ਹੁੰਦਾ।
ਉਹ ਕਸ਼ਮੀਰ ਜਿਸ ਨੂੰ ਦੁਨੀਆਂ
ਸਵਰਗ ਸੀ ਕਹਿੰਦੀ,
ਦਿੱਲੀ ਦੇ ਫੌਜੀ ਰਾਜ 'ਚ
ਉਥੇ ਜੀਣਾ ਹੈ ਜਿਉਂ ਨਰਕ ਹੁੰਦਾ।
ਬਹਾਨੇ ਤੇ ਜ਼ਾਲਮ ਆਖਰ ਬਦਲ ਜਾਂਦੇ
ਪਰ ਜ਼ੁਲਮ ਤਾਂ ਆਖਰ ਜ਼ੁਲਮ ਹੁੰਦਾ।
ਬਹਾਨਾ ਰਾਸ਼ਟਰਵਾਦ, ਨਸਲਵਾਦ
ਤੇ ਕਦੇ ਧਰਮ ਹੁੰਦਾ,
ਜ਼ਾਲਮ ਕਦੇ ਹਿਟਲਰ, ਕਦੇ ਔਰੰਗਜ਼ੇਬ
ਅਤੇ ਕਦੇ ਮੋਦੀ ਤੇ ਕਦੇ ਟਰੰਪ ਹੁੰਦਾ।
ਮਨੁੱਖੀ ਹੱਕਾਂ ਦਾ ਘਾਣ ਵੀ
ਅਜੇ ਤੱਕ ਹੋਈ ਜਾਂਦਾ
ਸ਼ਿਕਾਰ ਕੌਮਾਂ 'ਚ ਕਦੀ ਮਿਸਰ,
ਕਦੀ ਸੁਡਾਨ ਤੇ ਕਦੀ ਰੂਸ ਹੁੰਦਾ।
'ਸਤਿਨਾਮ' ਫਿਰ ਵੀ ਤੂੰ ਦਿਲ ਨਾ ਕਰ ਛੋਟਾ
ਬਾਬੇ ਨਾਨਕ ਦੀ ਸੋਚ ਜ਼ਰੂਰ ਹੋਊ ਭਾਰੂ
ਕਿ ਪੈਦਾ ਇਕ ਨੂਰ ਤੋਂ ਹੈ ਹਰ ਇਨਸਾਨ ਹੁੰਦਾ।

***-ਡਾ. ਸਤਿਨਾਮ ਸਿੰਘ ਧਾਮੀ***
***ਨਿਊ ਸਿਟੀ, ਨਿਊ ਯਾਰਕ***
***ਫੋਨ: 845-708-5021***

## ਦਸਤਾਰ

***(ਇਲੈਨ ਬਲੇਅਰ ਦੀ ਹੁਣੇ ਹੁਣੇ ਆਈ ਕਵਿਤਾ ਦੀ ਚੌਥੀ ਪੁਸਤਕ 'My Feathered Fingers' ਵਿਚੋਂ ਕਵਿਤਾ 'Turban' ਦਾ ਪੰਜਾਬੀ ਅਨੁਵਾਦ)***

ਅੱਜ ਫਿਰ ਮੈਂ ਤੇਰੇ ਬਾਰੇ ਸੋਚ ਰਹੀ ਹਾਂ
ਕਿਵੇਂ ਤੂੰ ਬੁੱਢੇ ਵਾਰੇ,
ਉਚਾ ਲੰਮਾ, ਖੁੱਲ੍ਹੀ ਦਾੜ੍ਹੀ,
ਸੁਪਰ-ਮਾਰਕੀਟ ਵਿਚ ਕੱਲ-ਮੁਕੱਲਾ,
ਲੱਕੜੀ ਦੇ ਬੈਂਚ 'ਤੇ
ਨਿੱਠ ਕੇ ਬੈਠਾ ਹੁੰਦਾ ਸੈਂ।
ਤੂੰ ਹਮੇਸ਼ਾ ਪੂਰੀ ਟੌਹਰ ਵਿਚ ਹੁੰਦਾ ਸੈਂ,
ਉਂਜ ਤੂੰ ਸਿਰ 'ਤੇ ਲੰਬੀ
ਸੂਤ ਨੂੰ ਵੱਟ ਚਾੜ੍ਹੀ
ਪੇਚਾਂ ਵਾਲੀ ਦਸਤਾਰ ਕਰਕੇ
ਵੱਖਰਾ ਹੀ ਪਛਾਣਿਆ ਜਾਂਦਾ ਸੈਂ।
ਤੂੰ ਹਰ ਲੰਘਦੇ,
ਆਉਂਦੇ-ਜਾਂਦੇ ਨੂੰ ਦੇਖਦਾ ਰਹਿੰਦਾ ਸੈਂ,
ਤੇ ਤੈਨੂੰ ਸਾਰਾ ਕੁਝ
ਨੀਰਸ ਜਿਹਾ ਲੱਗਦਾ ਸੀ,
ਤੇਰੇ ਮਨ ਵਿਚ ਆਪਣੀ ਮਾਤ ਭੂਮੀ ਦੀ
ਯਾਦ ਖਹਿ ਖਹਿ ਜਾਂਦੀ,
ਉਸ ਰੰਗ-ਰੰਗੀਲੀ ਮਾਂ-ਭੂਮੀ ਦੀ ਯਾਦ
ਜੋ ਤੂੰ ਬਹੁਤ ਪਿੱਛੇ ਛੱਡ ਆਇਆ ਸੈਂ।
ਕਹਿਣ ਨੂੰ ਤਾਂ
ਸਾਡੀ ਸ਼ਹਿਰੀ ਜ਼ਿੰਦਗੀ ਦਾ ਹਿੱਸਾ ਸੈਂ ਤੂੰ,
ਪਰ ਕਿੱਥੇ? ਜ਼ਾਹਰਾ ਤੌਰ 'ਤੇ ਤੂੰ
ਬਹੁਤ ਅਲੱਗ-ਥਲੱਗ ਸੈਂ
ਬੱਸ ਐਵੇਂ ਜਿਵੇਂ ਕੋਈ ਟੁਕੜਾ ਦਰ ਟੁਕੜਾ
ਜ਼ਿੰਦਗੀ ਜੋੜ ਰਿਹਾ ਹੋਵੇ,
ਅਤੇ ਸਿਆਣਾ ਬਣਨ ਦੀ
ਨਾਕਾਮ ਕੋਸ਼ਿਸ਼ ਕਰ ਰਿਹਾ ਹੋਵੇ।
ਮੇਰਾ ਜੀ ਤਾਂ ਬਹੁਤ ਕਰਦਾ ਹੁੰਦਾ ਸੀ;
ਝੁਕ ਕੇ, ਨਿਓਂ ਕੇ, ਤੈਨੂੰ ਬੁਲਾ ਲਵਾਂ
ਪਰ ਫਿਰ ਮੈਨੂੰ ਲੱਗਦਾ
ਇਹ ਕਿਤੇ ਮੇਰੀ ਗੁਸਤਾਖੀ ਨਾ ਹੋਵੇ
ਫਜ਼ੂਲ ਦਖਲ-ਅੰਦਾਜ਼ੀ ਨਾ ਹੋਵੇ,
ਗੈਰ-ਜ਼ਰੂਰੀ ਨਾ ਹੋਵੇ।
ਅੱਜ ਕਈ ਸਾਲਾਂ ਬਾਅਦ ਵੀ ਤੂੰ
ਮੇਰੀਆਂ ਯਾਦਾਂ ਦੀ
ਸਿਮਰਤੀ 'ਚ ਸ਼ਾਮਲ ਹੈਂ,
ਮੈਨੂੰ ਤੇਰੀ ਖਾਮੋਸ਼ ਸ਼ਖਸੀਅਤ ਵੀ
ਯਾਦ ਆਉਂਦੀ ਹੈ,
ਅਤੇ ਤੇਰੀ ਚਮਕਵੀਂ ਫੱਬਵੀਂ
ਜਾਮਨੀ ਦਸਤਾਰ ਵੀ।

***-ਅਨੁਵਾਦ: ਡਾ. ਆਸਾ ਸਿੰਘ ਘੁੰਮਣ***
***ਨਡਾਲਾ, ਕਪੂਰਥਲਾ।***
***ਫੋਨ: 91-97798-53245***

---

## ਬੇਨਤੀ ਪੰਜਾਬੀਆਂ ਨੂੰ

ਪਹਿਲਾਂ ਔਖੇ ਹੁੰਦੇ ਬੱਚੇ ਪਾਲਣੇ।
ਕਈ ਪਾਪੜ ਵੇਲੇ ਜ਼ਫਰ ਜਾਲਣੇ।
ਮੁਸ਼ੱਕਤਾਂ 'ਚ ਦਿਨ ਰਾਤ ਗਾਲਣੇ।
ਤੀਲਾ ਤੀਲਾ ਦਿਸਦੇ ਹੁਣ ਆਲ੍ਹਣੇ।

ਪੀਤੇ ਦੁੱਧ, ਦਹੀਂ, ਘਿਉ ਤੇ ਮੱਖਣ।
ਲੱਗ ਪਏ ਹੁਣ ਚੰਦਰੇ ਨਸ਼ੇ ਚੱਖਣ।
ਸ਼ਰਮ ਹਯਾ ਨਾ ਕਿਸੇ ਤੋਂ ਰੱਖਣ।
ਭੈਣਾਂ ਦੀ ਇੱਜਤ ਪਾ ਛੱਜ ਛੱਟਣ।

ਨਸ਼ੇ ਨੇ ਆ ਪੰਜਾਬ ਨੂੰ ਫਾਹਿਆ।
ਡੋਡਿਆਂ ਤੋਂ ਚੱਲ ਚਿੱਟਾ ਆਇਆ।
'ਫੈਂਟਾਨੀਲ' ਨਵਾਂ ਬੂਹੇ ਖੜ੍ਹਾਇਆ।
ਸੁਣਿਆ ਜਿਨ੍ਹੇ ਹਾਥੀ ਭੀ ਢਾਹਿਆ।

ਆਸ ਸੀ ਦਿਨ ਚੰਗੇ ਮੁੜ ਪੈਣਗੇ।
ਪਤਾ ਨਹੀਂ ਸੀ ਵੈਰੀ ਟੁੱਟ ਕੇ ਪੈਣਗੇ।
ਬਣ ਦੈਂਤ ਜਵਾਨੀ ਨੂੰ ਖਾ ਜਾਣਗੇ।
ਲੁੱਟ ਪੰਜਾਬ ਨੂੰ ਜੜ੍ਹ ਤੇਲ ਪਾਣਗੇ।

ਭੁਗਤ ਰਿਹਾ ਅੱਜ ਹੋਣੀ ਦਾ ਸੰਤਾਪ।
ਹਾਕਮਾਂ ਦੀ ਮਿਲੀਭੁਗਤ ਦਾ ਪਾਪ।
ਬਲਦੇ ਸਿਵੇ ਪੈਂਦੇ ਵੈਣ ਤੇ ਵਿਰਲਾਪ।
ਵੰਡ ਨਸ਼ੇ ਵੋਟਾਂ ਲੈਂਦੇ ਨੇਤਾ ਝੋਲਾਛਾਪ।

ਚਾਹੁੰਦੇ ਹੋ ਬਚਾਉਣਾ ਪਿਆਰਾ ਪੰਜਾਬ।
ਪਹਿਲਾਂ ਬੰਦ ਕਰਨੀ ਪਊ ਸ਼ਰਾਬ।
ਜਿਨ੍ਹੇ ਕੀਤਾ ਸਭ ਦਾ ਖਾਣਾ ਖਰਾਬ।
ਰਲ ਮਿਲ ਫਿਰ ਖਿੜਾਈਏ ਗੁਲਾਬ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

## ਲਫਜ਼ ਤੇ ਆਦਮੀ

ਲਫਜ਼ ਪਹਿਲਾਂ ਪਿਆਰ ਵਿਚ ਭਿੱਜੇ
ਲਫਜ਼ ਫਿਰ ਪਿਆਰ ਵਿਚ ਲਿੱਬੜੇ
ਲਫਜ਼ ਫਿਰ ਪਿਆਰ ਵਿਚ ਡੁੱਬੇ
ਲਫਜ਼ ਫਿਰ ਡੁੱਬ ਮਰੇ
ਆਦਮੀ ਦੇਖਦਾ ਰਹਿ ਜਾਏ
ਆਦਮੀ ਕੀ ਕਰੇ?

***-ਡਾ. ਸੁਖਪਾਲ ਸੰਘੇੜਾ***

# ਸ਼ਬਦ ਸ਼ਬਦ ਹੋਣਾ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਹਮਦਰਦੀ ਦੇ ਅਰਥਾਂ ਦੀ ਪੜਚੋਲ ਕਰਦਿਆਂ ਕਿਹਾ ਸੀ, "ਹਮਦਰਦੀ ਪ੍ਰਗਟ ਕਰਨ ਲਈ ਦਿਲ-ਗੁਰਦਾ ਚਾਹੀਦਾ। ਇਸ ਲਈ ਦੌਲਤ, ਸਰੀਰਕ ਸਮਰੱਥਾ ਜਾਂ ਰੁਤਬਾ ਨਹੀਂ ਲੋੜੀਂਦਾ। ਸਿਰਫ ਮਨ ਵਿਚ ਲੋਚਾ ਹੋਵੇ ਤਾਂ ਹਮਦਰਦੀ ਆਪਣੇ ਆਪ ਹੀ ਪੈਦਾ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸ਼ਬਦਾਂ ਤੇ ਹਰਫਾਂ ਦੀ ਪਰਖ ਪੜਚੋਲ ਕੀਤੀ ਹੈ। ਸ਼ਬਦ ਹੀ ਆਪਸ ਵਿਚ ਵਿਚਾਰਾਂ ਦਾ ਇਜ਼ਹਾਰ ਕਰਨ ਦਾ ਵਸੀਲਾ ਹਨ। ਡਾ. ਭੰਡਾਲ ਕਹਿੰਦੇ ਹਨ, "ਸ਼ਬਦ, ਬੋਲੇ ਵੀ ਜਾਂਦੇ ਤੇ ਅਬੋਲ ਵੀ, ਗੁੰਗੇ ਵੀ ਤੇ ਸ਼ੋਰਗੁਲ ਵੀ ਪੈਦਾ ਕਰਦੇ, ਸੁਰਬੱਧ ਵੀ ਅਤੇ ਉਗੜ ਦੁੱਘੜੇ ਵੀ ਹੁੰਦੇ। ਇਹ ਸ਼ਬਦ ਦੀ ਲੋੜ, ਰੂਪ ਅਤੇ ਵਰਤੋਂ 'ਤੇ ਨਿਰਭਰ ਕਰਦਾ।" ਗੁਰਬਾਣੀ ਦੇ ਹਵਾਲੇ ਨਾਲ ਉਹ ਦੱਸਦੇ ਹਨ, "ਗੁਰ ਕਾ ਸਬਦੁ ਕੋ ਵਿਰਲਾ ਬੂਝੈ ਆਪ ਮਾਰੇ ਤਾ ਤ੍ਰਿਭਵਣੁ ਸੂਝੈ॥ ਲੋੜ ਹੈ, ਇਸ ਸ਼ਬਦ-ਆਸਥਾ ਨਾਲ ਅੰਤਰੀਵ ਨੂੰ ਰੌਸ਼ਨ ਕਰਕੇ ਆਤਮਕ ਸਿਰਜਣਾ ਦਾ ਮਾਰਗ ਅਪਨਾਈਏ।" ਉਨ੍ਹਾਂ ਦਾ ਇੰਕਸ਼ਾਫ ਹੈ, "ਸ਼ਬਦ, ਸਮਰੂਪ ਹੀ ਹੁੰਦੇ। ਸਿਰਫ ਭਾਸ਼ਾਵਾਂ ਦਾ ਅੰਤਰ ਹੁੰਦਾ ਕਿਉਂਕਿ ਮਨੁੱਖੀ ਭਾਵਨਾਵਾਂ, ਅਹਿਸਾਸ ਅਤੇ ਮਾਨਵੀ ਤਰੰਗਾਂ ਤਾਂ ਇਕਸਾਰ ਹੁੰਦੇ। ਮਨੁੱਖ ਦੀਆਂ ਬਹੁਤੀਆਂ ਲੋੜਾਂ ਵੀ ਇਕੋ ਜਿਹੀਆਂ ਹੁੰਦੀਆਂ, ਜਿਸ ਨਾਲ ਸ਼ਬਦ ਨੂੰ ਇਕਸਾਰਤਾ ਮਿਲਦੀ।" -ਸੰਪਾਦਕ**

ਸ਼ਬਦ, ਹਰਫ ਸੰਗ ਹਰਫ ਦਾ ਮਿਲਾਪ, ਬੋਲਾਂ ਲਈ ਅਲਾਪ ਅਤੇ ਆਪਸੀ ਸੰਵਾਦ ਲਈ ਸੁਘੜ-ਸੌਗਾਤ।

ਸ਼ਬਦ ਸਿਰਜਣਾ ਮਨੁੱਖ ਦਾ ਸਭ ਤੋਂ ਵੱਡਾ ਹਾਸਲ। ਸਾਰੀਆਂ ਮਨੁੱਖੀ ਖੋਜਾਂ ਤੋਂ ਉਤਮ। ਇਸ ਤੋਂ ਬਿਨਾ ਤਾਂ ਮਨੁੱਖ ਨੇ ਹੀਣਾ ਹੀ ਰਹਿਣਾ ਸੀ।

ਸ਼ਬਦ, ਕਿਹੜਾ ਸਭ ਤੋਂ ਵਧੀਆ ਲੱਗਦਾ ਹੈ, ਇਹ ਹਰ ਮਨੁੱਖ ਲਈ ਵੱਖਰਾ ਵੱਖਰਾ। ਇਸ ਦਾ ਵੀ ਆਪਣਾ ਹੀ ਇਤਿਹਾਸ, ਤਾਂ ਹੀ ਕੁਝ ਸ਼ਬਦ ਸਾਨੂੰ ਬਹੁਤ ਪਿਆਰੇ ਲੱਗਦੇ ਜਦ ਕਿ ਕੁਝ ਨਾਲ ਨਫਰਤ ਹੁੰਦੀ। ਸ਼ਬਦ, ਪੂਰਨੇ ਵੀ ਅਤੇ ਫੱਟੀ 'ਤੇ ਅੱਖਰ-ਮੋਤੀਆਂ ਦੀ ਵਰਣਮਾਲਾ ਵੀ। ਵਰਕਿਆਂ 'ਤੇ ਫੈਲਦੇ, ਬੋਲਾਂ ਵਿਚ ਗੂੰਜਦੇ, ਹਵਾ 'ਤੇ ਲਿਖੇ ਜਾਂਦੇ, ਪਾਣੀਆਂ 'ਤੇ ਕਲਾ-ਨਕਾਸ਼ੀ ਅਤੇ ਪਰਿੰਦਿਆਂ ਦੀ ਗੁਟਕਣੀ ਵੀ ਹੁੰਦੇ।

ਸ਼ਬਦ, ਬੋਲੇ ਵੀ ਜਾਂਦੇ ਤੇ ਅਬੋਲ ਵੀ, ਗੂੰਗੇ ਵੀ ਤੇ ਸ਼ੋਰਗੁਲ ਵੀ ਪੈਦਾ ਕਰਦੇ, ਸੁਰਬੱਧ ਵੀ ਅਤੇ ਉਗੜ ਦੁੱਘੜੇ ਵੀ ਹੁੰਦੇ। ਇਹ ਸ਼ਬਦ ਦੀ ਲੋੜ, ਰੂਪ ਅਤੇ ਵਰਤੋਂ 'ਤੇ ਨਿਰਭਰ ਕਰਦਾ।

ਸ਼ਬਦ, ਕਿਸੇ ਕਾਰਜ, ਵਸਤ, ਕਿਰਿਆ, ਵਿਅਕਤੀ, ਸਥਾਨ ਨੂੰ ਪੁਕਾਰਨ ਦੀ ਸੁਵਿਧਾ। ਖਾਸ ਸ਼ਬਦ ਅਤੇ ਨਾਮ ਦੇਣ ਤੋਂ ਬਿਨਾ ਅਸੀਂ ਕਿਸੇ ਨੂੰ ਕੀ ਕਹਿ ਕੇ ਬੁਲਾਵਾਂਗੇ?

ਸ਼ਬਦ ਸੁਰਤ ਵਿਚ ਵੱਸਦਾ, ਸੋਚ ਵਿਚ ਉਤਰਦਾ, ਮਨ ਬੀਹੀ ਵਿਚ ਮਟਕ ਮਟਕ ਤੁਰਦਾ, ਜ਼ੁਬਾਨ 'ਤੇ ਆਉਂਦਾ ਅਤੇ ਫਿਰ ਹੋਠੀਂ ਮਟਕਾਉਂਦਾ। ਹਵਾ ਵਿਚ ਰੁਮਕਣੀ ਪੈਦਾ ਕਰਦਾ ਅਤੇ ਇਹ ਤਰੰਗਾਂ ਹੀ ਕਿਸੇ ਕੰਨ ਵਿਚ ਸ਼ਬਦ-ਸੁਰਤੀ ਪੈਦਾ ਕਰ, ਸ਼ਬਦ ਦੀ ਹੋਂਦ ਅਤੇ ਇਸ ਦੇ ਹੋਂਦ ਬਾਰੇ ਪ੍ਰਭਾਵ ਪੈਦਾ ਕਰਦੀਆਂ।

ਸ਼ਬਦ, ਸੋਹਣਾ ਵੀ ਤੇ ਕੋਝਾ ਵੀ, ਆਪਣਾ ਵੀ ਤੇ ਬਿਗਾਨਾ ਵੀ। ਓਪਰਾਪਣ ਤੇ ਆਪਣਾਪਣ ਵੀ ਸ਼ਬਦ ਵਿਚੋਂ ਹੀ ਝਲਕਦਾ। ਸ਼ਬਦ, ਸਾਂਝਾਂ, ਸਿਮਰਤੀਆਂ, ਸੋਚਾਂ, ਸੁਪਨਿਆਂ, ਸਦਮਿਆਂ ਨੂੰ ਆਪਣੇ ਵਿਚ ਸਮਾਉਂਦੇ। ਜਦ ਯਾਦ ਚਸਕਦੀ ਤਾਂ ਇਹ ਸਾਨੂੰ ਸਾਡੇ ਅਤੀਤ ਦੇ ਰੂਬਰੂ ਕਰਦੇ। ਸ਼ਬਦ ਹੀ ਯਾਦਾਂ ਦੀ ਸਭ ਤੋਂ ਸੁੰਦਰ ਸੰਭਾਲ ਕਰਦੇ।

ਸ਼ਬਦ ਸਭ ਤੋਂ ਸੁੰਦਰ ਤੇ ਸਦੀਵੀ ਸਾਥ ਦੁੱਖ ਤੇ ਸੁੱਖ ਵਿਚ, ਹਾਸੇ ਤੇ ਰੋਣੇ ਵਿਚ, ਮਿਲਣ ਤੇ ਮਿਲਾਪ ਵਿਚ, ਖੋਹਣ ਤੇ ਪਾਉਣ ਵਿਚ, ਲੱਭਣ ਤੇ ਗੁਵਾਉਣ 'ਚ, ਰੁੱਸਣ ਤੇ ਮਨਾਉਣ 'ਚ, ਜਾਗਣ ਤੇ ਸੌਣ 'ਚ, ਜੇਠ ਤੇ ਸਾਉਣ 'ਚ ਅਤੇ ਲਵੇ ਲਾਉਣ ਤੇ ਦੂਰ ਹਟਾਉਣ 'ਚ।

ਸ਼ਬਦ ਵਿਚੋਂ ਹੀ ਸ਼ਬਦ ਹੋਰ ਸ਼ਬਦਾਂ ਦੀ ਖੇਤੀ ਕਰਦੇ, ਸ਼ਬਦਾਂ ਵਿਚ ਨਵੇਂ ਨਵੇਂ ਸ਼ਬਦਾਂ ਦੀਆਂ ਸੂਹਾਂ ਮਿਲਦੀਆਂ, ਸ਼ਬਦ ਆਪਸ ਵਿਚ ਨਿੱਘੀ ਬੁੱਕਲ, ਰੁੱਸਦੇ ਵੀ ਤੇ ਮੰਨਦੇ ਵੀ, ਗਿਲਾ ਵੀ ਕਰਦੇ ਤੇ ਰੋਸਾ ਵੀ, ਦਿਲ ਦੀਆਂ ਗੱਲਾਂ ਵੀ ਕਰਦੇ ਅਤੇ ਬੁਝਾਰਤਾਂ ਵੀ ਪਾਉਂਦੇ।

ਸ਼ਬਦ, ਸ਼ਬਦ ਦੀ ਰੂਹ-ਰੇਜ਼ਤਾ ਤੇ ਸ਼ਬਦ ਸ਼ਬਦਾਂ ਦੇ ਵਾਲੀ। ਸ਼ਬਦਾਂ ਵਿਚੋਂ ਵਾਕ ਉਪਜਦੇ ਜਾਂ ਪਾਉਂਦੇ ਸ਼ਬਦ ਭਿਆਲੀ। ਸ਼ਬਦ ਮੱਥੇ 'ਤੇ ਉਤਰੀ ਸ਼ਾਮ ਤੇ ਸ਼ਬਦ ਸਰਘੀ ਦੀ ਲਾਲੀ। ਸ਼ਬਦ ਹੀ ਹੁੰਦੇ ਸਿਰ 'ਤੇ ਸੂਰਜ ਤੇ ਸ਼ਬਦ ਹੀ ਰੂਪ-ਧੁਪਾਲੀ। ਸ਼ਬਦ ਹੀ ਦੱਸਦੇ ਤਨ ਲੰਗਾਰ ਤੇ ਸਿਰ 'ਤੇ ਲੀਰਾਂ ਪਰਨਾ। ਸ਼ਬਦ ਹੀ ਖੇਤ ਪਨੀਰੀ ਬਣਦੇ ਤੇ ਸ਼ਬਦ ਹੀ ਬਣਦੇ ਡਰਨਾ। ਸ਼ਬਦ ਜੂਹਾਂ ਵਿਚ ਸਮਾਂ, ਤਰੀਕਾਂ ਤੇ ਪਲ ਪਲ ਦਾ ਲੇਖਾ। ਸ਼ਬਦ ਚਿੱਟੇ ਦਿਨ ਵਰਗਾ ਏ ਪਵੇ ਨਾ ਕਦੇ ਭੁਲੇਖਾ। ਸ਼ਬਦ ਸਿਰੜ ਦੀ ਬਗਲੀ ਗਲ ਵਿਚ ਲਟਕਾਉਂਦੇ ਤਾਂ ਹਰ ਬੀਹੀ ਤੇ ਗਲੀ ਮੁਹੱਲੇ ਸੱਦ ਸੁੱਚਮ ਦੀ ਲਾਉਂਦੇ। ਸ਼ਬਦ ਨਾਲ ਸੁਪਨੇ ਤੇ ਸੰਭਾਵਨਾਵਾਂ ਦਾ ਬਰਸੇ ਮੇਘ। ਸ਼ਬਦ ਨਾਲ ਮੰਜ਼ਿਲ ਦਿਸਹੱਦੇ ਹੋ ਜਾਂਦੇ ਅਭੇਦ।

ਸ਼ਬਦ ਕਦੇ ਕਦੇ ਸਿਸਕਣ ਲੱਗਦੇ ਜਦ ਇਨ੍ਹਾਂ ਨੂੰ ਫਰੋਲਣ ਤੋਂ ਆਕੀ ਹੋ ਜਾਂਦੇ ਲੋਕ। ਕਿਤਾਬਾਂ ਵਿਚ ਹੰਝੂ ਬਣ ਕੇ ਜਰਜਰੀ ਹੋਣ ਤੋਂ ਸਿਵਾਏ ਬਚਦਾ ਨਾ ਕੋਈ ਚਾਰਾ। ਸ਼ਬਦ ਹੀ ਸ਼ਬਦ-ਸੋਗ ਲਈ ਬਣਦਾ ਸ਼ਬਦ ਵਿਚਾਰਾ।

ਸ਼ਬਦ ਜਦ ਫੱਟੀ ਤੋਂ ਉਕਰਨ ਤੋਂ ਮੁਨਕਰ ਹੋ ਜਾਵੇ, ਪੂਰਨਿਆਂ ਵਿਚ ਉਘੜਨ ਤੋਂ ਬਾਗੀ ਹੋ ਜਾਵੇ ਅਤੇ ਗਿੱਡ ਨਾਲ ਭਰੇ ਦੀਦਿਆਂ ਵਿਚ ਆਪਣੀ ਸ਼ਕਲ ਦਿਖਾਉਣ ਜੋਗਾ ਵੀ ਨਾ ਰਹੇ ਤਾਂ ਸ਼ਬਦ ਦੀ ਮੌਤ ਹੋ ਜਾਂਦੀ, ਜੋ ਹੁੰਦੀ ਏ ਸਭ ਤੋਂ ਦੁਖਦਾਈ ਕਿਉਂਕਿ ਸ਼ਬਦ ਦੀ ਪਨੀਰੀ ਤਾਂ ਆਉਣ ਵਾਲੀ ਨਵੀਂ ਪਨੀਰੀ ਨੇ ਹੀ ਲਾਉਣੀ।

ਸ਼ਬਦ ਹਰ ਸਦੀ 'ਚ ਲੋਚਦਾ ਏ ਆਪਣੇ ਵਾਰਸ ਨੂੰ, ਜੋ ਉਨ੍ਹਾਂ ਨੂੰ ਪਲੋਸੇ, ਉਸ ਦੇ ਖਾਰੇਪਣ ਨੂੰ ਧੋਵੇ, ਘਰਾਲਾਂ ਨੂੰ ਪੂੰਝੇ, ਦਿਲਗੀਰੀ ਨੂੰ ਘਟਾਵੇ, ਪਿੰਡੇ 'ਤੇ ਲੱਗੇ ਜਖਮਾਂ 'ਤੇ ਮਰਹਮ ਲਾਵੇ ਤੇ ਖੁਦ ਸ਼ਬਦ ਸ਼ਬਦ ਹੋ ਜਾਵੇ। ਸ਼ਬਦ ਦੀ ਰੂਹ ਰੇਜ਼ਾ ਜਦ ਵਰਕਿਆਂ ਨੂੰ ਭਾਗ ਲਾਵੇ ਤਾਂ ਸ਼ਬਦ ਦੀ ਉਮਰ ਯੁੱਗਾਂ ਜੇਡੀ ਹੋ ਜਾਵੇ।

ਸ਼ਬਦ ਕਦੋਂ ਮਰਦੇ ਨੇ! ਉਹ ਖੁਦਗਰਜੀਆਂ, ਤੰਗ ਦਾਇਰਿਆਂ, ਘਟੀਆ ਸੋਚਾਂ ਅਤੇ ਫਿਰਕੂ ਨਜ਼ਰੀਏ ਵਿਚ ਕੁਝ ਸਮੇਂ ਲਈ ਓਹਲੇ ਭਾਵੇਂ ਹੋ ਜਾਣ ਪਰ ਵਕਤ ਆਉਣ 'ਤੇ ਅੱਖ ਜਰੂਰ ਖੋਲ੍ਹਦੇ, ਦਿਲਾਂ ਦੀਆਂ ਰਮਜ਼ਾਂ ਫਰੋਲਦੇ ਅਤੇ 'ਵਾਵਾਂ ਵਿਚ ਆਪਣੇ ਸਦੀਵ, ਸੁਚੱਜ, ਸਮਰਪਣ ਅਤੇ ਸੰਗ ਲੋਚਾ ਦੀਆਂ ਬਾਤਾਂ ਕਰਦੇ। ਪੁਰਾਤਨ ਗ੍ਰੰਥਾਂ ਵਿਚਲੇ ਸ਼ਬਦ ਅੱਜ ਵੀ ਮਨੁੱਖ ਨੂੰ ਮੁਖਾਤਬ ਹੋ, ਉਸ ਦੀ ਸੋਚ ਵਿਚ ਬਹੁਤ ਕੁਝ ਚੰਗੇਰਾ ਧਰਦੇ, ਮਨੁੱਖ ਨੂੰ ਉਸ ਦੇ ਆਪੇ ਦੇ ਰੂਬਰੂ ਕਰਦੇ ਅਤੇ ਉਸ ਦੇ ਰਾਹਾਂ ਵਿਚ ਪਰਮ ਮਨੁੱਖ ਦੀ ਨਿਸ਼ਾਨਦੇਹੀ ਕਰਦੇ।

ਸ਼ਬਦ, ਗੁਰਬਾਣੀ ਵਿਚ ਰੂਹੀਆਂ ਰਮਜ਼ਾਂ ਅਤੇ ਜੀਵਨ-ਸੇਧਾਂ ਨੂੰ ਮਨੁੱਖ ਦੇ ਨਾਮ ਕਰਦਿਆਂ ਫੁਰਮਾਉਂਦੇ, "ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ॥" ਜਾਂ "ਅੰਤਰਿ ਸਬਦੁ ਵਸਾਇਆ ਦੁਖੁ ਕਟਿਆ ਚਾਨਣੁ ਕੀਆ ਕਰਤਾਰਿ॥" ਜਾਂ "ਗੁਰ ਕਾ ਸਬਦੁ ਕੋ ਵਿਰਲਾ ਬੂਝੈ ਆਪ ਮਾਰੇ ਤਾ ਤ੍ਰਿਭਵਣੁ ਸੂਝੈ॥" ਲੋੜ ਹੈ, ਇਸ ਸ਼ਬਦ-ਆਸਥਾ ਨਾਲ ਅੰਤਰੀਵ ਨੂੰ ਰੌਸ਼ਨ ਕਰਕੇ ਆਤਮਕ ਸਿਰਜਣਾ ਦਾ ਮਾਰਗ ਅਪਨਾਈਏ।

**ਸ਼ਬਦ ਸਭ ਤੋਂ ਸੁੰਦਰ ਤੇ ਸਦੀਵੀ ਸਾਥ ਦੁੱਖ ਤੇ ਸੁੱਖ ਵਿਚ, ਹਾਸੇ ਤੇ ਰੋਣੇ ਵਿਚ, ਮਿਲਣ ਤੇ ਮਿਲਾਪ ਵਿਚ, ਖੋਹਣ ਤੇ ਪਾਉਣ ਵਿਚ, ਲੱਭਣ ਤੇ ਗੁਵਾਉਣ 'ਚ, ਰੁੱਸਣ ਤੇ ਮਨਾਉਣ 'ਚ, ਜਾਗਣ ਤੇ ਸੌਣ 'ਚ, ਜੇਠ ਤੇ ਸਾਉਣ 'ਚ ਅਤੇ ਲਵੇ ਲਾਉਣ ਤੇ ਦੂਰ ਹਟਾਉਣ 'ਚ।**

ਸ਼ਬਦ, ਸਮਝੌਤੀਆਂ, ਸਿਆਣਪਾਂ, ਸਮਝਾਂ ਅਤੇ ਸੋਚਾਂ ਦਾ ਜਖੀਰਾ, ਸੱਦ ਲਾਉਂਦਾ ਫਕੀਰਾ, ਜਿਸ ਕੋਲ ਹੈ ਅਨੰਤ ਨਿਆਮਤਾਂ ਦਾ ਭੰਡਾਰਾ ਅਤੇ ਹੁੰਦਾ ਏ ਸਭ ਦਾ ਪਾਰ-ਉਤਾਰਾ।

ਸ਼ਬਦ, ਸੁਹਜ ਵੀ ਤੇ ਸਹਿਜ ਵੀ, ਸੁੰਦਰ ਵੀ ਤੇ ਸਾਰਥਕ ਵੀ, ਸੁਪਨਾ ਵੀ ਤੇ ਸਫਲਤਾ ਵੀ ਅਤੇ ਸਪਸ਼ਟਤਾ ਵੀ ਤੇ ਸੂਖਮਤਾ ਵੀ।

ਸ਼ਬਦ, ਆਪਸੀ ਗੱਲਬਾਤ ਦੀ ਮਜਬੂਤ ਕੜੀ, ਪਿਆਰੇ ਸਬੰਧਾਂ ਦਾ ਆਧਾਰ, ਸਮਾਜਕ ਤਾਣੇ-ਬਾਣੇ ਨੂੰ ਪਕਿਆਈ, ਪਾਕੀਜ਼ਗੀ ਤੇ ਪਹੁਲ ਬਖਸ਼ਦਾ ਅਤੇ ਆਦਮੀ ਨੂੰ ਨਵੀਆਂ ਸੰਭਾਵਨਾਵਾਂ ਸੰਗ ਜੋੜਦਾ।

ਸ਼ਬਦ, ਸਮਰੂਪ ਹੀ ਹੁੰਦੇ। ਸਿਰਫ ਭਾਸ਼ਾਵਾਂ ਦਾ ਅੰਤਰ ਹੁੰਦਾ ਕਿਉਂਕਿ ਮਨੁੱਖੀ ਭਾਵਨਾਵਾਂ, ਅਹਿਸਾਸ ਅਤੇ ਮਾਨਵੀ ਤਰੰਗਾਂ ਤਾਂ ਇਕਸਾਰ ਹੁੰਦੇ। ਮਨੁੱਖ ਦੀਆਂ ਬਹੁਤੀਆਂ ਲੋੜਾਂ ਵੀ ਇਕੋ ਜਿਹੀਆਂ ਹੁੰਦੀਆਂ, ਜਿਸ ਨਾਲ ਸ਼ਬਦ ਨੂੰ ਇਕਸਾਰਤਾ ਮਿਲਦੀ।

ਸ਼ਬਦ ਵਿਚ ਸੋਜ, ਸੋਗ, ਸੁੰਨ ਜਾਂ ਸੰਤਾਪ ਪੈਦਾ ਹੁੰਦਾ ਤਾਂ ਇਸ ਦੀਆਂ ਅੱਖਾਂ ਵਿਚ ਨੈਂਅ ਉਤਰਦੀ, ਜੋ ਵਰਕਿਆਂ ਨੂੰ ਭਿਉਂਦੀ, ਬੋਲਾਂ ਨੂੰ ਤਰਲਾਉਂਦੀ ਅਤੇ ਸਿਸਕਣੀ ਨੂੰ ਹਵਾ ਦੇ ਪਿੰਡੇ 'ਤੇ ਧਰ, ਸੂਖਮ ਅਹਿਸਾਸਾਂ ਨੂੰ ਪਰਵਾਜ਼ ਦਿੰਦੀ, ਪਰ ਅਜੋਕੇ ਅਹਿਸਾਸ ਵਿਹੂਣੇ ਲੋਕਾਂ ਤੋਂ ਕੀ ਆਸ ਰੱਖੋਗੇ, ਜੋ ਭਾਵਾਂ ਦੀ ਖੁਦਕੁਸ਼ੀ ਨੂੰ ਜਸ਼ਨ ਕਹਿੰਦੇ ਨੇ?

ਸ਼ਬਦ ਕਦੇ ਵੀ ਮਰਦੇ ਨਹੀਂ, ਸਿਰਫ ਇਨ੍ਹਾਂ ਦੀ ਰਹਿਤਲ ਬਦਲਦੀ। ਇਨ੍ਹਾਂ ਦਾ ਸਰੂਪ ਵੱਖਰਾ ਹੋ ਸਕਦਾ ਜਾਂ ਇਨ੍ਹਾਂ ਦੀਆਂ ਤਰਜ਼ੀਹਾਂ ਅਤੇ ਤਕਦੀਰ ਨੂੰ ਨਵੇਂ ਸਿਰੇ ਤੋਂ ਸਿਰਜਣਾ ਪੈਂਦਾ।

'ਘੜੀਐ ਸਬਦ ਸਚੀ ਟਕਸਾਲ' ਦਾ ਇਲਹਾਮ ਮਨੁੱਖੀ ਕਰਮ ਦਾ ਹਾਸਲ ਬਣ ਜਾਵੇ ਤਾਂ ਜ਼ਿੰਦਗੀ ਦੇ ਅਰਥ ਬਦਲ ਜਾਂਦੇ। ਸ਼ਬਦ-ਟਕਸਾਲ ਵਿਚੋਂ ਹੀ ਜੀਵਨ-ਸ਼ੈਲੀ, ਜ਼ਿੰਦਗੀ ਦਾ ਅਦਬ ਸਤਿਕਾਰ ਤੇ ਮਾਨਵਵਾਦੀ ਸੋਚ ਨੂੰ ਪੁਖਤਗੀ ਅਤੇ ਪੂਰਨਤਾ ਮਿਲਦੀ, ਜੋ ਧਾਰਮਿਕ ਗ੍ਰੰਥਾਂ ਵਿਚ ਸਮੋਈ ਸਾਨੂੰ ਹੋਕਰਾ ਲਾਉਂਦੀ ਏ ਅਪਨਾਉਣ ਲਈ, ਪਰ ਅਸੀਂ ਇਸ ਤੋਂ ਬੇਮੁਖ ਹੋ ਇਸ ਨੂੰ ਅਪਨਾਉਣ ਤੋਂ ਨਾਬਰ। ਇਹ ਨਾਬਰੀ ਹੀ ਮਨੁੱਖੀ ਤਬਾਹੀ ਦਾ ਮੰਜ਼ਰ ਆ। ਕੁਦਰਤ ਸੰਗ ਇਕਸੁਰਤਾ ਵਿਚੋਂ ਹੀ ਮਨੁੱਖ ਦੀ ਹੋਣੀ ਨੂੰ ਚਿਤਾਰੋਗੇ ਤਾਂ ਜੀਵਨ ਦਾ ਸੁਹੱਪਣ ਮਨੁੱਖ ਦਾ ਹਾਸਲ ਹੋਵੇਗਾ।

ਸ਼ਬਦ ਇਕਹਿਰੇ ਵੀ ਹੁੰਦੇ ਤੇ ਬਹੁ-ਪਰਤੀ ਵੀ, ਸਧਾਰਨ ਵੀ ਤੇ ਗੁੰਝਲਦਾਰ ਵੀ ਹੁੰਦੇ, ਸਾਦੇ ਵੀ ਹੁੰਦੇ ਤੇ ਗੂੜ੍ਹ-ਗਿਆਨੀ ਵੀ, ਸਪੱਸ਼ਟ ਵੀ ਤੇ ਧੁੰਦਲੇ ਵੀ, ਆਮ ਬੋਲ-ਚਾਲ ਦੇ ਵੀ ਤੇ ਵਿਦਵਾਨੀ ਵੀ ਅਤੇ ਮੂੜ ਵੀ ਤੇ ਗਿਆਨੀ ਵੀ।

ਸ਼ਬਦਾਂ ਦੀ ਸੋਹਬਤ ਵਿਚ ਮਨੁੱਖੀ ਸੋਚ ਨੂੰ ਵਿਸ਼ਾਲਤਾ, ਦਿੱਭ-ਦ੍ਰਿਸ਼ਟੀ ਵਿਚ ਭਵਿੱਖਮੁਖੀ ਦ੍ਰਿਸ਼ਟਾਂਤ, ਕਰਮਸ਼ੈਲੀ ਵਿਚ ਕਰਮਯੋਗਤਾ ਦਾ ਪਾਸਾਰ, ਸੁਪਨਿਆਂ ਵਿਚ ਜ਼ਿੰਦਗੀ ਨੂੰ ਹੋਰ ਜਿਉਣ-ਜੋਗੀ ਕਰਨ ਦਾ ਨਿਸ਼ਚਾ, ਸੋਚਾਂ ਵਿਚ ਸੁੰਦਰ ਦੁਨੀਆਂ ਨੂੰ ਹੋਰ ਸੋਹਣੀ ਬਣਾਉਣ ਦੀ ਧਾਰਨਾ ਅਤੇ ਮਸਤਕ ਰੇਖਾਵਾਂ ਵਿਚ ਜੀਵਨੀ ਤਰਜ਼ੀਹਾਂ ਤੇ ਤਕਦੀਰਾਂ ਨੂੰ ਨਵੇਂ ਸਿਰੇ ਤੋਂ ਵਿਉਂਤਣ ਅਤੇ ਨੇਪਰੇ ਚਾੜ੍ਹਨ ਦੀ ਕਸਮ।

ਸ਼ਬਦ, ਗਾਲ੍ਹਾਂ ਵੀ ਹੁੰਦੇ ਤੇ ਪਿਆਰ-ਨਿਉਂਦਾ ਵੀ, ਫਿਟਕਾਰਾਂ ਵੀ ਤੇ ਲਾਡ-ਲਡਿੱਕੇ ਵੀ, ਨਿਹੋਰੇ ਵੀ ਤੇ ਉਲਾਹਮੇ ਵੀ, ਗੁੱਸਾ ਵੀ ਤੇ ਪਿਆਰ ਵੀ ਅਤੇ ਕਤਲ ਵੀ ਤੇ ਮੁਆਫੀ ਵੀ। ਇਹ ਤਾਂ ਸ਼ਬਦ ਦੀ ਤਾਸੀਰ 'ਤੇ ਨਿਰਭਰ।

ਸ਼ਬਦ ਸਭ ਤੋਂ ਤਾਕਤਵਰ। ਤਲਵਾਰਾਂ, ਤੋਪਾਂ, ਐਟਮਾਂ ਅਤੇ ਮਿਜ਼ਾਈਲਾਂ ਨਾਲੋਂ ਤਾਕਤਵਰ। ਜੋ ਮਸਲੇ ਜੰਗਾਂ, ਯੁੱਧਾਂ, ਖੂਨ ਖਰਾਬੇ ਜਾਂ ਦੰਗਿਆਂ ਨਾਲ ਨਹੀਂ ਨਜਿੱਠੇ ਜਾਂਦੇ, ਉਹ ਗੱਲਬਾਤ ਦੀ ਮੇਜ਼ 'ਤੇ ਸ਼ਬਦੀ ਦਾਨ-ਪ੍ਰਦਾਨ, ਮਿੱਠੜੀ ਸਦਭਾਵਨੀ ਸੋਚ ਅਤੇ ਮਿਲਵਰਤਣੀ ਮਾਨਸਿਕ ਬਿਰਤੀ ਨਾਲ ਬੜੀ ਜਲਦੀ ਸੁਲਝ ਜਾਂਦੇ।

ਸ਼ਬਦ ਖੁਦ ਵੀ ਤਾਕਤ ਅਤੇ ਤਾਕਤ ਦਿੰਦੇ ਵੀ, ਤਾਕਤ ਪੈਦਾ ਵੀ ਕਰਦੇ, ਤਾਕਤ ਵਰਤਾਉਂਦੇ ਵੀ ਅਤੇ ਤਾਕਤਵਰ ਬਣਾਉਂਦੇ ਵੀ। ਤਾਂ ਹੀ ਸ਼ਬਦ ਨੂੰ ਤਾਕਤ ਵੀ ਕਿਹਾ ਜਾਂਦਾ।

ਸ਼ਬਦ ਅੱਖੜ ਵੀ ਤੇ ਮੁਲਾਇਮ ਵੀ, ਸੁਧਰੇ ਵੀ ਤੇ ਅਣਘੜ ਵੀ, ਤਰਤੀਬ ਵਿਚ ਵੀ ਤੇ ਬੇਤਰਤੀਬੇ ਵੀ ਅਤੇ ਸਾਰਥਕ ਸੁਨੇਹਾ ਵੀ ਤੇ ਗੁਪਤ ਸੁਨੇਹਿਆਂ ਦਾ ਤਰੀਕਾ ਵੀ। ਪਿਛਲੇ ਸਮਿਆਂ 'ਚ ਜਸੂਸਾਂ ਦੇ ਸ਼ਬਦਾਂ ਵਿਚਲੀ ਜਾਣਕਾਰੀ ਸਿਰਫ ਮਾਹਰ ਲੋਕ ਹੀ ਜਾਣ ਸਕਦੇ ਸਨ।

ਸ਼ਬਦਾਂ ਦੇ ਜਖਮ ਤਲਵਾਰ ਨਾਲੋਂ ਡੂੰਘੇ ਤੇ ਗੰਭੀਰ। ਜਿਸਮ 'ਤੇ ਲੱਗੇ ਫੱਟ ਜਲਦੀ ਹੀ ਆਠਰ ਜਾਂਦੇ, ਖਰੀਂਡ ਆ ਜਾਂਦੇ ਅਤੇ ਸਿਰਫ ਇਕ ਦਾਗ ਹੀ ਰਹਿ ਜਾਂਦਾ; ਪਰ ਸ਼ਬਦਾਂ ਦੀਆਂ ਛਿਲਤਰਾਂ ਹਮੇਸ਼ਾ ਚਸਕਦੀਆਂ।

ਸ਼ਬਦੀ 'ਮੈਂ' ਸਭ ਤੋਂ ਖਤਰਨਾਕ ਅਤੇ ਵਿਨਾਸ਼ਕਾਰੀ ਜਦ ਕਿ 'ਅਸੀਂ' ਸ਼ਬਦ ਸਭ ਦਾ ਸਾਂਝਾ, ਸਰਬੱਤ ਦੇ ਭਲੇ ਦੀ ਆਭਾ ਅਤੇ ਸਰਬ-ਲੋਚਾ ਦਾ ਪ੍ਰਤੀਬਿੰਬ। ਇਸ ਵਿਚੋਂ ਹੀ ਸੁਭ-ਚੇਤਨਾ ਅਤੇ ਸੁਚਾਰੂ ਬਿਰਤੀ ਦਾ ਵਿਕਾਸ ਤੇ ਵਿਸਥਾਰ।

ਸ਼ਬਦਾਂ ਦਾ ਜਾਦੂਗਰੀ ਅਸਰ ਹੁੰਦਾ, ਜਦ ਇਹ ਵਿਰਾਟ ਸੋਚ ਨੂੰ ਵਿਰਾਮ ਲਾਉਂਦੇ, ਮਨ ਦੀ ਗੁਸੈਲੀ ਸੋਚ ਨੂੰ ਸ਼ਾਂਤ ਕਰਦੇ ਅਤੇ ਸਰਬ-ਮਿਲਵਰਤਣ ਦਾ ਪੈਗਾਮ ਹਰ ਮਨ ਦਰ 'ਤੇ ਉਕਰ ਜਾਂਦੇ।

ਸ਼ਬਦਾਂ ਦੀ ਮਹਿਮਾ ਕਰਦਿਆਂ ਸ਼ਬਦ ਆਪ-ਮੁਹਾਰੇ ਹੀ ਗੁਣਗੁਣਾਉਂਦੇ:

ਸ਼ਬਦ, ਅੱਖਰਾਂ ਦੀ ਵਰਣਮਾਲਾ
ਸ਼ਬਦ, ਵਾਕ-ਤਹਿਜ਼ੀਬ,
ਸ਼ਬਦ, ਸੁਹੰਢਣੀ ਜੀਵਨ-ਸ਼ੈਲੀ
ਸ਼ਬਦ, ਅਦਬ ਅਦੀਬ।

ਸ਼ਬਦ, ਜੀਵਨ ਦਾ ਮੂਲ-ਮੰਤਰ
ਸ਼ਬਦਹੀ ਮੁੱਖ ਵਾਕ,
ਸ਼ਬਦ, ਭਜਨ ਤੇ ਕੀਰਤਨ ਹੁੰਦਾ
ਸ਼ਬਦ ਹੀ ਜਪਿਆ ਜਾਪ।

ਸ਼ਬਦ ਗੁਰੂ ਸੁਰਤਿ ਧਨੁ ਚੇਲਾ
ਸ਼ਬਦ, ਜਾਗਦੀ ਜੋਤ,
ਸ਼ਬਦ ਸੁਹਜ, ਸੁਖਨ-ਸਬੂਰੀ
ਸ਼ਬਦੈ ਸਭ ਕਿਛ ਹੋਤ।

ਸ਼ਬਦੈ ਸਮਝ ਸਿਆਣਪਾਂ
ਸ਼ਬਦੀਂ ਪਾਈਏ ਮਾਣ,
ਸ਼ਬਦ, ਆਦਮ-ਜਾਤ ਵੀ
ਸ਼ਬਦ, ਖੁਦਾ ਭਗਵਾਨ।

ਸ਼ਬਦ ਹੁੰਦੇ ਖੁਸ਼ੀਆਂ-ਖੇੜੇ
ਸ਼ਬਦ ਹੀ ਬਣਦੇ ਗਮ,
ਸ਼ਬਦ ਕਰਦੇ ਜਖਮਾਂ ਦੀ ਖੇਤੀ
ਸ਼ਬਦ ਹੀ ਲਾਉਂਦੇ ਮਰਹਮ।

ਸ਼ਬਦ ਬਣਦੇ ਗੈਰ-ਧਰਾਤਲ
ਸ਼ਬਦ ਹੁੰਦੇ ਹਮ-ਦਮ,
ਸ਼ਬਦ ਕਰਾਉਂਦੇ ਝਗੜੇ-ਝੇੜੇ
ਸ਼ਬਦ ਹੀ ਸੁਰ-ਸਰਗਮ।

ਸ਼ਬਦ ਸਿਰਜਣ ਸਾਹ-ਸਿਸਕਣੀ
ਸ਼ਬਦ, ਸੰਗੀਤਕ ਦਮ,
ਸ਼ਬਦ ਦਿਖਾਉਂਦੇ ਮਨ ਦੀ ਮੈਲ
ਸ਼ਬਦ ਹੀ ਸੁੱਚਾ ਚੰਮ।

ਸ਼ਬਦ ਬਣਦੇ ਬਹੁਤਾਤ-ਬੰਦਗੀ
ਸ਼ਬਦ ਹੀ ਕਮ-ਸੇ-ਕਮ,
ਸ਼ਬਦ, ਪਿੰਡੇ ਦੇ ਮੁੜ੍ਹਕਾ-ਮੋਤੀ
ਸ਼ਬਦ, ਕੀਰਤੀ-ਕੰਮ।
ਸ਼ਬਦ ਹੀ ਹੁੰਦੇ 'ਹੂ' ਬਾਹੂ ਦੀ
ਸ਼ਬਦ, ਬੋਧ ਦੀ ਬਾਣੀ,
ਸ਼ਬਦ ਕਦੇ ਪੀਲੂ ਦਾ ਮਿਰਜ਼ਾ
ਸ਼ਬਦ, 'ਸੋਹਣੀ' ਕਹਾਣੀ।

ਸ਼ਬਦਾਂ ਵਿਚ ਵੱਸੇ ਵਿਰਾਸਤ
ਸ਼ਬਦਾਂ ਵਿਚ ਇਤਿਹਾਸ,

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸ਼ਬਦਾਂ ਵਿਚ ਵੈਦ-ਪੁਰਾਣ
ਸ਼ਬਦਾਂ ਵਿਚ ਮਿਥਿਹਾਸ।

ਸ਼ਬਦਾਂ ਵਿਚ ਹੀ ਹੂੰਗੇ ਹਾਅ
ਸ਼ਬਦ ਸਿਰਜਦੇ ਆਸ,
ਸ਼ਬਦ ਵਿਛੜਨ ਵਿਛੜਨ ਕਰਦੇ
ਸ਼ਬਦ ਬਿਠਾਵਣ ਪਾਸ।

ਸ਼ਬਦ ਸਾਹੀਂ ਸੋਗ ਸੰਤਾਪੇ
ਸ਼ਬਦ ਧਰੇ ਧਰਵਾਸ,
ਸ਼ਬਦ ਸੁੱਕੇ ਹੋਠ ਕਿਆਸਣ
ਸ਼ਬਦ ਬੁਝਾਵੇ ਪਿਆਸ।

ਸ਼ਬਦਾਂ ਵਿਚ ਹਲ ਤੇ ਗੱਡੇ
ਸ਼ਬਦੀਂ ਖੂਹ ਖਰਾਸ,
ਸ਼ਬਦੀਂ ਮੋਹ-ਮਮਤਾ ਦੀਆਂ ਗੱਲਾਂ
ਸ਼ਬਦੀਂ ਪੁਰ-ਖੁਲਾਸ।

ਸ਼ਬਦਾਂ ਵਿਚ 'ਜਾਪੁ' ਤੇ 'ਜਪੁਜੀ'
ਸ਼ਬਦ, 'ਸੋਹਲੇ' 'ਰਹਿਰਾਸ',
ਸ਼ਬਦਾਂ ਵਿਚ ਸੋਚਾਂ ਦੇ ਮੋਤੀ
ਸ਼ਬਦੀਂ ਅਰਥ-ਅਰਦਾਸ।

ਸ਼ਬਦੀਂ ਵੱਸਦੀ ਬੋਲ ਗੁਟਕਣੀ
ਸ਼ਬਦੀਂ ਮਨ-ਪਰਵਾਸ,
ਸ਼ਬਦਾਂ ਦੇ ਵਿਚ ਸਤਲੁਜ ਵਹਿੰਦਾ
ਸ਼ਬਦੀਂ ਰਾਵੀ ਬਿਆਸ।

ਸ਼ਬਦ ਹੁੰਦਾ ਸੁੰਨ ਦਾ ਪਹਿਰਾ
ਸ਼ਬਦੀਂ ਠੱਠੇ ਹਾਸੇ,
ਸ਼ਬਦਾਂ ਵਿਚ ਸਿਰੜ ਸਾਧਨਾ
ਸ਼ਬਦੀਂ ਹੱਠ ਦਿਲਾਸੇ।

ਸ਼ਬਦਾਂ ਦੇ ਵਿਚ ਚਾਅ ਚਹਿਕਦੇ
ਸ਼ਬਦੀਂ ਹਮ-ਹਸਾਸੇ
ਸ਼ਬਦਾਂ ਵਿਚ ਬੱਚਿਆਂ ਦੀ ਲੋਰੀ
ਸ਼ਬਦੀਂ ਲਾਲ-ਦੰਦਾਸੇ।

ਸ਼ਬਦਾਂ ਵਿਚ ਅਸੀਸ ਦੁਆਵਾਂ
ਸ਼ਬਦ ਹੀ ਰੌਸ਼ਨ ਪਾਸੇ,
ਸ਼ਬਦੀਂ ਵੱਸਣ ਬਰਕਤ ਰਹਿਮਤਾਂ
ਸ਼ਬਦ 'ਚ ਰੂਹ-ਭਰਵਾਸੇ।

ਸ਼ਬਦ, ਸ਼ਬਦਾਂ ਦਾ ਸੰਝ-ਸਵੇਰਾ
ਸ਼ਬਦ, ਸ਼ਬਦਾਂ ਦੀ ਸ਼ਾਮ,
ਸ਼ਬਦ, ਸ਼ਬਦਾਂ ਦੀ ਉਘੜੀ ਰੇਖਾ
ਸ਼ਬਦ ਹੀ ਅਜ਼ਲ-ਅੰਜ਼ਾਮ।

ਸ਼ਬਦ, ਸ਼ਬਦਾਂ ਦਾ ਸੁੱਖ ਸੁਨੇਹਾ
ਸ਼ਬਦ ਹੀ ਪੀੜ-ਪੈਗਾਮ,
ਸ਼ਬਦ, ਸ਼ਬਦ ਦਾ ਅੱਜ ਤੇ ਕੱਲ
ਸ਼ਬਦ, ਸ਼ਬਦ-ਇਲਹਾਮ।

ਸ਼ਬਦ ਹੁੰਦੇ ਕੌਲ ਇਕਰਾਰ
ਸ਼ਬਦ, ਤੋੜੀਆਂ ਕਸਮਾਂ,
ਸ਼ਬਦ, ਸ਼ਬਦ ਦੀ ਪਾਉਂਦੇ ਬਗਲੀ
ਸ਼ਬਦ ਰਮਾਉਂਦੇ ਭਸਮਾਂ।

ਸ਼ਬਦ, ਸ਼ਬਦਾਂ ਦੇ ਵਾਰਸ ਹੁੰਦੇ
ਸ਼ਬਦ, ਸ਼ਬਦਾਂ ਦੀਆਂ ਬਾਹਾਂ,
ਸ਼ਬਦ, ਮੱਥੇ 'ਤੇ ਖੁਣਿਆ ਸੂਰਜ
ਸ਼ਬਦ, ਰੋਸ਼ਨ ਰਾਹਾਂ।

ਸ਼ਬਦ, ਸ਼ਬਦਾਂ ਦਾ ਦੁੱਖ ਵਟਾਉਂਦੇ,
ਸ਼ਬਦ, ਸ਼ਬਦਾਂ ਦੀ ਢੋਈ
ਸ਼ਬਦ, ਸ਼ਬਦਾਂ ਦੀ ਮਿੱਟੀ ਬਣਦੇ

(ਬਾਕੀ ਅਗਲੇ ਸਫੇ 'ਤੇ)

ਗੁਰਮਤਿ ਗਿਆਨ

# ਕਰਤਾਰਪੁਰ ਕੀ ਮੂੰਹ ਲੈ ਕੇ ਜਾਈਏ?

ਗੁਰੂ ਨਾਨਕ ਨੇ ਇਸ ਧਰਤੀ 'ਤੇ ਗਿਆਨ ਦੇ ਖੇਤਰ ਵਿਚ ਪਿਛਲੀਆਂ ਕਈ ਸਦੀਆਂ ਦੀ ਹੋਈ ਉਨਤੀ ਦਾ ਲੇਖਾ ਜੋਖਾ ਕਰਦਿਆਂ ਲਿਖਿਆ ਸੀ, "ਗਿਆਨ ਖੰਡ ਮਹਿ ਗਿਆਨ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥" ਭਾਵ ਗਿਆਨ ਵਿਚ ਵਾਧਾ ਤਾਂ ਕੀ ਹੋਣਾ ਸੀ, ਸਗੋਂ ਇਹ ਪ੍ਰਚੰਡ ਰੂਪ ਧਾਰ ਗਿਆ ਹੈ। ਇਸ ਵਿਚ ਗਿਆਨ ਧਿਆਨ ਦੀ ਥਾਂ ਗਾਉਣ, ਵਜਾਉਣ, ਮਨੋਰੰਜਨ, ਕੌਤਕ ਤੇ ਤਮਾਸ਼ਬੀਨੀ ਨੇ ਲੈ ਲਈ ਹੈ। ਇਸ ਗੱਲ ਨੂੰ ਕਰੀਬ ਸਾਢੇ ਪੰਜ ਸਦੀਆਂ ਹੋ ਗਈਆਂ ਹਨ, ਪਰ ਸਥਿਤੀ ਸੁਧਰਨ ਦੀ ਥਾਂ ਭੈੜੀ ਬਣਦੀ ਜਾ ਰਹੀ ਹੈ।

ਜਲਸੇ ਜਲੂਸ, ਭੀੜ ਤਮਾਸ਼ੇ, ਕੌਤਕੀ ਗਤਕੇ ਤੇ ਸੰਗੀਤਮਈ ਪ੍ਰਭਾਤ ਫੇਰੀਆਂ ਤਾਂ ਉਵੇਂ ਹੀ ਹਨ, ਪਰ ਹੁਣ ਇਨ੍ਹਾਂ ਵਿਚ ਧਰਮ ਗ੍ਰੰਥਾਂ ਦੀਆਂ ਬੇਅਦਬੀਆਂ ਤੇ ਬੇਅਦਬੀਆਂ ਦੇ ਸਿਆਸੀਕਰਣ ਵੀ ਸ਼ਾਮਲ ਹੋ ਗਏ ਹਨ। ਸਮਝ ਨਹੀਂ ਆਉਂਦੀ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਕਿ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਜਦੋਂ ਗੁਰੂ ਦੇ ਸਿੱਖ ਕਰਤਾਰਪੁਰ ਜਾਣਗੇ ਤਾਂ ਕੀ ਮੂੰਹ ਲੈ ਕੇ ਜਾਣਗੇ?

ਕਰਤਾਰਪੁਰ ਵਿਚ ਗੁਰੂ ਨਾਨਕ ਨੇ ਚਹੁੰ ਉਦਾਸੀਆਂ ਤੋਂ ਵਿਹਲੇ ਹੋ ਕੇ ਆਪਣੇ ਜੀਵਨ ਦੇ ਆਖਰੀ ਦਸ ਸਾਲ ਬਿਤਾਏ ਸਨ। ਇਨ੍ਹਾਂ ਦਸਾਂ ਸਾਲਾਂ ਵਿਚ ਉਨ੍ਹਾਂ ਦੀ ਬੌਧਿਕ ਸਰਗਰਮੀ ਸਿਖਰ 'ਤੇ ਸੀ। ਇਸੇ ਸਮੇਂ ਉਨ੍ਹਾਂ ਨੇ ਸਿੱਖੀ ਦੇ ਸਿਰਮੌਰ ਗ੍ਰੰਥ ਜਪੁਜੀ ਸਾਹਿਬ ਦਾ ਨਿਰਮਾਣ ਕਰਕੇ ਸੰਸਾਰ ਨੂੰ ਅੰਧਕਾਰ ਵਿਚੋਂ ਨਿਕਲਣ ਦਾ ਰਾਹ ਦੱਸਿਆ ਸੀ। ਇਸੇ ਸਮੇਂ ਵਿਚ ਸਵੇਰੇ ਸ਼ਾਮ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸਿੱਖੀ ਦਾ ਪਾਠ ਪੜ੍ਹਾਇਆ। ਅੱਜ ਉਸ ਜਪੁਜੀ ਸਾਹਿਬ ਦਾ ਗੁਟਕਾ ਤਾਂ ਭਾਵੇਂ ਹਰ ਇਕ ਸਿੱਖ ਦੀ ਪਹੁੰਚ ਵਿਚ ਹੈ, ਪਰ ਇਸ ਵਿਚਲਾ ਸਬਕ ਹਰ ਇਕ ਦੀ ਸਮਝ ਤੋਂ ਬਾਹਰ ਹੈ।

ਜਪੁਜੀ ਕੀ ਹੈ? ਕੋਈ ਦੱਸਣ ਨੂੰ ਤਿਆਰ ਨਹੀਂ ਤੇ ਕਿਸੇ ਵਿਚ ਜਾਣਨ ਦੀ ਉਤਸੁਕਤਾ ਵੀ ਨਹੀਂ ਹੈ। ਇਸ ਲਈ ਹਰ ਸਿੱਖ ਦੀ ਇਹ ਇਖਲਾਕੀ ਜਿੰਮੇਵਾਰੀ ਬਣਦੀ ਹੈ ਕਿ ਜਦੋਂ ਉਹ ਕਰਤਾਰਪੁਰ ਜਾਵੇ ਤਾਂ ਗੁਰੂ ਸਾਹਿਬ ਦਾ ਕਰਤਾਰਪੁਰੀ ਪਾਠ ਸਿੱਖ ਕੇ ਜਾਵੇ, ਨਹੀਂ ਤਾਂ ਉਸ ਦੀ ਹਾਲਤ ਉਸ ਵਿਦਿਆਰਥੀ ਵਾਲੀ ਹੋਵੇਗੀ ਜੋ ਲੰਮੀ ਛੁੱਟੀ ਉਪਰੰਤ ਬਿਨਾ ਹੋਮ-ਵਰਕ ਕੀਤੇ ਕਲਾਸ ਵਿਚ ਆ ਵੜਿਆ ਹੋਵੇ।

ਭਾਵੇਂ ਇਸ ਯਾਦਗਾਰੀ ਮੌਕੇ 'ਤੇ ਅਤਿਅੰਤ ਲੋੜ ਸਿੱਖੀ ਸਿੱਖਣ ਦੀ ਹੈ, ਪਰ ਕਈ ਵਿਦਵਾਨ ਇਹੀ ਕਹਿਣਗੇ ਕਿ ਸਿੱਖੀ ਤਾਂ ਆਉਂਦੀ ਹੀ ਹੈ, ਫਿਰ ਇਸ ਨੂੰ ਸਿੱਖਣ ਦੀ ਕੀ ਲੋੜ ਹੈ? ਇਸ ਨੂੰ ਤਾਂ ਬੱਸ ਮੰਨਣ ਦੀ ਲੋੜ ਹੈ, ਗੁਟਕਾ ਪੜ੍ਹ ਲਵੋ, ਕੀਰਤਨ ਸੁਣ ਲਵੋ, ਚੜ੍ਹਾਵਾ ਚੜ੍ਹਾ ਦਿਓ ਤੇ ਅਰਦਾਸ ਕਰਕੇ/ਕਰਾ ਕੇ ਮੱਥਾ ਟੇਕ ਦਿਓ। ਜਿੰਨਾ ਮੰਨੋਗੇ, ਉਨੀਆਂ ਹੀ ਮਿਹਰਾਂ ਬਰਸਣਗੀਆਂ। ਜੀ ਇਸ ਤਰ੍ਹਾਂ ਨਹੀਂ, ਇਹ ਭਰਮ ਹੈ। ਗਿਆਨ ਬਿਨਾ ਵਿਸ਼ਵਾਸ ਨਿਰਾਧਾਰ ਹੈ ਤੇ ਸਿੱਖਿਆ ਤੋਂ ਬਿਨਾ ਗਿਆਨ ਅਸੰਭਵ ਹੈ। ਸਿੱਖਣ ਬਿਨਾ ਤਾਂ ਕੁਝ ਵੀ ਨਹੀਂ ਆਉਂਦਾ। ਫਿਰ ਸਿੱਖੀ ਤਾਂ ਬਾਬੇ ਨਾਨਕ ਦੀ ਉਚੀ ਸਮਝ-ਉਡਾਰੀ ਹੈ। ਇਸ ਨੂੰ ਬੁੱਝਣਾ ਤਾਂ ਪਵੇਗਾ ਹੀ। ਇਹ ਤਾਂ ਉਨ੍ਹਾਂ ਦਾ ਕੁਦਰਤ ਨੂੰ ਸਮਝਣ ਦਾ ਸਿਧਾਂਤ ਹੈ, ਜਿਸ ਦੀਆਂ ਕਈ ਪਰਤਾਂ ਤੇ ਕਈ ਪਰਿਪੇਖ ਹਨ, ਜੋ ਸਿੱਖਣ ਤੋਂ ਬਿਨਾ ਕਿਵੇਂ ਸਮਝ ਪੈ ਸਕਦੇ ਹਨ!

> **ਗੁਰੂ ਸਾਹਿਬ ਨੇ ਜਿਸ ਮਨੋਰਥ ਲਈ ਇਹ ਬਾਣੀ ਰਚੀ ਸੀ, ਉਸ ਦਾ ਅੱਜ ਕਿਸੇ ਵਿਦਵਾਨ ਨੂੰ ਇਸ਼ਾਰੇ ਮਾਤਰ ਵੀ ਪਤਾ ਨਹੀਂ ਹੈ। ਇਹ ਅਜਮਾਇਆ ਹੋਇਆ ਸੱਚ ਹੈ ਕਿ ਅਜੋਕਾ ਸਿੱਖ ਗੁਰੂ ਨਾਨਕ ਦੇ ਸਿਧਾਂਤ ਨਾਲ ਉਪਰੋਂ ਜੁੜ ਕੇ ਵੀ ਅੰਦਰੋਂ ਇਸ ਨਾਲ ਜੁੜਿਆ ਹੋਇਆ ਨਹੀਂ ਹੈ। ਸ਼ਾਇਦ ਉਸ ਨੂੰ ਪਤਾ ਵੀ ਨਹੀਂ ਕਿ ਗੁਰੂ ਸਾਹਿਬ ਦੀ ਸਿੱਖੀ ਅਸਲੋਂ ਹੈ ਕੀ? ਸਿੱਖੀ ਦੇ ਭੁਲਾਵੇਂ ਉਹ ਆਪਣੇ ਹਿਰਦੇ ਵਿਚ ਕਈ ਮਨਘੜਤ ਸੰਕਲਪ ਲਈ ਫਿਰ ਰਿਹਾ ਹੈ ਤੇ ਕਈ ਨਿਰਾਧਾਰ ਗੱਲਾਂ 'ਤੇ ਟੇਕ ਲਾਈ ਘੁੰਮ ਰਿਹਾ ਹੈ। ਆਪਣੇ ਹਿਰਦੇ ਵਿਚ ਸਿੱਖੀ ਪਾਲਣ ਲਈ ਉਸ ਨੂੰ ਪਹਿਲਾਂ ਆਪਣਾ ਮਨ ਇਨ੍ਹਾਂ ਗੈਰ-ਨਾਨਕੀ ਸੰਕਲਪਾਂ ਤੋਂ ਖਾਲੀ ਕਰਨਾ ਪਵੇਗਾ। ਇਹ ਕੰਮ ਉਹ ਉਚੇਚੀ ਸਿਖਿਆ ਤੇ ਸਹੀ ਉਦਮ ਤੋਂ ਬਿਨਾ ਨਹੀਂ ਕਰ ਸਕਦਾ।**

ਇਹ ਠੀਕ ਹੈ ਕਿ ਗੁਰੂ ਸਾਹਿਬ ਨੇ ਆਪਣਾ ਉਪਦੇਸ਼ ਲੋਕ ਭਾਸ਼ਾ ਵਿਚ ਸਰਲ ਕਰ ਕੇ ਲਿਖਿਆ ਹੈ, ਪਰ ਕੁਦਰਤ ਵੀ ਤਾਂ ਪਰੇ ਤੋਂ ਪਰੇ ਹੈ। ਇਸ ਦੀਆਂ ਵਡਿਆਈਆਂ ਤੇ ਪ੍ਰਕ੍ਰਿਆਵਾਂ ਇੰਨੀਆਂ ਜਟਿਲ ਤੇ ਗੁੰਝਲਦਾਰ ਹਨ ਕਿ ਇਨ੍ਹਾਂ ਨੂੰ ਇਕ ਹੱਦ ਤੋਂ ਅੱਗੇ ਸਰਲ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੂੰ ਤਾਂ ਬਸ ਗਣਿਤ, ਵਿਗਿਆਨ ਵਾਂਗ ਉਦਮ ਕਰ ਕੇ ਸਮਝਿਆ ਤੇ ਸਿੱਖਿਆ ਹੀ ਜਾ ਸਕਦਾ ਹੈ। ਜਿਸ ਨੂੰ ਗਣਿਤ, ਵਿਗਿਆਨ ਦੀ ਮੁਢਲੀ ਜਾਣਕਾਰੀ ਨਹੀਂ, ਉਹ ਅੱਗੇ ਨਹੀਂ ਚਲ ਸਕਦਾ ਭਾਵੇਂ ਉਹ ਇਨ੍ਹਾਂ ਵਿਸ਼ਿਆਂ ਦੀਆਂ ਪੁਸਤਕਾਂ ਲੱਖ ਲੱਖ ਵਾਰ ਪੜ੍ਹ ਲਵੇ। ਜਿਵੇਂ ਬਾਈਨੋਮੀਅਲ ਥਿਊਰਮ (Binomial Theorem) ਨੂੰ ਸਿੱਖਣ ਲਈ ਅਲਜਬਰੇ ਦੇ ਮੁਢਲੇ ਕਾਇਦੇ ਕਾਨੂੰਨ ਆਉਣੇ ਜਰੂਰੀ ਹਨ, ਇਸੇ ਤਰ੍ਹਾਂ ਸਿੱਖੀ ਨੂੰ ਸਮਝਣ ਲਈ ਇਸ ਦੇ ਮੁਢਲੇ ਸਰੋਕਾਰਾਂ ਦੀ ਜਾਣਕਾਰੀ ਬਹੁਤ ਜਰੂਰੀ ਹੈ। ਸ਼ਾਇਦ ਇਸੇ ਕਾਰਨ ਸਿੱਖੀ ਨੂੰ ਵਾਲੋਂ ਨਿੱਕੀ ਤੇ ਖੰਨਿਓਂ ਤਿੱਖੀ ਕਿਹਾ ਗਿਆ ਹੈ। ਇਸ ਨੂੰ ਸਿੱਖਣ ਲਈ ਸਹੀ ਦਿਸ਼ਾ ਵਿਚ ਕੀਤੇ ਉਦਮ ਉਪਰੰਤ ਹੀ ਮਸਤਕ ਗਿਆਨ ਨਾਲ ਭਰ ਸਕਦਾ ਹੈ।

ਜੋ ਵਿਦਵਾਨ ਕਹਿੰਦੇ ਹਨ ਕਿ ਸਿੱਖੀ ਨੂੰ ਸਿੱਖਣ ਦੀ ਨਹੀਂ, ਮੰਨਣ ਦੀ ਲੋੜ ਹੈ, ਉਹ ਜਾਣ ਲੈਣ ਕਿ ਇਸੇ ਭਰਮ-ਭਾਵਨਾ ਨੇ ਗੁਰੂ ਨਾਨਕ ਦੇ ਸਿੱਖੀ ਸਿਧਾਂਤ ਨੂੰ ਪੁਜਾਰੀਵਾਦ ਦੇ ਰਾਹ ਪਾਇਆ ਹੈ। ਇਸ ਮਾਨਤਾ ਨੇ ਸਿੱਖੀ ਨੂੰ ਸਿੱਖ ਧਰਮ ਬਣਾ ਕੇ ਪੂਜਾ ਪਾਠ ਦਾ ਆਹਾਰ ਬਣਾ ਦਿੱਤਾ ਹੈ। ਸਿੱਖਾਂ ਨੇ ਇਸ ਨੂੰ ਰਵਾਇਤੀ ਧਰਮ ਦਾ ਦਰਜਾ ਦੇ ਕੇ ਇਸ ਦਾ ਵਿਗਿਆਨਾਂ ਦੇ ਵਿਗਿਆਨ ਹੋਣ ਦਾ ਆਲਮੀ ਦਰਜਾ ਅਲੋਪ ਕਰ ਦਿੱਤਾ ਹੈ। ਸਦੀਆਂ ਦੀ ਬੱਝਵੀਂ ਕਰਮ-ਕਾਂਡੀ ਸੋਚ ਕਾਰਨ ਸ਼ਾਇਦ ਉਹ ਇਹ ਸੁਣ ਕੇ ਯਕੀਨ ਵੀ ਨਾ ਕਰਨ ਕਿ ਜਿਸ ਬਾਣੀ ਤੋਂ ਉਹ ਮੱਥਾ ਟੇਕ ਕੇ ਬਖਸ਼ਿਸ਼ਾਂ ਮੰਗਦੇ ਹਨ, ਉਹ ਪੂਰਨ ਵਿਗਿਆਨ ਹੈ। ਉਹ ਵਿਗਿਆਨ ਹੀ ਨਹੀਂ, ਸਗੋਂ ਵਿਗਿਆਨਾਂ ਦਾ ਵਿਗਿਆਨ ਹੈ। ਜੇ ਖੋਜ ਕੇ ਦੇਖਿਆ ਜਾਵੇ ਇਸ ਕਥਨ ਵਿਚ ਉਹ ਸੱਚ ਸਮਾਇਆ ਮਿਲੇਗਾ, ਜੋ ਇਸ ਕਾਇਨਾਤ ਦੇ ਰਹਿਣ ਤੀਕ ਇਵੇਂ ਖਰਾ ਰਹੇਗਾ। ਜੇ ਇਹ ਕਾਇਨਾਤ ਫਨਾਹ ਹੋ ਕੇ ਮੁੜ ਉਸਰਦੀ ਹੈ ਤਾਂ ਇਸ ਦੇ ਅਸੰਖ ਵਾਰ ਇੰਦਾਂ ਫਨਾਹ ਤੇ ਮੁੜ-ਉਸਾਰੀ ਬਾਅਦ ਵੀ ਇਹ ਸੱਚ, ਸੱਚ ਹੀ ਰਹੇਗਾ। ਜਿੱਥੇ ਇਸ ਸੱਚ ਨੂੰ ਜਾਨਣ ਦੀ ਅਸਲੋਂ ਲੋੜ ਹੈ, ਉਥੇ ਅਜੋਕੇ ਸਿੱਖ ਵਿਦਵਾਨ ਆਪਣੀ ਅਨਮਿਥੀ ਸ਼ਰਧਾ ਕਾਰਨ ਇੰਨੇ 'ਨਿਮਾਣੇ' ਮਹਿਸੂਸ ਕਰਨ ਲਗ ਗਏ ਹਨ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਜਿਸ ਬਾਣੀ ਨੂੰ ਉਹ ਹਰ ਰੋਜ ਪੜ੍ਹਦੇ ਹਨ, ਉਹ ਦੁਨੀਆਂ ਦੀ ਸਿਰੇ ਦੀ ਬੌਧਿਕ ਰਚਨਾ ਹੈ!

ਦਰਅਸਲ ਜਿਸ ਸਿੱਖੀ ਨੂੰ ਅਜੋਕੇ ਸਿੱਖ ਇਕ ਰਵਾਇਤੀ ਧਰਮ ਭਾਵ ਹਿੰਦੁਤਵ ਜਾਂ ਇਸਲਾਮ ਵਰਗਾ ਧਰਮ ਮੰਨ ਬੈਠੇ ਹਨ, ਉਹ ਧਰਮ ਨਹੀਂ ਹੈ, ਸਗੋਂ ਧਰਮ ਤੋਂ ਇਕ ਵੱਖਰਾ ਸੰਕਲਪ ਹੈ। ਇਹ ਕਹੋ ਕਿ ਗੁਰੂ ਨਾਨਕ ਅਨੁਸਾਰ ਸਿੱਖੀ ਇਕ ਸਿਧਾਂਤ ਹੈ, ਜੋ ਮੁਢਲਾ ਤੇ ਅੱਦੁਤੀ ਹੈ ਭਾਵ ਕਿਸੇ ਦੂਜੇ ਧਰਮ ਵਾਂਗ ਨਹੀਂ ਹੈ। ਗਿਆਨ ਦੀ ਸੋਧ ਦਿੰਦਾ ਇਹ ਸਿਧਾਂਤ ਉਦੋਂ ਦਾ ਉਪਜਿਆ ਹੋਇਆ ਹੈ, ਜਦੋਂ ਦੂਜੇ ਧਰਮ ਭਾਵ ਹੋਰ ਸਭ ਧਰਮ ਆਪਣੇ ਅੰਧ ਵਿਸ਼ਵਾਸ ਤੇ ਕੁਰੀਤੀਆਂ ਕਾਰਨ ਮਨੁੱਖਤਾ ਦੀ ਅਗਵਾਈ ਕਰਨ ਵਿਚ ਅਸਫਲ ਸਿੱਧ ਹੋ ਚੁਕੇ ਸਨ। ਇਸ ਸਿਧਾਂਤ ਨੇ ਮਨੁੱਖਤਾ ਨੂੰ ਉਸ ਸਮੇਂ ਕੁਦਰਤ ਤੇ ਕੁਦਰਤ ਦੇ 'ਕਰਤਾਰ' ਦੀ ਖੋਜ ਨਾਲ ਜੋੜਿਆ ਸੀ, ਜਿਸ ਸਮੇਂ ਸਭ ਧਰਮ ਕੁਦਰਤ ਤੋਂ ਬੇਮੁਖ ਹੋਏ ਤਰਕ-ਰਹਿਤ ਕਰਮ-ਕਾਂਡਾਂ ਦੀ ਸਿੱਖਿਆ ਦੇ ਰਹੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਧਰਮਾਂ ਦੇ ਕਰਮ ਕਾਂਡ ਨਹੀਂ ਸਨ ਬਦਲੇ, ਸਗੋਂ ਮਨੁੱਖੀ ਸੋਚ ਦੀ ਸਮੁੱਚੀ ਦਿਸ਼ਾ ਬਦਲੀ ਸੀ; ਭਾਵ ਉਨ੍ਹਾਂ ਨੇ ਲੋਕਾਂ ਤੋਂ ਇਕ ਤਰ੍ਹਾਂ ਦੇ ਧਾਰਮਿਕ (ਹਿੰਦੂ) ਸੰਕਲਪ ਤੇ ਕਰਮ-ਕਾਂਡ ਲੈ ਕੇ ਉਨ੍ਹਾਂ ਨੂੰ ਦੂਜੀ ਤਰ੍ਹਾਂ ਦੇ ਧਾਰਮਿਕ (ਸਿੱਖ) ਸੰਕਲਪਾਂ ਤੇ ਕਰਮ ਕਾਂਡਾਂ ਨਾਲ ਨਹੀਂ ਸੀ ਨਿਵਾਜਿਆ। ਉਨ੍ਹਾਂ ਨੇ ਤਾਂ ਸਗੋਂ ਮਨੁੱਖ ਨੂੰ ਸਭ ਕਿਸਮ ਦੇ ਕਰਮ-ਕਾਂਡਾਂ 'ਚੋਂ ਕੱਢ ਕੇ ਵਿਗਿਆਨਕ ਸੋਚ ਨਾਲ ਜਿਉਣ ਦਾ ਰਾਹ ਦੱਸਿਆ ਸੀ।

ਗੁਰੂ ਨਾਨਕ ਦੀ ਸਿਖਿਆ ਵਿਚ ਗਿਆਨ ਦੀ ਪੁਰਜੋਰ ਤਾਂਘ ਸੀ, ਜੋ ਤਰਕ, ਵਿਵੇਕ, ਬੁੱਧੀ ਤੇ ਇਸ ਦੇ ਕ੍ਰਿਆਸ਼ੀਲ ਪ੍ਰਯੋਗ 'ਤੇ ਟਿਕੀ ਹੋਈ ਸੀ। ਇਸ ਸਿੱਖਿਆ ਦਾ ਮਨੋਰਥ ਜੀਵਨ ਨੂੰ ਨਿਰਮੂਲ ਕ੍ਰਿਆ ਕਰਮਾਂ ਦੁਆਲੇ ਲਪੇਟਣਾ ਨਹੀਂ ਸੀ ਤੇ ਨਾ ਹੀ ਇਹ ਅਜਿਹੇ ਫੋਕਟ ਕਾਰਜਾਂ ਨੂੰ ਜੀਵਨ ਦੁਆਲੇ ਲਪੇਟਣ ਦੀ ਆਗਿਆ ਦਿੰਦੀ ਸੀ। ਇਹ ਤਾਂ ਸਗੋਂ ਗਿਆਨ ਦੇ ਚਾਨਣ ਦੀ ਆਸ਼ਾਵਾਦੀ ਸੋਧ ਵਿਚ ਸਿੱਧਾ ਤੇ ਸਾਰਥਕ ਜਿਉਣ ਰਾਹ ਭਾਲਣ ਦੀ ਦਲੀਲ ਸੀ। ਬੱਸ ਇਹੀ ਇਕ ਗੱਲ ਹੈ, ਜੋ ਗੁਰੂ ਸਾਹਿਬ ਨੇ ਕਰਤਾਰਪੁਰ ਵਿਚ ਸਰਲ ਅਤੇ



ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ

ਸੰਕਲਿਤ ਰੂਪ ਵਿਚ ਆਪਣੇ ਸਿੱਖਾਂ ਨੂੰ ਦੱਸੀ ਸੀ।

ਕਰਤਾਰਪੁਰ ਬੈਠ ਕੇ ਉਨ੍ਹਾਂ ਨੇ ਆਪਣੇ ਸਮੁੱਚੇ ਜੀਵਨ ਦੀ ਕਿਰਤ ਤੇ ਅਨੁਭਵ ਦਾ ਸਾਰੰਸ਼ ਇੱਕਠਾ ਕਰਕੇ ਕਰਤਾਰ ਦੀ ਬਾਣੀ ਦੇ ਪੁੰਜ ਜਪੁਜੀ ਸਾਹਿਬ ਦੀ ਰਚਨਾ ਕੀਤੀ ਸੀ; ਪਰ ਕਿਉਂਕਿ ਉਹ ਆਪਣੇ ਸਮੇਂ ਤੋਂ ਪਹਿਲਾਂ ਦੀ ਗੱਲ ਕਰ ਰਹੇ ਸਨ, ਇਸ ਲਈ ਉਨ੍ਹਾਂ ਦੀ ਸਿੱਖਿਆ ਸਰਧਾਲੂਆਂ ਦੇ ਸਿਰਾਂ ਦੇ ਉਪਰੋਂ ਦੀ ਨਿਕਲ ਕੇ ਇਤਿਹਾਸ ਵਿਚ ਗੁਆਚ ਗਈ। ਸਮਝ ਦਾ ਤਾਲ-ਮੇਲ ਨਾ ਹੋਣ ਕਾਰਨ ਸਹੀ ਸਿੱਖੀ ਸਿਧਾਂਤ ਸਿੱਖਾਂ ਕੋਲ ਨਾ ਅਪੜਿਆ। ਸਰਲ ਵਿਆਖਿਆ ਦੇ ਰੂਪ ਵਿਚ ਸੁਣ ਕੇ ਵੀ ਉਨ੍ਹਾਂ ਨੇ ਇਸ ਨੂੰ ਇਕ ਧਰਮ ਤੋਂ ਵੱਧ ਕੁਝ ਨਾ ਸਮਝਿਆ।

ਮੱਧ ਕਾਲ ਦੇ ਅੰਧੇਰ ਕਾਰਨ ਮੰਨਣ ਵਾਲਿਆਂ ਦੀ ਰੂੜੀਵਾਦੀ ਸੋਚ ਨੇ ਇਕ ਵਿਗਿਆਨਕ ਸਿਧਾਂਤ ਨੂੰ ਧਰਮ ਦਾ ਰੂਪ ਦੇ ਦਿੱਤਾ। ਫਿਰ ਇਸ ਦੁਆਲੇ ਕ੍ਰਿਆ ਕਰਮਾਂ ਦੀ ਪਰਤ ਖੜ੍ਹੀ ਕਰ ਲਈ। ਧਰਮ ਦਾ ਜਾਮਾ ਪੈ ਜਾਣ ਕਰਕੇ ਵਿਚਲਾ ਸਿਧਾਂਤ ਦਿਖਣੋਂ ਹਟ ਗਿਆ। ਬਾਹਰੀ ਅਡੰਬਰ ਤੇ ਕ੍ਰਿਆ ਕਰਮ ਪ੍ਰਬਲ ਰੂਪ ਨਾਲ ਦ੍ਰਿਸ਼ਟਮਾਨ ਹੋ ਗਏ। ਸੱਚੇ ਲੱਗਣ ਦੇ ਖਿਆਲ ਨਾਲ ਸਿੱਖ ਸ਼ਰਧਾਲੂ ਦੂਜੇ ਧਰਮਾਂ ਦੇ ਉਹ ਸਭ ਕਰਮ ਕਾਂਡ ਨਿੰਦਦੇ ਗਏ, ਜੋ ਗੁਰੂ ਸਾਹਿਬ ਨੇ ਨਿੰਦੇ ਸਨ। ਪਰ ਆਪਣੇ ਬਿਲਕੁਲ ਉਹੋ ਜਿਹੇ ਕਰਮ-ਕਾਂਡਾਂ ਨੂੰ ਉਹ ਸਿੱਖ ਧਰਮ ਸਮਝ ਕੇ ਸਲਾਹੁੰਦੇ ਗਏ। ਗੁਰੂ ਸਾਹਿਬ ਰਾਹੀਂ ਗਿਆਨ ਦੇ ਲੜ ਲਾਈ ਸਿੱਖ ਸੰਗਤ ਸਮਾਂ ਪਾ ਕੇ ਦੂਜੀਆਂ ਸੰਪਰਦਾਵਾਂ ਵਾਂਗ ਹੀ ਇਕ ਕੱਟੜ ਸੰਪਰਦਾ ਬਣ ਗਈ। ਉਨ੍ਹਾਂ ਦੇ ਹੀ ਪੱਧਰ 'ਤੇ ਉਤਰ ਕੇ ਇਹ ਉਨ੍ਹਾਂ ਨਾਲ ਉਲਝਣ ਲੱਗ ਪਈ। ਸਿੱਟਾ ਇਹ ਕਿ ਅਜੋਕਾ ਸਿੱਖ ਅੱਜ ਵੀ ਕਰੀਬ ਉਸੇ ਧਰਾਤਲ 'ਤੇ ਵਿਚਰ ਰਿਹਾ ਹੈ, ਜਿਸ 'ਤੇ ਗੁਰੂ ਸਾਹਿਬ ਦੇ ਵੇਲੇ ਦੀ ਗਿਆਨ-ਵਿਹੂਣੀ ਖਲਕਤ ਵਿਚਰ ਰਹੀ ਸੀ। ਉਤੋਂ ਅਸਚਰਜ ਇਹ ਹੈ ਕਿ ਉਸ ਨੂੰ ਪਤਾ ਹੀ ਨਹੀਂ ਕਿ ਉਹ ਉਥੇ ਵਿਚਰ ਰਿਹਾ ਹੈ!

ਇਸੇ ਲਈ ਗੁਰੂ ਸਾਹਿਬ ਨੇ ਜਿਸ ਮਨੋਰਥ ਲਈ ਇਹ ਬਾਣੀ ਰਚੀ ਸੀ, ਉਸ ਦਾ ਅੱਜ ਕਿਸੇ ਵਿਦਵਾਨ ਨੂੰ ਇਸ਼ਾਰੇ ਮਾਤਰ ਵੀ ਪਤਾ ਨਹੀਂ ਹੈ। ਇਹ ਅਜਮਾਇਆ ਹੋਇਆ ਸੱਚ ਹੈ ਕਿ ਅਜੋਕਾ ਸਿੱਖ ਗੁਰੂ ਨਾਨਕ ਦੇ ਸਿਧਾਂਤ ਨਾਲ ਉਪਰੋਂ ਜੁੜ ਕੇ ਵੀ ਅੰਦਰੋਂ ਇਸ ਨਾਲ ਜੁੜਿਆ ਹੋਇਆ ਨਹੀਂ ਹੈ। ਸ਼ਾਇਦ ਉਸ ਨੂੰ ਪਤਾ ਵੀ ਨਹੀਂ ਕਿ ਗੁਰੂ ਸਾਹਿਬ ਦੀ ਸਿੱਖੀ ਅਸਲੋਂ ਹੈ ਕੀ? ਸਿੱਖੀ ਦੇ ਭੁਲਾਵੇਂ ਉਹ ਆਪਣੇ ਹਿਰਦੇ ਵਿਚ ਕਈ ਮਨਘੜਤ ਸੰਕਲਪ ਲਈ ਫਿਰ ਰਿਹਾ ਹੈ ਤੇ ਕਈ ਨਿਰਾਧਾਰ ਗੱਲਾਂ 'ਤੇ ਟੇਕ ਲਾਈ ਘੁੰਮ ਰਿਹਾ ਹੈ। ਆਪਣੇ ਹਿਰਦੇ ਵਿਚ ਸਿੱਖੀ ਪਾਲਣ ਲਈ ਉਸ ਨੂੰ ਪਹਿਲਾਂ ਆਪਣਾ ਮਨ ਇਨ੍ਹਾਂ ਗੈਰ-ਨਾਨਕੀ ਸੰਕਲਪਾਂ ਤੋਂ ਖਾਲੀ ਕਰਨਾ ਪਵੇਗਾ। ਇਹ ਕੰਮ ਉਹ ਉਚੇਚੀ ਸਿਖਿਆ ਤੇ ਸਹੀ ਉਦਮ ਤੋਂ ਬਿਨਾ ਨਹੀਂ ਕਰ ਸਕਦਾ।

ਹੁਣ ਵਿਗਿਆਨ ਦਾ ਯੁਗ ਹੈ ਤੇ ਵਿਗਿਆਨ ਲੋਕਾਂ ਅੱਗੇ ਨੱਚ ਰਿਹਾ ਹੈ। ਇਸ ਨਾਲ ਉਨ੍ਹਾਂ ਦੀ ਬੁੱਧੀ ਨੇ ਵਿਗਿਆਨਕ ਪਲਟਾ ਖਾਧਾ ਹੈ। ਹੁਣ ਸਿੱਖਾਂ ਦੀ ਬੁੱਧੀ ਗੁਰੂ ਨਾਨਕ ਦੀ ਸਿਖਿਆ ਦੀਆਂ ਵਿਗਿਆਨਕ ਰਿਸ਼ਮਾਂ ਵਧੇਰੇ ਆਸਾਨੀ ਨਾਲ ਗ੍ਰਹਿਣ ਕਰ ਸਕਦੀ ਹੈ। ਸਿੱਖ ਹੁਣ ਥੋੜੇ ਧਿਆਨ ਤੇ ਮਿਹਨਤ ਸਦਕਾ ਹੀ ਇਸ ਸੋਚ ਨਾਲ ਜੁੜ ਸਕਦੇ ਹਨ। ਹੁਣ ਸਮਾਂ ਆ ਚੁਕਾ ਹੈ ਕਿ ਗੁਰੂ ਸਾਹਿਬ ਦੀ ਸਿੱਖੀ ਦਾ ਚਾਨਣ ਸਭ ਪਰਦੇ ਚੀਰ ਕੇ ਬਾਹਰ ਆਵੇ ਤੇ ਇਸ ਦਾ ਵਿਗਿਆਨ ਚੌਗਿਰਦੇ ਦੇ ਵਿਗਿਆਨ ਨਾਲ ਮਿਲੇ। ਹੁਣ ਇਹ ਭਰਮ ਕਿ ਗੁਰੂ ਸਾਹਿਬ ਦੀ ਸਿੱਖੀ ਤੇ ਵਿਗਿਆਨ-ਦੋ ਵੱਖ ਵੱਖ ਗੱਲਾਂ ਹਨ, ਟੁੱਟਣਾ ਮੁਸ਼ਕਿਲ ਨਹੀਂ ਹੈ। ਇਸ ਲਈ ਹਰ ਇਕ ਸਿੱਖ ਨੂੰ ਗੁਰੂ ਸਾਹਿਬ ਦੇ ਵਿਲੱਖਣ 'ਸਿੱਖੀ' ਉਪਦੇਸ਼ ਨੂੰ ਫਿਰ ਤੋਂ ਸਮਝਣ ਤੇ ਸਿੱਖਣ ਦੀ ਲੋੜ ਹੈ। ਲੋੜ ਬਾਣੀ ਦੇ ਤੇਜ ਰਫਤਾਰ ਅਖੰਡ ਪਾਠ ਦੀ ਨਹੀਂ ਸਗੋਂ ਇਕ ਇਕ ਸ਼ਬਦ ਪੜ੍ਹ ਕੇ ਉਸ ਉਤੇ ਤਰਕਪੂਰਨ ਵਿਚਾਰ ਕਰਨ ਦੀ ਹੈ। ਲੋੜ ਉਲਥਿਆਂ ਤੇ ਟੀਕਿਆਂ 'ਤੇ ਨਿਰਭਰਤਾ ਦੀ ਨਹੀਂ, ਲੋੜ ਤਾਂ ਗੁਰੂ ਦੇ ਸ਼ਬਦ ਨੂੰ ਸਿੱਧਾ ਖੋਜਣ ਦੀ ਹੈ।

ਅਜੋਕਾ ਸਿੱਖ, ਭਾਵੇਂ ਉਹ ਕੋਈ ਸਿੱਖ ਵਿਦਵਾਨ, ਗਿਆਨੀ ਜਾਂ ਪ੍ਰਚਾਰਕ ਹੋਵੇ ਤੇ ਭਾਵੇਂ ਕੋਈ ਬੁਧੀਜੀਵੀ ਹੋਵੇ, ਜਦੋਂ ਵੀ ਉਹ ਇਸ ਨੂੰ ਸਿੱਖਣਾ ਸ਼ੁਰੂ ਕਰ ਦੇਵੇਗਾ, ਉਦੋਂ ਹੀ ਗੁਰੂ ਸਾਹਿਬ ਦਾ ਸੱਚਾ ਸਿੱਖ ਬਣਨਾ ਸ਼ੁਰੂ ਹੋ ਜਾਵੇਗਾ। ਇਸ ਸਦਕਾ ਉਹ ਗੁਰੂ ਸਾਹਿਬ ਦੇ ਕਰਤਾਰੀ ਦਰਸ਼ਨ ਵਾਲੇ ਸਿੱਖੀ ਫਲਸਫੇ ਨਾਲ ਉਜਲ-ਮੁਖੀ ਹੋ ਕੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕੇਗਾ।

# ਸ਼ਬਦ ਸ਼ਬਦ ਹੋਣਾ

(ਪਿਛਲੇ ਸਫੇ ਦੀ ਬਾਕੀ)

ਸ਼ਬਦ, ਸ਼ਬਦ-ਖੁਸ਼ਬੋਈ।

ਸ਼ਬਦ, ਸ਼ਬਦਾਂ ਦਾ ਪਾਣੀ ਭਰਦੇ,
ਸ਼ਬਦ ਹੀ ਖਿਦਮਤਗਾਰ,
ਸ਼ਬਦ, ਸ਼ਬਦਾਂ ਦਾ ਮਿੱਤ ਮੋਢਾ,
ਸ਼ਬਦ ਲੰਘਾਉਂਦੇ ਪਾਰ।

ਸ਼ਬਦ, ਸੱਚ ਦਾ ਲਾਇਆ ਹੋਕਾ
ਸ਼ਬਦ ਹੀ ਕੂੜ ਵਪਾਰ,
ਸ਼ਬਦ, ਸੰਦੇਸ਼ ਸਿਹਤਯਾਬੀ ਦਾ
ਸ਼ਬਦ ਹੀ ਕਰੇ ਬਿਮਾਰ।

ਸ਼ਬਦ, ਸੁੱਕਿਆਂ ਨੂੰ ਹਰਿਆ ਕਰਦੇ
ਸ਼ਬਦ, ਬਾਗ-ਬਹਾਰ,
ਸ਼ਬਦ, ਰੰਗ-ਮਹਿਕ ਦਾ ਬੂਟਾ
ਸ਼ਬਦ, ਫਲ-ਗੁਲਜ਼ਾਰ।

ਸ਼ਬਦ, ਸਾਹਾਂ ਦਾ ਸਰਮਾਇਆ
ਸ਼ਬਦ, ਅਉਧ ਦੀ ਘਾਟ,
ਸ਼ਬਦ, ਮੰਜ਼ਿਲਾਂ ਦਾ ਸਿਰਨਾਵਾਂ
ਸ਼ਬਦ ਹੀ ਵਿਟਰੀ ਵਾਟ।

ਸ਼ਬਦ ਕਰਦਾ ਚੁੱਲ੍ਹਿਆਂ ਦੀ ਚੁਗਲੀ
ਸ਼ਬਦ, ਟੁੱਕ ਦੀਆਂ ਸੂਹਾਂ,
ਸ਼ਬਦ, ਸੱਥਾਂ 'ਚ ਵੱਸਦੀ ਬਰਕਤ
ਸ਼ਬਦ, ਧੂਣੀ ਦਾ ਧੂੰਆਂ।

ਸ਼ਬਦ, ਆਲ੍ਹੇ ਸੰਤੋਖਿਆ ਦੀਵਾ
ਸ਼ਬਦ, ਮੰਜੀਆਂ ਦੀਆਂ ਪਾਲਾਂ,
ਸ਼ਬਦ, ਬਾਬੇ ਦੀਆਂ ਬਾਤਾਂ ਹੁੰਦੇ
ਸ਼ਬਦ, ਨੀਂਦ ਹੰਗਾਲਾਂ।

ਸ਼ਬਦ ਹੁੰਦੇ ਗੁੱਝੀਆਂ ਰਮਜ਼ਾਂ
ਸ਼ਬਦ ਦਿਲ ਦੀਆਂ ਬਾਤਾਂ,
ਸ਼ਬਦ, ਮਨ ਖਿੜੀਆਂ ਗੁਲਜ਼ਾਰਾਂ
ਸ਼ਬਦ, ਸਰੂਰ ਸੌਗਾਤਾਂ।

ਸ਼ਬਦ ਸਿਰਜਦਾ ਰਿਸ਼ਤੇ ਨਾਤੇ
ਸ਼ਬਦ ਹੀ ਬੀਜੇ ਕੰਡੇ,
ਸ਼ਬਦ ਕਰਦਾ ਸਿਫਤ-ਸਲਾਹੁਤਾਂ
ਸ਼ਬਦ ਚੌਰਾਹੀਂ ਭੰਡੇ।

ਸ਼ਬਦ ਹੁੰਦਾ ਦਰਗਾਹੀ ਦਾਰੂ
ਸ਼ਬਦ ਨਿਵਾਰੇ ਰੋਗ,
ਸ਼ਬਦ ਹੁੰਦਾ ਕੰਨ ਪੜਵਾਣੇ
ਸ਼ਬਦ, ਕਮਾਉਣਾ ਜੋਗ।

ਸ਼ਬਦ, ਮਨ ਦੀ ਖੁੱਲ੍ਹੀ ਬਾਰੀ
ਸ਼ਬਦ, ਕਿਰਨਾਂ ਦਾ ਚੋਣਾ,
ਸ਼ਬਦ ਹੁੰਦਾ ਅੰਤਰੀਵ ਯਾਤਰਾ
ਸ਼ਬਦ ਹੀ ਖੁਦ ਨੂੰ ਪਾਉਣਾ।

ਪਰ, ਕਦੇ ਕਦਾਈਂ
ਜਰੂਰੀ ਹੁੰਦਾ
ਸ਼ਬਦਾਂ ਦੀ ਜੂਹ ਵਿਚ ਜਾਣਾ
ਰੁੱਸੇ ਸ਼ਬਦਾਂ ਨੂੰ ਮਨਾਉਣਾ
ਗੁੰਮੇ ਸ਼ਬਦਾਂ ਦੀ ਥਾਹ ਪਾਉਣਾ
ਚੁੱਪ ਸ਼ਬਦਾਂ ਨੂੰ ਬੋਲ ਛੁਹਾਣਾ
ਗੁੰਗੇ ਸ਼ਬਦੀਂ ਹਰਫ ਟਿਕਾਣਾ
ਫਿੱਕੇ ਸ਼ਬਦੀਂ ਰੰਗਤ ਚੜ੍ਹਾਉਣਾ
ਭਟਕੇ ਸ਼ਬਦਾਂ ਨੂੰ ਮੋੜ ਲਿਆਉਣਾ
ਰੋਂਦੇ ਸ਼ਬਦਾਂ ਨੂੰ ਗਲ ਨਾਲ ਲਾਉਣਾ
ਜਖਮੀ ਸ਼ਬਦਾਂ ਨੂੰ ਸਹਿਲਾਣਾ
ਤੇ ਮਨ ਦੀ ਜੂਹੇ ਜਾ ਕੇ
ਸ਼ਬਦ ਨੂੰ ਆਤਮ-ਰਾਗ ਬਣਾਉਣਾ
ਅਤੇ ਸ਼ਬਦ ਸ਼ਬਦ ਹੋ ਜਾਣਾ।

ਸ਼ਬਦਾਂ ਦੇ ਸੁੱਚੇ ਅਰਥ, ਸਮਿਆਂ ਦਾ ਸੁੰਦਰ ਸੰਵਾਦ। ਇਸ ਵਿਚੋਂ ਹੀ ਚੇਤਨਾ ਨੂੰ ਚਿੰਤਨ ਅਤੇ ਚੰਗਿਆਈ ਦਾ ਜਾਗ ਲੱਗਦਾ। ਸ਼ਬਦ ਅਤੇ ਇਸ ਦੇ ਅਰਥ ਦਾ ਰਿਸ਼ਤਾ ਦੁੱਧ ਤੇ ਪਾਣੀ ਵਰਗਾ। ਆਪਸ ਵਿਚ ਮਿਲ ਕੇ ਨਿੱਜੀ ਹੋਂਦ ਨੂੰ ਮਿਟਾ ਇਕ ਰੂਪ ਧਾਰਦੇ। ਦੁੱਧ ਨੂੰ ਉਬਾਲਣ ਵਕਤ ਪਹਿਲਾਂ ਪਾਣੀ ਨੂੰ ਸੇਕ ਲੱਗਦਾ ਤੇ ਦੁੱਧ ਉਬਲਦਾ। ਉਬਲਦੇ ਦੁੱਧ ਨੂੰ ਸ਼ਾਂਤ ਕਰਨ ਲਈ ਫਿਰ ਪਾਣੀ ਦੇ ਤਰੌਂਕਿਆਂ ਦੀ ਲੋੜ ਪੈਂਦੀ। ਪਾਣੀ ਹੀ ਦੁੱਧ ਦਾ ਸਭ ਤੋਂ ਮਹਿਬੂਬੀ ਸਾਥੀ। ਦੁੱਧ ਦੀ ਪਾਣੀ ਸੰਗ ਆੜੀ, ਇਕ ਜੋਤ ਦੋਏ ਮੂਰਤੀ। ਸ਼ਬਦਾਂ ਵਿਚ ਮਹਿਕੀਲੇ ਤੇ ਜ਼ਜੀਲੇ ਅਰਥ ਹੋਣ ਤਾਂ ਇਹ ਪਾਕ-ਪੂਰਤੀ ਦਾ ਅਹਿਸਾਸ ਪੈਦਾ ਕਰਦੇ।

ਸ਼ਬਦਾਂ ਸੰਗ ਦੋਸਤੀ ਪਾਓ ਅਤੇ ਇਨ੍ਹਾਂ ਦੀ ਗਲਵੱਕੜੀ ਦੇ ਨਿੱਘ ਨੂੰ ਜੀਵਨ ਦਾ ਨਿੱਘ ਤੇ ਦਸਤੂਰ ਬਣਾਓ, ਜੀਵਨ ਜਿਉਣ-ਜੋਗਾ ਹੋ ਜਾਵੇਗਾ। ਜੀਵਨ-ਜੁਗਤ, ਆਲੇ ਦੁਆਲੇ ਦਾ ਹਾਸਲ ਹੋ ਜਾਵੇਗਾ।

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-3

# ਹਿੰਦੂ ਯੁਵਾ ਵਹਿਨੀ

***ਆਰ.ਐਸ.ਐਸ. ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ 'ਚ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ.ਐਸ.ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਜ਼ਿੰਮੇਵਾਰ ਸੰਗਠਨਾਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਵਾਰ ਉਤਰ ਪ੍ਰਦੇਸ਼ ਵਿਚ ਸਰਗਰਮ ਹਿੰਦੂ ਯੁਵਾ ਵਾਹਿਨੀ ਦੇ ਕੰਮ ਢੰਗ ਬਾਰੇ ਭਰਪੂਰ ਖੁਲਾਸਾ ਹੈ, ਜਿਸ ਨੇ ਸੂਬੇ ਵਿਚ ਹਿੰਦੂ-ਮੁਸਲਮਾਨ ਧਰੁਵੀਕਰਨ ਲਈ ਰਾਹ ਖੋਲ੍ਹਿਆ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕੁਲਬੁਰਗੀ ਹਾਂਪੀ ਯੂਨੀਵਰਸਿਟੀ ਦਾ ਸਾਬਕਾ ਵਾਈਸ ਚਾਂਸਲਰ ਸੀ ਅਤੇ ਲਿੰਗਾਇਤ ਰਵਾਇਤ ਦਾ ਵਿਦਵਾਨ ਸੀ। ਉਹ ਪ੍ਰਸਿਧ ਤਰਕਸ਼ੀਲ ਅਤੇ ਕੰਨੜ ਸਾਹਿਤ ਦੇ ਮਸ਼ਹੂਰ ਵਿਦਵਾਨ ਯੂ. ਆਰ. ਅਨੰਤਮੂਰਤੀ ਦਾ ਪੱਕਾ ਹਮਾਇਤੀ ਸੀ। ਉਹ ਬ੍ਰਾਹਮਣਵਾਦੀ, ਕੱਟੜਪੰਥੀ ਅਤੇ ਫਿਰਕੂ ਸਿਆਸਤ ਦਾ ਤਿੱਖਾ ਆਲੋਚਕ ਸੀ। 2014 ਵਿਚ ਬੰਗਲੌਰ ਵਿਚ 'ਵਹਿਮ ਭਰਮ ਵਿਰੋਧੀ ਬਿਲ' ਬਾਰੇ ਗੋਸ਼ਟੀ ਵਿਚ ਉਸ ਨੇ ਬਹੁਤ ਤਿੱਖੇ ਰੂਪ ਵਿਚ ਅਜਿਹੀ ਵਿਚਾਰਧਾਰਾ 'ਤੇ ਹਮਲਾ ਕੀਤਾ ਸੀ। ਹਿੰਦੂ ਤਾਕਤਾਂ ਦੇ ਕੁਲਬੁਰਗੀ ਖਿਲਾਫ ਗੁੱਸੇ ਕਾਰਨ ਭਾਵੇਂ ਉਸ ਨੂੰ ਪੁਲਿਸ ਸੁਰੱਖਿਆ ਦੀ ਮੰਗ ਲਈ ਮਜਬੂਰ ਵੀ ਹੋਣਾ ਪਿਆ, ਪਰ ਕਤਲ ਤੋਂ ਕੁਝ ਦਿਨ ਪਹਿਲਾਂ ਹੀ ਉਸ ਨੇ ਸੁਰੱਖਿਆ ਵਾਪਸ ਲੈਣ ਦੀ ਮੰਗ ਕੀਤੀ ਸੀ।

ਇਨ੍ਹਾਂ ਤਿੰਨਾਂ ਕਤਲਾਂ ਵਿਚ ਸੰਸਥਾ ਦੀ ਭੂਮਿਕਾ ਭਾਵੇਂ ਸਾਫ ਦਿਖਾਈ ਦਿੰਦੀ ਹੈ, ਪਰ ਸੰਸਥਾ ਅਜੇ ਵੀ ਮੰਨਣ ਲਈ ਤਿਆਰ ਨਹੀਂ। ਉਂਜ ਡਭੋਲਕਰ, ਪਨਸਾਰੇ ਅਤੇ ਕੁਲਬੁਰਗੀ ਦੇ ਕਤਲਾਂ ਨੇ ਸੰਸਥਾ ਨੂੰ ਮੁੜ ਕੇਂਦਰ ਵਿਚ ਲਿਆਂਦਾ ਹੈ ਅਤੇ ਲੋਕ ਮੁੜ ਇਸ ਤੋਂ ਨਿਜਾਤ ਪਾਉਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਇਸ ਵਾਰ ਅਗਵਾਈ ਨੌਜਵਾਨ ਆਗੂ ਰਾਮਨਾਥ ਨੇ ਸੰਭਾਲੀ ਹੈ, ਜੋ ਸਥਾਨਕ ਨੌਜਵਾਨ ਹੈ। 30 ਸਤੰਬਰ 2015 ਨੂੰ ਪਨਸਾਰੇ ਕਤਲ ਕੇਸ ਵਿਚ ਸਮੀਰ ਗਾਇਕਵਾੜ ਦੀ ਗ੍ਰਿਫਤਾਰੀ ਪਿਛੋਂ ਪਿੰਡ ਦੇ ਮੁਖੀ ਸੌਰਭ ਲੋਟਲੀਕਰ ਨੇ ਮੰਗ ਕੀਤੀ ਕਿ ਸੰਸਥਾ ਦਾ ਆਸ਼ਰਮ ਪਿੰਡ ਵਿਚੋਂ ਚੁੱਕਿਆ ਜਾਵੇ।

ਰਾਮਨਾਥ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ 7 ਦਿਨਾਂ ਵਿਚ ਆਸ਼ਰਮ ਬੰਦ ਨਾ ਕਰਵਾਇਆ ਤਾਂ ਉਹ ਅੰਦੋਲਨ ਕਰਨਗੇ ਪਰ ਕੁਝ ਨਹੀਂ ਹੋਇਆ। ਇਸ ਮਾਮਲੇ ਵਿਚ ਸੰਸਥਾ ਦੀ ਸਫਲਤਾ ਦਰਸਾਉਂਦੀ ਹੈ ਕਿ ਕਿਵੇਂ ਪ੍ਰਬੰਧ ਨੂੰ ਵਰਗਲਾਇਆ ਜਾਂਦਾ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਫਾਸ਼ੀਵਾਦ ਕਿਵੇਂ ਆਉਂਦਾ ਹੈ। ਸੰਸਥਾ ਖਿਲਾਫ 2009 ਵਿਚ ਚੱਲਿਆ ਅੰਦੋਲਨ ਮੁੜ ਪੈਦਾ ਨਹੀਂ ਕੀਤਾ ਜਾ ਸਕਿਆ। ਅਸਲ ਵਿਚ ਹੁਣ ਕੇਂਦਰ ਅਤੇ ਗੋਆ ਵਿਚ ਭਾਜਪਾ ਦੀ ਸਰਕਾਰ ਹੈ। ਹੁਣ ਸਨਾਤਨ ਸੰਸਥਾ 'ਤੇ ਪਾਬੰਦੀ ਕਿਵੇਂ ਲੱਗ ਸਕਦੀ ਹੈ! 2011 ਵਿਚ ਮਹਾਂਰਾਸ਼ਟਰ ਸਰਕਾਰ ਨੇ ਕੇਂਦਰ ਸਰਕਾਰ ਨੂੰ 1000 ਪੰਨਿਆਂ ਦੀ ਫਾਈਲ ਪੇਸ਼ ਕੀਤੀ, ਜੋ 2008-09 ਦੇ ਬੰਬ ਧਮਾਕਿਆਂ ਪਿਛੋਂ ਜਾਰੀ ਕੀਤੀ ਗਈ ਸੀ। ਉਦੋਂ ਉਸ ਸਮੇਂ ਦੀ ਕੇਂਦਰੀ ਕਾਂਗਰਸ ਸਰਕਾਰ ਵੀ ਸੰਸਥਾ 'ਤੇ ਪਾਬੰਦੀ ਲਾਉਣ ਤੋਂ ਟਾਲਾ ਵੱਟਦੀ ਰਹੀ। ਸ਼ਾਇਦ ਸੰਸਥਾ ਦੇ ਸ਼ੁਭਚਿੰਤਕ ਭਾਜਪਾ ਵਿਚ ਹੀ ਨਹੀਂ, ਹੋਰ ਥਾਂਈਂ ਵੀ ਹਨ।

---

1999 ਦੀ ਫਰਵਰੀ ਦੇ ਇਕ ਨਿੱਖਰੇ ਹੋਏ ਦਿਨ ਭਾਜਪਾ ਦਾ ਐਮ. ਪੀ. ਯੋਗੀ ਅਦਿਤਿਆ ਨਾਥ ਹਥਿਆਰਬੰਦ ਚੇਲਿਆਂ ਨਾਲ ਉਤਰ ਪ੍ਰਦੇਸ਼ ਦੇ ਮਹਾਰਾਜ ਗੰਜ ਜਿਲੇ ਦੇ ਮੁਸਲਿਮ ਬਹੁਲਤਾ ਵਾਲੇ ਪਿੰਡ ਪੰਚ ਰੁਖੀਆ ਵਿਚੋਂ ਲੰਘ ਰਿਹਾ ਸੀ। ਗੋਰਖ ਨਾਥ ਮੱਠ ਦਾ ਮਹੰਤ, ਨਵੀਂ ਨਕੋਰ ਮਹਿੰਗੀ ਗੱਡੀ ਵਿਚ ਕਾਰਾਂ ਅਤੇ ਸਕੂਟਰਾਂ ਦੇ ਵੱਡੇ ਲਾਮ-ਲਸ਼ਕਰ ਸਮੇਤ ਜਾ ਰਿਹਾ ਸੀ। ਇਹ ਕਾਫਲਾ ਮਹਾਰਾਜ ਗੰਜ ਵੱਲ ਮੁੜਿਆ, ਜੋ ਗੋਰਖਪੁਰ ਹਲਕੇ ਵਿਚ ਪੈਂਦਾ ਹੈ। ਇਸ ਕਾਫਲੇ ਨੂੰ ਸਮਾਜਵਾਦੀ ਪਾਰਟੀ ਦੇ ਆਗੂ ਤਲਤ ਅਜ਼ੀਜ਼ ਦੀ ਅਗਵਾਈ ਵਿਚ ਵਰਕਰਾਂ ਦੇ ਹਜੂਮ ਨੇ ਸੜਕ 'ਤੇ ਘੇਰ ਲਿਆ। ਉਹ ਸੂਬੇ ਦੀ ਭਾਜਪਾ ਸਰਕਾਰ ਖਿਲਾਫ ਰੋਸ ਪ੍ਰਗਟਾ ਰਹੇ ਸਨ।

ਰੋਹ ਭਰੀ ਨਾਅਰੇਬਾਜ਼ੀ ਵਾਲਾ ਇਹ ਤਕਰਾਰ ਛੇਤੀ ਹੀ ਗੋਲੀਆਂ ਚੱਲਣ ਵਿਚ ਬਦਲ ਗਿਆ। ਅਜ਼ੀਜ਼ ਦੇ ਅੰਗ ਰੱਖਿਅਕ ਹੈਡ ਕਾਂਸਟੇਬਲ ਸੱਤਿਆ ਪ੍ਰਕਾਸ਼ ਯਾਦਵ ਦੇ ਚਿਹਰੇ 'ਤੇ ਗੋਲੀ ਲੱਗੀ ਅਤੇ ਉਹ ਥਾਂਏਂ ਢੇਰ ਹੋ ਗਿਆ। ਡਰਿਆ ਹੋਇਆ ਅਜ਼ੀਜ਼ ਤੇ ਉਸ ਦੇ ਹਮਾਇਤੀ ਆਲੇ-ਦੁਆਲੇ ਦੇ ਖੇਤਾਂ ਵੱਲ ਭੱਜ ਗਏ। ਅਦਿਤਿਆ ਨਾਥ ਅਤੇ ਉਸ ਦਾ 'ਗੌਂ ਰਕਸ਼ਾ ਮੰਚ' ਦਾ ਹਜੂਮ ਆਰਾਮ ਨਾਲ ਅੱਗੇ ਚਲਿਆ ਗਿਆ। ਇਸੇ ਦਿਨ, 10 ਫਰਵਰੀ 1999 ਨੂੰ ਤਿੰਨ ਘੰਟਿਆਂ ਪਿਛੋਂ ਮਹਾਰਾਜ ਗੰਜ ਪੁਲਿਸ ਨੇ ਅਦਿਤਿਆ ਨਾਥ ਅਤੇ 24 ਹੋਰ ਜਣਿਆਂ ਖਿਲਾਫ ਧਾਰਾ 307 (ਇਰਾਦਾ ਕਤਲ), 147 (ਦੰਗੇ ਭੜਕਾਉਣ), 148 (ਘਾਤਕ ਹਥਿਆਰ ਰੱਖਣ), 295 (ਪੂਜਾ ਸਥਾਨ ਦੀ ਬੇਹੁਰਮਤੀ ਕਰਨ), 297 (ਮੁਸਲਿਮ ਕਬਰਿਸਤਾਨ ਦੀ ਹਦੂਦ ਵਿਚ ਜਬਰੀ ਦਾਖਲ ਹੋਣ), 153ਏ (ਦੋ ਫਿਰਕਿਆਂ ਵਿਚਾਲੇ ਦੁਸ਼ਮਣੀ ਪੈਦਾ ਕਰਨ) ਅਤੇ 506 (ਡਰਾਉਣ ਧਮਕਾਉਣ) ਆਦਿ ਤਹਿਤ ਐਫ. ਆਈ. ਆਰ. ਦਰਜ ਕੀਤੀ।

ਐਫ. ਆਈ. ਆਰ. ਵਿਚ ਸਪਸ਼ਟ ਲਿਖਿਆ ਗਿਆ ਕਿ ਗੋਰਖਪੁਰ ਐਮ. ਪੀ. ਅਤੇ ਉਸ ਦੇ ਹਮਾਇਤੀ, ਹਿੰਦੂਆਂ ਨੂੰ ਮੁਸਲਮਾਨਾਂ ਖਿਲਾਫ ਭੜਕਾ ਰਹੇ ਸਨ। ਉਨ੍ਹਾਂ ਪੰਚ ਰੁਖੀਆ ਵਿਖੇ ਕਬਰਿਸਤਾਨ ਵਿਚ ਕਬਰਾਂ ਪੁੱਟੀਆਂ। ਜਦੋਂ ਪੁਲਿਸ ਗ੍ਰਿਫਤਾਰ ਕਰਨ ਲੱਗੀ ਤਾਂ ਉਹ 14-15 ਵਾਹਨਾਂ ਵਿਚ ਦੌੜ ਗਏ ਅਤੇ ਸਮਾਜਵਾਦੀ ਪਾਰਟੀ ਆਗੂ ਦੇ ਅੰਗ ਰੱਖਿਅਕ ਸਤਿਆ ਪ੍ਰਕਾਸ਼ ਯਾਦਵ ਅਤੇ ਤਿੰਨ ਹੋਰ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਗਏ। ਸਤਿਆ ਪ੍ਰਕਾਸ਼ ਦੀ ਬਾਅਦ ਵਿਚ ਮੌਤ ਹੋ ਗਈ।

ਪੰਚ ਰੁਖੀਆ ਘਟਨਾ ਅਦਿਤਿਆ ਨਾਥ ਦੇ ਐਮ. ਪੀ. ਬਣਨ ਦੇ ਇਕ ਸਾਲ ਬਾਅਦ ਵਾਪਰੀ। 1998 ਵਿਚ ਉਹ ਗੋਰਖਪੁਰ ਤੋਂ 26,000 ਵੋਟਾਂ ਦੇ ਫਰਕ ਨਾਲ ਜਿੱਤਿਆ ਸੀ, 1999 ਵਿਚ ਉਸ ਨੇ ਸਮਾਜਵਾਦੀ ਪਾਰਟੀ ਦੇ ਜਮਨਾ ਪ੍ਰਸ਼ਾਦ ਨਿਸ਼ਾਦ ਨੂੰ ਬਹੁਤ ਘੱਟ ਵੋਟਾਂ ਦੇ ਫਰਕ 7339 ਨਾਲ ਹਰਾਇਆ। ਪਹਿਲੀ ਜਿੱਤ ਤੋਂ ਬਾਅਦ ਉਸ ਨੇ 'ਗਊ ਰਕਸ਼ਾ ਮੰਚ' ਦੀ ਸਥਾਪਨਾ ਕੀਤੀ, ਪਰ 1999 ਦੀ ਚੋਣ ਵਿਚ ਇਸ ਧਰੁਵੀਕਰਨ ਦਾ ਉਸ ਨੂੰ ਕੋਈ ਬਹੁਤਾ ਫਾਇਦਾ ਨਾ ਹੋਇਆ।

ਜਨਵਰੀ-ਫਰਵਰੀ 2002 ਦੀਆਂ ਚੋਣਾਂ ਵਿਚ ਭਾਜਪਾ ਬੁਰੀ ਤਰ੍ਹਾਂ ਹਾਰ ਗਈ, ਪਰ ਭਾਜਪਾ ਵਲੋਂ ਟਿਕਟ ਨਾ ਦਿੱਤੇ ਜਾਣ ਕਾਰਨ ਅਦਿਤਿਆ ਨਾਥ ਵਲੋਂ ਖੜ੍ਹਾ ਕੀਤਾ ਰਾਧਾ ਮੋਹਨ ਦਾਸ ਅਗਰਵਾਲ ਅਜ਼ਾਦ ਚੋਣ ਜਿੱਤ ਗਿਆ। ਉਂਜ, ਇਹ ਅਦਿਤਿਆ ਨਾਥ ਦੇ ਹਲਕੇ ਦਾ ਮਹਿਜ਼ ਪੰਜਵਾਂ ਹਿੱਸਾ ਹੀ ਹੋਣ ਕਰਕੇ, ਅਦਿਤਿਆ ਨਾਥ ਲਈ ਬਹੁਤੀ ਵੱਡੀ ਪ੍ਰਾਪਤੀ ਨਹੀਂ ਸੀ।

ਇਸ ਨੇ ਅਦਿਤਿਆ ਨਾਥ ਨੂੰ ਚੋਣਾਂ ਵਿਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਕੋਈ ਹੋਰ ਸੰਗਠਨ ਬਣਾਉਣ ਲਈ ਉਕਸਾਇਆ। ਇਕ ਹਫਤੇ 'ਚ ਹੀ ਵਿਧਾਨ ਸਭਾ ਚੋਣਾਂ ਦੇ ਐਲਾਨ ਹੋਣ ਨਾਲ ਇਸ ਦਾ ਮੌਕਾਮੇਲ ਵੀ ਬਣ ਗਿਆ।

27 ਫਰਵਰੀ 2002 ਨੂੰ ਗੋਧਰਾ ਕਾਂਡ ਵਾਪਰ ਗਿਆ, ਜਦੋਂ ਸਾਬਰਮਤੀ ਐਕਸਪ੍ਰੈਸ ਵਿਚ 48 ਲੋਕ ਮਾਰੇ ਗਏ। ਇਸ ਤੋਂ ਬਾਅਦ ਗੁਜਰਾਤ ਵਿਚ ਮੁਸਲਮਾਨਾਂ ਦਾ ਭਿਆਨਕ ਕਤਲੇਆਮ ਕੀਤਾ ਗਿਆ, ਜੋ ਆਜ਼ਾਦ ਭਾਰਤ ਦਾ ਸੱਭ ਤੋਂ ਵੱਡਾ ਕਤਲੇਆਮ ਕਿਹਾ ਜਾ ਸਕਦਾ ਹੈ। ਐਨ ਉਸ ਵੇਲੇ ਜਦੋਂ ਗੁਜਰਾਤ 'ਚ ਮੁਸਲਿਮ ਭਾਈਚਾਰੇ ਦੀ ਇਹ ਭਿਆਨਕ ਨਸਲਕੁਸ਼ੀ ਹੋ ਰਹੀ ਸੀ, ਉਦੋਂ ਗੋਰਖਪੁਰ ਦਾ ਯੋਗੀ ਅਦਿਤਿਆ ਨਾਥ ਘੱਟ ਗਿਣਤੀਆਂ ਵਿਰੋਧੀ ਇਕ ਸੰਸਥਾ ਦੀ ਉਸਾਰੀ 'ਚ ਜੁੱਟਿਆ ਹੋਇਆ ਸੀ।

'ਗੋਰਕਸ਼ਾ ਮੰਚ' ਦੀ ਪਕੜ ਗੋਰਕਸ਼ਾ ਪੀਠ ਜਾਂ ਗੋਰਖਨਾਥ ਮੱਠ ਤੱਕ ਹੀ ਸੀ। ਇਸ ਲਈ ਇਕ ਹੋਰ ਸੰਸਥਾ 'ਹਿੰਦੂ ਯੁਵਾ ਵਾਹਿਨੀ' ਖੜ੍ਹੀ ਕੀਤੀ ਗਈ ਤਾਂ ਜੋ ਅਦਿਤਿਆ ਨਾਥ ਦੀਆਂ ਚੋਣ ਇੱਛਾਵਾਂ ਦੀ ਪੂਰਤੀ ਹੋ ਸਕੇ।

'ਹਿੰਦੂ ਯੁਵਾ ਵਾਹਿਨੀ' ਨੇ ਆਪਣੀ ਸਥਾਪਨਾ ਦੇ ਦਿਨਾਂ ਤੋਂ ਹੀ ਧਾਰਮਿਕ ਸਿਆਸੀ ਕਿਸਮ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਵੀ ਵੱਡੀਆਂ ਫਿਰਕੂ ਘਟਨਾਵਾਂ ਦਾ ਰੂਪ ਦੇ ਕੇ ਮੁਸਲਮਾਨਾਂ ਅਤੇ ਘੱਟ-ਗਿਣਤੀਆਂ ਨੂੰ ਹਿੰਦੂ ਵਿਰੋਧੀ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਨੇ 'ਲਵ ਜਿਹਾਦ', ਮੁਸਲਿਮ ਭਾਈਚਾਰੇ ਦੀਆਂ ਮਾਸ ਖਾਣ ਦੀਆਂ ਆਦਤਾਂ, ਉਨ੍ਹਾਂ ਦੀ ਕਲੇਸ਼ੀ ਬਿਰਤੀ, ਹਿੰਦੂ ਮਾਨਤਾਵਾਂ ਦੇ ਵਿਰੋਧੀ ਹੋਣ, ਕੌਮੀ ਚਿੰਨ੍ਹਾਂ ਦੀ ਬੇਅਦਬੀ ਅਤੇ ਉਨ੍ਹਾਂ ਦੇ ਬਹੁਗਿਣਤੀ ਵਿਚ ਹੋਣ ਤੇ ਧੌਂਸ ਜਮਾਉਣ ਵਰਗੀਆਂ ਗੱਲਾਂ ਦਾ ਪ੍ਰਚਾਰ ਕਰਕੇ ਹਿੰਦੂ-ਮੁਸਲਮਾਨਾਂ ਵਿਚਾਲੇ ਨਫਰਤ ਪੈਦਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।

ਆਖਿਰਕਾਰ ਇਸ ਧਰੁਵੀਕਰਨ ਦਾ ਉਨ੍ਹਾਂ ਨੂੰ ਲਾਭ ਵੀ ਹੋਇਆ। 2004 ਵਿਚ ਯੋਗੀ ਅਦਿਤਿਆ ਨਾਥ 1,42,000 ਵੋਟਾਂ ਦੇ ਫਰਕ ਨਾਲ ਜਿੱਤਿਆ। 1999 ਵਿਚ ਇਹ ਫਰਕ ਮਹਿਜ 7339 ਸੀ ਜਦਕਿ 2009 'ਚ ਇਹ 3 ਲੱਖ ਤੋਂ ਉਪਰ ਹੋ ਗਿਆ ਅਤੇ ਇਹ ਫਰਕ 2014 ਵਿਚ ਵੀ ਜਾਰੀ ਰਿਹਾ।



*ਯੋਗੀ ਅਦਿੱਤਿਆਨਾਥ*

---

ਆਪਣੀ ਹੀ ਸਿਆਸੀ ਪਾਰਟੀ ਤੋਂ ਬਾਹਰਾ ਹੋ ਕੇ ਸੰਸਥਾ ਬਣਾਉਣਾ ਇਕ ਸੰਸਦ ਮੈਂਬਰ ਲਈ ਮਾਮੂਲੀ ਗੱਲ ਨਹੀਂ ਸੀ, ਪਰ ਇਸ ਐਮ ਪੀ. ਅਦਿਤਿਆ ਨਾਥ ਦੀਆਂ ਸਭ ਕਾਰਵਾਈਆਂ ਅਸਾਧਾਰਨ ਹੀ ਸਨ। ਉਹ ਪਾਰਟੀ ਤੋਂ ਆਜ਼ਾਦ ਆਪਣੀ ਇਸ ਤਰ੍ਹਾਂ ਦੀ ਵੱਖਰੀ ਪਛਾਣ ਬਣਾਈ ਰੱਖਣ ਦੀ ਅਹਿਮੀਅਤ ਨੂੰ ਬਾਖੂਬੀ ਸਮਝਦਾ ਸੀ। ਭਾਜਪਾ ਅਤੇ ਆਰ. ਐਸ. ਐਸ. ਤੋਂ ਬਿਨਾ ਆਜ਼ਾਦ ਤੌਰ 'ਤੇ ਅਜਿਹੀ ਜਿੱਤ ਅਹਿਮ ਸੀ। ਅਸਲ ਵਿਚ ਇਹ ਇਸ ਮੱਠ ਦੇ ਪਹਿਲੇ ਮਹੰਤ ਦਿੱਗਵਿਜੈ ਨਾਥ, ਜੋ 1935-69 ਤੱਕ ਗੱਦੀਨਸ਼ੀਨ ਰਿਹਾ, ਦੀਆਂ ਰਵਾਇਤਾਂ ਅਨੁਸਾਰ ਸੀ ਅਤੇ ਉਹ ਵੀਹਵੀਂ ਸਦੀ ਦੇ ਸਿਆਸੀ ਤੌਰ 'ਤੇ ਬਹੁਤ ਹੀ ਸ਼ਾਤਰ ਸਾਧਾਂ ਵਿਚੋਂ ਇਕ ਸੀ।

1894 ਵਿਚ ਪੈਦਾ ਹੋਇਆ ਨਾਨੂੰ ਸਿੰਘ ਉਰਫ ਦਿੱਗਵਿਜੈ ਸਿੰਘ ਨਾਂ ਦਾ ਇਹ ਸ਼ਖਸ ਠਾਕੁਰ ਜਾਤ ਵਿਚੋਂ ਸੀ। ਇਸ ਅਨਾਥ ਦੀ ਪਰਵਰਿਸ਼ ਗੋਰਖਨਾਥ ਮੰਦਿਰ 'ਚ ਹੀ ਹੋਈ। ਉਸ ਨੇ 1939 ਵਿਚ 'ਹਿੰਦੂ ਮਹਾਂ ਸਭਾ' ਦੀ ਮੈਂਬਰਸ਼ਿਪ ਲਈ ਅਤੇ ਸਭਾ ਵਿਚ 'ਗੌਂ ਰਖਸ਼ਾ ਪੀਠ' ਦਾ ਮਹੰਤ ਹੋਣ ਕਾਰਨ ਚੰਗੀ ਪੈਂਠ ਬਣਾ ਲਈ। ਬਾਕੀ ਹੋਰ ਹਿੰਦੂ ਮਹਾ ਸਭਾ ਮੈਂਬਰਾਂ ਵਾਂਗ ਇਹ ਵੀ ਗਾਂਧੀ ਦਾ ਕੱਟੜ ਵਿਰੋਧੀ ਸੀ। 27 ਜਨਵਰੀ 1948 ਨੂੰ ਗਾਂਧੀ ਦੇ ਕਤਲ ਤੋਂ ਤਿੰਨ ਦਿਨ ਪਹਿਲਾਂ ਉਸ ਨੇ ਹਿੰਦੂ ਅਤਿਵਾਦੀਆਂ ਨੂੰ ਗਾਂਧੀ ਨੂੰ ਮਾਰਨ ਲਈ ਉਕਸਾਇਆ ਸੀ। ਉਸ ਦੀਆਂ ਜ਼ਹਿਰੀਲੀਆਂ ਤਕਰੀਰਾਂ ਦਾ ਹਵਾਲਾ ਦਿੰਦਿਆਂ ਮਹਾਤਮਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਦੀ ਜਾਂਚ ਲਈ ਕਮਿਸ਼ਨ ਨੇ ਟਿੱਪਣੀ ਕੀਤੀ ਸੀ:

"ਵੀ. ਜੀ. ਦੇਸ਼ ਪਾਂਡੇ, ਮਹੰਤ ਦਿੱਗਵਿਜੈ ਨਾਥ ਅਤੇ ਪ੍ਰੋ. ਰਾਮ ਸਿੰਘ (ਸਾਰੇ ਹੀ ਹਿੰਦੂ ਮਹਾਂ ਸਭਾ ਦੇ ਆਗੂ) ਨੇ ਹਿੰਦੂ ਮਹਾਂ ਸਭਾ ਦੀ ਕਨਾਟ ਪਲੇਸ ਵਿਖੇ 27 ਜਨਵਰੀ 1948 ਨੂੰ ਹੋਈ ਮੀਟਿੰਗ ਵਿਚ ਕਿਹਾ ਕਿ ਮਹਾਤਮਾ ਗਾਂਧੀ ਦੇ ਵਤੀਰੇ ਨੇ ਪਾਕਿਸਤਾਨ ਦੇ ਹੱਥ ਮਜ਼ਬੂਤ ਕੀਤੇ ਹਨ।...ਮਹੰਤ ਦਿੱਗਵਿਜੈ ਨਾਥ ਨੇ ਗਾਂਧੀ ਅਤੇ ਹੋਰ ਹਿੰਦੂ ਵਿਰੋਧੀ ਅਨਸਰਾਂ ਨੂੰ ਖਤਮ ਕਰਨ ਦਾ ਸੱਦਾ ਦਿੱਤਾ।"

1949 ਵਿਚ ਦਿੱਗਵਿਜੈ ਨਾਥ ਨੇ ਸੰਸਥਾ ਦੀ ਯੂ. ਪੀ. ਸ਼ਾਖਾ ਦੇ ਪ੍ਰਧਾਨ ਦੇ ਤੌਰ 'ਤੇ ਮਹਿਸੂਸ ਕੀਤਾ ਕਿ ਜੇ ਅਯੁੱਧਿਆ ਵਿਚ ਬਾਬਰੀ ਮਸਜਿਦ ਦਾ ਮਸਲਾ ਭੜਕਾਇਆ ਜਾਵੇ ਤਾਂ ਕਾਂਗਰਸ ਦੇ ਮੁਕਾਬਲੇ ਹਿੰਦੂ ਮਹਾਂ ਸਭਾ ਨੂੰ ਲਾਭ ਹੋ ਸਕਦਾ ਹੈ ਅਤੇ ਹਿੰਦੂ ਭਾਈਚਾਰੇ ਦੀ ਹਮਾਇਤ ਪ੍ਰਾਪਤ ਕੀਤੀ ਜਾ ਸਕਦੀ ਹੈ। ਦਸੰਬਰ 1949 ਵਿਚ ਉਸ ਨੇ ਬਾਬਰੀ ਮਸਜਿਦ ਵਿਚ ਰਾਮ ਲੱਲਾ ਦੇ ਬੁੱਤ ਰੱਖਣ ਦੀ ਗੁਪਤ ਯੋਜਨਾ ਉਲੀਕੀ ਅਤੇ ਪੂਰੀ ਵੀ ਕੀਤੀ। ਸਾਰੀ ਕਮਾਨ ਉਸ ਦੇ ਹੱਥ ਸੀ, ਜਦਕਿ 'ਸਰਬ ਭਾਰਤ ਰਮਾਇਣ ਮਹਾਂਸਭਾ' ਦੇ ਨਾਂ ਹੇਠ ਸਰਗਰਮ ਹਿੰਦੂ ਮਹਾਂ ਸਭਾ ਦੇ ਮੈਂਬਰਾਂ ਨੇ ਜ਼ਮੀਨੀ ਪੱਧਰ 'ਤੇ ਕੰਮ ਕੀਤਾ।

ਛੇਤੀ ਹੀ ਦਿੱਗਵਿਜੈ ਨਾਥ ਨੂੰ 'ਹਿੰਦੂ ਮਹਾਂ ਸਭਾ' ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ। 1950 ਵਿਚ ਅਖਬਾਰ 'ਸਟੇਟਸਮੈਨ' ਨੂੰ ਦਿੱਤੀ ਇੰਟਰਵਿਊ ਵਿਚ ਉਸ ਕਿਹਾ, "ਜੇ ਹਿੰਦੂ ਮਹਾਂ ਸਭਾ ਤਾਕਤ ਵਿਚ ਆਉਂਦੀ ਹੈ ਤਾਂ ਇਹ 5-10 ਸਾਲ ਲਈ ਮੁਸਲਮਾਨਾਂ ਨੂੰ ਵੋਟ ਪਾਉਣ ਦੇ ਹੱਕ ਤੋਂ ਵਾਂਝਾ ਕਰੇਗੀ। ਇਸ ਸਮੇਂ ਦਰਮਿਆਨ ਉਨ੍ਹਾਂ ਨੂੰ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਹਿਤ ਭਾਰਤ ਪੱਖੀ ਹਨ।"

ਦਿੱਗਵਿਜੈ ਨਾਥ ਨੇ ਸਵਾਮੀ ਕਰਪੱਤਰੀ, ਜੋ 'ਰਾਮ ਰਾਜ ਪ੍ਰੀਸ਼ਦ' ਦਾ ਮੋਢੀ ਸੀ, ਨਾਲ ਵੀ ਨੇੜਿਓਂ ਜੁੜ ਕੇ ਕੰਮ ਕੀਤਾ। ਇਨ੍ਹਾਂ ਦੋਹਾਂ ਸੰਸਥਾਵਾਂ ਦਾ ਸੰਘ ਪਰਿਵਾਰ ਨਾਲ ਸਿੱਧਾ ਸਬੰਧ ਨਹੀਂ ਸੀ। ਵੱਖਰੇ ਹਿੰਦੂਤਵੀ ਵਿਚਾਰ ਹੁੰਦਿਆਂ ਵੀ ਇਹ ਆਪਣੇ ਨਿਸ਼ਾਨਿਆਂ ਦੀ ਪੂਰਤੀ ਲਈ ਆਰ. ਐਸ. ਐਸ. ਜਾਂ ਇਸ ਦੀਆਂ ਹੋਰ ਜਥੇਬੰਦੀਆਂ ਨਾਲ ਮਿਲ ਕੇ ਸਰਪ੍ਰਸਤੀ ਹਾਸਲ ਕਰਨ ਦੀ ਇੱਛਾ ਰੱਖਦਾ ਸੀ। ਇਸੇ ਤਰ੍ਹਾਂ ਜਦੋਂ ਆਜ਼ਾਦੀ ਪਿਛੋਂ ਆਰ. ਐਸ. ਐਸ. ਸਕੂਲ ਬਣਾਉਣ ਲੱਗੀ, ਉਸ ਨੇ ਇਸ ਕੰਮ ਲਈ ਉਸ ਦੀ ਮਦਦ ਕੀਤੀ। ਇਸ ਦਾ ਪਹਿਲਾ ਸਰਸਵਤੀ ਸ਼ਿਸ਼ੂ ਮੰਦਿਰ 1952 ਵਿਚ ਗੋਰਖਪੁਰ ਵਿਚ ਬਣਾਇਆ ਗਿਆ।

1966 ਵਿਚ ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ 'ਸਰਵ ਦਲ ਗੌਂ ਰਕਸ਼ਾ ਮਹਾਂ ਅਭਿਆਨ ਸਮਿਤੀ' ਬਣਾਈ ਤਾਂ ਦਿੱਗਵਿਜੈ ਉਸ ਦਾ ਵੀ ਹਿੱਸਾ ਸੀ। ਫਿਰ ਵੀ ਉਹ ਸਾਰੀ ਉਮਰ 'ਹਿੰਦੂ ਮਹਾ ਸਭਾ' ਵਿਚ ਹੀ ਰਿਹਾ ਅਤੇ ਗੋਰਖਪੁਰ ਤੋਂ 1967 ਵਿਚ ਐਮ. ਪੀ. ਬਣਿਆ। ਉਹ ਇਸ ਗੋਰਖਨਾਥ ਮੰਦਿਰ/ਮੱਠ ਦਾ ਪਹਿਲਾ ਮਹੰਤ ਸੀ, ਜੋ ਸਰਗਰਮ ਸਿਆਸਤ ਵਿਚ ਹਿੱਸਾ ਲੈਂਦਾ ਸੀ। ਉਸ ਦੀ ਅਗਵਾਈ ਵਿਚ ਇਹ ਗੋਰਖਨਾਥ ਮੱਠ, ਜੋ ਹਿੰਦੂ-ਮੁਸਲਮਾਨ ਅਤੇ ਹੇਠਲੀਆਂ ਜਾਤਾਂ ਦੀ ਸ਼ਰਧਾ ਦਾ ਪ੍ਰਤੀਕ ਸੀ, ਠਾਕੁਰਾਂ ਦੀ ਧਾਰਮਿਕ-ਰਾਜਸੀ ਤਾਕਤ ਦਾ ਕੇਂਦਰ ਬਣਿਆ। ਅਵੈਦਿਆ ਨਾਥ, ਜੋ 1969 ਵਿਚ ਦਿੱਗਵਿਜੈ ਦੀ ਮੌਤ ਪਿਛੋਂ ਮਹੰਤ ਬਣਿਆ, 1989 ਤੱਕ ਹਿੰਦੂ ਮਹਾਂ ਸਭਾ ਵਲੋਂ ਚੋਣ ਲੜਦਾ ਰਿਹਾ। 1980ਵਿਆਂ ਦੇ ਅਖੀਰਲੇ ਸਾਲਾਂ ਵਿਚ ਜਦੋਂ ਸੰਘ ਪਰਿਵਾਰ ਨੇ ਅਯੁੱਧਿਆ ਮੁੱਦੇ ਨੂੰ ਵੀ ਅਪਨਾ ਲਿਆ, ਜੋ ਦਿੱਗਵਿਜੈ ਨਾਥ ਵਲੋਂ ਉਠਾਇਆ ਗਿਆ ਸੀ ਤਾਂ ਦੋਵੇਂ ਭਗਵੇਂ ਸਮੂਹ ਇਕ ਜੁੱਟ ਹੋਣ ਲੱਗੇ।

ਇਸ ਸੁਲ੍ਹਾ ਦੇ ਕੁਝ ਸਾਲਾਂ ਪਿਛੋਂ ਹੀ ਇਕ ਐਸਾ ਗੰਭੀਰ ਹਮਲਾ ਹੋਇਆ, ਜਿਸ ਨੇ ਭਾਰਤੀ ਰਾਜ ਦੀਆਂ ਬੁਨਿਆਦੀ ਜੜ੍ਹਾਂ ਹੀ ਹਿਲਾ ਕੇ ਰੱਖ ਦਿੱਤੀਆਂ। ਅਵੈਦਿਆ ਨਾਥ ਨੇ ਇਸ ਭਗਵੀਂ ਸਿਆਸਤ ਵਿਚ ਉਭਾਰ ਲਈ ਧੁਰੀ ਦਾ ਕੰਮ ਕੀਤਾ। ਅਲਾਹਾਬਾਦ ਕੁੰਭ ਮੇਲੇ ਸਮੇਂ 1989 ਵਿਚ

## ਹਿੰਦੂਤਵੀ ਲਸ਼ਕਰ



**ਧੀਰੇਂਦਰ ਕੁਮਾਰ ਝਾਅ**

ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਲਾਈ ਧਰਮ ਸੰਸਦ ਵਿਚ ਉਸ ਦੇ ਭਾਸ਼ਣ ਨੇ ਬਾਬਰੀ ਮਸਜਿਦ ਨੂੰ ਢਾਹੁਣ ਦਾ ਸਮਾਂ ਤੈਅ ਕਰ ਦਿੱਤਾ। ਧਰਮ ਸੰਸਦ ਬਾਰੇ ਇਕ ਰਿਪੋਰਟ ਅਨੁਸਾਰ "31 ਜਨਵਰੀ 1989 ਨੂੰ ਬਹੁਤ ਸਾਰੇ ਧਾਰਮਿਕ ਗੁਰੂਆਂ ਨੇ ਮੁਸਲਿਮ ਅਤੇ ਸਰਕਾਰ ਵਿਰੋਧੀ ਸਟੈਂਡ ਲਿਆ। ਗੋਰਖਪੁਰ ਦੇ ਮਹੰਤ ਅਵੈਦਿਆ ਨਾਥ ਨੇ ਕਿਹਾ ਕਿ ਕੁਰਾਨ ਮੁਸਲਮਾਨਾਂ ਨੂੰ ਦੂਜੇ ਧਰਮਾਂ ਦੇ ਸਥਾਨਾਂ 'ਤੇ ਮਸਜਿਦਾਂ ਬਣਾਉਣ ਤੋਂ ਰੋਕਦਾ ਹੈ। 'ਸਾਨੂੰ ਕਿਹਾ ਜਾ ਰਿਹਾ ਹੈ ਕਿ ਮੰਦਿਰ ਕਿਸੇ ਹੋਰ ਥਾਂ ਬਣਾ ਲਓ ਤਾਂ ਜੋ ਝਗੜਾ ਨਾ ਹੋਵੇ। ਇਹ ਤਾਂ ਇਸ ਤਰ੍ਹਾਂ ਹੈ, ਜਿਵੇਂ ਭਗਵਾਨ ਰਾਮ ਨੂੰ ਕਿਹਾ ਜਾਵੇ ਕਿ ਰਾਵਣ ਨਾਲ ਲੜਾਈ ਟਾਲਣ ਲਈ ਕਿਸੇ ਹੋਰ ਸੀਤਾ ਨਾਲ ਵਿਆਹ ਕਰਵਾ ਲਓ।"

---

ਅਦਿਤਿਆ ਨਾਥ ਆਪਣੇ ਗੁਰੂ ਦਿੱਗਵਿਜੈ ਅਤੇ ਅਵੈਦਿਆ ਨਾਥ ਵਾਂਗ ਠਾਕੁਰ ਜਾਤ 'ਚੋਂ ਹੈ। ਉਸ ਦਾ ਅਸਲ ਨਾਂ ਅਜੈ ਮੋਹਨ ਬਿਸ਼ਟ ਸੀ। ਉਹ ਉਤਰਾਖੰਡ ਦੀ ਪੌੜੀ ਜਿਲੇ ਦੀ ਯਾਮ ਕੇਸ਼ਵਰ ਤਹਿਸੀਲ ਦਾ ਵਸਨੀਕ ਹੈ। ਅਵੈਦਿਆ ਨਾਥ ਵੀ ਉਸੇ ਖੇਤਰ ਤੋਂ ਸੀ। ਅਵੈਦਿਆ ਨਾਥ ਨੇ 1994 ਵਿਚ ਉਸ ਨੂੰ ਮਹੰਤ ਥਾਪਿਆ ਅਤੇ ਉਸ ਦਾ ਨਾਂ ਅਦਿਤਿਆ ਨਾਥ ਰੱਖਿਆ। ਚਾਰ ਸਾਲ ਪਿਛੋਂ ਉਸ ਨੇ ਉਸ ਨੂੰ ਆਪਣਾ ਸਿਆਸੀ ਵਾਰਿਸ ਵੀ ਬਣਾ ਦਿੱਤਾ। 1998 ਵਿਚ ਅਦਿਤਿਆ ਨਾਥ 26 ਸਾਲ ਦੀ ਉਮਰ ਵਿਚ ਗੋਰਖਪੁਰ ਤੋ ਸਭ ਤੋਂ ਛੋਟੀ ਉਮਰ ਦਾ ਸੰਸਦ ਮੈਂਬਰ ਚੁਣਿਆ ਗਿਆ ਅਤੇ ਉਦੋਂ ਤੋਂ ਲੈ ਕੇ ਹਲਕੇ ਤੋਂ ਚਾਰ ਵਾਰ ਜਿੱਤ ਕੇ ਸੰਸਦ ਮੈਂਬਰ ਬਣ ਚੁਕਾ ਹੈ।

ਅਦਿਤਿਆ ਨਾਥ ਹਰ ਵਾਰ ਚੋਣਾਂ ਵਿਚ ਭਾਜਪਾ ਦਾ ਚੋਣ ਚਿੰਨ੍ਹ ਵਰਤਦਾ ਹੈ, ਪਰ ਹਿੰਦੂ ਯੁਵਾ ਵਾਹਿਨੀ ਰਾਹੀਂ ਅਜੇ ਵੀ ਉਸ ਦੀ ਪੂਰਬੀ ਯੂ. ਪੀ. ਵਿਚ ਆਪਣੀ ਵੱਖਰੀ ਰਿਆਸਤ ਹੈ। ਹਿੰਦੂ ਯੁਵਾ ਵਾਹਿਨੀ ਖੁਦ ਨੂੰ ਆਰ. ਐਸ. ਐਸ. ਤੋਂ ਆਜ਼ਾਦ ਕਹਾਉਂਦੀ ਹੈ, ਭਾਵੇਂ ਇਸ ਦੀ ਯੁੱਧ ਨੀਤੀ ਆਰ. ਐਸ. ਐਸ. ਵਾਲੀ ਹੀ ਹੈ, ਜਿਸ 'ਤੇ ਸੰਘ ਨੌਂ ਦਹਾਕਿਆਂ ਤੋਂ ਚੱਲ ਰਿਹਾ ਹੈ। ਆਰ. ਐਸ. ਐਸ. ਵਾਂਗ ਹਿੰਦੂ ਯੁਵਾ ਵਾਹਿਨੀ ਵੀ ਨਿਰੋਲ ਸੰਸਕ੍ਰਿਤਿਕ ਸੰਸਥਾ ਹੋਣ ਦਾ ਦਾਅਵਾ ਕਰਦੀ ਹੈ, ਪਰ ਇਸ ਦਾ ਪ੍ਰੇਰਨਾ ਸਰੋਤ ਸਿਆਸੀ ਹੈ।

ਹਕੀਕਤ ਵਿਚ ਹਿੰਦੂ ਯੂਵਾ ਵਾਹਿਨੀ ਦੇ ਮੈਂਬਰ ਗੁੰਡਿਆਂ ਜਿਹਾ ਵਰਤਾਓ ਕਰਦੇ ਹਨ ਅਤੇ ਅਦਿਤਿਆ ਨਾਥ ਤੋਂ ਬਿਨਾ ਕਿਸੇ ਦੀ ਨਹੀਂ ਸੁਣਦੇ। ਉਸ ਨੂੰ ਪੂਰਾ ਪਤਾ ਹੈ ਕਿ ਉਸ ਦੀ ਸਿਆਸੀ ਕਿਸਮਤ, ਭਾਜਪਾ ਜਾਂ ਆਰ. ਐਸ. ਐਸ. 'ਤੇ ਨਿਰਭਰ ਨਹੀਂ ਸਗੋਂ ਸਿਰੇ ਦੇ ਫਿਰਕੂ ਧਰੁਵੀਕਰਨ ਦੀ ਖੱਟੀ ਹੈ। ਇਹ ਸ਼ੁਰੂ ਤੋਂ ਹੀ ਹਿੰਦੂ ਯੁਵਾ ਵਾਹਿਨੀ ਦਾ ਵਿਚਾਰਧਾਰਕ ਪੱਖ ਹੈ। ਕਾਗਜ਼ਾਂ ਵਿਚ ਇਸ ਸੰਸਥਾ ਦੇ ਪ੍ਰਧਾਨ, ਮੀਤ ਪ੍ਰਧਾਨ, ਸਕੱਤਰ, ਕੋਆਰਡੀਨੇਟਰ, ਕਾਰਜਕਾਰੀ ਮੈਂਬਰ ਅਤੇ ਸਾਧਾਰਨ ਮੈਂਬਰ ਪੂਰੇ ਰਾਜ, ਜਿਲਿਆਂ, ਬਲਾਕਾਂ ਅਤੇ ਪਿੰਡਾਂ ਵਿਚ ਵੀ ਹਨ।

ਇਸ ਸੰਸਥਾ ਦਾ ਨਾਂ ਰੱਖਣ ਬਾਰੇ ਕਾਫੀ ਚਰਚਾ ਹੋਈ। ਪਹਿਲਾਂ ਹਿੰਦੂ ਸੈਨਾ ਦਾ ਸੁਝਾਅ ਆਇਆ, ਪਰ ਅਦਿਤਿਆ ਨਾਥ ਨੇ ਹਿੰਦੂ ਵਾਹਿਨੀ ਦਾ ਸੁਝਾਅ ਦਿੱਤਾ। ਅਖੀਰ 'ਹਿੰਦੂ ਯੁਵਾ ਵਾਹਿਨੀ' ਬਾਰੇ ਸਹਿਮਤੀ ਹੋਈ ਅਤੇ ਮਾਰਚ 2002 ਤੋਂ ਬਾਅਦ ਇਸ ਦੇ ਮੈਂਬਰ ਗੋਰਖਪੁਰ ਵਿਚ ਨੌਜਵਾਨਾਂ ਨੂੰ ਜਥੇਬੰਦ ਕਰਨ ਵਿਚ ਜੁਟ ਗਏ। ਇਸੇ ਸਾਲ ਰਾਮ ਨੌਮੀ ਵਾਲੇ ਦਿਨ ਖੁਸ਼ੀ ਨਗਰ ਵਿਚ ਹਿੰਦੂ ਯੁਵਾ ਵਾਹਿਨੀ ਦੀ ਵੱਡੀ ਮੀਟਿੰਗ ਵਿਚ ਇਸ ਦੀ ਸਥਾਪਨਾ ਦਾ ਰਸਮੀ ਐਲਾਨ ਕੀਤਾ ਗਿਆ।

ਅਦਿਤਿਆ ਨਾਥ ਨੇ ਹਿੰਦੂ ਯੁਵਾ ਵਾਹਿਨੀ ਦੇ ਆਗੂਆਂ ਦੀ ਪੂਰੇ ਸਾਲ ਦੀ ਕੰਮ ਸੂਚੀ ਬਣਾਈ ਹੋਈ ਹੈ, ਜਿਸ ਦੀ ਸਖਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਜਨਵਰੀ ਦੇ ਅੱਧ ਤੋਂ ਫਰਵਰੀ ਦੇ ਅੱਧ ਤੱਕ ਅਨੁਸੂਚਿਤ ਜਾਤੀ ਅਤੇ ਕਬੀਲਿਆਂ ਨਾਲ ਘੁਲਣ-ਮਿਲਣ ਲਈ ਉਨ੍ਹਾਂ ਦੇ ਮੁਹੱਲਿਆਂ ਵਿਚ

*(ਬਾਕੀ ਅਗਲੇ ਸਫੇ 'ਤੇ)*

# ਇਸਤਾਨ: ਖਾਲਿਸਤਾਨ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਇਸਤਾਨ ਫਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ-ਇਲਾਕਾ, ਦੇਸ਼ ਜਾਂ ਖਿੱਤਾ। ਇਸ ਦਾ ਸਮਾਨਾਰਥਕ ਸੰਸਕ੍ਰਿਤ ਅਤੇ ਹਿੰਦੀ ਭਾਸ਼ਾ ਵਿਚ ਸ਼ਬਦ ਹੈ, ਸਥਾਨ। ਰੇਤਲੇ ਇਲਾਕੇ ਨੂੰ ਰੇਗਿਸਤਾਨ ਅਤੇ ਰੇਤਲੇ ਇਲਾਕੇ ਵਿਚ ਪਾਣੀ ਤੇ ਹਰਿਆਵਲੇ ਇਲਾਕੇ ਨੂੰ ਨਖਲਿਸਤਾਨ ਕਹਿੰਦੇ ਹਨ। ਜਦੋਂ ਮੱਧ ਏਸ਼ੀਆ ਅਤੇ ਅਰਬ ਮੁਲਕਾਂ ਦਾ ਸਿੰਧ ਦਰਿਆ ਦੇ ਪੂਰਬੀ ਪਾਸੇ ਵਾਲੇ ਲੋਕਾਂ ਨਾਲ ਵਾਹ ਪਿਆ ਤਾਂ ਸਿੰਧ ਸ਼ਬਦ ਨੂੰ ਆਪਣੀ ਸਹੂਲਤ ਅਨੁਸਾਰ ਹਿੰਦ ਉਚਾਰਨ ਲੱਗੇ ਅਤੇ ਇਸ ਇਲਾਕੇ ਨੂੰ ਹਿੰਦੁਸਤਾਨ ਕਹਿਣਾ ਸ਼ੁਰੂ ਕਰ ਦਿੱਤਾ, ਤੇ ਇਸ ਦੇ ਵਸਨੀਕਾਂ ਨੂੰ ਹਿੰਦੂ ਕਹਿਣ ਲੱਗੇ। ਇਸ ਇਲਾਕੇ ਦਾ ਸੰਸਕ੍ਰਿਤ ਜਾਂ ਪ੍ਰਕਿਰਤ ਭਾਸ਼ਾ ਵਿਚ ਨਾਂ ਸਪਤ ਸਿੰਧੂ ਸੀ, ਜੋ ਦਰਿਆ ਸਿੰਧ ਤੋਂ ਲੈ ਕੇ ਘੱਗਰ ਜਾਂ ਸਰਸਵਤੀ ਨਦੀ ਤਕ ਫੈਲਿਆ ਹੋਇਆ ਸੀ, ਜਿਸ ਵਿਚ ਸਿੰਧ, ਜਿਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਅਤੇ ਸਰਸਵਤੀ ਜਾਂ ਘੱਗਰ ਦਰਿਆ ਸ਼ਾਮਲ ਸਨ।

ਇਸੇ ਤਰ੍ਹਾਂ ਮੱਧ ਏਸ਼ੀਆ ਵਿਚ ਉਜ਼ਬੇਕਿਸਤਾਨ, ਕਜ਼ਾਖਿਸਤਾਨ, ਤਾਜਿਕਸਤਾਨ, ਕਿਰਗਿਜ਼ਸਤਾਨ, ਤੁਰਕਮੇਨਿਸਤਾਨ ਅਤੇ ਅਫਗਾਨਿਸਤਾਨ ਨਾਂਵਾਂ ਦੇ ਦੇਸ਼ ਹਨ, ਜੋ ਇਸ ਵਿਚ ਰਹਿਣ ਵਾਲੇ ਕ੍ਰਮਵਾਰ ਉਜ਼ਬੇਕ, ਕਜ਼ਾਖ, ਤਾਜਿਕ, ਕਿਰਗ, ਤੁਰਕ ਅਤੇ ਅਫਗਾਨ ਕਬੀਲਿਆਂ ਦੇ ਰਹਿਣ ਕਰਕੇ ਹੋਂਦ ਵਿਚ ਆਏ। ਇਸੇ ਤਰ੍ਹਾਂ ਜਿਥੇ ਬਲੋਚ ਕਬੀਲਾ ਰਹਿੰਦਾ ਹੈ, ਉਹ ਬਲੋਚਿਸਤਾਨ ਹੈ ਅਤੇ ਜਿਥੇ ਰਾਜਪੂਤ ਜਾਂ ਰਾਜਿਆਂ ਦਾ ਇਲਾਕਾ, ਉਹ ਰਾਜਸਥਾਨ ਕਹਾਉਂਦਾ ਹੈ।

ਇਸ ਸਪਤ ਸਿੰਧੂ ਖੇਤਰ ਵਿਚ ਹੀ ਦੁਨੀਆਂ ਦੀਆਂ ਸਭ ਤੋਂ ਪੁਰਾਤਨ ਸਭਿਅਤਾਵਾਂ ਵਿਚੋਂ ਇਕ ਸਿੰਧ ਘਾਟੀ ਦੀ ਸਭਿਅਤਾ ਵਸਦੀ ਸੀ, ਜੋ ਉਨਤ ਸਭਿਅਤਾ ਸੀ। ਅੱਜ ਤੋਂ ਕਰੀਬ ਛੇ ਹਜ਼ਾਰ ਸਾਲ ਪਹਿਲਾਂ ਵੋਲਗਾ ਦਰਿਆ ਦੇ ਕੰਢੇ ਵਸਦੇ ਆਰੀਆ ਹਮਲਾਵਰ ਹੋਏ ਅਤੇ ਦੱਰ੍ਹਾ ਖੈਬਰ ਰਾਹੀਂ ਦਾਖਲ ਹੋਏ ਤੇ ਸਰਸਵਤੀ ਦਰਿਆ ਤੱਕ ਫੈਲ ਗਏ। ਇਥੇ ਹੀ ਉਨ੍ਹਾਂ ਵੇਦ ਰਚੇ। ਇਥੋਂ ਦੇ ਮੂਲ ਵਸਨੀਕਾਂ ਨੂੰ ਹਰਾ ਕੇ ਇਸ ਇਲਾਕੇ 'ਤੇ ਕਾਬਜ਼ ਹੋ ਗਏ। ਕੋਈ 2500 ਸਾਲ ਪਹਿਲਾਂ ਇਰਾਨੀ ਹੁਕਮਰਾਨ ਦਾਰਾ, ਫਿਰ ਯੂਨਾਨ ਦਾ ਬਾਦਸ਼ਾਹ ਸਿਕੰਦਰ ਹਮਲਾਵਰ ਹੋਇਆ, ਜਿਨ੍ਹਾਂ ਕਰਕੇ ਅਰਬਾਂ ਅਤੇ ਯੂਰਪੀ ਲੋਕਾਂ ਦਾ ਇਥੋਂ ਦੇ ਲੋਕਾਂ ਨਾਲ ਰਾਬਤਾ ਬਣਿਆ।

ਫਿਰ ਇਥੇ ਬੁੱਧ ਧਰਮ ਪ੍ਰਭਾਵੀ ਹੋਇਆ ਅਤੇ ਅਫਗਾਨਿਸਤਾਨ ਤਕ ਫੈਲ ਗਿਆ। ਦੁਨੀਆਂ ਦੀ ਪਹਿਲੀ ਯੂਨੀਵਰਸਿਟੀ ਤਕਸ਼ਿਲਾ ਹੋਂਦ ਵਿਚ ਆਈ। ਬੁੱਧ ਧਰਮ ਰਾਹੀਂ ਚੀਨ ਅਤੇ ਮੰਗੋਲ ਇਥੋਂ ਦੇ ਵਾਕਿਫ ਹੋਏ। ਫਿਰ ਤਾਂ ਲਾਈਨ ਹੀ ਲੱਗ ਗਈ। ਕੋਈ ਵੀ ਉਠ ਕੇ 5-7 ਹਜ਼ਾਰ ਸਿਪਾਹੀ ਇਕੱਠੇ ਕਰਕੇ ਲੁਟਣ ਲਈ ਆ ਜਾਂਦਾ ਸੀ। ਉਨ੍ਹਾਂ ਲੁਟੇਰਿਆਂ ਨਾਲ ਹੀ ਇਸਲਾਮ ਦੇ ਪ੍ਰਚਾਰਕ ਆਉਣੇ ਸ਼ੁਰੂ ਹੋ ਗਏ। ਕੁਝ ਪ੍ਰਚਾਰ ਅਤੇ ਕੁਝ ਡਰ ਨਾਲ ਇਸਲਾਮ ਦਾ ਪ੍ਰਭਾਵ ਇਸ ਖਿੱਤੇ ਵਿਚ ਵਧਦਾ ਗਿਆ। ਮੁਸਲਮਾਨਾਂ ਦੀ ਗਿਣਤੀ ਵੀ ਵਧਦੀ ਗਈ।

ਸਨਾਤਨ ਧਰਮ ਵਿਚਲੀ ਵਰਣ ਵੰਡ, ਸਿਮ੍ਰਿਤੀਆਂ ਅਤੇ ਪੁਰਾਣਾਂ ਦੇ ਪ੍ਰਭਾਵ ਨਾਲ ਜਾਤੀ ਪ੍ਰਥਾ ਵਿਚ ਤਬਦੀਲ ਹੋ ਗਈ। ਫਿਰ ਮਨੁੱਖ ਦਾ ਰੁਤਬਾ ਕੰਮ ਨਾਲ ਨਹੀਂ, ਸਗੋਂ ਜਨਮ ਅਤੇ ਜਾਤ ਨਾਲ ਨਿਸ਼ਚਿਤ ਹੋਣਾ ਸ਼ੁਰੂ ਹੋ ਗਿਆ, ਜਿਸ ਦੇ ਵਿਰੋਧ ਅਤੇ ਸੁਧਾਰ ਲਈ 2500 ਸਾਲ ਪਹਿਲਾਂ ਬੁੱਧ ਧਰਮ ਅਤੇ ਜੈਨ ਧਰਮ ਦਾ ਅਰੰਭ ਹੋਇਆ। ਇਨ੍ਹਾਂ ਨਾਲ ਟੱਕਰ ਲੈਣ ਅਤੇ ਇਨ੍ਹਾਂ ਨੂੰ ਖਦੇੜਨ ਲਈ ਸਨਾਤਨ ਧਰਮ ਤੋਂ ਹਿੰਦੂ ਧਰਮ ਵਿਚ ਤਬਦੀਲ ਹੋਏ ਧਰਮ ਨੇ ਉਨ੍ਹਾਂ ਉਤੇ ਜ਼ੁਲਮ ਅਤੇ ਤਸ਼ੱਦਦ ਸ਼ੁਰੂ ਕਰ ਦਿੱਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਬੁੱਧ ਧਰਮ ਆਪਣੇ ਜਨਮ ਸਥਾਨ ਬਿਹਾਰ ਤੇ ਅਫਗਾਨਿਸਤਾਨ ਤੋਂ ਚੀਨ ਅਤੇ ਮੰਗੋਲ ਇਲਾਕੇ ਵਿਚ ਤਬਦੀਲ ਹੋ ਕੇ ਫੈਲ ਗਿਆ, ਪਰ ਜੈਨ ਧਰਮ ਸੁੱਕ ਸੜ ਕੇ ਰੇਗਿਸਤਾਨ ਵਿਚਲੀ ਨਦੀ ਵਾਂਗ ਹਿੰਦੂ ਧਰਮ ਦੀ ਸ਼ਾਖਾ ਬਣ ਕੇ ਰਹਿ ਗਿਆ। ਇੰਜ ਇਸ ਇਲਾਕੇ ਵਿਚ ਸਿਰਫ ਹਿੰਦੂ ਧਰਮ ਅਤੇ ਇਸਲਾਮ ਹੀ ਪ੍ਰਭਾਵੀ ਤੇ ਜਿਉਂਦੇ ਰਹਿ ਗਏ। ਫਿਰ ਇਹ ਆਪਸ 'ਚ ਲੜਦੇ ਭਿੜਦੇ ਅਤੇ ਜਿੱਤਦੇ ਹਾਰਦੇ ਧੁਰ ਪੂਰਬੀ ਅਤੇ ਦਖਣੀ ਭਾਰਤ ਦੇ ਸਮੁੰਦਰੀ ਕੰਢਿਆਂ ਤਕ ਪਹੁੰਚ ਗਏ। ਭਾਰਤ ਕਦੋਂ ਹਿੰਦੁਸਤਾਨ ਬਣ ਗਿਆ, ਪਤਾ ਹੀ ਨਾ ਲੱਗਾ।

15ਵੀਂ ਸਦੀ ਵਿਚ ਪ੍ਰਗਟ ਹੋਏ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕਰ ਕੇ ਭਗਤੀ ਵਿਚਾਰਧਾਰਾ ਨਾਲ ਸਬੰਧਤ ਭਗਤਾਂ, ਸੰਤਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਮਿਲ ਕੇ ਉਨ੍ਹਾਂ ਦੀ ਬਾਣੀ ਇਕੱਤਰ ਕਰਕੇ ਦਸ ਜੋਤਾਂ ਰਾਹੀਂ ਸਿੱਖ ਧਰਮ ਦੀ ਸਥਾਪਨਾ ਕੀਤੀ। ਸਿੱਖ ਧਰਮ ਅੰਮ੍ਰਿਤ ਦੀ ਮਰਿਆਦਾ ਰਾਹੀਂ ਖਾਲਸਾ ਪੰਥ ਦਾ ਰੂਪ ਧਾਰ ਗਿਆ। ਸਿੱਖ ਮਿਸਲਾਂ ਤੋਂ ਹੁੰਦਾ ਹੋਇਆ ਪੰਜਾਬ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਖਾਲਸਾ ਰਾਜ ਪ੍ਰਗਟ ਕਰ ਦਿੱਤਾ, ਜਿਸ ਦੇ ਨਿਰਮਾਣ ਅਤੇ ਪ੍ਰਸਾਰ ਵਿਚ ਸਾਰੇ ਪੰਜਾਬੀ ਹਿੰਦੂ, ਸਿੱਖ ਤੇ ਮੁਸਲਮਾਨ ਸ਼ਾਮਲ ਸਨ। ਕਰੀਬ 50 ਸਾਲ ਧਰਮ ਨਿਰਪੱਖ ਅਤੇ ਸਾਂਝਾ ਰਾਜ ਚਲਦਾ ਰਿਹਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਸਿਰਫ 10 ਸਾਲਾਂ ਵਿਚ ਹੀ ਸਿੱਖ ਰਾਜ ਸਿੱਖ ਸਰਦਾਰਾਂ ਅਤੇ ਅਹਿਲਕਾਰਾਂ ਦੀਆਂ ਨਿੱਜੀ ਰੰਜਿਸ਼ਾਂ ਤੇ ਗੱਦਾਰੀਆਂ ਨਾਲ ਖਤਮ ਹੋ ਗਿਆ।

ਪਹਿਲਾਂ ਹਮਲੇ ਉਤਰ ਪੱਛਮ ਤੋਂ ਹੁੰਦੇ ਸਨ, ਪਰ 15ਵੀਂ ਈਸਵੀ ਤੋਂ ਯੂਰਪੀ ਲੋਕਾਂ ਨੇ ਪੱਛਮੀ ਦੱਖਣੀ ਸਮੁੰਦਰੀ ਰਸਤੇ ਰਾਹੀਂ ਹਿੰਦੁਸਤਾਨ ਵਿਚ ਦਾਖਲ ਹੋਣਾ ਸ਼ੁਰੂ ਕੀਤਾ। ਬਾਦਸ਼ਾਹ ਜਹਾਂਗੀਰ ਦਾ ਇਲਾਜ ਕਰਨ ਵਾਲੇ ਅੰਗਰੇਜ਼ ਡਾਕਟਰਾਂ ਨੇ ਆਪਣੇ ਦੇਸ਼ ਵਾਸਤੇ ਵਪਾਰ ਕਰਨ ਦੀ ਮਨਜ਼ੂਰੀ ਲੈ ਲਈ ਅਤੇ ਹੌਲੀ-ਹੌਲੀ ਦੱਖਣ ਤੋਂ ਉਤਰ ਵੱਲ ਵਧਣਾ ਸ਼ੁਰੂ ਕਰ ਦਿੱਤਾ। ਫਿਰ 1857 ਵਿਚ ਪੂਰੇ ਹਿੰਦੁਸਤਾਨ 'ਤੇ ਕਾਬਜ਼ ਹੋ ਗਏ। ਭਾਰਤੀ ਸਮਾਜ ਵਿਚ ਜੋ ਵਖਰੇਵੇਂ ਅਤੇ ਵਿਰੋਧ ਸਨ, ਉਨ੍ਹਾਂ ਨੂੰ ਹਵਾ ਦੇਣੀ ਅਤੇ ਵਧਾਉਣਾ ਸ਼ੁਰੂ ਕਰ ਦਿੱਤਾ। ਸਾਰੇ ਵਰਗਾਂ ਨੂੰ ਇਕ ਦੂਜੇ ਵਿਰੁਧ ਵਰਤਿਆ ਅਤੇ ਲੜਾਇਆ। ਮਨਸ਼ਾ ਸਾਫ ਸੀ ਕਿ ਜੇ ਇਹ ਆਪਸ ਵਿਚ ਨਹੀਂ ਲੜਨਗੇ ਤਾਂ ਅੰਗਰੇਜ਼ਾਂ ਖਿਲਾਫ ਲੜਨਗੇ ਅਤੇ ਆਜ਼ਾਦੀ ਮੰਗਣਗੇ। ਦਿਖਾਵਾ ਧਰਮ ਨਿਰਲੇਪਤਾ ਦਾ ਕਰਦੇ ਸਨ, ਪਰ ਤੂਲ ਧਾਰਮਿਕ ਅਤੇ ਜਾਤੀ ਵਖਰੇਵਿਆਂ ਨੂੰ ਦਿੰਦੇ ਸਨ। ਨਤੀਜਾ ਇਹ ਨਿਕਲਿਆ ਕਿ ਜਦੋਂ ਦੂਜੀ ਸੰਸਾਰ ਜੰਗ ਦੇ ਝੰਬੇ ਅਤੇ ਕਮਜ਼ੋਰ ਹੋਏ ਅੰਗਰੇਜ਼ ਸਾਮਰਾਜ ਨੂੰ ਹਿੰਦੁਸਤਾਨ ਛੱਡਣਾ ਪਿਆ ਤਾਂ ਦੋ ਕੌਮਾਂ ਦੇ ਸਿਧਾਂਤ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਦੋ ਧਰਮਾਂ ਦੀ ਥਾਂ ਦੋ ਕੌਮਾਂ ਬਣਾ ਕੇ ਇਕ ਦੂਜੇ ਦੇ ਖਿਲਾਫ ਖੜ੍ਹਾ ਕਰ ਗਏ, ਜਿਸ ਦਾ ਖਮਿਆਜ਼ਾ ਦੋਵੇਂ ਦੇਸ਼ ਅੱਜ ਤੱਕ ਭੁਗਤ ਰਹੇ ਹਨ।

ਅੱਜ ਤੱਕ ਚਾਰ ਜੰਗਾਂ ਲੜ ਕੇ ਵੀ ਨਹੀਂ ਸਮਝੇ ਕਿ ਕੌਮ ਅਤੇ ਧਰਮ ਵਿਚ ਕੀ ਫਰਕ ਹੁੰਦਾ ਹੈ। ਹਿੰਦੁਸਤਾਨ ਬਾਰੇ ਬੜੀ ਅਜੀਬ ਸਥਿਤੀ ਬਣੀ ਹੋਈ ਹੈ। ਸਿੰਧ ਦਰਿਆ ਜਿਨ੍ਹਾਂ ਦੀ ਸ਼ਾਹਰਗ ਹੈ, ਜੀਵਨ ਰੇਖਾ ਹੈ, ਜੇ ਉਨ੍ਹਾਂ ਨੂੰ ਹਿੰਦੂ ਕਹੋ ਤਾਂ ਉਹ ਗੁੱਸਾ ਕਰਦੇ ਹਨ। ਜਿਨ੍ਹਾਂ ਦਾ ਸਿੰਧ ਦਰਿਆ ਨਾਲ ਕੋਈ ਲੈਣ ਦੇਣ ਨਹੀਂ ਹੈ, ਲਖਨਊ, ਨਾਗਪੁਰ ਤੇ ਮੁੰਬਈ ਵਾਲੇ ਆਪਣੇ ਆਪ ਨੂੰ ਬੜੀ ਸ਼ਾਨ ਅਤੇ ਅਭਿਮਾਨ ਨਾਲ ਹਿੰਦੂ ਕਹਿੰਦੇ ਹਨ। ਸਿੰਧ ਜਾਂ ਇੰਡਸ ਛੁੱਟ ਗਿਆ, ਪਰ ਹਿੰਦੁਸਤਾਨ ਅਤੇ ਇੰਡੀਆ ਯਾਦ ਹੈ।

1947 ਵਿਚ ਪੂਰਬੀ ਅਤੇ ਪੱਛਮੀ ਪਾਕਿਸਤਾਨ ਬਣੇ; ਦੋਹੀਂ ਥਾਂਈਂ ਰਹਿਣ ਵਾਲੇ ਲੋਕ ਪਾਕ, ਭਾਵ ਪਵਿੱਤਰ। 2500 ਕਿਲੋਮੀਟਰ ਦੂਰ, ਪਰ ਕੌਮ ਇਕ। 25 ਸਾਲ ਇਕੱਠੇ ਨਹੀਂ ਰਹਿ ਸਕੇ, ਦੋ ਦੇਸ਼-ਪਾਕਿਸਤਾਨ ਅਤੇ ਬੰਗਲਾਦੇਸ਼ ਬਣ ਗਏ। ਸਵਾਲ ਹੁਣ ਇਹ ਹੈ, ਕੀ ਬੰਗਲਾਦੇਸ਼ ਦੇ ਵਸਨੀਕ ਹੁਣ ਪਾਕ ਪਵਿੱਤਰ ਨਹੀਂ ਰਹੇ? ਨਾਂ ਬਦਲਣ ਨਾਲ ਪਵਿੱਤਰਤਾ ਵੀ ਖਤਮ? ਹੁਣ ਸਿਰਫ ਪਾਕਿਸਤਾਨ ਵਿਚ ਰਹਿਣ ਵਾਲੇ ਹੀ ਪਵਿੱਤਰ ਰਹਿ ਗਏ? ਕੀ ਪਵਿੱਤਰਤਾ ਸਿਰਫ ਇਲਾਕੇ ਜਾਂ ਦੇਸ਼ ਨਾਲ ਹੀ ਸਬੰਧਤ ਹੈ? ਪਵਿੱਤਰਤਾ ਦਾ ਸਬੰਧ ਤਾਂ ਮਨੁੱਖ ਦੇ ਅੰਦਰ ਨਾਲ ਹੈ, ਬਾਹਰੀ ਪਵਿੱਤਰਤਾ ਦਾ ਕੋਈ ਬਹੁਤਾ ਅਰਥ ਨਹੀਂ ਹੈ। ਕਿਤੇ ਵੀ ਰਹਿੰਦਾ ਬੰਦਾ ਪਵਿੱਤਰ ਹੋ ਸਕਦਾ ਹੈ।

ਇਸ ਚਰਚਾ ਪਿਛੋਂ ਹੁਣ ਖਾਲਿਸਤਾਨ ਦੀ ਗੱਲ ਕਰੀਏ। ਖਾਲ+ਇਸਤਾਨ ਜਾਂ ਖਾਲਿ+ਸਤਾਨ। ਅਰਥ ਜਾਨਣ ਦੀ ਲੋੜ ਨਹੀਂ। ਇਹ ਲੱਖਾਂ ਕਰੋੜਾਂ ਵਾਰ ਵਰਤਿਆ ਗਿਆ ਹੈ। ਪਤਾ ਨਹੀਂ ਕਿਸੇ ਨੇ ਇਸ ਦਾ ਅਰਥ ਵਿਚਾਰਿਆ ਜਾਂ ਨਹੀਂ। ਕੀ ਇਹ ਉਨ੍ਹਾਂ ਦੀ ਸੁਹਿਰਦਤਾ ਅਤੇ ਗੰਭੀਰਤਾ 'ਤੇ ਸਵਾਲ ਖੜ੍ਹਾ ਨਹੀਂ ਕਰਦਾ। ਮੇਰੀ ਯਾਦਦਾਸ਼ਤ ਅਨੁਸਾਰ 1973-75 ਵਿਚ ਸਭ ਤੋਂ ਪਹਿਲਾਂ ਇਹ ਸ਼ਬਦ ਡਾ. ਜਗਜੀਤ ਸਿੰਘ ਚੌਹਾਨ ਅਤੇ ਡਾ. ਸੋਹਨ ਸਿੰਘ ਬਾਸੀ ਨੇ ਵਰਤਿਆ ਸੀ। ਖਾਲਿਸਤਾਨ ਦੇ ਪਾਸਪੋਰਟ ਅਤੇ ਡਾਲਰ ਵੀ ਜਾਰੀ ਕੀਤੇ ਸਨ। ਉਨ੍ਹਾਂ ਦਾ ਕੀ ਹਸ਼ਰ ਹੋਇਆ, ਸਭ ਦੇ ਸਾਹਮਣੇ ਹੈ। ਉਸ ਪਿਛੋਂ ਡਾ. ਗੰਗਾ ਸਿੰਘ ਢਿੱਲੋਂ ਅਤੇ ਸ. ਦੀਦਾਰ ਸਿੰਘ ਬੈਂਸ ਨੇ ਝੰਡਾ ਚੁਕਿਆ, ਬਾਅਦ ਵਿਚ ਸ. ਸਿਮਰਨਜੀਤ ਸਿੰਘ ਮਾਨ ਸ਼ਾਮਲ ਹੋ ਗਏ। ਉਹ 1984 ਤੋਂ ਸਿਆਸਤ ਵਿਚ ਸਰਗਰਮ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਨੇਤਾ ਸਿਆਸਤ ਵਿਚ ਸਰਗਰਮ ਹਨ। ਜਿੰਨੇ ਨੇਤਾ ਹਨ, ਓਨੇ ਹੀ ਦਲ ਹਨ। ਗੱਲ ਕੀ, ਦਲਾਂ ਦੀ ਦਲ ਦਲ ਬਣੀ ਪਈ ਹੈ। ਕੋਈ ਕਿਸੇ ਹੋਰ ਦੀ ਅਗਵਾਈ ਹੇਠ ਕੰਮ ਕਰਨ ਲਈ ਤਿਆਰ ਨਹੀਂ ਹੈ।

1947 ਤੋਂ ਬਾਅਦ ਪੰਜਾਬ ਦੇ ਜਿੰਨੇ ਵੀ ਮੁੱਖ ਮੰਤਰੀ ਬਣੇ, ਉਨ੍ਹਾਂ ਵਿਚੋਂ ਬਹੁਤੇ ਸਿੱਖ ਸਨ। ਸਿੱਖ ਹਰ ਪਾਰਟੀ ਵਿਚ ਪ੍ਰਭਾਵੀ ਰੂਪ ਵਿਚ ਸ਼ਾਮਲ ਹਨ ਅਤੇ ਅਸਰਦਾਰ ਭੂਮਿਕਾ ਨਿਭਾ ਰਹੇ ਹਨ। ਫਿਰ ਵੀ ਜੇ ਸਿੱਖਾਂ ਦੀ ਦਸ਼ਾ ਨਹੀਂ ਸੁਧਰ ਰਹੀ ਤਾਂ ਕੌਣ ਜਿੰਮੇਵਾਰ ਹੈ। 1978 ਤੋਂ 2018 ਤੱਕ ਲੱਖਾਂ ਵਿਅਕਤੀ ਇਸ ਦੀ ਭੇਟ ਚੜ੍ਹ ਗਏ। ਸਿੱਖ ਹੀ ਸਿੱਖਾਂ ਨੂੰ ਮਾਰ ਰਹੇ ਹਨ। ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਸਿੱਖ ਸੀ ਅਤੇ ਉਸ ਨੂੰ ਮਾਰਨ ਵਾਲੇ ਵੀ ਸਿੱਖ ਸਨ। ਲੌਂਗੋਵਾਲ ਵੀ ਸ਼ਹੀਦ, ਉਸ ਨੂੰ ਮਾਰਨ ਵਾਲੇ ਵੀ ਸ਼ਹੀਦ। ਅਜੇ ਤਕ ਫੈਸਲਾ ਨਹੀਂ ਹੋ ਸਕਿਆ ਕਿ ਕੌਣ ਸਹੀ ਹੈ। ਕਰੀਬ ਦੋ ਪੀੜ੍ਹੀਆਂ ਖਤਮ ਹੋ ਗਈਆਂ। ਤੀਜੀ ਪੀੜ੍ਹੀ ਨੂੰ ਨਸ਼ੇ ਖਤਮ ਕਰ ਰਹੇ ਹਨ, ਖੁਦਕੁਸ਼ੀਆਂ ਹੋ ਰਹੀਆਂ ਹਨ। ਸਿੱਖ ਜਵਾਨੀ ਹਰ ਵਸੀਲਾ ਵਰਤ ਕੇ ਬਾਹਰਲੇ ਮੁਲਕਾਂ ਵੱਲ ਵਹੀਰਾਂ ਘੱਤ ਰਹੀ ਹੈ। ਮਾਪੇ ਵੀ ਉਨ੍ਹਾਂ ਨੂੰ ਬਚਾਉਣ ਲਈ ਹਰ ਹੀਲਾ ਵਰਤ ਰਹੇ ਹਨ ਕਿ ਕਿਸੇ ਤਰ੍ਹਾਂ ਬਾਹਰ ਨਿਕਲ ਜਾਏ ਅਤੇ ਬਚ ਜਾਏ।

ਪੰਜਾਬ ਬਰਬਾਦੀ ਦੇ ਕੰਢੇ 'ਤੇ ਖੜ੍ਹਾ ਹੈ। ਵਾਤਾਵਰਣ ਪਲੀਤ ਹੋ ਚੁਕਾ ਹੈ। ਧਰਤੀ ਹੇਠਲਾ ਪਾਣੀ ਖਤਮ ਹੋ ਰਿਹਾ ਹੈ। ਦਰਿਆਵਾਂ ਦਾ ਪਾਣੀ ਵੀ ਦੂਸ਼ਿਤ ਹੋ ਚੁਕਾ ਹੈ। ਪੰਜਾਬ ਬੰਜਰ ਹੋ ਰਿਹਾ ਹੈ, ਪਤਾ ਨਹੀਂ ਕਦੋਂ ਕਬਰਿਸਤਾਨ ਬਣ ਜਾਏ ਜਾਂ ਸ਼ਾਇਦ 'ਖਾਲੀਸਤਾਨ' ਹੀ ਬਣ ਜਾਵੇ। 2020 ਦਾ ਰੈਫਰੈਂਡਮ ਹੋਵੇ ਜਾਂ ਨਾ ਹੋਵੇ, 2021 ਦੀ ਜਨਗਣਨਾ ਜ਼ਰੂਰ ਹੋਵੇਗੀ। ਇਹ ਸੱਜਣ ਉਸ ਜਨਗਣਨਾ ਵਿਚੋਂ ਸਿੱਖਾਂ ਦੀ ਗਿਣਤੀ ਛਾਂਟ ਲੈਣ, ਤਸੱਲੀ ਹੋ ਜਾਵੇਗੀ ਅਤੇ ਉਨ੍ਹਾਂ ਵਿਚੋਂ ਖਾਲਸੇ ਦੀ ਸ਼ਨਾਖਤ ਕਰ ਲੈਣ, ਨਤੀਜਾ ਸਾਹਮਣੇ ਆ ਜਾਊ। ਕਿਸੇ ਨਾਲ ਲੜਨ ਦੀ ਲੋੜ ਹੀ ਨਹੀਂ ਪੈਣੀ। ਸਾਰੇ ਮਸਲੇ ਆਪਣੇ ਆਪ ਹੀ ਹੱਲ ਹੋ ਜਾਣਗੇ।

*1947 ਵਿਚ ਪੂਰਬੀ ਅਤੇ ਪੱਛਮੀ ਪਾਕਿਸਤਾਨ ਬਣੇ; ਦੋਹੀਂ ਥਾਂਈਂ ਰਹਿਣ ਵਾਲੇ ਲੋਕ ਪਾਕ, ਭਾਵ ਪਵਿੱਤਰ। 2500 ਕਿਲੋਮੀਟਰ ਦੂਰ, ਪਰ ਕੌਮ ਇਕ। 25 ਸਾਲ ਇਕੱਠੇ ਨਹੀਂ ਰਹਿ ਸਕੇ, ਦੋ ਦੇਸ਼-ਪਾਕਿਸਤਾਨ ਅਤੇ ਬੰਗਲਾਦੇਸ਼ ਬਣ ਗਏ। ਸਵਾਲ ਹੁਣ ਇਹ ਹੈ, ਕੀ ਬੰਗਲਾਦੇਸ਼ ਦੇ ਵਸਨੀਕ ਹੁਣ ਪਾਕ ਪਵਿੱਤਰ ਨਹੀਂ ਰਹੇ? ਨਾਂ ਬਦਲਣ ਨਾਲ ਪਵਿੱਤਰਤਾ ਵੀ ਖਤਮ? ਹੁਣ ਸਿਰਫ ਪਾਕਿਸਤਾਨ ਵਿਚ ਰਹਿਣ ਵਾਲੇ ਹੀ ਪਵਿੱਤਰ ਰਹਿ ਗਏ? ਕੀ ਪਵਿੱਤਰਤਾ ਸਿਰਫ ਇਲਾਕੇ ਜਾਂ ਦੇਸ਼ ਨਾਲ ਹੀ ਸਬੰਧਤ ਹੈ? ਪਵਿੱਤਰਤਾ ਦਾ ਸਬੰਧ ਤਾਂ ਮਨੁੱਖ ਦੇ ਅੰਦਰ ਨਾਲ ਹੈ, ਬਾਹਰੀ ਪਵਿੱਤਰਤਾ ਦਾ ਕੋਈ ਬਹੁਤਾ ਅਰਥ ਨਹੀਂ ਹੈ। ਕਿਤੇ ਵੀ ਰਹਿੰਦਾ ਬੰਦਾ ਪਵਿੱਤਰ ਹੋ ਸਕਦਾ ਹੈ।*

*1947 ਤੋਂ ਬਾਅਦ ਪੰਜਾਬ ਦੇ ਜਿੰਨੇ ਵੀ ਮੁੱਖ ਮੰਤਰੀ ਬਣੇ, ਉਨ੍ਹਾਂ ਵਿਚੋਂ ਬਹੁਤੇ ਸਿੱਖ ਸਨ। ਸਿੱਖ ਹਰ ਪਾਰਟੀ ਵਿਚ ਪ੍ਰਭਾਵੀ ਰੂਪ ਵਿਚ ਸ਼ਾਮਲ ਹਨ ਅਤੇ ਅਸਰਦਾਰ ਭੂਮਿਕਾ ਨਿਭਾ ਰਹੇ ਹਨ। ਫਿਰ ਵੀ ਜੇ ਸਿੱਖਾਂ ਦੀ ਦਸ਼ਾ ਨਹੀਂ ਸੁਧਰ ਰਹੀ ਤਾਂ ਕੌਣ ਜਿੰਮੇਵਾਰ ਹੈ। 1978 ਤੋਂ 2018 ਤੱਕ ਲੱਖਾਂ ਵਿਅਕਤੀ ਇਸ ਦੀ ਭੇਟ ਚੜ੍ਹ ਗਏ। ਸਿੱਖ ਹੀ ਸਿੱਖਾਂ ਨੂੰ ਮਾਰ ਰਹੇ ਹਨ। ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਸਿੱਖ ਸੀ ਅਤੇ ਉਸ ਨੂੰ ਮਾਰਨ ਵਾਲੇ ਵੀ ਸਿੱਖ ਸਨ। ਲੌਂਗੋਵਾਲ ਵੀ ਸ਼ਹੀਦ, ਉਸ ਨੂੰ ਮਾਰਨ ਵਾਲੇ ਵੀ ਸ਼ਹੀਦ। ਅਜੇ ਤਕ ਫੈਸਲਾ ਨਹੀਂ ਹੋ ਸਕਿਆ ਕਿ ਕੌਣ ਸਹੀ ਹੈ। ਕਰੀਬ ਦੋ ਪੀੜ੍ਹੀਆਂ ਖਤਮ ਹੋ ਗਈਆਂ। ਤੀਜੀ ਪੀੜ੍ਹੀ ਨੂੰ ਨਸ਼ੇ ਖਤਮ ਕਰ ਰਹੇ ਹਨ, ਖੁਦਕੁਸ਼ੀਆਂ ਹੋ ਰਹੀਆਂ ਹਨ। ਸਿੱਖ ਜਵਾਨੀ ਹਰ ਵਸੀਲਾ ਵਰਤ ਕੇ ਬਾਹਰਲੇ ਮੁਲਕਾਂ ਵੱਲ ਵਹੀਰਾਂ ਘੱਤ ਰਹੀ ਹੈ। ਮਾਪੇ ਵੀ ਉਨ੍ਹਾਂ ਨੂੰ ਬਚਾਉਣ ਲਈ ਹਰ ਹੀਲਾ ਵਰਤ ਰਹੇ ਹਨ ਕਿ ਕਿਸੇ ਤਰ੍ਹਾਂ ਬਾਹਰ ਨਿਕਲ ਜਾਏ ਅਤੇ ਬਚ ਜਾਏ।*

# ਹਿੰਦੂ ਯੁਵਾ ਵਹਿਨੀ

(ਪਿਛਲੇ ਸਫੇ ਦੀ ਬਾਕੀ)

ਉਨ੍ਹਾਂ ਨਾਲ ਬੈਠ ਕੇ ਖਾਣਾ ਖਾਣ ਦਾ ਪ੍ਰੋਗਰਾਮ ਲਿਆ ਜਾਂਦਾ ਹੈ। ਅੱਧ ਫਰਵਰੀ ਤੋਂ ਅੱਧ ਮਾਰਚ ਤੱਕ ਮੈਂਬਰਸ਼ਿਪ ਕੀਤੀ ਜਾਂਦੀ ਹੈ। ਮਈ ਦੇ ਅਖੀਰ ਤੱਕ ਮੀਟਿੰਗ ਤੇ ਰੈਲੀਆਂ ਕੀਤੀਆਂ ਜਾਂਦੀਆਂ ਹਨ। ਬਾਕੀ ਸਾਰਾ ਸਾਲ ਇਸ ਦੇ ਕਾਰਕੁਨ ਵੱਖ ਵੱਖ ਜਿਲਿਆਂ ਵਿਚ ਜਥੇਬੰਦਕ ਕੰਮ ਦੇਖਦੇ ਹਨ। ਪਹਿਲਾਂ ਗੋਰਖਪੁਰ 'ਤੇ ਧਿਆਨ ਕੇਂਦਰਤ ਕੀਤਾ ਗਿਆ। ਫਿਰ ਬਸਤੀ, ਗੋਰਖਪੁਰ, ਦਿਓਰਿਆ, ਖੁਸ਼ੀ ਨਗਰ, ਮਹਾਰਾਜਾ ਗੰਜ ਬਸਤੀ, ਸੰਤ ਕਬੀਰ ਨਗਰ ਅਤੇ ਸਿਧਾਰਥ ਨਗਰ ਜ਼ਿਲ੍ਹਿਆਂ 'ਤੇ ਕੇਂਦਰਤ ਕੀਤਾ ਗਿਆ। ਹੁਣ ਇਸ ਜਥੇਬੰਦੀ ਦਾ ਕੰਮ ਪੂਰਬੀ ਯੂ. ਪੀ. ਦੇ ਫੈਜ਼ਾਬਾਦ, ਗੋਂਡਾ, ਮੌਅ ਅਤੇ ਆਜ਼ਮਗੜ੍ਹ ਵਿਚ ਵੀ ਹੈ।

ਇਸ ਦੇ ਤੇਜ਼ੀ ਨਾਲ ਹੋ ਰਹੇ ਵਾਧੇ ਨੂੰ ਦੇਖਦਿਆਂ ਅਦਿਤਿਆ ਨਾਥ ਨੇ ਇਸ ਨੂੰ ਧਿਆਨ ਨਾਲ ਜਥੇਬੰਦ ਕਰਨ ਦੇ ਉਪਰਾਲੇ ਕੀਤੇ। ਇਸ ਦੀਆਂ ਸਟੇਟ, ਜਿਲਾ, ਬਲਾਕ ਅਤੇ ਪੰਚਾਇਤ ਪੱਧਰ 'ਤੇ ਕਮੇਟੀਆਂ ਬਣਾਈਆਂ। ਜਦੋਂ ਪਹਿਲੇ ਤਿੰਨ ਪੱਧਰ 'ਤੇ ਮੈਂਬਰਾਂ ਦੀ ਗਿਣਤੀ 101 ਹੋ ਜਾਵੇ ਤਾਂ ਕਮੇਟੀ ਬਣ ਸਕਦੀ ਹੈ। ਪੰਚਾਇਤ ਪੱਧਰ 'ਤੇ ਇਹ ਗਿਣਤੀ 250 ਰੱਖੀ ਗਈ। ਜਦੋਂ ਕਿਸੇ ਪਿੰਡ ਵਿਚ ਗਿਣਤੀ ਪੂਰੀ ਹੋ ਜਾਂਦੀ, ਫਿਰ ਸਾਰੇ ਕਮੇਟੀ ਮੈਂਬਰਾਂ ਦੇ ਹੋਰਡਿੰਗ ਪੰਚਾਇਤ ਘਰ ਵਿਚ ਲਾ ਦਿੱਤੇ ਜਾਂਦੇ ਹਨ ਅਤੇ ਮੈਂਬਰਾਂ ਦੇ ਘਰਾਂ 'ਤੇ ਤਿਕੋਣੇ ਕੇਸਰੀ ਝੰਡੇ ਵੀ ਲਾਏ ਜਾਂਦੇ ਹਨ।

2005 ਵਿਚ ਹਿੰਦੂ ਯੁਵਾ ਵਾਹਿਨੀ ਨੇ ਆਪਣਾ ਪੱਤਰ 'ਹਿੰਦਵੀ' ਸ਼ੁਰੂ ਕੀਤਾ। ਗੋਰਖਪੁਰ ਦੇ ਵਪਾਰਕ ਭਾਈਚਾਰੇ ਦੇ ਸਹਿਯੋਗ ਨਾਲ ਇਹ ਕੁਝ ਦੇਰ ਚਲਦਾ ਰਿਹਾ। ਅਦਿਤਿਆ ਨਾਥ ਦਾ ਗੁੱਟ ਕੁਝ ਸਮਾਂ ਤਾਂ ਇਸ ਨੂੰ ਚਲਾਉਂਦਾ ਰਿਹਾ, ਪਰ 2007 ਵਿਚ ਵਿੱਤੀ ਅਤੇ ਸਿਆਸੀ ਦਿੱਕਤਾਂ ਕਾਰਨ ਇਸ ਨੂੰ ਬੰਦ ਕਰ ਦਿੱਤਾ ਗਿਆ।

ਹਿੰਦੂ ਯੁਵਾ ਵਾਹਿਨੀ ਵਿਚ ਉਚ ਜਾਤੀ ਠਾਕੁਰਾਂ ਦੀ ਸਰਦਾਰੀ ਹੈ। ਗੋਰਖਪੁਰ ਦੇ ਪੱਤਰਕਾਰ ਮਨੋਜ ਕੁਮਾਰ ਅਨੁਸਾਰ ਇਸ ਵਿਚ ਜਾਤੀ ਭੇਦਭਾਵ ਸਪਸ਼ਟ ਹੈ, ਗੱਲ ਇਸ ਤੋਂ ਵੀ ਅੱਗੇ ਹੈ। ਹਿੰਦੂ ਯੁਵਾ ਵਾਹਿਨੀ ਆਪਣੇ ਤਾਕਤ ਦੇ ਮੁੱਖ ਸਰੋਤ ਗੋਰਖਨਾਥ ਮੰਦਿਰ ਤੋਂ ਵੱਖਰੀ ਕਿਵੇਂ ਹੋ ਸਕਦੀ ਹੈ, ਜੋ ਠਾਕੁਰਾਂ ਦਾ ਮੱਠ ਹੈ।


ਇਕ ਹੋਰ ਤੱਥ ਇਹ ਵੀ ਹੈ ਕਿ ਅਦਿਤਿਆ ਨਾਥ, ਵੀਰੇਂਦਰ ਪਰਤਾਪ ਸ਼ਾਹੀ ਨਾਂ ਦੇ ਠਾਕੁਰ ਗੈਂਗਸਟਰ ਦੀ ਵਿਰਾਸਤ ਦੀ ਵੀ ਅਸਿੱਧੇ ਰੂਪ 'ਚ ਨੁਮਾਇੰਦਗੀ ਕਰਦਾ ਹੈ, ਜਿਸ ਦਾ ਬ੍ਰਾਹਮਣ ਗੈਂਗਸਟਰ ਹਰੀ ਸ਼ੰਕਰ ਤਿਵਾੜੀ ਨਾਲ ਜਾਤ ਆਧਾਰਤ ਇੱਟ ਕੁੱਤੇ ਦਾ ਵੈਰ ਸੀ। ਸ਼ਾਹੀ 1997 'ਚ ਇਕ ਹੋਰ ਬ੍ਰਾਹਮਣ ਗੈਂਗਸਟਰ ਪ੍ਰਕਾਸ਼ ਸ਼ੁਕਲਾ ਹੱਥੋਂ ਮਾਰਿਆ ਗਿਆ। 1997 ਵਿਚ ਜਦੋਂ ਸ਼ਾਹੀ ਨੂੰ ਬ੍ਰਾਹਮਣਾਂ ਦੇ ਉਭਰ ਰਹੇ ਗੈਂਗਸਟਰ ਸ੍ਰੀ ਪ੍ਰਕਾਸ਼ ਸ਼ੁਕਲਾ ਨੇ ਮਾਰ ਦਿੱਤਾ ਤਾਂ ਠਾਕੁਰਾਂ ਨੂੰ ਵੱਡੀ ਪਛਾੜ ਦਾ ਸਾਹਮਣਾ ਕਰਨਾ ਪਿਆ, ਇਹ ਵਿਸ਼ੇਸ਼ ਖੱਪਾ ਅਦਿਤਿਆ ਨਾਥ ਦੇ 'ਗੌ ਰੱਖਿਆ ਮੰਚ' ਤੇ 'ਹਿੰਦੂ ਯੁਵਾ ਵਾਹਿਨੀ' ਨੇ ਪੂਰਾ ਕਰ ਦਿੱਤਾ। ਰਹਿੰਦੀ ਕਸਰ ਅਦਿਤਿਆ ਨਾਥ ਨੇ ਗੋਰਖਨਾਥ ਮੱਠ ਨੂੰ ਠਾਕੁਰ ਮੱਠ ਵਜੋਂ ਸਥਾਪਤ ਕਰਕੇ ਪੂਰੀ ਕਰ ਦਿੱਤੀ। ਇਸ ਦੇ ਬਾਵਜੂਦ ਪੱਛੜੀਆਂ ਜਾਤਾਂ ਅਤੇ ਦਲਿਤ ਅਦਿਤਿਆ ਨਾਥ ਦੇ ਹਮਾਇਤੀ ਹਨ। ਪੱਤਰਕਾਰ ਮਨੋਜ ਕੁਮਾਰ ਅਨੁਸਾਰ 'ਮੱਠ ਦੀ ਸਥਾਪਨਾ ਦੀ ਮੌਲਿਕ ਧਾਰਨਾ ਖਿਲਾਫ ਖੜ੍ਹਨ ਅਤੇ ਇਸ ਤੋਂ ਦੂਰ ਹੁੰਦੇ ਜਾਣ ਦੇ ਬਾਵਜੂਦ ਦਲਿਤਾਂ ਅਤੇ ਪਛੜੀਆਂ ਜਾਤਾਂ ਦੀ ਮੱਠ ਨਾਲ ਨੇੜਤਾ ਬਣੀ ਹੋਈ ਹੈ।'


---

ਨੋਟ ਕਰਨ ਵਾਲੀ ਗੱਲ ਹੈ ਕਿ ਜਨਵਰੀ-ਫਰਵਰੀ 2007 'ਚ ਗੋਰਖਪੁਰ ਦੇ ਇਲਾਕੇ ਵਿਚ ਅਦਿਤਿਆ ਨਾਥ ਤੇ ਇਸ ਦੀ ਯੁਵਾ ਵਾਹਿਨੀ ਵਲੋਂ ਕੀਤੇ ਫਿਰਕੂ ਪ੍ਰਚਾਰ ਦੌਰਾਨ ਭੜਕੇ ਦੰਗਿਆਂ ਵਿਚ ਦੋ ਲੋਕ ਮਾਰੇ ਗਏ, ਕਈ ਦਿਨ ਕਰਫਿਊ ਲੱਗਾ ਰਿਹਾ, ਕਾਫੀ ਲੋਕ ਜ਼ਖਮੀ ਹੋਏ, ਬਹੁਤ ਸਾਰਾ ਮਾਲੀ ਨੁਕਸਾਨ ਹੋਇਆ। ਇਕ ਹੋਰ ਗੱਲ ਵੀ ਮਸ਼ਹੂਰ ਹੋਈ। ਜਦੋਂ ਸਥਾਨਕ ਪ੍ਰਸ਼ਾਸਨ ਨੇ ਥੋੜ੍ਹਾ ਤੜ੍ਹ ਦਿਖਾਈ ਤਾਂ 12 ਮਾਰਚ 2007 ਨੂੰ ਇਹ ਯੋਗੀ ਅਦਿਤਿਆ ਨਾਥ, ਜੋ ਧਾਰਮਿਕ ਜਾਂ ਸਿਆਸੀ ਆਗੂ ਹੋਣ ਦੀ ਥਾਂ ਬਹਾਦਰ ਠਾਕੁਰ ਹੋਣ ਦੀਆਂ ਬੜ੍ਹਕਾਂ ਮਾਰਦਾ ਨਹੀਂ ਥੱਕਦਾ, ਲੋਕ ਸਭਾ ਵਿਚ ਫੁੱਟ ਫੁੱਟ ਕੇ ਰੋਂਦਾ ਦੇਖਿਆ ਗਿਆ।

ਇਹ ਹਿੰਦੂ ਯੁਵਾ ਵਾਹਿਨੀ ਵੱਲੋਂ ਭੜਕਾਏ ਪਹਿਲੇ ਦੰਗੇ ਨਹੀਂ ਸਨ। ਮਾਰਚ 2002 ਵਿਚ ਹਿੰਦੂ ਯੁਵਾ ਵਾਹਿਨੀ ਬਣਾਏ ਜਾਣ ਪਿਛੋਂ ਗੋਰਖਪੁਰ ਇਲਾਕੇ ਵਿਚ ਹਿੰਦੂ-ਮੁਸਲਮਾਨ ਫਿਰਕੂ ਦੰਗੇ ਆਮ ਵਰਤਾਰਾ ਹੋ ਗਏ, ਜਿਨ੍ਹਾਂ ਵਿਚ ਕਿਸੇ ਨਾ ਕਿਸੇ ਢੰਗ ਨਾਲ ਅਦਿਤਿਆ ਨਾਥ ਅਤੇ ਹਿੰਦੂ ਯੁਵਾ ਵਾਹਿਨੀ ਦਾ ਸਿੱਧਾ ਜਾਂ ਅਸਿੱਧਾ ਹੱਥ ਹੁੰਦਾ ਸੀ। ਦੋ ਜਾਤਾਂ ਦੇ ਵਿਅਕਤੀਆਂ ਦਾ ਬੋਲ ਬੁਲਾਰਾ ਝੱਟ ਫਿਰਕੂ ਹਿੰਸਾ ਦਾ ਰੂਪ ਧਾਰ ਲੈਂਦਾ ਹੈ।

(ਚਲਦਾ)





(ਖੱਬੇ) ਹਿੰਦੂ ਯੁਵਾ ਵਾਹਿਨੀ ਦਾ ਲੋਗੋ ਅਤੇ (ਸੱਜੇ) ਝੰਡਾ।


# ਨੇੜਿਉਂ ਡਿੱਠੇ ਸੋਹਣ ਸਿੰਘ ਸੀਤਲ

**ਉਘੇ ਢਾਡੀ ਸੋਹਣ ਸਿੰਘ ਸੀਤਲ (7 ਅਗਸਤ 1909-23 ਸਤੰਬਰ 1998) ਨੇ ਵਾਰਾਂ ਹੀ ਨਹੀਂ ਲਿਖੀਆਂ, ਬਹੁਤ ਸਾਰੇ ਮਿਆਰੀ ਨਾਵਲਾਂ ਨਾਲ ਵੀ ਪੰਜਾਬੀ ਸਾਹਿਤ ਜਗਤ ਨੂੰ ਮਾਲਾਮਾਲ ਕੀਤਾ। ਸਿੱਖਾਂ ਦੇ ਇਤਿਹਾਸ ਨੂੰ ਉਨ੍ਹਾਂ ਵੱਖਰੇ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਦੇ ਅਣਗਿਣਤ ਪ੍ਰਸ਼ੰਸਕਾਂ ਵਿਚੋਂ ਇਕ ਜਸਵੰਤ ਸਿੰਘ ਸੰਧੂ ਨੇ ਆਪਣੇ ਇਸ ਲੇਖ ਵਿਚ ਸੁਰ ਭਾਵੇਂ ਪ੍ਰਸ਼ੰਸਾਮਈ ਰੱਖੀ ਹੈ, ਪਰ ਕਈ ਪੱਖਾਂ ਤੋਂ ਇਹ ਲਿਖਤ ਬੜੀ ਨਿਆਰੀ ਅਤੇ ਨਿਵੇਕਲੀ ਹੈ। ਇਸ ਵਿਚੋਂ ਸੋਹਣ ਸਿੰਘ ਸੀਤਲ ਦਾ ਵੱਖਰਾ ਬਿੰਬ ਉਭਰਦਾ ਹੈ। -ਸੰਪਾਦਕ**

ਸੋਹਣ ਸਿੰਘ ਸੀਤਲ ਆਪਣੀ ਜੀਵਨ ਕਹਾਣੀ 'ਵੇਖੀ ਮਾਣੀ ਦੁਨੀਆਂ' ਵਿਚ ਇਕ ਥਾਂ ਲਿਖਦੇ ਹਨ:

ਮਰਨੇ ਕੇ ਬਾਅਦ 'ਸੀਤਲ'
ਅਪਨੀ ਕਰੇਂਗੇ ਕੋਈ,
ਕਰਤੇ ਹੈਂ ਹਮ ਜਹਾਂ ਮੇਂ,
ਗੁਜ਼ਰੇ ਹੂਓਂ ਕੀ ਬਾਤੇਂ।

ਇਸ ਸ਼ਿਅਰ ਨੂੰ ਮੁੱਖ ਰੱਖ ਕੇ ਮੈਂ ਸੀਤਲ ਦੀ ਜ਼ਿੰਦਗੀ ਬਾਰੇ ਕੁਝ ਗੱਲਾਂ ਲਿਖਣ ਲੱਗਾ ਹਾਂ। ਮੈਂ ਉਨ੍ਹਾਂ ਨੂੰ ਬਾਬੇ ਬੁੱਢੇ (ਅੰਮ੍ਰਿਤਸਰ) ਦੇ ਮੇਲੇ 'ਤੇ ਲਗਾਤਾਰ ਸੁਣਿਆ। ਉਨ੍ਹਾਂ ਆਪਣੀ ਜ਼ਿੰਦਗੀ ਦੀਆਂ ਜੋ ਜੋ ਗੱਲਾਂ ਮੇਰੇ ਨਾਲ ਕੀਤੀਆਂ, ਉਹ ਮੈਂ ਪਾਠਕਾਂ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ। ਉਹ ਬਾਬੇ ਬੁੱਢੇ 21 ਅੱਸੂ ਨੂੰ ਪੁੱਜ ਜਾਂਦੇ ਅਤੇ 22 ਅੱਸੂ ਨੂੰ ਵਾਪਸ ਲੁਧਿਆਣੇ 'ਸੀਤਲ ਭਵਨ' ਚਲੇ ਜਾਂਦੇ। ਬਾਬੇ ਬੁੱਢੇ ਕਿਆਮ ਸਮੇਂ ਉਹ ਤਿੰਨ ਦੀਵਾਨ ਲਾਉਂਦੇ ਸਨ। ਬਾਬਾ ਬੁੱਢਾ ਸਕੂਲ ਵਿਚ ਉਨ੍ਹਾਂ ਦਾ ਨਿਵਾਸ ਹੁੰਦਾ ਸੀ। ਕਈ ਨਾਮਵਰ ਢਾਡੀ ਤੇ ਮੇਰੇ ਵਰਗੇ ਪ੍ਰਸ਼ੰਸਕ ਉਨ੍ਹਾਂ ਦੀ ਮੰਜੀ ਦੁਆਲੇ ਬੈਠੇ ਹੁੰਦੇ। ਜਦੋਂ ਉਹ ਦੀਵਾਨ ਹਾਲ ਵਲ ਜਾਂਦੇ ਤਾਂ ਮੈਂ ਉਨ੍ਹਾਂ ਦਾ ਜੋੜਾ ਲੁਹਾ ਕੇ ਜੋੜਾ-ਘਰ ਰੱਖ ਕੇ ਆਉਣਾ ਤਾਂ ਉਨ੍ਹਾਂ ਕਹਿਣਾ, "ਮਾਸਟਰ ਜੀ, ਮੈਂ ਇਹ ਤੁਹਾਡਾ ਭਾਰ ਕਿਸ ਤਰ੍ਹਾਂ ਲਾਹਵਾਂਗਾ ਜੋ ਤੁਸੀ ਮੇਰੇ ਸਿਰ ਜੋੜਾ ਰੱਖ ਕੇ ਚਾੜ੍ਹ ਰਹੇ ਜੇ।" ਮੈਂ ਕਹਿਣਾ, "ਬਾਪੂ ਜੀ, ਮੈਂ ਤਾਂ ਤੁਹਾਡਾ ਭਾਰ ਸੱਤ ਜਨਮ ਪੈਦਾ ਹੋ ਕੇ ਵੀ ਨਹੀਂ ਲਾਹ ਸਕਦਾ। ਮੈਂ ਤੁਹਾਡੇ ਵਿਚਾਰਾਂ ਤੋਂ ਜੋ ਸੇਧ ਲਈ ਹੈ, ਉਸ ਦਾ ਕੋਈ ਮੁੱਲ ਨਹੀਂ।"



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ 510-909-8204**

ਇਸ ਮਹਾਨ ਸ਼ਖ਼ਸੀਅਤ ਦਾ ਜਨਮ ਕਾਦੀਵਿੰਡ, ਤਹਿਸੀਲ ਕਸੂਰ, ਜ਼ਿਲਾ ਲਾਹੌਰ ਵਿਚ 7 ਅਗਸਤ 1909 ਨੂੰ ਸ. ਖੁਸ਼ਹਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੇ ਘਰ ਹੋਇਆ। ਮੁਢਲੀ ਵਿਦਿਆ ਉਨ੍ਹਾਂ ਪਿੰਡ ਦੇ ਗ੍ਰੰਥੀ ਕੋਲੋਂ ਲਈ। ਆਪਣੇ ਪਿੰਡ ਤਿੰਨ ਮੀਲ ਦੂਰ ਪਿੰਡ ਵਰਨ ਪ੍ਰਾਇਮਰੀ ਸਕੂਲ ਤੋਂ ਚੌਥੀ ਜਮਾਤ ਪਾਸ ਕੀਤੀ ਅਤੇ ਗੌਰਮਿੰਟ ਹਾਈ ਸਕੂਲ ਕਸੂਰ ਤੋਂ ਦਸਵੀਂ ਦਾ ਇਮਤਿਹਾਨ ਫਸਟ ਡਿਵੀਜ਼ਨ 'ਚ ਪਾਸ ਕੀਤਾ।

ਬਚਪਨ ਉਨ੍ਹਾਂ ਦਾ ਡਰ ਦੇ ਸਾਏ ਹੇਠ ਗੁਜ਼ਰਿਆ। ਇਕਲੌਤਾ ਪੁੱਤ ਹੋਣ ਕਰਕੇ ਮਾਪੇ ਵਿਸਾਹ ਨਹੀਂ ਸਨ ਖਾਂਦੇ। ਜਵਾਨ ਹੋਏ ਤਾਂ ਪੜ੍ਹਾਈ ਦੇ ਨਾਲ-ਨਾਲ ਵਾਹੀ-ਖੇਤੀ ਵਿਚ ਪਿਤਾ ਜੀ ਦਾ ਹੱਥ ਵਟਾਉਂਦੇ। ਜਦ ਖੇਤੀ ਤਿਆਰ ਹੋ ਜਾਂਦੀ ਤਾਂ ਸ਼ਰੀਕ ਖੜ੍ਹੀ ਫਸਲ ਵਿਚ ਡੰਗਰ ਛੱਡ ਕੇ ਉਜਾੜ ਦਿੰਦੇ। ਚੋਰੀ ਪੱਠੇ ਵੱਢ ਲੈਂਦੇ। ਕਈ ਵਾਰ ਖਲਵਾੜਿਆਂ ਨੂੰ ਅੱਗ ਲਾਈ। ਚੋਰੀ ਦੇ ਝੂਠੇ ਕੇਸ ਬਣਾਏ। ਕਈ ਵਾਰ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੇ ਕਹਿਣ ਅਨੁਸਾਰ, ਵਾਹਿਗੁਰੂ ਹੀ ਬਚਾਉਂਦਾ ਰਿਹਾ। 1933 ਵਿਚ ਉਨ੍ਹਾਂ ਇਸ ਆਸ ਨਾਲ ਗਿਆਨੀ ਪਾਸ ਕੀਤੀ ਕਿ ਪ੍ਰਾਈਵੇਟ ਬੀ.ਏ. ਕਰਕੇ ਕਿਸੇ ਨੌਕਰੀ 'ਤੇ ਲੱਗ ਕੇ ਜੱਟ-ਸੰਸਾਰ ਤੋਂ ਦੂਰ ਹੋ ਜਾਵਾਂਗਾ, ਪਰ ਇਸ ਕੋਸ਼ਿਸ਼ ਵਿਚ ਉਹ ਸਫਲ ਨਾ ਹੋ ਸਕੇ। ਉਸ ਵਕਤ ਨੌਕਰੀ ਮਿਲਦੀ ਨਹੀਂ ਸੀ। ਪਿਛੋਂ ਸ. ਪ੍ਰਤਾਪ ਸਿੰਘ ਕੈਰੋਂ ਅਤੇ ਗਿਆਨੀ ਜ਼ੈਲ ਸਿੰਘ ਵਰਗੇ ਮੁੱਖ ਮੰਤਰੀਆਂ ਨੇ ਆਪ ਨੌਕਰੀ ਦੀ ਪੇਸ਼ਕਸ਼ ਕੀਤੀ ਪਰ ਸ. ਸੀਤਲ ਨੇ ਪ੍ਰਵਾਨ ਨਾ ਕੀਤੀ। ਅਖੀਰ ਬੜੇ ਨਾਟਕੀ ਢੰਗ ਨਾਲ ਉਹ ਢਾਡੀ ਬਣ ਗਏ।

ਇਕ ਵਾਰ ਉਨ੍ਹਾਂ ਦੇ ਪਿੰਡ ਰਾਸਧਾਰੀਏ ਆ ਗਏ। ਉਨ੍ਹਾਂ ਨੇ ਬਿਨਾ ਪਰਦੇ ਅਤੇ ਸਟੇਜ ਤੋਂ ਪੂਰਨ ਭਗਤ ਅਤੇ ਰਾਜਾ ਹਰੀ ਚੰਦ ਦੇ ਨਾਟਕ ਖੇਡੇ। ਉਨ੍ਹਾਂ ਵਿਚ ਇਕ ਮੁੰਡਾ ਰਬਾਬੀਆਂ ਦਾ ਸੀਚੋ ਬੜੀ ਸੁਰੀਲੀ ਆਵਾਜ਼ ਦਾ ਮਾਲਕ ਸੀ। ਉਹ ਗੁਰਬਾਣੀ ਦੇ ਬਹੁਤੇ ਸ਼ਬਦ (ਖਾਸ ਕਰ ਆਸਾ ਦੀ ਵਾਰ ਵਿਚ ਪੜ੍ਹੇ ਜਾਣ ਵਾਲੇ ਛੱਕੇ) ਕਿਹਾ ਕਰਦਾ ਸੀ। ਕਿੰਨੀ ਰਾਤ ਉਹਦੀ ਆਵਾਜ਼ ਸਾਰੇ ਪਿੰਡ ਵਿਚ ਸੁਣਦੀ। ਉਹ ਸਾਰੀ ਮੰਡਲੀ ਦੀ ਜਾਨ ਸੀ।

ਸ. ਸੀਤਲ ਰਾਸ ਦੇਖਣ ਨਹੀਂ ਸਨ ਜਾਂਦੇ। ਉਨ੍ਹਾਂ ਦੀ ਆਪਣੇ ਘਰ ਦੇ ਵਿਹੜੇ ਵਿਚ ਹੀ ਉਸ ਰਬਾਬੀ ਲੜਕੇ ਦੀ ਆਵਾਜ਼ ਵਿਚ ਸ਼ਬਦ ਸੁਣਨ ਦੀ ਤਾਂਘ ਹੁੰਦੀ। ਉਨ੍ਹਾਂ ਦੇ ਹਾਣੀ ਗੱਭਰੂ ਰਾਸਧਾਰੀਆਂ 'ਤੇ ਇੰਨੇ ਲੱਟੂ ਹੋਏ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਪਿੰਡੋਂ ਬਾਹਰ ਢੋਲਕੀ, ਛੈਣੇ ਅਤੇ ਚਿਮਟਾ ਲੈ ਕੇ ਰਾਸਧਾਰੀਆਂ ਵਾਂਗ ਸਾਂਗ ਰਚਦੇ, ਘੁੰਗਰੂ ਬੰਨ੍ਹ ਕੇ ਨੱਚਦੇ ਅਤੇ ਨਾਟਕ ਕਰਦੇ, ਪਰ ਉਹ ਗੱਲ ਨਾ ਬਣਦੀ। ਇਕ ਦਿਨ ਸ. ਸੀਤਲ ਆਪਣੇ ਨਿਆਈਂ ਵਾਲੇ ਖੇਤ ਵਿਚ ਮੰਜੇ 'ਤੇ ਬੈਠੇ ਕੁਝ ਲਿਖ ਰਹੇ ਸਨ ਕਿ ਚਾਰ-ਪੰਜ ਹਾਣੀ ਮੁੰਡੇ ਆਏ ਅਤੇ ਕਹਿਣ ਲੱਗੇ, ਆਪਾਂ ਵੀ ਇਹ ਨਾਟਕ ਰਾਸਧਾਰੀਆਂ ਵਾਂਗ ਖੇਡੀਏ।

ਸ. ਸੀਤਲ ਧਾਰਮਿਕ ਖਿਆਲਾਂ ਦੇ ਸਨ। ਉਨ੍ਹਾਂ ਨੂੰ ਘੁੰਗਰੂ ਬੰਨ੍ਹ ਕੇ ਨੱਚਣਾ ਧਾਰਮਿਕ ਰੁਚੀਆਂ ਦੇ ਖਿਲਾਫ ਲੱਗਾ। ਸਾਥੀ ਕਹਿਣ ਲੱਗੇ, ਰਾਗੀ ਜਥਾ ਬਣਾ ਲਈਏ। ਉਨ੍ਹਾਂ ਹਾਮੀ ਭਰ ਦਿੱਤੀ ਪਰ ਜੋੜੀ-ਵਾਜੇ ਚੁੱਕਣ ਦੇ ਡਰੋਂ ਢਾਡੀ ਜੱਥਾ ਬਣਾਉਣ ਦੀ ਸਲਾਹ ਪੱਕੀ ਹੋ ਗਈ। ਪਿੰਡ ਲਲਿਆਣੀ ਤੋਂ ਬਾਬਾ ਚਰਾਗਦੀਨ (ਭਰਾਈ) ਨੂੰ ਲੈ ਆਏ। ਉਹ ਆਪਣੇ ਕਸਬ ਦੇ ਉਸਤਾਦ ਸਨ। ਢਾਡੀਪੁਣਾ ਉਨ੍ਹਾਂ ਦਾ ਪਿਤਾ ਪੁਰਖੀ ਕਿੱਤਾ ਸੀ। ਬਾਬਾ ਚਰਾਗਦੀਨ ਨੇ ਸੀਤਲ ਤੇ ਸਾਥੀਆਂ ਨੂੰ ਢੱਡ ਤੇ ਸਾਰੰਗੀ ਵਜਾਉਣੀ ਸਿਖਾਈ। ਅੱਧੀ-ਅੱਧੀ ਰਾਤ ਤੱਕ ਮਿਹਨਤ ਕਰਨੀ। ਢਾਡੀ ਜਥੇ ਦੇ ਰੂਪ ਵਿਚ ਇਸ ਟੋਲੇ ਦੀ ਪਹਿਲੀ ਸਟੇਜ ਸੀ ਪਿੰਡ ਦਾ ਗੁਰਦੁਆਰਾ ਅਤੇ ਦੂਜੀ ਸਟੇਜ ਸੀ ਕਸੂਰ। ਪਹਿਲਾਂ ਉਹ ਸੋਹਣ ਸਿੰਘ ਘੁਕੇਵਾਲੀਆ ਦੀਆਂ ਵਾਰਾਂ ਗਾਉਂਦੇ ਸਨ, ਪਰ ਬਾਅਦ ਵਿਚ ਉਨ੍ਹਾਂ ਆਪ ਵਾਰਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ।

1936 ਵਿਚ 27 ਵਿਸਾਖ ਦਾ ਦਿਨ ਉਨ੍ਹਾਂ ਵਾਸਤੇ ਜ਼ਿੰਦਗੀ ਦਾ ਸਭ ਤੋਂ ਸ਼ੁਭ ਦਿਨ ਸੀ। ਉਨ੍ਹਾਂ ਦੇ ਪਿੰਡ ਤੋਂ 10-12 ਮੀਲ ਦੂਰ ਪਿੰਡ ਰੱਤੋਕੇ ਵਿਚ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਦਾ ਗੁਰਦੁਆਰਾ ਸੀ। 27 ਵਿਸਾਖ ਨੂੰ ਹਰ ਸਾਲ ਉਥੇ ਬੜਾ ਭਾਰੀ ਮੇਲਾ ਲਗਦਾ ਸੀ। ਉਸ ਮੇਲੇ ਵਾਸਤੇ ਸ. ਸੀਤਲ ਨੇ ਉਚੇਚੀ ਵਾਰ ਲਿਖੀ। 'ਸਿੱਖ ਰਾਜ ਕਿਵੇਂ ਗਿਆ' ਦਾ ਪਹਿਲਾ ਭਾਗ ਉਨ੍ਹਾਂ ਲਿਖਿਆ, ਜੋ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਦੀ ਸ਼ਹੀਦੀ 'ਤੇ ਆ ਕੇ ਮੁੱਕਦਾ ਸੀ। ਉਹ ਢਾਡੀ ਜਥੇ ਸਮੇਤ ਮੇਲੇ ਵਿਚ ਸ਼ਾਮਲ ਹੋਣ ਲਈ ਪਿੰਡ ਦੇ 10-12 ਬੰਦਿਆਂ ਨਾਲ ਪਿੰਡ ਰੱਤੋਕੇ ਦੇ ਗੁਰਦੁਆਰੇ ਪਹੁੰਚ ਗਏ। ਉਨ੍ਹਾਂ ਸਟੇਜ ਸੈਕਟਰੀ ਨੂੰ ਪੁੱਛਿਆ ਕਿ ਅਸੀਂ ਕਿੰਨਾ ਸਮਾਂ ਲਾਉਣਾ? ਸਟੇਜ ਸੈਕਟਰੀ ਨੇ ਆਪਣੇ ਸੁਭਾਅ ਅਨੁਸਾਰ ਕਿਹਾ, "ਸ਼ੁਰੂ ਕਰ ਉਇ ਮੁੰਡਿਆ! ਸੌਦਾ ਵਿਕਦਾ ਦੇਖ ਕੇ ਸੋਚਾਂਗਾ।"

ਗੁਰੂ ਦੀ ਓਟ ਲੈ ਕੇ ਉਨ੍ਹਾਂ ਸ਼ੁਰੂ ਕੀਤਾ। ਪਹਿਲਾਂ ਸ਼ੇਰ-ਏ-ਪੰਜਾਬ ਦੀ ਬੰਸਾਵਲੀ ਸ਼ੁਰੂ ਕੀਤੀ। ਭਗਵਾਨ ਰਾਮ ਚੰਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਨਾਲ ਸ਼ਜਰਾ ਲਿਆ ਮਿਲਾਇਆ। ਫਿਰ ਸ਼ੇਰ-ਏ-ਪੰਜਾਬ ਦਾ ਸੁਰਗਵਾਸ ਹੋਣਾ, ਉਸ ਤੋਂ ਪਿਛੋਂ ਆਪਣਿਆਂ ਹੱਥੋਂ ਆਪਣਿਆਂ ਦੇ ਕਤਲ, ਡੋਗਰਿਆਂ ਦੀ ਗੱਦਾਰੀ, ਅੰਤ ਬਾਬਾ ਬੀਰ ਸਿੰਘ ਦੀ ਡੋਗਰੇ ਹੀਰਾ ਸਿੰਘ ਦੀਆਂ ਫੌਜ ਹੱਥੋਂ ਸ਼ਹੀਦੀ 'ਤੇ ਆ ਕੇ ਖਤਮ ਕੀਤਾ। ਨਾ ਉਨ੍ਹਾਂ ਨੂੰ ਕਿਸੇ ਨੇ ਹਟਾਇਆ, ਨਾ ਉਨ੍ਹਾਂ ਨੇ ਹਿੰਮਤ ਹਾਰੀ। ਸਾਢੇ ਤਿੰਨ ਘੰਟੇ ਬਾਅਦ ਉਨ੍ਹਾਂ ਆਪ ਫਤਿਹ ਬੁਲਾਈ।

ਸਰੋਤਿਆਂ ਵਾਸਤੇ ਇਹ ਦਿਲ-ਕੰਬਾਊ ਕਹਾਣੀ ਬਿਲਕੁਲ ਨਵੀਂ ਸੀ। ਦੀਵਾਨ ਵਿਚ ਸਾਰੇ ਰੋ ਰਹੇ ਸਨ। ਇਥੋਂ ਤੱਕ ਕਿ ਡੇਰੇ ਦੇ ਮਹੰਤ ਬਾਬਾ ਹਰਨਾਮ ਸਿੰਘ ਵੀ ਰੋ ਰਹੇ ਸਨ। ਉਨ੍ਹਾਂ ਨੇ ਇਸ਼ਾਰੇ ਨਾਲ ਸ. ਸੀਤਲ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ ਕਿ ਤੂੰ ਅੱਜ ਨਹੀਂ ਜਾਣਾ, ਮੈਂ ਭਲਕੇ ਇਹ ਵਾਰ ਤੈਥੋਂ ਫੇਰ ਸੁਣਨੀ ਹੈ। ਦੀਵਾਨ ਸਮਾਪਤੀ ਪਿਛੋਂ ਸ. ਸੀਤਲ ਜਥੇ ਸਮੇਤ ਨਗਰ ਨਿਵਾਸੀਆਂ ਕੋਲ ਪਹੁੰਚੇ। ਭੁਰਲੀ ਜਥੇ ਦਾ ਲੀਡਰ ਸੀ ਬਿਸ਼ਨ ਸਿੰਘ। ਛੇ ਫੁੱਟ ਉਚਾ ਲੰਮਾ ਜਵਾਨ। ਦੋ ਆਦਮੀਆਂ 'ਤੇ ਭਾਰੂ। ਚੋਰੀ, ਡਾਕੇ, ਕਤਲ ਵਿਚ ਕਈ ਵਾਰ ਕੈਦ ਕੱਟ ਚੁਕਾ ਅਤੇ ਸਮੇਂ ਦੀ ਪੁਲਿਸ ਤੋਂ ਆਕੀ ਦੂਰ ਨੇੜਿਉਂ ਉਹ ਸ. ਸੀਤਲ ਦਾ ਚਾਚਾ ਲਗਦਾ ਸੀ। ਸ. ਸੀਤਲ ਨੂੰ ਜੱਫੀ ਵਿਚ ਲੈ ਕੇ ਰੋਅਬ ਨਾਲ ਬੋਲਿਆ, "ਮੈਂ ਤੇਰਾ ਕੀ ਲੱਗਦਾਂ?"

"ਚਾਚਾ", ਉਨ੍ਹਾਂ ਵੀ ਉਸੇ ਸੁਰ ਵਿਚ ਕਿਹਾ।

"ਸੁਣ ਲੈ ਫਿਰ, ਤੇਰਾ ਸਾਰਾ ਉਜਾੜਾ ਮੈਂ ਕਰਾਉਂਦਾ ਸੀ ਤੇ ਕਰਾਉਂਦਾ ਸੀ ਤੇਰੇ ਚਾਚੇ ਦੇ ਆਖੇ। ਜਾਹ, ਅੱਜ ਤੋਂ ਸਭ ਮੁਆਫ। ਤਕੜਾ ਹੋ ਕੇ ਪਿੰਡ ਦਾ ਨਾਂ ਉਚਾ ਕਰ। ਤੇਰੀ ਵੱਟ ਉਤੋਂ ਦੀ ਵੀ ਕੋਈ ਲੰਘ ਗਿਆ ਤਾਂ ਮੇਰਾ ਨਾਂ ਬਿਸ਼ਨ ਸਿਹੁੰ ਨਾ ਸੱਦੀਂ।" ਉਹ ਦਿਨ ਸ. ਸੀਤਲ ਦੀਆਂ ਮੁਸੀਬਤਾਂ ਦਾ ਆਖਰੀ ਦਿਨ ਸੀ। ਵੈਰੀ ਮਿੱਤਰ ਬਣ ਗਏ ਸਨ।



ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਛੇਤੀ ਹੀ ਮਸ਼ਹੂਰ ਹੋ ਗਿਆ। ਲੋਕਾਂ ਨੇ ਉਨ੍ਹਾਂ ਨੂੰ ਸਫਲ ਢਾਡੀ ਪ੍ਰਵਾਨ ਕਰ ਲਿਆ। ਉਨ੍ਹਾਂ ਆਪਣੀਆਂ ਢਾਡੀ ਵਾਰਾਂ ਰਾਹੀਂ ਅਨਪੜ੍ਹ ਲੋਕਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਸਿੱਖ ਇਤਿਹਾਸ ਦੀ ਖੋਜ ਕਰਕੇ ਉਨ੍ਹਾਂ ਇਸ ਨੂੰ ਤਰਕ ਸੰਗਤ ਬਣਾਇਆ ਤੇ ਲਿਖਿਆ। ਸਿੱਖ ਇਤਿਹਾਸ ਬਾਰੇ ਜੋ ਕੰਮ ਯੂਨੀਵਰਸਿਟੀਆਂ ਨਾ ਕਰ ਸਕੀਆਂ, ਉਹ ਸ. ਸੀਤਲ ਨੇ ਬੜੀ ਲਗਨ ਅਤੇ ਮਿਹਨਤ ਨਾਲ ਕੀਤਾ। 'ਸਿੱਖ ਇਤਿਹਾਸ ਦੇ ਸੋਮੇ' ਲਿਖਣ ਲਈ ਉਨ੍ਹਾਂ ਬੜੀ ਮਿਹਨਤ ਕੀਤੀ। ਸ. ਸੀਤਲ ਨੇ ਪੱਲਿਉਂ ਬੜਾ ਖਰਚ ਕੀਤਾ, ਪਰ ਪਾਠਕਾਂ ਦਾ ਖਾਸ ਹੁੰਗਾਰਾ ਨਾ ਮਿਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਜਿੰਨੇ ਵੀ ਵਰ-ਸਰਾਪ ਸਿੱਖ ਇਤਿਹਾਸ ਵਿਚ ਹਨ, ਸਭ ਹਿੰਦੂਵਾਦ ਦੀ ਦੇਣ ਹਨ। ਸਿੱਖ ਇਤਿਹਾਸ ਵਿਚ ਜਿੰਨੀਆਂ ਵੀ ਕਰਾਮਾਤਾਂ ਆਈਆਂ ਹਨ, ਸਭ ਇਸਲਾਮ ਦੀ ਦੇਣ ਹੈ। ਸਿੱਖ ਧਰਮ ਵਿਚ ਵਰ, ਸਰਾਪ ਅਤੇ ਕਰਾਮਾਤਾਂ ਲਈ ਕੋਈ ਥਾਂ ਨਹੀਂ ਹੈ।

ਜੱਦੀ ਪਿੰਡ ਕਾਦੀਵਿੰਡ (ਹੁਣ ਪਾਕਿਸਤਾਨ) ਵਿਚ ਉਨ੍ਹਾਂ ਕੋਲ 100 ਏਕੜ ਜ਼ਮੀਨ ਸੀ। ਉਨ੍ਹਾਂ ਬੜੀ ਮਿਹਨਤ ਕਰਕੇ ਇਸ ਨੂੰ ਵਾਹੀਯੋਗ ਬਣਾਇਆ, ਆਮਦਨ ਵਧੀ। ਮਕਾਨ ਕੱਚੇ ਸਨ। ਅਖਾਣ ਹੈ, "ਪੁੱਤ ਜੰਮਣ, ਕੰਧਾਂ ਕੰਬਣ।" ਇਸ ਅਖਾਣ ਦਾ ਮਤਲਬ ਬਹੁਤ ਡੂੰਘਾ ਹੈ ਕਿ ਜੇ ਪੁੱਤ ਲਾਇਕ ਨਿਕਲਿਆ ਤਾਂ ਢਾਹ ਕੇ ਵਧੀਆ ਬਣਾ ਦੇਵੇਗਾ; ਨਲਾਇਕ ਨਿਕਲਿਆ ਤਾਂ ਕੜੀਆਂ ਵੇਚ ਕੇ ਖਾ ਜਾਵੇਗਾ। ਜਿਸ ਕਮਰੇ ਵਿਚ ਸ. ਸੀਤਲ ਦਾ ਜਨਮ ਹੋਇਆ, ਉਹ ਕੱਚਾ ਸੀ। ਉਸ ਵਿਚ ਚੂਹਿਆਂ ਦੀਆਂ ਖੁੱਡਾਂ ਸਨ। ਸੌਣ ਵਾਲਿਆਂ ਨੂੰ ਦੌੜ-ਦੌੜ ਕੇ ਦਸਦੇ ਸਨ ਕਿ ਰਾਤ ਕਿੰਨੀ ਬੀਤ ਗਈ ਹੈ। ਜੇ ਫਿਰ ਵੀ ਕੋਈ ਨਾ ਜਾਗੇ ਤਾਂ ਉਹਦੇ ਨੰਗੇ ਹੱਥ 'ਤੇ ਦੰਦੀ ਵੱਢ ਦਿੰਦੇ। ਸ. ਸੀਤਲ ਨਾਲ ਇਹ ਬੜੀ ਵਾਰ ਹੋਇਆ। ਰੱਬ ਦੀ ਮਿਹਰ ਨਾਲ ਉਨ੍ਹਾਂ ਕੱਚੇ ਕੋਠਿਆਂ ਦੀ ਥਾਂ, ਉਨ੍ਹਾਂ ਦੀਆਂ ਨੀਂਹਾਂ 'ਤੇ ਸੱਤ ਕਮਰਿਆਂ ਦਾ ਪੱਕਾ ਘਰ ਬਣਾ ਲਿਆ। ਜ਼ਮੀਨ ਵਿਚੋਂ 18 ਕਿੱਲੇ ਬਾਗ ਲਵਾਇਆ, ਪਰ ਪਾਕਿਸਤਾਨ ਬਣਨ 'ਤੇ ਉਹ ਸਭ ਕੁਝ ਛੱਡ ਕੇ ਭਾਰਤ ਆ ਗਏ। ਉਨ੍ਹਾਂ ਦੀ ਸਾਰੀ ਮਿਹਨਤ ਨਿਹਫਲ ਗਈ। ਉਹ ਕਹਿੰਦੇ ਹੁੰਦੇ ਸਨ ਕਿ ਜਿਸ ਜ਼ਮੀਨ ਵਿਚ ਬਜੁਰਗਾਂ ਦਾ ਮੁੜ੍ਹਕਾ ਡਿਗਿਆ ਹੁੰਦਾ ਹੈ, ਉਹ ਬੜੀ ਕੀਮਤੀ ਹੁੰਦੀ ਹੈ।

ਭਾਰਤ ਆ ਕੇ ਸ. ਸੀਤਲ ਨੂੰ ਸੌ ਏਕੜ ਦੀ ਥਾਂ 62 ਏਕੜ ਜ਼ਮੀਨ ਜ਼ੀਰੇ ਅਲਾਟ ਹੋਈ। ਉਹ ਇਥੇ ਖੇਤੀ ਵਿਚ ਕਾਮਯਾਬ ਨਾ ਹੋਏ। ਉਨ੍ਹਾਂ 62 ਏਕੜ ਜ਼ਮੀਨ ਵੇਚ ਕੇ ਲੁਧਿਆਣੇ ਪ੍ਰੈਸ ਲਾ ਲਈ। ਕਾਦੀਵਿੰਡ ਇਕ ਫਕੀਰ ਉਨ੍ਹਾਂ ਪਾਸੋਂ ਇਕ ਕਨਾਲ ਜ਼ਮੀਨ ਤਕੀਆ ਬਣਾਉਣ ਵਾਸਤੇ ਮੰਗ ਰਿਹਾ ਸੀ, ਪਰ ਉਨ੍ਹਾਂ ਨਾ ਦਿੱਤੀ। ਪਾਕਿਸਤਾਨ ਬਣਨ ਪਿਛੋਂ ਜ਼ੀਰੇ ਅਲਾਟ ਹੋਈ ਜ਼ਮੀਨ ਵੇਚਣ ਦਾ ਉਨ੍ਹਾਂ ਨੂੰ ਕੋਈ ਦੁੱਖ ਨਾ ਹੋਇਆ। ਉਹ ਕਹਿੰਦੇ ਸਨ ਕਿ ਕਾਦੀਵਿੰਡ ਨਾਲੋਂ ਮੈਂ ਮਾਇਕ ਤੌਰ 'ਤੇ ਸੁਖੀ ਹਾਂ, ਪਰ ਜਦੋਂ ਵੀ ਸੁਪਨਾ ਆਉਂਦਾ ਹੈ ਤਾਂ ਕਾਦੀਵਿੰਡ ਵਾਲੀ ਨਿਆਈਂ ਦਾ ਹੀ ਆਉਂਦਾ ਹੈ, ਸੀਤਲ ਭਵਨ ਲੁਧਿਆਣੇ ਦਾ ਨਹੀਂ। ਉਨ੍ਹਾਂ ਦੀ ਰਹਿਣੀ-ਬਹਿਣੀ ਬੜੀ ਸਾਦੀ ਸੀ। ਚਿੱਟਾ ਕਮੀਜ਼-ਪਜਾਮਾ, ਚਿੱਟੀ ਫਿਫਟੀ ਤੇ ਪੈਰੀਂ ਸਾਧਾਰਨ ਗੁਰਗਾਬੀ। ਸ਼ਰਾਬ ਤੇ ਚਾਹ ਸਾਰੀ ਉਮਰ ਨਹੀਂ ਪੀਤੀ। ਸਾਦੀ ਖੁਰਾਕ। ਰੋਟੀ, ਦਾਲ, ਦੁੱਧ ਤੇ ਫਲ।

ਕਈ ਵਿਦਵਾਨ ਆਲੋਚਕ ਢਾਡੀ ਹੋਣ ਕਰਕੇ ਸ. ਸੀਤਲ ਨੂੰ ਲੇਖਕ ਨਹੀਂ ਸਨ ਮੰਨਦੇ। ਸ. ਸੀਤਲ ਬਾਰੇ ਸਭ ਤੋਂ ਪਹਿਲਾਂ ਸ. ਸੁਖਪਾਲਵੀਰ ਸਿੰਘ ਹਸਰਤ ਨੇ 'ਸਾਹਿਤ ਸਮਾਚਾਰ' ਪਰਚੇ ਵਿਚ ਲਿਖਿਆ। ਕਿਰਪਾਲ ਸਿੰਘ ਕਸੇਲ ਨੇ ਜਦੋਂ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ ਤਾਂ ਬਾਕੀ ਨਾਵਲਕਾਰਾਂ ਨਾਲ ਸ. ਸੀਤਲ ਦੇ ਨਾਵਲਾਂ ਬਾਰੇ ਵੀ ਕੁਝ ਸਫੇ ਲਿਖ ਦਿੱਤੇ ਪਰ ਪ੍ਰਸਿਧ ਵਿਦਵਾਨ ਗੁਰਬਚਨ ਸਿੰਘ ਤਾਲਿਬ ਨੇ ਦੂਜੇ ਨਾਵਲਕਾਰਾਂ ਵਿਚੋਂ ਸ. ਸੀਤਲ ਦਾ ਨਾਂ ਇਸ ਤਰ੍ਹਾਂ ਕੱਢ ਦਿੱਤਾ ਜਿਵੇਂ ਅੱਲ੍ਹਾ ਤਾਲਾ ਨੇ ਆਦਮ ਨੂੰ ਬਹਿਸ਼ਤ ਵਿਚੋਂ ਕੱਢ ਦਿੱਤਾ ਸੀ। ਜਦੋਂ 1974 ਵਿਚ ਉਨ੍ਹਾਂ ਨੂੰ ਸਾਹਿਤ ਅਕਾਦਮੀ ਦਾ ਸਨਮਾਨ ਮਿਲਿਆ ਤਾਂ ਤਾਲਿਬ ਨੂੰ ਬੜੀ ਹੈਰਾਨੀ ਹੋਈ, ਜੋ ਦ੍ਰਿੜਤਾ ਨਾਲ ਕਹਿੰਦੇ ਸਨ ਕਿ ਹੋਰ ਸਭ ਕੁਝ ਹੋ ਸਕਦਾ ਹੈ ਪਰ ਕੋਈ ਢਾਡੀ ਨਾਵਲਕਾਰ ਨਹੀਂ ਹੋ ਸਕਦਾ। ਸ. ਸੀਤਲ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਤਕ ਸਿੱਖ ਇਤਿਹਾਸ ਲਿਖਿਆ ਹੈ। ਉਨ੍ਹਾਂ 80 ਤੋਂ ਵੱਧ ਕਿਤਾਬਾਂ ਲਿਖੀਆਂ।

1952 ਵਿਚ ਮੈਂ ਪੰਜਵੀ ਜਮਾਤ ਵਿਚ ਪੜ੍ਹਦਾ ਸਾਂ। ਮੇਰੇ ਨਾਲ ਦੇ ਮੁੰਡੇ ਹਰ ਗੁਰਪੁਰਬ 'ਤੇ ਧਾਰਮਿਕ ਕਵਿਤਾਵਾਂ ਪੜ੍ਹਦੇ ਸਨ। ਚੰਗੀ ਕਵਿਤਾ ਪੜ੍ਹਨ ਵਾਲੇ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਇਨਾਮ ਦਿੰਦੀ। ਮੈਂ ਆਪਣੇ ਪਿੰਡ ਦੇ ਮੁੰਡੇ ਚੰਨਣ ਸਿੰਘ ਪਾਸ ਕਿਤਾਬ 'ਸੀਤਲ ਕਿਰਨਾਂ' ਦੇਖੀ। ਲੇਖਕ ਦਾ ਨਾਂ ਸੀ, ਸੋਹਣ ਸਿੰਘ ਸੀਤਲ। ਮੈਂ ਇਹ ਕਿਤਾਬ ਉਸ ਤੋਂ ਲੈ ਕੇ ਪੜ੍ਹੀ। ਸਾਰੇ ਪ੍ਰਸੰਗਾਂ ਵਿਚੋਂ ਮੈਨੂੰ ਭਾਈ ਤਾਰੂ ਸਿੰਘ ਦੀ ਸ਼ਹੀਦੀ ਵਾਲਾ ਪ੍ਰਸੰਗ ਬਹੁਤ ਚੰਗਾ ਲੱਗਾ। ਬਜ਼ੁਰਗ ਪਿੰਡ ਦੀ ਸੱਥ ਵਿਚ ਬੈਠੇ ਸ. ਸੀਤਲ ਦੀਆਂ ਗੱਲਾਂ ਬੜੀ ਸ਼ਰਧਾ ਨਾਲ ਕਰਦੇ ਹੁੰਦੇ ਸਨ। ਸ. ਸੀਤਲ ਦੀਆਂ ਸੁਣੀਆਂ ਸੂਰਬੀਰਾਂ ਦੀਆਂ ਵਾਰਾਂ ਅਨਪੜ੍ਹ ਪੇਂਡੂਆਂ ਨੂੰ ਜ਼ਬਾਨੀ ਯਾਦ ਸਨ। ਮੇਰੇ ਪਿਤਾ ਜੀ ਵੀ ਸ. ਸੀਤਲ ਨੂੰ ਸੁਣਨ ਤਰਨ ਤਾਰਨ ਦੀ ਹਰ ਮੱਸਿਆ 'ਤੇ ਜਾਂਦੇ ਹੁੰਦੇ ਸਨ। ਇਕ ਵਾਰ ਮੈਂ ਵੀ ਉਨ੍ਹਾਂ ਨਾਲ ਮੱਸਿਆ 'ਤੇ ਚਲਾ ਗਿਆ। ਸੈਂਟਰ ਮਾਝਾ ਦਾ ਦੀਵਾਨ ਪ੍ਰਦਖਣਾ ਦੀ ਉਤਰ ਵਾਲੀ ਬਾਹੀ ਨਾਲ ਲਗਦਾ ਹੁੰਦਾ ਸੀ। ਉਥੇ ਦੋ ਢਾਡੀਆਂ ਨੂੰ ਸੁਣਨ ਦੀ ਲੋਕਾਂ ਵਿਚ ਬੜੀ ਖਿੱਚ ਹੁੰਦੀ ਸੀ। ਇਕ ਸੋਹਣ ਸਿੰਘ ਸੀਤਲ ਅਤੇ ਦੂਜੇ ਪਿਆਰਾ ਸਿੰਘ ਪੰਛੀ। ਸਟੇਜ ਦਾ ਸੈਕਟਰੀ ਹੁੰਦਾ ਸੀ ਪਿੰਡ ਸੁਰ ਸਿੰਘ ਦਾ ਰਹਿਣ ਵਾਲਾ ਸ. ਮਹਿਲ ਸਿੰਘ। ਉਹ ਨਨਕਾਣਾ ਸਾਹਿਬ ਦੇ ਸਿੱਖਾਂ ਤੋਂ ਵਿਛੋੜੇ ਦੀ ਕਹਾਣੀ ਬੜੇ ਦਰਦਨਾਕ ਸ਼ਬਦਾਂ ਵਿਚ ਬਿਆਨ ਕਰਦਾ। ਪਹਿਲੀ ਵਾਰ ਮੈਂ ਸ. ਸੀਤਲ ਨੂੰ ਉਥੇ ਸੁਣਿਆ।

ਪਹਿਲਾਂ ਮੈਂ ਪੁਲਿਸ ਵਿਚ ਭਰਤੀ ਹੋ ਗਿਆ। ਫਿਰ ਪੁਲਿਸ ਦੀ ਨੌਕਰੀ ਛੱਡ ਕੇ 1962 ਵਿਚ ਸਰਹਾਲੀ (ਅੰਮ੍ਰਿਤਸਰ) ਵਿਚ ਜੇ.ਬੀ.ਟੀ. ਵਿਚ ਦਾਖਲ ਹੋ ਗਿਆ। ਇਥੇ ਮੇਰਾ ਮੇਲ ਪ੍ਰਸਿਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨਾਲ ਹੋਇਆ। ਉਹ ਵੀ ਸ. ਸੀਤਲ ਨੂੰ ਸੁਣਨ ਦਾ ਬੜਾ ਸ਼ੌਕੀ ਸੀ। ਸ. ਸੀਤਲ ਦੀਆਂ ਕਈ ਵਾਰਾਂ ਉਸ ਨੂੰ ਜ਼ਬਾਨੀ ਯਾਦ ਸਨ। ਜੇ.ਬੀ.ਟੀ. ਕਰਨ ਪਿਛੋਂ ਅਸੀਂ ਦੋਹਾਂ ਨੇ ਗੁਰਦੁਆਰਾ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦੀਵਾਨ ਵਿਚ ਹਰ ਵਿਸਾਖੀ, ਦੀਵਾਲੀ 'ਤੇ ਸ. ਸੀਤਲ ਨੂੰ ਸੁਣਨ ਜ਼ਰੂਰ ਜਾਣਾ।

ਪੰਜਾਬੀ ਸੂਬੇ ਦਾ ਮੋਰਚਾ ਸੰਤ ਫਤਿਹ ਸਿੰਘ ਦੀ ਅਗਵਾਈ ਵਿਚ ਚਲ ਰਿਹਾ ਸੀ। ਗਿਆਨੀ ਹਰਚਰਨ ਸਿੰਘ ਹੁਡਿਆਰਾ ਨੇ ਪ੍ਰਣ ਕੀਤਾ ਹੋਇਆ ਸੀ ਕਿ ਜਿੰਨਾ ਚਿਰ ਪੰਜਾਬੀ ਸੂਬਾ ਨਹੀਂ ਬਣ ਜਾਂਦਾ, ਉਹ ਪੂਰੇ ਕੱਪੜੇ ਨਹੀਂ ਪਹਿਨਣਗੇ। ਉਹ ਕਛਹਿਰੇ, ਕੰਬਲ ਵਿਚ ਹੀ ਰਹਿੰਦੇ ਸਨ। ਮੰਜੀ ਸਾਹਿਬ ਦੀ ਸਟੇਜ 'ਤੇ ਸ. ਸੀਤਲ ਵੀ ਜਥੇ ਸਮੇਤ ਬੈਠੇ ਸਨ। ਗਿਆਨੀ ਹੁਡਿਆਰਾ ਨੇ ਸ. ਸੀਤਲ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਤੁਸੀਂ ਵੀ ਪੰਜਾਬੀ ਸੂਬੇ ਲਈ ਕੋਈ ਕੁਰਬਾਨੀ ਕਰੋ। ਉਨ੍ਹਾਂ ਪਿਛੋਂ ਸ. ਸੀਤਲ ਸੂਰਬੀਰਾਂ ਦੀਆਂ ਵਾਰਾਂ ਸੁਣਾਉਣ ਲਈ ਜਥੇ ਸਮੇਤ ਉਠੇ ਅਤੇ ਉਨ੍ਹਾਂ ਗਿਆਨੀ ਹੁਡਿਆਰਾ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਸੀਂ ਪੰਜਾਬੀ ਸੂਬਾ ਲੈਣ ਲਈ ਕੁਰਬਾਨੀ ਕਰੋ। ਤੁਸੀਂ ਮਰਨ ਵਰਤ ਰੱਖੋ ਤੇ ਫਿਰ ਪ੍ਰਣ ਨਿਭਾਉਣ ਲਈ ਮਰੋ ਵੀ। ਤੁਹਾਡੀ ਸ਼ਹੀਦੀ ਤੋਂ ਬਾਅਦ ਮੈਂ ਤੁਹਾਡੀਆਂ ਵਾਰਾਂ ਗਾਇਆ ਕਰਾਂਗਾ। ਮੇਰਾ ਕੰਮ ਸ਼ਹੀਦਾਂ ਦੀਆਂ ਵਾਰਾਂ ਗਾਉਣਾ ਹੈ, ਕੁਰਬਾਨੀ ਕਰਨਾ ਨਹੀਂ।" (ਕਿਉਂਕਿ ਇਸ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਿਹ ਸਿੰਘ ਮਰਨ ਵਰਤ ਰੱਖ ਕੇ ਬਿਨਾ ਕੁਝ ਮਿਲਿਆਂ ਹੀ ਛੱਡ ਚੁੱਕੇ ਸਨ)। ਇਹ ਸੁਣ ਕੇ ਕਿਸੇ ਨਿਹੰਗ ਸਿੰਘ ਨੇ 'ਬੋਲੇ ਸੋ ਨਿਹਾਲ' ਦੀ ਲੰਮੀ ਹੇਕ ਲਾ ਕੇ ਜੈਕਾਰਾ ਛੱਡਿਆ। ਸਾਰੀ ਸੰਗਤ ਉਸ ਵੱਲ ਦੇਖਣ ਲੱਗ ਪਈ ਤਾਂ ਸ. ਸੀਤਲ ਨੇ ਕਿਹਾ, "ਮੇਰੇ ਵੱਲ ਧਿਆਨ ਦਿਉ ਜਿਸ ਮਗਰ ਕੋਈ ਜਾਵੇ ਨਾ, ਉਹ ਮੁੜ ਹੀ ਆਉਂਦਾ ਹੈ।"

ਬਾਬਾ ਖੜਕ ਸਿੰਘ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਾਲੇ ਬੜੇ ਪਰਉਪਕਾਰੀ ਸੰਤ ਸਨ। ਉਹ ਵੀ ਸ. ਸੀਤਲ ਦੇ ਬੜੇ ਪ੍ਰਸ਼ੰਸਕ ਸਨ। ਉਹ ਹਰ ਸਾਲ 22 ਅੱਸੂ ਨੂੰ ਸਾਲਾਨਾ ਜੋੜ ਮੇਲੇ 'ਤੇ ਉਨ੍ਹਾਂ ਨੂੰ ਸੱਦਦੇ। ਮੈਂ ਉਨ੍ਹਾਂ ਨੂੰ ਸੁਣਨ ਲਈ ਬੀੜ ਬਾਬਾ ਬੁੱਢਾ ਸਾਹਿਬ ਦੇ ਮੇਲੇ 'ਤੇ ਜਾਣ ਲੱਗ ਪਿਆ। ਪਹਿਲਾਂ ਮੈਨੂੰ ਉਨ੍ਹਾਂ ਦੀ ਢੱਡ-ਸਾਰੰਗੀ ਨਾਲ ਗਾਈਆਂ ਵਾਰਾਂ ਸੁਣ ਕੇ ਬੜਾ ਅਨੰਦ ਆਉਂਦਾ, ਪਰ ਬਾਅਦ ਵਿਚ ਭਾਸ਼ਣ ਸੁਣ ਕੇ ਅਨੰਦ ਆਉਣ ਲੱਗ ਪਿਆ। ਇਕ ਵਾਰ ਉਨ੍ਹਾਂ ਸਟੇਜ ਤੋਂ ਕਿਹਾ, "ਜੇ ਦੁਨੀਆਂ 'ਤੇ ਆਏ ਹੋ ਤਾਂ ਕੁਝ ਕਰਕੇ ਜਾਉ; ਨਹੀਂ ਤਾਂ ਅੰਨ ਗੰਦਾ ਕਰਨ ਦਾ ਕੋਈ ਫਾਇਦਾ ਨਹੀਂ।" ਇਹ ਗੱਲ ਮੈਂ ਆਪਣੇ ਪੰਜਵੀਂ ਵਿਚ ਪੜ੍ਹਦੇ ਲੜਕੇ ਆਤਮਜੀਤ ਨੂੰ ਦੱਸੀ। ਉਹ ਇਸ ਗੱਲ ਤੋਂ ਪ੍ਰਭਾਵਿਤ ਹੋ ਕੇ ਸਖਤ ਮਿਹਨਤ ਕਰਨ ਲੱਗ ਪਿਆ। ਦਸਵੀਂ ਜਮਾਤ ਤਕ ਪਹਿਲੇ ਨੰਬਰ 'ਤੇ ਆਉਂਦਾ ਰਿਹਾ। ਅੱਜ ਕੱਲ੍ਹ ਉਹ ਅਮਰੀਕਾ ਵਿਚ ਇਕ ਜਪਾਨੀ ਕੰਪਨੀ ਵਿਚ ਕੰਪਿਊਟਰ ਇੰਜੀਨੀਅਰ ਹੈ।

ਇਕ ਵਾਰ ਮੈਂ ਬਾਬਾ ਬੁੱਢਾ ਜੀ ਦੇ ਮੇਲੇ 'ਤੇ ਸ. ਸੀਤਲ ਤੋਂ ਦੋ ਕਿਤਾਬਾਂ 'ਸਿੱਖ ਰਾਜ ਕਿਵੇਂ ਬਣਿਆ?' ਅਤੇ 'ਸਿੱਖ ਰਾਜ ਕਿਵੇਂ ਗਿਆ?' ਖਰੀਦੀਆਂ। ਕਿਤਾਬਾਂ ਦੇ ਪੈਸੇ ਮੈਂ ਦੇ ਦਿੱਤੇ ਅਤੇ ਕਿਹਾ, "ਆਪਣੇ ਆਟੋਗਰਾਫ ਦਿਉ।" ਉਨ੍ਹਾਂ ਦੋਹਾਂ ਕਿਤਾਬਾਂ 'ਤੇ ਲਿਖ ਦਿੱਤਾ, 'ਪਿਆਰ ਸਤਿਕਾਰ ਸਹਿਤ ਮਾਸਟਰ ਜਸਵੰਤ ਸਿੰਘ ਜੀ ਨੂੰ', ਨਾਲ ਹੀ ਕਿਹਾ, "ਮਾਸਟਰ ਜੀ, ਪੈਸੇ ਤਾਂ ਮੈਂ ਤੁਹਾਥੋਂ ਲੈ ਲਏ ਨੇ, ਪਿਆਰ ਕਾਹਦਾ ਰਹਿ ਗਿਆ?"

ਇਕ ਵਾਰ ਮੈਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦਿਆਂ ਕਿਹਾ, "ਪਿਤਾ ਜੀ, ਤੁਹਾਡੀ ਲੰਮੀ ਉਮਰ ਹੋਵੇ, ਅਸੀਂ ਤੁਹਾਡੀਆਂ ਵਾਰਾਂ ਸੁਣਦੇ ਰਹੀਏ, ਤੇ ਤੁਹਾਡੇ ਜੀਵਨ ਤੋਂ ਪ੍ਰੇਰਨਾ ਲੈਂਦੇ ਰਹੀਏ।" ਜਵਾਬ ਸੀ, "ਮਾਸਟਰ ਜੀ! ਜਾਣ ਦੀ ਮੈਨੂੰ ਕਾਹਲੀ ਨਹੀਂ, ਤੇ ਜੇ ਆ ਗਈ ਤਾਂ ਮੈਂ ਇਨਕਾਰ ਨਹੀਂ ਕਰ ਸਕਦਾ।"

ਉਨ੍ਹਾਂ ਕਿਸੇ ਸਕੂਲ ਦੀ ਗੱਲ ਸੁਣਾਈ ਜਿਸ ਵਿਚ ਉਨ੍ਹਾਂ ਭਾਸ਼ਣ ਦੇਣਾ ਸੀ। ਉਨ੍ਹਾਂ ਕਿਹਾ, "ਮੈਂ ਭੈਣਜੀਆਂ (ਅਧਿਆਪਕਾਵਾਂ) ਨੂੰ ਜਾਂਦਿਆਂ ਹੀ ਪੁੱਛਿਆ, 'ਤੁਹਾਨੂੰ ਸਵਾਟਰ ਬੁਣਨ ਦੀ ਜਾਚ ਆ?' ਸਾਰੀਆਂ ਖਿੜ-ਖਿੜਾ ਕੇ ਹੱਸ ਪਈਆਂ।"

**(ਬਾਕੀ ਅਗਲੇ ਸਫੇ 'ਤੇ)**


ਮੇਰੇ ਪਿਤਾ ਜੀ ਨੇ ਸੁੱਖਿਆ ਹੋਇਆ ਸੀ ਕਿ ਵਾਹਿਗੁਰੂ ਉਨ੍ਹਾਂ ਨੂੰ ਪੋਤਰੇ ਦੀ ਦਾਤ ਬਖਸ਼ੇ ਤਾਂ ਉਹ ਅਖੰਡ ਪਾਠ 'ਤੇ ਪਿਆਰਾ ਸਿੰਘ ਪੰਛੀ ਦੇ ਢਾਡੀ ਜਥੇ ਨੂੰ ਸੱਦਣਗੇ। ਉਨ੍ਹਾਂ ਦੇ ਜਿਉਂਦਿਆਂ ਪੋਤਰਾ ਨਾ ਹੋਇਆ। 1965 ਵਿਚ 'ਪੰਛੀ' ਜੀ ਅਤੇ 1969 ਵਿਚ ਪਿਤਾ ਜੀ ਇਸ ਦੁਨੀਆ ਤੋਂ ਤੁਰ ਗਏ। ਉਨ੍ਹਾਂ ਦੇ ਜਾਣ ਬਾਅਦ ਉਨ੍ਹਾਂ ਦੇ ਪੋਤਰੇ ਹੋਏ। ਉਨ੍ਹਾਂ ਦੀ ਉਹ ਰੀਝ ਪੂਰੀ ਕਰਨ ਵਾਸਤੇ 1998 ਵਿਚ ਅਖੰਡ ਪਾਠ ਕਰਾਉਣ ਦਾ ਮਨ ਬਣਾਇਆ। ਭੋਗ 'ਤੇ ਸ. ਸੀਤਲ ਨੂੰ ਦਰਸ਼ਨ ਦੇਣ ਦੀ ਬੇਨਤੀ ਕਰਨ ਮੈਂ ਮਾਡਲ ਗਰਾਮ ਲੁਧਿਆਣੇ ਗਿਆ। ਵਾਪਸ ਤੁਰਨ ਵੇਲੇ ਉਹ ਇਮਾਨਦਾਰ, ਸੱਚੇ-ਸੁੱਚੇ, ਕਰਨੀ ਦੇ ਸੂਰੇ, ਅਜ਼ੀਮ ਵਿਦਵਾਨ ਤੇ ਵਧੀਆ ਇਨਸਾਨ ਮੈਨੂੰ 'ਸੀਤਲ ਭਵਨ' ਦੇ ਬਾਹਰਲੇ ਗੇਟ ਤੱਕ ਵਿਦਾ ਕਰਨ ਆਏ। ਮੈਂ ਉਨ੍ਹਾਂ ਦੀ ਇਸ ਨਿਮਰਤਾ 'ਤੇ ਹੈਰਾਨ ਰਹਿ ਗਿਆ। ਉਹ 15 ਮਾਰਚ 1998 ਨੂੰ ਸਾਡੇ ਪਿੰਡ ਆਏ। ਉਨ੍ਹਾਂ ਦੇ ਬੋਲਣ ਤੋਂ ਪਹਿਲਾਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਨ੍ਹਾਂ ਬਾਰੇ ਕੁਝ ਸ਼ਬਦ ਕਹੇ ਜਿਨ੍ਹਾਂ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਲਿਖਤਾਂ ਦੀ ਪ੍ਰਸ਼ੰਸਾ ਕੀਤੀ। ਆਪਣੀ ਸਹੀ ਪ੍ਰਸ਼ੰਸਾ ਸੁਣ ਕੇ ਵੀ ਉਨ੍ਹਾਂ ਕਿਹਾ, "ਮੇਰੇ ਦੋਸਤੋ! ਮੈਨੂੰ ਥੋੜ੍ਹਾ ਸਲਾਹੋ, ਮੈਂ ਅਨਜਾਣ ਰਾਹੀ, ਮੈਨੂੰ ਕੁਰਾਹੇ ਨਾ ਪਾਉ। ਵਿਤੋਂ ਵਧ ਸੋਭਾ ਨੇ ਚਾਤਰ ਭੁਲਾਏ। ਉਹ ਉਚੇ ਚੜ੍ਹੇ, ਫਿਰ ਟਿਕਾਣੇ ਨਾ ਆਏ। ਸਲਾਹੋ ਜ਼ਰੂਰ ਪਰ ਵਿਤੋਂ ਵਧ ਨਹੀਂ, ਹਰ ਇਨਸਾਨ ਆਪਣੀ ਪ੍ਰਸ਼ੰਸਾ ਚਾਹੁੰਦਾ ਹੈ।"

ਸ. ਸੀਤਲ ਦਾ ਖਿਆਲ ਸੀ ਕਿ ਸਿੱਖ ਲੀਡਰਾਂ ਅਤੇ ਆਮ ਸਿੱਖਾਂ ਦੀ ਸੌੜੀ ਸੋਚ ਨੇ ਸਮੁੰਦਰ ਰੂਪੀ ਮਹਾਨ ਸਿੱਖ ਫਲਸਫੇ ਨੂੰ ਕੁੱਜੇ ਵਿਚ ਬੰਦ ਕਰ ਦਿੱਤਾ। ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ. ਆਰ. ਅੰਬੇਦਕਰ ਸਿੱਖ ਧਰਮ ਅਪਨਾਉਣ (ਹਿੰਦੂ ਧਰਮ ਦਾ ਸਤਾਇਆ) ਲਈ ਅੰਮ੍ਰਿਤਸਰ ਆਇਆ। ਉਸ ਦੇ ਸਿੱਖ ਸਜਣ ਨਾਲ ਸਾਰੇ ਅਖੌਤੀ ਅਛੂਤਾਂ ਨੇ ਸਿੱਖ ਧਰਮ ਗ੍ਰਹਿਣ ਕਰ ਲੈਣਾ ਸੀ, ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਜਾਣੀ ਸੀ। ਲੀਡਰ ਵੀ ਬਹੁਗਿਣਤੀ ਵਿਚੋਂ ਹੋਣਾ ਸੀ, ਲੀਡਰੀ ਖੁੱਸਣ ਦੇ ਡਰੋਂ ਉਨ੍ਹਾਂ ਨੇ ਡਾ. ਅੰਬੇਦਕਰ ਨੂੰ ਸਿੱਖ ਧਰਮ ਗ੍ਰਹਿਣ ਨਾ ਕਰਨ ਦਿੱਤਾ। ਡਾ. ਅੰਬੇਦਕਰ ਬਾਅਦ ਵਿਚ ਬੋਧੀ ਬਣ ਗਏ। ਕੀ ਕਿਸੇ ਧਾਰਮਿਕ ਸਿੱਖ ਲੀਡਰ ਪਾਸ ਕੋਈ ਜਵਾਬ ਹੈ?

ਇਸੇ ਤਰ੍ਹਾਂ ਮੈਨੂੰ ਸ. ਸੀਤਲ ਨੇ ਆਪਣੇ ਪਿੰਡ ਕਾਦੀਵਿੰਡ ਦੀ ਗੱਲ ਸੁਣਾਈ ਕਿ ਪਿੰਡ ਦੇ ਕਿਸੇ ਸਿੱਖ ਮੁੰਡੇ ਦਾ ਗੁਆਂਢੀ ਪਿੰਡ ਦੀ ਮੁਸਲਮਾਨ ਕੁੜੀ ਨਾਲ ਪਿਆਰ ਹੋ ਗਿਆ। ਦੋਹਾਂ ਨੇ ਆਪਸ ਵਿਚ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ। ਜਦ ਸਿੱਖ ਮੁੰਡੇ ਨੇ ਮੁਸਲਮਾਨ ਕੁੜੀ ਨਾਲ ਵਿਆਹ ਕਰਨ ਬਾਰੇ ਮਾਪਿਆਂ ਨੂੰ ਦੱਸਿਆ, ਉਨ੍ਹਾਂ ਲੋਹੇ-ਲਾਖੇ ਹੁੰਦਿਆਂ ਕਿਹਾ, "ਅਸੀਂ ਕਿਸੇ ਵੀ ਸੂਰਤ ਵਿਚ 'ਸੁੱਲੀ' ਨੂੰ ਘਰ ਨਹੀਂ ਵਾੜਨਾ ਹਾਲਾਂਕਿ ਮੁਸਲਮਾਨ ਕੁੜੀ ਅੰਮ੍ਰਿਤ ਛਕ ਕੇ ਸਿੱਖ ਬਣਨ ਨੂੰ ਤਿਆਰ ਸੀ। ਉਧਰ, ਮੁਸਲਮਾਨ ਕੁੜੀ ਦੇ ਮਾਪੇ ਅਤੇ ਰਿਸ਼ਤੇਦਾਰ ਸਿੱਖ ਮੁੰਡੇ ਨੂੰ ਕਤਲ ਕਰਨ ਵਾਸਤੇ ਤਿਆਰ ਸਨ। ਜਦ ਮੁੰਡੇ ਦੇ ਮਾਪੇ ਵਿਆਹ ਲਈ ਰਜ਼ਾਮੰਦ ਨਾ ਹੋਏ ਤਾਂ ਕੁੜੀ ਨੇ ਕਿਹਾ, "ਤੂੰ ਹੁਣ ਮੁਸਲਮਾਨ ਬਣਨ ਲਈ ਤਿਆਰ ਏਂ?" ਮੁੰਡੇ ਦੀ ਰਜ਼ਾਮੰਦੀ 'ਤੇ ਉਹ ਉਸ ਨੂੰ ਆਪਣੇ ਘਰ ਲੈ ਗਈ। ਕੁੜੀ ਦੇ ਮਾਪੇ ਅਤੇ ਰਿਸ਼ਤੇਦਾਰ ਸਿੱਖ ਮੁੰਡੇ ਨੂੰ ਮਾਰਨ ਲਈ ਅੱਗੇ ਵਧੇ ਤਾਂ ਕੁੜੀ ਨੇ ਕਿਹਾ, "ਇਸ ਨੂੰ ਕੁਝ ਨਾ ਕਹੋ, ਇਸ ਨੇ ਮੁਸਲਮਾਨ ਹੋਣਾ ਮੰਨ ਲਿਆ ਹੈ।" ਸਾਰਿਆਂ ਨੇ ਇਕ ਆਵਾਜ਼ ਵਿਚ ਕਿਹਾ, "ਬਿਸਮਿਲ੍ਹਾ!" ਤੇ ਉਨ੍ਹਾਂ ਦਾ ਨਿਕਾਹ ਹੋ ਗਿਆ। ਪਾਕਿਸਤਾਨ ਬਣਨ ਪਿਛੋਂ ਉਹ ਮੁੰਡਾ ਉਧਰ ਹੀ ਰਹਿ ਗਿਆ।

ਢਾਡੀ ਸੋਹਣ ਸਿੰਘ ਸੀਤਲ ਨੇ ਦੱਸਿਆ ਕਿ ਉਨ੍ਹਾਂ ਦੇ ਡੰਗਰਾਂ ਦਾ ਵਾਗੀ ਮੁਸਲਮਾਨ ਘੁਮਿਆਰਾਂ ਦਾ ਮੁੰਡਾ ਬਰਕਤ ਸੀ। ਉਹ ਉਨ੍ਹਾਂ ਦੀ ਜ਼ਮੀਨ ਵੀ ਵਾਹੁੰਦੇ ਸਨ। ਪਾਕਿਸਤਾਨ ਬਣਨ 'ਤੇ ਉਹ ਉਨ੍ਹਾਂ ਦੇ ਪਰਿਵਾਰ ਨੂੰ ਹਿੰਦੁਸਤਾਨ ਦੀ ਹੱਦ 'ਤੇ ਛੱਡਣ ਆਏ ਤਾਂ ਬਰਕਤ ਦੀ ਮਾਂ ਨੇ ਕਿਹਾ, "ਜਾਹ ਸਰਦਾਰਾ! ਤੇਰੇ ਘਰ ਦਾ ਖਾ ਕੇ ਇਹ ਪਲਿਆ ਹੈ, ਮੈਂ ਬੱਤੀ ਧਾਰਾਂ ਬਖਸ਼ੀਆਂ। ਇਹਨੂੰ ਆਪਣਾ ਪੁੱਤ ਬਣਾ ਕੇ ਸਿੱਖ ਬਣਾ ਲਈਂ।" ਬਰਕਤ ਨੂੰ ਨਾਲ ਲੈ ਕੇ ਉਹ ਕਾਲੀਏ-ਸਨਖਤਰੇ ਪਿੰਡ ਆਪਣੇ ਰਿਸ਼ਤੇਦਾਰਾਂ ਪਾਸ ਆ ਗਏ। ਬਰਕਤ ਪੱਗ ਬੰਨ੍ਹਦਾ ਸੀ ਅਤੇ ਕਹਿੰਦਾ ਹੁੰਦਾ ਸੀ, "ਮੈਂ ਗਿਆਨੀ ਜੀ ਦਾ ਛੋਟਾ ਪੁੱਤ ਹਾਂ।" ਪਰ ਕੁਝ ਦਿਨਾਂ ਬਾਅਦ ਇਕ ਅਜਿਹੀ ਘਟਨਾ ਵਾਪਰੀ ਕਿ ਉਹ ਡਰ ਗਏ ਕਿ ਜੇ ਕਿਸੇ ਨੂੰ ਪਤਾ ਲੱਗ ਗਿਆ ਕਿ ਬਰਕਤ ਮੁਸਲਮਾਨ ਹੈ ਅਤੇ ਉਸ ਨੂੰ ਕਿਸੇ ਸਿੱਖ ਨੇ ਮਾਰ ਦਿਤਾ ਤਾਂ ਉਨ੍ਹਾਂ ਦੇ ਮਨ ਤੋਂ ਮਾਨਸਿਕ ਬੋਝ ਸਾਰੀ ਉਮਰ ਨਹੀਂ ਲੱਥੇਗਾ। ਸੋ, ਉਨ੍ਹਾਂ ਉਸ ਨੂੰ ਤਿੰਨਾਂ ਦਿਨਾਂ ਬਾਅਦ ਵਾਪਸ ਕਾਦੀਵਿੰਡ ਭੇਜ ਦਿੱਤਾ ਕਿ ਹਾਲਾਤ ਠੀਕ ਹੋਣ 'ਤੇ ਵਾਪਸ ਬੁਲਾ ਲੈਣਗੇ।... ਕਾਸ਼! ਏਡੀ ਖੁੱਲ੍ਹਦਿਲੀ ਜੇ ਕਿਤੇ ਸਾਡੇ ਲੀਡਰਾਂ ਵਿਚ ਹੁੰਦੀ ਤਾਂ ਪਾਕਿਸਤਾਨ ਕਦੇ ਨਾ ਬਣਦਾ ਤੇ ਪੰਜਾਬ ਦਾ ਉਜਾੜਾ ਨਾ ਹੁੰਦਾ!

ਮੈਂ 30 ਸਾਲ ਬਾਬੇ ਬੁੱਢੇ ਦੇ ਮੇਲੇ 'ਤੇ ਸ.




ਸੀਤਲ ਨੂੰ ਸੁਣਿਆ। ਇਕ ਵਾਰ ਉਨ੍ਹਾਂ ਦਸਿਆ, "ਬੇਸ਼ਕ ਜਿਨਾਹ ਨੇ ਪਾਕਿਸਤਾਨ ਦੋ ਕੌਮਾਂ ਦੇ ਸਿਧਾਂਤ 'ਤੇ ਮੰਗਿਆ ਸੀ, ਪਰ ਅੰਗਰੇਜ਼ ਸਿੱਖਾਂ ਨੂੰ ਤੀਸਰੀ ਧਿਰ ਮੰਨਦਾ ਸੀ। ਉਹ ਭਾਰਤ ਨੂੰ ਤਿੰਨ ਹਿੱਸਿਆਂ ਵਿਚ ਵੰਡਣਾ ਚਾਹੁੰਦਾ ਸੀ। ਪੰਜਾਬੀ ਦਾ ਪ੍ਰਸਿਧ ਅਖਾਣ ਹੈ, 'ਭਾਈ ਚੱਠੇ, ਖਾਣ ਪੀਣ ਨੂੰ ਅੱਡੋ-ਅੱਡ, ਲੜਨ ਭਿੜਨ ਨੂੰ ਇਕੱਠੇ।' ਜੇ ਕਦੇ ਸਾਡੇ ਨੇਤਾ (ਨਹਿਰੂ ਤੇ ਬਲਦੇਵ ਸਿੰਘ) ਇਸ ਅਖਾਣ ਨੂੰ ਮੁੱਖ ਰੱਖ ਕੇ ਦੋ ਦੀ ਥਾਂ ਤਿੰਨ ਰਿਆਸਤਾਂ ਬਣਾਉਣ ਵਾਸਤੇ ਮੰਨ ਜਾਂਦੇ ਤਾਂ ਘੱਟੋ-ਘੱਟ ਚਾਰ ਜਿਲੇ (ਲਾਹੌਰ, ਸ਼ੇਖੂਪੁਰਾ, ਗੁਜਰਾਂਵਾਲਾ, ਮਿੰਟਗੁਮਰੀ) ਪਾਕਿਸਤਾਨ ਵਿਚ ਜਾਣ ਤੋਂ ਬਚ ਜਾਂਦੇ। ਇਨਸਾਫ ਦੀ ਅੱਖ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਜਿਲਿਆਂ ਨਾਲ ਸਿੱਖਾਂ ਦਾ ਖਾਸ ਸਬੰਧ ਹੈ। ਸ਼ੇਖੂਪੁਰਾ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਨਨਕਾਣਾ ਸਾਹਿਬ, ਲਾਹੌਰ ਵਿਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਥਾਨ ਡੇਰਾ ਸਾਹਿਬ, ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਦੇ ਤਖਤ 'ਤੇ ਬੈਠ ਕੇ 40 ਸਾਲ ਰਾਜ ਕਰਨਾ, ਗੁਜਰਾਂਵਾਲਾ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਥਾਨ ਅਤੇ ਮਿੰਟਗੁਮਰੀ ਆਦਿ ਦੀਆਂ ਬਾਰਾਂ ਸਿੱਖਾਂ ਨੇ ਲਹੂ-ਪਾਣੀ ਇਕ ਕਰਕੇ ਆਬਾਦ ਕੀਤੀਆਂ। ਲਾਇਲਪੁਰ ਜਿਲੇ ਵਿਚ 80 ਫੀਸਦੀ ਜ਼ਮੀਨ ਦੇ ਮਾਲਕ ਸਿੱਖ ਸਨ। ਪੌਣੇ ਦੋ ਸੌ ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ। ਜਿਸ ਕੌਮ ਨੇ ਜਿੰਦਾ ਰਹਿਣਾ ਹੈ, ਉਸ ਲਈ ਪੂਜਾ ਕਰਨ ਵਾਸਤੇ ਆਪਣੇ ਧਰਮ ਗੁਰੂਆਂ ਅਤੇ ਕੌਮੀ ਯੋਧਿਆਂ ਦੇ ਜਨਮ ਸਥਾਨ ਆਪਣੇ ਹੱਥ ਵਿਚ ਲੈਣੇ ਜ਼ਰੂਰੀ ਹੁੰਦੇ ਹਨ।

ਮੇਰੇ ਪਿੰਡ ਦੇ ਇਕ ਮੁਸਲਮਾਨ ਦੋਸਤ ਨੇ ਦੱਸਿਆ, "ਸੀਤਲ ਜੀ! ਮੁਸਲਿਮ ਲੀਗ ਨੇ ਮੁਸਲਮਾਨਾਂ ਨੂੰ ਭਰੋਸਾ ਦਿੱਤਾ ਹੋਇਆ ਹੈ ਕਿ ਪਾਕਿਸਤਾਨ ਬਣਨ 'ਤੇ ਪੱਛਮੀ ਪੰਜਾਬ ਵਿਚੋਂ ਸਿੱਖਾਂ ਨੂੰ ਵੱਢ-ਟੁਕ ਕੇ ਕੱਢ ਦਿੱਤਾ ਜਾਵੇਗਾ ਤੇ ਉਨ੍ਹਾਂ ਦੀ ਜ਼ਮੀਨ ਜਾਇਦਾਦ ਤੁਹਾਨੂੰ ਵੰਡ ਦਿੱਤੀ ਜਾਏਗੀ। ਇਸ ਕਾਰਨ ਸਮੁੱਚੀ ਮੁਸਲਮਾਨ ਕੌਮ ਪਾਕਿਸਤਾਨ ਦੇ ਹੱਕ ਵਿਚ ਹੋ ਗਈ।"

ਉਨ੍ਹਾਂ ਦੱਸਿਆ ਕਿ ਇਕ ਵਾਰ ਦੋ ਸਿੱਖ ਲੀਡਰ ਜਿਨਾਹ ਨੂੰ ਮਿਲਣ ਕਰਾਚੀ ਗਏ। ਉਸ ਨੇ ਸਿੱਖ ਲੀਡਰਾਂ ਨੂੰ ਸਿਗਾਰ ਪੇਸ਼ ਕੀਤੇ। ਸਿੱਖ ਲੀਡਰਾਂ ਨੇ ਇਨਕਾਰ ਕਰਦਿਆਂ ਕਿਹਾ ਕਿ ਜਿਨਾਹ ਸਾਹਿਬ, ਤੁਹਾਨੂੰ ਪਤਾ ਨਹੀਂ ਕਿ ਸਿੱਖ ਧਰਮ ਵਿਚ ਤਮਾਕੂਨੋਸ਼ੀ ਮਨ੍ਹਾ ਹੈ? ਜਿਨਾਹ ਦਾ ਜਵਾਬ ਸੀ, ਸਰਦਾਰ ਸਾਹਿਬ! ਮੈਨੂੰ ਪਤਾ ਹੈ ਸਿੱਖ ਤਮਾਕੂਨੋਸ਼ੀ ਨਹੀਂ ਕਰਦੇ, ਪਰ ਮੈਨੂੰ ਇਹ ਵੀ ਪਤਾ ਹੈ ਕਿ ਨਾ ਅਮੀਰ ਦਾ ਤੇ ਨਾ ਹੀ ਗਰੀਬ ਦਾ ਕੋਈ ਧਰਮ ਹੁੰਦਾ ਹੈ।

ਸ. ਸੀਤਲ ਨੇ ਇੰਗਲੈਂਡ ਦੀ ਗੱਲ ਸੁਣਾਈ, "ਮੈਂ ਕਿਸੇ ਗੋਰੇ ਦੀ ਦੁਕਾਨ ਤੋਂ ਬਦਾਮ ਰੋਗਨ ਖਰੀਦਿਆ ਤੇ ਪੈਸੇ ਦਿੱਤੇ। ਜਦ ਦੁਕਾਨ ਤੋਂ ਉਤਰਿਆ ਤਾਂ ਗੋਰੇ ਨੇ ਕਿਹਾ, 'ਮਿਸਟਰ ਸਿੰਘ! ਤੁਸਾਂ ਇਹ ਖਾਣ ਵਾਸਤੇ ਲਿਆ ਹੈ ਜਾਂ ਮਲਣ ਵਾਸਤੇ?' ਮੈਂ ਕਿਹਾ, 'ਖਾਣ ਵਾਸਤੇ' (ਬਦਾਮ ਰੋਗਨ ਮਲਣ ਵਾਸਤੇ ਸੀ)। ਉਸ ਨੇ ਉਸੇ ਵੇਲੇ ਬਦਾਮ ਰੋਗਨ ਵਾਪਸ ਲੈ ਕੇ ਪੈਸੇ ਮੋੜ ਦਿੱਤੇ। ਜੇ ਮੈਂ ਬਦਾਮ ਰੋਗਨ ਭਾਰਤ ਵਿਚੋਂ ਖਰੀਦਿਆ ਹੁੰਦਾ ਤਾਂ ਕਿਸੇ ਕਿਰਪਾਨ ਜਾਂ ਤਿਲਕਧਾਰੀ ਨੇ ਮੇਰੇ ਪੈਸੇ ਵਾਪਸ ਨਹੀਂ ਸਨ ਕਰਨੇ।" ਉਨ੍ਹਾਂ ਦਾ ਕਹਿਣਾ ਸੀ ਕਿ ਗੋਰਿਆਂ ਦੇ ਔਗੁਣ ਅਸੀਂ ਸਾਰੇ ਸਿੱਖ ਲਏ ਨੇ, ਪਰ ਗੁਣ ਕੋਈ ਨਹੀਂ ਸਿਖਿਆ।

ਮਹਾਨ ਵਿਦਵਾਨ, ਢਾਡੀ ਕਲਾ ਦਾ ਪਿਤਾਮਾ, ਪੈਗੰਬਰ, ਬਾਦਸ਼ਾਹ ਤੇ ਚਿੰਤਕ ਢਾਡੀ ਸੀਤਲ 23 ਸਤੰਬਰ 1998 ਨੂੰ ਸੰਸਾਰ ਨੂੰ ਅਲਵਿਦਾ ਕਹਿ ਗਿਆ। 2 ਅਕਤੂਬਰ 1998 ਨੂੰ ਮੈਂ ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਇਆ। ਕੈਨੇਡਾ ਤੋਂ ਉਨ੍ਹਾਂ ਦੇ ਦੋ ਪੁੱਤਰ-ਰਵਿੰਦਰ ਸਿੰਘ ਅਤੇ ਸੁਰਜੀਤ ਸਿੰਘ ਆਏ, ਪਰ ਤੀਜਾ ਪੁੱਤਰ (ਜੋ ਸ. ਸੀਤਲ ਦੀ ਬਦੌਲਤ ਸਰਜਨ ਬਣਿਆ) ਰਘਬੀਰ ਸਿੰਘ ਤਾਂ ਅੰਤਿਮ ਦਰਸ਼ਨ ਕਰਨ ਲਈ ਵੀ ਨਾ ਆਇਆ। ਮੈਂ ਹੈਰਾਨ ਹਾਂ ਕਿ ਸ. ਸੀਤਲ ਆਪਣੇ ਡਾਕਟਰ ਪੁੱਤਰ ਦੀ ਪ੍ਰਸ਼ੰਸਾ ਕਰਦੇ ਨਹੀਂ ਸਨ ਥੱਕਦੇ। ਨਾ ਹੀ ਕੋਈ ਵੱਡਾ ਧਾਰਮਿਕ ਅਤੇ ਸਿਆਸੀ ਲੀਡਰ ਆਇਆ। ਅੱਜ ਕੱਲ੍ਹ ਦੇ ਸਿਆਸੀ ਤੇ ਧਾਰਮਿਕ ਲੀਡਰ ਉਸ ਭੋਗ 'ਤੇ ਜ਼ਰੂਰ ਜਾਂਦੇ ਹਨ, ਜਿਥੋਂ ਵਧੇਰੇ ਵੋਟਾਂ ਦੀ ਆਸ ਹੋਵੇ।

ਸ. ਸੀਤਲ ਆਪਣੀ ਢਾਡੀ ਕਲਾ ਅਤੇ ਲਿਖਤਾਂ ਸਦਕਾ ਆਪਣੇ ਪ੍ਰਸ਼ੰਸਕਾਂ ਦੇ ਦਿਲਾਂ ਵਿਚ ਸਦਾ ਜਿੰਦਾ ਰਹਿਣਗੇ। ਉਹ 20ਵੀਂ ਸਦੀ ਦੀ ਢਾਡੀ ਕਲਾ ਦੇ ਪਿਤਾਮਾ ਸਨ। ਜੇ ਅਸੀਂ ਆਪਣੇ ਸਮਾਜ ਨੂੰ, ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਨਸ਼ਿਆਂ, ਨੰਗੇਜਵਾਦ ਤੇ ਅਸ਼ਲੀਲਤਾ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਢਾਡੀ ਕਲਾ ਦੀ ਸਰਪ੍ਰਸਤੀ ਕਰਕੇ ਇਸ ਨੂੰ ਮੁੜ ਤੋਂ ਸੁਰਜੀਤ ਕਰਨਾ ਪਏਗਾ। ਸ਼੍ਰੋਮਣੀ ਕਮੇਟੀ ਨੂੰ ਯੋਗ ਢਾਡੀਆਂ ਦੀ ਸਰਪ੍ਰਸਤੀ ਕਰਨੀ ਚਾਹੀਦੀ ਹੈ। ਨਹੀਂ ਤਾਂ ਸਾਡੇ ਅਜੋਕੇ ਅਖੌਤੀ 'ਸਭਿਆਚਾਰਕ ਗਾਇਕ/ਗਾਇਕਾਵਾਂ' ਅਤੇ ਗੀਤਕਾਰਾਂ ਨੇ ਹਰ ਮੁੰਡੇ ਕੁੜੀ ਨੂੰ ਹੀਰ ਰਾਂਝਾ ਬਣਾ ਦਿੱਤਾ ਹੈ। ਸਿੱਖ ਸਭਿਆਚਾਰ ਅਤੇ ਪੰਜਾਬ ਦੇ ਅਸਲ ਸਭਿਆਚਾਰ ਦੀ ਗੱਲ ਕਰਨੀ ਪਵੇਗੀ। ਢਾਡੀ ਸੀਤਲ ਦੀਆਂ ਹੇਠ ਲਿਖੀਆਂ ਸਤਰਾਂ ਅੱਜ ਦੇ ਲੀਡਰਾਂ ਨੂੰ ਨੰਗਾ ਕਰਦੀਆਂ ਹਨ:

ਹਾਕਮ ਥਾਪੇ ਗਏ ਸੀ
ਪਰਜਾ ਪਾਲਣ ਵਾਸਤੇ,
ਪਰਜਾ ਖਾਣ ਦੀ ਨੀਤੀ
ਬਣ ਗਈ ਹੈ ਸਰਕਾਰ ਦੀ।
ਕਈਆਂ ਜਿਉਂਦਿਆਂ ਜੀਆਂ ਦੀ ਕੱਢ ਚਰਬੀ,
ਮਹਿਲੀਂ ਕਿਸੇ ਨੇ ਜੋਤ ਜਗਾਈ ਹੋਈ ਆ।

## ਸੰਪਾਦਕ ਦੀ ਡਾਕ

# ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ?

'ਪੰਜਾਬ ਟਾਈਮਜ਼' ਦੇ 31 ਅਗਸਤ ਦੇ ਅੰਕ ਵਿਚ ਡਾ. ਸੁਖਪਾਲ ਸੰਘੇੜਾ ਦਾ ਲੇਖ "ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ?" ਕਈ ਪੱਖਾਂ ਤੋਂ ਬੜਾ ਰੌਚਕ ਤੇ ਗਿਆਨ-ਵਰਧਕ ਲੱਗਾ। ਡਾ. ਸੰਘੇੜਾ ਨੇ ਮੂਲ ਮੰਤਰ ਦੇ ਨਾਲ ਵਿਗਿਆਨ ਦੇ ਕੇਂਦਰੀ ਮੂਲ ਸਿਧਾਂਤ ਦਾ ਸ਼ਬਦ ਖੜ੍ਹਾ ਕਰ ਕੇ ਕਈ ਚਿੰਤਕਾਂ ਦਾ ਧਿਆਨ ਖਿੱਚਿਆ ਹੈ। ਉਨ੍ਹਾਂ ਨੇ ਬੜਾ ਸਹੀ ਕਿਹਾ ਹੈ ਕਿ ਦੋਹਾਂ ਦਾ ਮੰਤਵ ਇਸ ਸਵਾਲ ਦਾ ਹੱਲ ਕਰਨਾ ਹੈ ਕਿ ਉਹ ਕਿਹੜੀ ਚੀਜ਼ ਹੈ, ਜਿਸ ਨੇ ਬ੍ਰਹਿਮੰਡ ਬਣਾਇਆ ਹੈ, ਜੋ ਇਸ ਨੂੰ ਚਲਾਉਂਦੀ ਹੈ ਅਤੇ ਇਸ 'ਚੀਜ਼' ਦੇ ਵਿਆਪਕ ਲੱਛਣ ਕੀ ਹਨ? ਮੇਰੇ ਖਿਆਲ ਵਿਚ ਇਸ ਦਾ ਇਸ ਤੋਂ ਵੱਧ ਢੁਕਵਾਂ ਤੇ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਸਪਸ਼ਟ ਬਿਆਨ ਹੋਰ ਹੋ ਨਹੀਂ ਸਕਦਾ। ਉਨ੍ਹਾਂ ਨੇ 'ਇਸ ਚੀਜ਼' ਦੇ ਜਿਗਿਆਸੂਆਂ ਦਾ ਧਿਆਨ ਆਪਣੇ ਚੌਗਿਰਦੇ ਵੱਲ ਫੇਰ ਕੇ, ਇਸ ਦੇ ਪਦਾਰਥਕ ਖਾਸੇ, ਅੰਦਰੂਨੀ ਕੈਮਿਸਟਰੀ ਅਤੇ ਊਰਜਾ ਨਾਲ ਸਬੰਧਾਂ 'ਤੇ ਜੋ ਰੋਸ਼ਨੀ ਪਾਈ ਹੈ, ਉਹ ਲਾ-ਮਿਸਾਲ ਹੈ। ਉਨ੍ਹਾਂ ਨੇ ਜਪੁਜੀ ਸਾਹਿਬ ਬਾਰੇ ਇਹ ਲਿਖ ਕੇ ਕਿ ਕਿਸੇ ਅਧਿਆਤਮਕ ਕਿਤਾਬ ਵਿਚ ਵਿਗਿਆਨ ਭਾਵ ਦਾ ਕੋਈ ਇੰਨੇ ਸਪਸ਼ਟ ਉਲੇਖ ਦਾ ਟੋਟਾ ਨਹੀਂ ਮਿਲਦਾ, ਜਿੰਨਾ ਇਹ ਬਾਣੀ ਹੈ। ਬਿਲਕੁਲ ਸਹੀ ਕਥਨ ਹੈ। ਉਨ੍ਹਾਂ ਦੀ ਵਿਗਿਆਨਕ ਵਿਧੀ-ਵਿਧਾਨ ਦੀ ਵਿਆਖਿਆ ਕਈ ਸ਼ਰਧਾਲੂ ਸਿੱਖ ਵਿਦਵਾਨਾਂ ਤੇ ਪ੍ਰਚਾਰਕਾਂ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ।

ਪਰ ਡਾ. ਸੰਘੇੜਾ ਦੇ ਲੇਖ ਵਿਚ ਕਈ ਅਣਮੇਲਵੇਂ ਫੱਟ ਤੇ ਟੋਏ ਹਨ, ਜਿਨ੍ਹਾਂ ਵੱਲ ਜਰੂਰ ਧਿਆਨ ਦੇਣਾ ਬਣਦਾ ਹੈ। ਪਹਿਲਾ, ਉਨ੍ਹਾਂ ਨੇ ਕਿਹਾ ਹੈ ਕਿ ਮੂਲ ਮੰਤਰ ਕਿਸੇ ਸਵਾਲ ਦਾ ਜਵਾਬ ਹੈ, ਠੀਕ ਨਹੀਂ ਜਾਪਦਾ। ਜੇ ਜਵਾਬ ਹੀ ਮਿਲ ਗਿਆ ਤਾਂ ਖੋਜ ਦੀ ਕੀ ਲੋੜ? ਦਰਅਸਲ ਮੂਲ ਮੰਤਰ ਕਿਸੇ ਸਵਾਲ ਦਾ ਜਵਾਬ ਨਹੀਂ ਹੈ, ਸਗੋਂ ਉਨ੍ਹਾਂ ਦੇ 'ਇਸ ਚੀਜ਼' ਬਾਰੇ ਘੜੇ ਸਦੀਵੀ ਸਵਾਲ ਤੋਂ ਉਪਜਿਆ, ਇਕ ਨਵੇਂ ਜਵਾਬ ਦੀ ਮੰਗ ਕਰਦਾ ਸਵਾਲ ਹੀ ਹੈ। 'ਕਿਵ ਸਚਿਆਰਾ ਹੋਈਐ' ਤੋਂ 'ਨਾਨਕ ਲਿਖਿਆ ਨਾਲਿ' ਤੀਕ ਇਹ ਤੀਹਰਾ ਸਵਾਲ ਕਈ ਨਵੇਂ ਜਵਾਬਾਂ ਦੀ ਭਾਲ ਕਰਦਾ ਹੈ।

ਮੂਲ ਮੰਤਰ ਦੀ ਵਿਆਖਿਆ ਵਿਚ ਡਾ. ਸਾਹਿਬ ਇਕ ਬਹੁ-ਪ੍ਰਚਲਿਤ ਭਰਮ ਤੋਂ ਪ੍ਰਭਾਵਿਤ ਹੋਏ ਲਗਦੇ ਹਨ। ਉਹ ਮੰਨ ਕੇ ਚਲਦੇ ਹਨ ਕਿ ਮੂਲ ਮੰਤਰ ਦਾ ੴ ਇਕ ਦੈਵੀ ਭਾਵ ਦਾ ਸੰਕਲਪ ਹੈ, ਅਰਥਾਤ ਪਰਮਾਤਮਾ ਹੈ। ਇੱਥੇ ਉਨ੍ਹਾਂ ਨੂੰ ਰੁਕ ਕੇ ਸੋਚਣਾ ਚਾਹੀਦਾ ਹੈ ਕਿ ਕੀ ਪ੍ਰੋ. ਸਾਹਿਬ ਸਿੰਘ ਦਾ ੴ ਨੂੰ ਪਰਮਾਤਮਾ ਕਹਿਣ ਦਾ ਆਧਾਰ ਸਹੀ ਸੀ? ਗੁਰੂ ਨਾਨਕ ਸ਼ਬਦਾਂ ਦੇ ਧਨੀ ਸਨ, ਜੇ ਚਾਹੁੰਦੇ ਤਾਂ ਕੋਈ ਲੋਕ ਸਮਝ ਵਾਲਾ ਸਰਲ ਸ਼ਬਦ ਵਰਤ ਲੈਂਦੇ। ਪਰ ਉਨ੍ਹਾਂ ਨੇ ਕੋਈ ਸਿੱਧਾ ਸ਼ਬਦ ਇਸਤੇਮਾਲ ਕਰਨ ਦੀ ਥਾਂ ਇਕ ਸੰਕੇਤ-ਸੰਗ੍ਰਿਹ ਵਰਤਣ ਨੂੰ ਤਰਜੀਹ ਦਿੱਤੀ। ਇਸ ਪਿੱਛੇ ਕੋਈ ਰਾਜ਼ ਤਾਂ ਜਰੂਰ ਹੋਵੇਗਾ। ਇਕ ਵਿਗਿਆਨ-ਮੂਲ ਦੇ ਲੇਖਕ ਕੋਲੋਂ ਇਸ ਗੱਲ ਦੀ ਤਹਿ ਵਿਚ ਜਾਣ ਦੀ ਤਵਕੋ ਕੀਤੀ ਜਾਂਦੀ ਸੀ, ਜੋ ਪੂਰੀ ਨਹੀਂ ਚੜ੍ਹੀ।

ਇਹੀ ਨਹੀਂ, ਉਨ੍ਹਾਂ ਨੇ ਮੂਲ ਮੰਤਰ ਦੀ ਸਾਰੀ ਵਿਆਖਿਆ ਮਿਥਿਆਚਾਰੀ ਤੇ ਪਰੰਪਰਾਗਤ ਢੰਗ ਨਾਲ ਕੀਤੀ ਹੈ, ਪਰ ਵਿਗਿਆਨ ਨਾਲ ਤੁਲਨਾ ਕਰਨ ਵੇਲੇ ਇਸ ਨੂੰ ਵਿਗਿਆਨਕ ਦੱਸਿਆ ਹੈ। ਕੋਈ ਪੁੱਛੇ, ਕਿੱਥੇ ਲਿਖਿਆ ਹੈ ਕਿ ੴ ਦਾ ਭਾਵ ਉਹ ਇਕ (1) ਹੈ, ਪਰ ਹਰ ਥਾਂ ਨਿਰੰਤਰ ਮੌਜੂਦ ਹੈ, ਅਨੇਕਾਂ ਰੂਪਾਂ ਵਿਚ, ਸਰਬ ਵਿਆਪਕ ਹੈ (ਓ), ਤਾਂ ਉਹ ਕੀ ਜਵਾਬ ਦੇਣਗੇ? ਕਿਸੇ ਲਿਖਤ ਦਾ ਤਰਜ਼ਮਾ ਮਨ-ਮਾਨੇ ਢੰਗ ਨਾਲ ਕਰਨਾ ਬੜੀ ਗੰਭੀਰ ਭੁੱਲ ਹੈ। ਇਸ ਲਈ ਡਰ ਹੈ ਕਿ ਵਿਗਿਆਨਕ ਰੁਚੀ ਵਾਲੇ ਪਾਠਕ ੴ ਦੇ ਇਸ ਆਦਰਸ਼ਵਾਦੀ ਅਨੁਵਾਦ ਨੂੰ ਦੇਖ ਕੇ ਲੇਖ ਅੱਗੇ ਪੜ੍ਹਨਾ ਛੱਡ ਹੀ ਨਾ ਗਏ ਹੋਣ।

ਡਾ. ਸੰਘੇੜਾ ਦੇ ਲੇਖ ਦਾ ਸਾਰਾ ਦਾਰੋਮਦਾਰ ਇਸ ਗੱਲ 'ਤੇ ਹੈ ਕਿ ਵਿਗਿਆਨ ਤੇ ਗੁਰਬਾਣੀ-ਦੋਵੇਂ ਮਾਦੇ ਅਤੇ ਇਸ ਦੇ ਸਥਿਰਤਾ ਤੇ ਸਦੀਵਤਾ ਦੇ ਗੁਣਾਂ ਦੁਆਲੇ ਘੁੰਮਦੇ ਹਨ। ਮਾਦਾ ਹੀ ਉਨ੍ਹਾਂ ਦੋਹਾਂ ਦਾ ਸਾਂਝਾ ਮੂਲ ਮੰਤਰ ਹੈ। ਇਸ ਮੰਤਵ ਦੀ ਪੂਰਤੀ ਲਈ ਉਹ ਮੂਲ ਮੰਤਰ ਦੇ ਸਾਰੇ ਸ਼ਬਦਾਂ ਦੇ ਨਾਲ ਮਾਦਾ ਲਾ ਕੇ ਸਾਬਤ ਕਰਦੇ ਹਨ ਕਿ ਗੁਰੂ ਸਾਹਿਬ ਨੇ ਮੂਲ-ਮੰਤਰ ਦੇ ਸਾਰੇ ਵਿਸ਼ੇਸ਼ਣ ਮਾਦੇ ਲਈ ਵਰਤੇ ਹਨ। ਭਾਵੇਂ ਮਾਦੇ ਦੇ ਸੰਕਲਪ ਨੂੰ ਮੂਲ ਮੰਤਰ ਵਿਚੋਂ ਬਾਹਰ ਨਹੀਂ ਕੀਤਾ ਜਾ ਸਕਦਾ, ਪਰ ਮਾਦੇ ਨੂੰ ਮਕੈਨਕੀ ਢੰਗ ਨਾਲ ਇੱਦਾਂ ਗੁਰੂ ਸਾਹਿਬ ਦੀ ਫਿਲਾਸਫੀ ਦੇ ਗਲ ਮੜ੍ਹਨਾ ਇਕ ਜਟਕਾ ਉਦਮ ਹੈ। ਉਨ੍ਹਾਂ ਦੇ ਆਪਣੇ ਲਿਖਣ ਅਨੁਸਾਰ ਮਾਦਾ ਤੇ ਊਰਜਾ ਬ੍ਰਹਿਮੰਡ ਦੇ ਦੋ ਤੱਤ ਹਨ। ਇਸ ਤਰ੍ਹਾਂ ਉਨ੍ਹਾਂ ਦੇ ਕਹਿਣ ਦਾ ਅਰਥ ਇਹ ਹੋਇਆ ਕਿ ਗੁਰੂ ਨਾਨਕ ਇਸ ਬ੍ਰਹਿਮੰਡ ਦੇ ਕੇਵਲ ਮਾਦੇ ਵਾਲੇ ਭਾਗ ਦੇ ਹੀ ਫਿਲਾਸਫਰ ਸਨ ਤੇ ਊਰਜਾ ਵਾਲੇ ਭਾਗ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਸੀ। ਇਸ ਵਿਆਖਿਆ ਵਿਚ ਅਜਿਹੀਆਂ ਕਈ ਤ੍ਰੇੜਾਂ ਹਨ।

ਦਰਅਸਲ, ਗੁਰੂ ਨਾਨਕ ਨੇ ਮੂਲ ਮੰਤਰ ਵਿਚ ਤਾਂ ਕੀ ਸਾਰੇ ਜਪੁਜੀ ਵਿਚ ਕਿਧਰੇ ਮਾਦੇ ਜਾਂ ਊਰਜਾ ਵਾਲੇ ਸੰਕਲਪ ਨਹੀਂ ਵਰਤੇ। ਉਨ੍ਹਾਂ ਦੀ ਵਿਗਿਆਨਕਤਾ ਦੀ ਖੂਬੀ ਹੀ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਇਨ੍ਹਾਂ ਸੰਕਲਪਾਂ ਨੂੰ ਹਾਈਪੋਥੀਸਿਸ ਦੇ ਤੌਰ 'ਤੇ ਵੀ ਨਹੀਂ ਵਰਤਿਆ। ਇਸ ਦੇ ਦੋ ਕਾਰਨ ਹਨ। ਖੋਜ ਪ੍ਰਕ੍ਰਿਆ ਤੋਂ ਬਿਨਾ ਕਿਸੇ ਸਿੱਟੇ 'ਤੇ ਪਹੁੰਚਣਾ ਅਣ-ਵਿਗਿਆਨਕ ਹੈ ਤੇ ਖੋਜ ਤੋਂ ਪਹਿਲਾਂ ਕੋਈ ਸਿੱਟਾ ਕੱਢਣਾ ਵਿਗਿਆਨਕ ਖੋਜ ਵਿਧੀ ਤੋਂ ਉਲਟ ਹੈ। ਖੋਜ ਕੀਤੇ ਬਿਨਾ ਲਾਏ ਤੁੱਕੇ ਤੇ ਪੇਸ਼ੀਨਗੋਈਆਂ ਵਿਗਿਆਨਕ ਨਹੀਂ ਹੁੰਦੇ, ਕਿਉਂਕਿ ਕੀ ਪਤਾ ਖੋਜ ਕਿਸ ਸਿੱਟੇ 'ਤੇ ਲੈ ਜਾਵੇ? ਗੁਰੂ ਨਾਨਕ ਦਾ ਕਰਤਾ ਪੁਰਖੁ ਮਾਦਾ ਤੇ ਊਰਜਾ-ਦੋਹਾਂ ਗੁਣਾਂ ਵਾਲਾ ਸੰਕਲਪ ਹੈ। ਇਹ ਇਵੇਂ ਹੈ, ਜਿਵੇਂ ਮਾਦੇ ਦਾ ਆਖਰੀ ਕਣ ਇਲੈਕਟ੍ਰਾਨ ਮਾਦੇ ਤੇ ਊਰਜਾ ਦਾ ਸੁਮੇਲ ਹੈ, ਪਰ ਇਲੈਕਟ੍ਰਾਨ ਵੀ 'ਉਹ ਚੀਜ਼' ਨਹੀਂ ਹੈ, ਜਿਸ ਦੇ ਜ਼ਿਕਰ ਨਾਲ ਡਾ. ਸੰਘੇੜਾ ਆਪਣਾ ਅਰਧ-ਸਿਧਾਂਤ ਘੜਦੇ ਹਨ। ਗੁਰੂ ਨਾਨਕ ਅਨੁਸਾਰ ਸਦੀਆਂ ਲੰਮੀ ਅਣਥੱਕ ਵਿਗਿਆਨਕ ਖੋਜ ਹੀ ਦੱਸੇਗੀ ਕਿ ਇਸ ਸਚਖੰਡ-ਨਿਵਾਸੀ 'ਚੀਜ਼' ਦੀ ਸਹੀ ਪ੍ਰਕਿਰਤੀ ਕੀ ਹੈ ਤੇ ਇਸ ਦਾ ਸਤਿਨਾਮੁ ਭਾਵ ਅਸਲੀ ਨਾਂ ਕੀ ਹੈ? ਵਿਗਿਆਨਕ ਵਿਧੀ ਦੀਆਂ ਇਨ੍ਹਾਂ ਸੂਖਮ ਗੱਲਾਂ ਨੂੰ ਧੁਰ ਅੰਦਰੋਂ ਸਮਝਣ ਵਾਲਾ ਗੁਰੂ ਨਾਨਕ ਤੋਂ ਵੱਡਾ ਵਿਗਿਆਨੀ ਹੋਰ ਕੌਣ ਹੋ ਸਕਦਾ ਹੈ?

ਮੁੜ ਵਿਚਾਰਣਯੋਗ ਮੁੱਦੇ ਕਈ ਹੋਰ ਵੀ ਹਨ, ਪਰ ਉਨ੍ਹਾਂ ਬਾਰੇ ਚੁੱਪ ਧਾਰੀ ਜਾ ਸਕਦੀ ਹੈ। ਇਨ੍ਹਾਂ ਸਭ ਦੇ ਬਾਵਜੂਦ ਡਾ. ਸੰਘੇੜਾ ਦਾ ਉਦਮ ਲਕੀਰ ਤੋਂ ਬਹੁਤ ਹਟ ਕੇ ਹੈ। ਇਸੇ ਲਈ ਉਨ੍ਹਾਂ ਦਾ ਇਹ ਲੇਖ ਸਿੱਖ ਬੁਧੀਜੀਵੀਆਂ ਦੀ ਤਵੱਜੋਂ ਦਾ ਪੂਰਾ ਹੱਕਦਾਰ ਹੈ। ਉਮੀਦ ਹੈ ਕਿ ਉਨ੍ਹਾਂ ਵਿਚਲਾ ਵਿਗਿਆਨੀ ਬਾਹਰੀ (Peripheral) ਸਮਾਨਤਾਵਾਂ ਦੀ ਥਾਂ ਗੁਰਬਾਣੀ ਤੇ ਵਿਗਿਆਨ ਦੀਆਂ ਅੰਦਰੂਨੀ ਕੜੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਵੇਗਾ। ਇਸ ਵਿਸ਼ੇ ਵਿਚ ਡੂੰਘੇ ਜਾਇਆਂ ਉਹ ਮੰਨ ਜਾਣਗੇ ਕਿ ਗੁਰਬਾਣੀ ਸੱਚੀਂ-ਮੁੱਚੀਂ ਵਿਗਿਆਨਾਂ ਦਾ ਵਿਗਿਆਨ ਹੈ। ਉਹ ਇਹ ਵੀ ਮੰਨ ਜਾਣਗੇ ਕਿ ਗੁਰੂ ਸਾਹਿਬ ਦਾ ਇਹ ਵਿਗਿਆਨ ਸਮਕਾਲੀ ਤੇ ਅਜੋਕੇ ਬਹੁਤੇ ਵਿਦਵਾਨਾਂ ਦੇ ਸਿਰਾਂ ਉਤੋਂ ਦੀ ਲੰਘ ਰਿਹਾ ਹੈ।

# 'ਅਰਜਨ ਅਤੇ ਅਰਜੁਨ'

'ਪੰਜਾਬ ਟਾਈਮਜ਼' ਦੇ 31 ਅਗਸਤ ਦੇ ਅੰਕ ਵਿਚ ਸ਼ਬਦ-ਜੋੜਾਂ ਦੇ ਮੰਨੇ ਪ੍ਰਮੰਨੇ ਖੋਜੀ ਮਾਨਯੋਗ ਬਲਜੀਤ ਬਾਸੀ ਦਾ ਲੇਖ ਸ਼ਬਦ 'ਅਰਜਨ ਅਤੇ ਅਰਜੁਨ' ਛਪਿਆ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਮਾਨਯੋਗ ਬਾਸੀ ਜੀ ਦਾ ਸ਼ਬਦ-ਜੋੜਾਂ ਦੀ ਖੋਜ ਵਿਚ ਕੋਈ ਸਾਨੀ ਨਹੀਂ ਜਾਪਦਾ। ਉਨ੍ਹਾਂ ਦੀ ਇਸ ਖੋਜ ਨੂੰ ਪ੍ਰਣਾਮ ਹੈ, ਕਿਉਂਕਿ ਇੰਨੀ ਡੂੰਘੀ ਖੋਜ ਲਈ ਸਮਾਂ ਕੱਢ ਕੇ ਸਿਰੜ ਨਾਲ ਕੰਮ ਕਰਨਾ ਹਰ ਇਕ ਦੇ ਵੱਸ ਦਾ ਰੋਗ ਨਹੀਂ ਹੈ।

ਸ੍ਰੀ ਬਾਸੀ ਨੇ 17 ਅਗਸਤ 2019 ਨੂੰ ਆਪਣੇ 'ਸ਼ਬਦ-ਝਰੋਖਾ' ਵਿਚ ਮੇਰੇ ਲੇਖ ਬਾਰੇ ਲਿਖਿਆ ਹੈ, "ਭਲਾ ਜੇ ਸੱਤਾ ਬਲਵੰਡ ਦੇ ਸਵੱਯੇ ਵਿਚ 'ਅਰਜਨ' ਹੈ ਤਾਂ ਕੀ ਇਸ ਦਾ 'ਅਰਜੁਨ' ਵਜੋਂ ਪਾਠ ਸ਼ੁੱਧ ਹੋਵੇਗਾ?" ਪਰ ਮੈਂ ਆਪਣੇ ਲੇਖ ਵਿਚ ਇਹ ਨਹੀਂ ਸੀ ਲਿਖਿਆ ਕਿ 'ਅਰਜਨ' ਨੂੰ ਅਰਜੁਨ' ਬੋਲਣਾ ਸ਼ੁੱਧ ਹੈ। ਮੇਰਾ ਮਤਲਬ ਸੀ ਕਿ ਜਿੱਥੇ ਗੁਰਬਾਣੀ ਵਿਚ 'ਅਰਜੁਨ' ਲਿਖਿਆ ਹੈ, ਉਥੇ 'ਜੁ' ਧੁਨੀ ਨਾਲ ਹੀ ਬੋਲਣਾ ਹੈ। ਜਿੱਥੇ 'ਅਰਜਨ' ਲਿਖਿਆ ਹੈ, ਉਥੇ 'ਜੁ' ਧੁਨੀ ਨਾਲ ਨਹੀਂ ਬੋਲਿਆ ਜਾਵੇਗਾ, ਕੇਵਲ 'ਜ' ਧੁਨੀ ਹੀ ਵਰਤੀ ਜਾਵੇਗੀ। 'ਅਰਜੁਨ' ਸ਼ਬਦ ਵਿਚ 'ਜ' ਅੱਖਰ ਨਾਲ ਲੱਗੀ ਔਂਕੜ ਦੀ ਧੁਨੀ ਪਾਠ ਵਿਚ ਛੱਡੀ ਨਹੀਂ ਜਾ ਸਕਦੀ ਅਤੇ 'ਅਰਜਨ' ਸ਼ਬਦ ਵਿਚ 'ਜ' ਅੱਖਰ ਨਾਲ ਔਂਕੜ ਦੀ ਧੁਨੀ ਜੋੜੀ ਨਹੀਂ ਜਾ ਸਕਦੀ। ਮੈਂ ਆਪਣੇ ਲੇਖ ਵਿਚ ਗੁਰਬਾਣੀ ਵਿਚ ਲਿਖੇ 'ਅਰਜਨ' ਸ਼ਬਦ ਨੂੰ 'ਅਰਜੁਨ' ਪੜ੍ਹਨ ਦੀ ਵਕਾਲਤ ਨਹੀਂ ਸੀ ਕੀਤੀ।

'ਅਰਜੁਨ' ਸ਼ਬਦ ਦਾ ਪਾਠ 'ਅਰਜੁਨ' ਅਤੇ 'ਅਰਜਨ' ਸ਼ਬਦ ਦਾ ਪਾਠ 'ਅਰਜਨ' ਹੀ ਸ਼ੁੱਧ ਹੈ। ਪਾਠ ਵਿਚ ਆਪਣੇ ਕੋਲੋਂ ਕੋਈ ਮਾਤਰਾ ਵਧਾਈ ਜਾਂ ਘਟਾਈ ਨਹੀਂ ਜਾ ਸਕਦੀ। ਸ੍ਰੀ ਬਾਸੀ ਦਾ ਇਸ ਵਿਸ਼ੇ 'ਤੇ ਆਪਣੀ ਖੋਜ ਲਿਖਣ ਲਈ ਬਹੁਤ ਬਹੁਤ ਧੰਨਵਾਦ!

*-ਪ੍ਰੋ. ਕਸ਼ਮੀਰਾ ਸਿੰਘ*
*ਫੋਨ: 801-414-0171*

# ਮਨ ਦਾ ਬੋਝ

"ਰਜਨੀ ਦੀ ਬਿਮਾਰੀ ਬਾਰੇ ਕੋਈ ਨਹੀਂ ਸਮਝ ਸਕਿਆ।" ਮੇਰਾ ਖਾਸ ਦੋਸਤ ਹਰਿੰਦਰ ਮੇਰੇ ਅੱਗੇ ਦੁੱਖ ਰੋਣ ਲੱਗਾ। ਰਜਨੀ ਉਸ ਦੀ ਪਤਨੀ ਹੈ।

ਹਰਿੰਦਰ ਦੱਸਦਾ ਹੈ, "ਕਿੰਨੇ ਹੀ ਡਾਕਟਰ ਬਦਲ ਲਏ, ਪਰ ਜਿਉਂ ਜਿਉਂ ਡਾਕਟਰ ਬਦਲਦੇ ਹਾਂ, ਤਿਉਂ ਤਿਉਂ ਉਹਦੀ ਤਕਲੀਫ ਬਦਲ ਜਾਂਦੀ ਹੈ। ਇਕ ਦਿਨ ਸਿਰ ਵਿਚ ਦਰਦ ਹੁੰਦਾ ਹੈ, ਦੂਜੇ ਦਿਨ ਪੇਟ 'ਚ ਤੇ ਤੀਜੇ ਦਿਨ ਉਹਨੂੰ ਜਾਪਦਾ ਹੈ ਕਿ ਹਾਰਟ ਅਟੈਕ ਹੋਣ ਲੱਗਾ ਹੈ। ਰੋਜ਼ ਨਵੇਂ ਸਪੈਸ਼ਲਿਸਟ ਕੋਲ ਜਾਂਦੇ ਹਾਂ। ਸਭ ਆਖ ਦਿੰਦੇ ਹਨ ਕਿ ਇਹਨੂੰ ਕੋਈ ਸਰੀਰਕ ਰੋਗ ਨਹੀਂ ਹੈ, ਸ਼ਾਇਦ ਇਹਦੇ ਮਨ 'ਤੇ ਕੋਈ ਬੋਝ ਹੈ, ਕਿਸੇ ਮਾਨਸਿਕ ਰੋਗਾਂ ਦੇ ਮਾਹਿਰ ਨੂੰ ਦਿਖਾਉਣਾ ਚਾਹੀਦਾ ਹੈ।"



ਜੇ. ਬੀ. ਸਿੰਘ, ਕੈਂਟ
Email: jupneja@gmail.com

ਇਹ 'ਬੋਝ' ਵਾਲੀ ਗੱਲ ਮੈਂ ਕਦੇ ਨਹੀਂ ਮੰਨ ਸਕਦਾ। ਰਜਨੀ ਨੂੰ ਸਾਰੇ 'ਹਾਸੇ ਦਾ ਪਟੋਲਾ' ਕਹਿੰਦੇ ਹਨ। ਜਿਸ ਨੂੰ ਮਿਲਦੀ ਏ, ਹਸਾ ਹਸਾ ਵੱਖੀਆਂ ਦੂਖਣ ਲਾ ਦਿੰਦੀ ਹੈ।

ਮੈਨੂੰ ਇਕ ਪੁਰਾਣੀ ਘਟਨਾ ਯਾਦ ਆਈ। ਇਕ ਵਾਰ ਕਿਸੇ ਪਾਰਟੀ ਵਿਚ ਉਹਨੇ ਮੇਰੇ ਇਕ ਡਾਕਟਰ ਮਿੱਤਰ ਤੋਂ ਪੁੱਛਿਆ ਸੀ, "ਡਾਕਟਰ ਸਾਹਿਬ, ਮੇਰਾ ਭਾਰ ਨਹੀਂ ਘਟਦਾ। ਪਤਲੀ ਹੋਣ ਦਾ ਕੋਈ ਉਪਾਅ ਦੱਸੋ।"

ਮੇਰੇ ਮਿੱਤਰ ਨੇ ਮਜ਼ਾਕ ਵਿਚ ਕਹਿ ਦਿੱਤਾ, "ਭਾਰ ਤਾਂ ਵਧੇਗਾ ਹੀ, ਕੋਈ ਚਿੰਤਾ ਫਿਕਰ ਜੁ ਨਹੀਂ। ਜੇ ਚਿੰਤਾ ਹੋਵੇ ਤਾਂ ਬੰਦਾ ਸੁੱਕ ਕੇ ਤੀਲਾ ਹੋ ਜਾਂਦਾ ਹੈ। ਕੋਈ ਦਵਾਈ ਦੀ ਲੋੜ ਹੀ ਨਹੀਂ ਪੈਂਦੀ।"

ਪਾਰਟੀ ਤੋਂ ਅਗਲੇ ਦਿਨ ਹੀ ਮੈਂ ਹਰਿੰਦਰ ਦੇ ਘਰ ਗਿਆ। ਰਜਨੀ ਚੁੱਪ ਚਾਪ ਉਦਾਸ ਬੈਠੀ ਧੁੱਪ ਸੇਕ ਰਹੀ ਸੀ। ਮੈਂ ਪੁੱਛ ਬੈਠਾ, "ਭਾਬੀ ਜੀ, ਕੀ ਗੱਲ ਹੈ, ਬਹੁਤ ਉਦਾਸ ਲੱਗ ਰਹੇ ਹੋ।"

ਰਜਨੀ ਨੇ ਤੁਰੰਤ ਜਵਾਬ ਦਿੱਤਾ, "ਕੱਲ ਦੀ ਸੋਚ ਰਹੀ ਹਾਂ, ਕਿਹੜੀ ਚਿੰਤਾ ਲਾਵਾਂ ਕਿ ਭਾਰ ਘਟ ਜਾਵੇ। ਪਰ ਕੁਝ ਸੁੱਝਦਾ ਹੀ ਨਹੀਂ।"

ਮੈਂ ਆਪਣੇ ਦੋਸਤ ਨੂੰ ਇਹ ਘਟਨਾ ਯਾਦ ਕਰਾਉਂਦਾ ਹਾਂ। ਪਰ ਉਹ ਫਿਰ ਵੀ ਬਜ਼ਿਦ ਹੈ ਕਿ ਕਿਸੇ ਸਾਇਕੈਟ੍ਰਿਸਟ ਨੂੰ ਦਿਖਾਇਆ ਜਾਵੇ, ਤੇ ਉਹ ਮੈਨੂੰ ਨਾਲ ਜਾਣ ਲਈ ਕਹਿੰਦਾ ਹੈ।

ਪਿੰਡ ਦੇ ਆਸ ਪਾਸ ਕੋਈ ਵੀ ਮਾਨਸਿਕ ਰੋਗਾਂ ਦਾ ਮਾਹਿਰ ਨਹੀਂ ਹੈ। ਹਾਂ, ਪਿਛਲੇ ਸਾਲ ਨਾਲ ਦੇ ਵੱਡੇ ਪਿੰਡ ਵਿਚ ਇਕ ਛੋਟਾ ਜਿਹਾ ਹਸਪਤਾਲ ਖੁੱਲ੍ਹਿਆ ਸੀ, ਜਿਸ ਦੇ ਬਾਹਰ ਇਕ ਵੱਡਾ ਸਾਰਾ ਬੋਰਡ ਲੱਗਾ ਹੋਇਆ ਸੀ, 'ਪਾਗਲਾਂ ਦਾ ਹਸਪਤਾਲ।' ਤੇ ਮੇਰੇ ਦੋਸਤ ਨੂੰ ਕਿਸੇ ਨੇ ਸਲਾਹ ਦਿਤੀ ਸੀ ਕਿ ਉਹ ਆਪਣੀ ਪਤਨੀ ਨੂੰ ਇਥੇ ਦਾਖਲ ਕਰਵਾ ਦੇਵੇ।

ਮੇਰਾ ਮਿੱਤਰ ਮੇਰੀ ਸਲਾਹ ਮੰਗਦਾ ਹੈ, ਪਰ ਮੈਂ ਕਹਿੰਦਾ ਹਾਂ, ਇਹ ਹਸਪਤਾਲ ਠੀਕ ਨਹੀਂ ਹੋਵੇਗਾ। 'ਪਾਗਲਾਂ ਦਾ ਹਸਪਤਾਲ' ਦੀ ਥਾਂ ਇਸ ਦਾ ਨਾਂ 'ਪਾਗਲਾਂ ਲਈ ਹਸਪਤਾਲ' ਹੋਣਾ ਚਾਹੀਦਾ ਹੈ। ਨਾਂ ਤੋਂ ਇੰਜ ਲਗਦਾ ਹੈ, ਜਿਵੇਂ ਇਥੇ ਨੌਕਰੀ ਕਰਨ ਵਾਲੇ ਸਭ ਪਾਗਲ ਹੋਣ।

ਪਰ ਮੇਰਾ ਦੋਸਤ ਮੇਰੀ ਦਲੀਲ ਨਹੀਂ ਮੰਨਦਾ। ਕਹਿੰਦਾ ਹੈ, "ਬੋਰਡ ਤੋਂ ਅਸਾਂ ਕੀ ਲੈਣਾ। ਨਾਲੇ ਸਾਡੇ ਨੇੜੇ ਤੇੜੇ ਹੋਰ ਮਾਨਸਿਕ ਰੋਗਾਂ ਦਾ ਕੋਈ ਮਾਹਿਰ ਵੀ ਤਾਂ ਨਹੀਂ ਹੈ।" ਸੋ ਦੋਸਤ ਦੀ ਗੱਲ ਮੰਨ ਮੈਂ ਉਨ੍ਹਾਂ ਨਾਲ ਉਸ ਹਸਪਤਾਲ ਵਿਚ ਚਲਾ ਜਾਂਦਾ ਹਾਂ।

ਡਾਕਟਰ ਦਾ ਚਿਹਰਾ ਦੇਖਦਿਆਂ ਮੈਨੂੰ ਇਕ ਦਮ ਖਿਆਲ ਆਇਆ ਕਿ ਬਾਹਰ ਲੱਗਾ ਬੋਰਡ ਬਿਲਕੁੱਲ ਠੀਕ ਸੀ। ਸਿਰ ਦੇ ਖਿਲਰੇ ਹੋਏ ਵਾਲ, ਵਧੀ ਹੋਈ ਭੂਰੀ ਦਾੜ੍ਹੀ, ਚੂੜੀਦਾਰ ਪਜਾਮੇ ਵਾਂਗ ਸੌੜੀ ਜਿਹੀ ਮੌਹਰੀ ਵਾਲੀ ਪੈਂਟ ਤੇ ਉਪਰ ਖੁੱਲ੍ਹੀ ਟੀ-ਸ਼ਰਟ। ਡਾਕਟਰ ਸਾਹਿਬ ਕੋਲ ਇਕ ਨਰਸ ਵੀ ਖੜ੍ਹੀ ਸੀ। ਉਸ ਨੇ ਸਾਡੇ ਆਉਣ ਦਾ ਕਾਰਨ ਪੁਛਿਆ। ਮੇਰੇ ਮਿੱਤਰ ਨੇ ਉਹਨੂੰ ਸਭ ਕੁਝ ਉਵੇਂ ਹੀ ਦੱਸਿਆ, ਜਿਵੇਂ ਉਹਨੇ ਮੈਨੂੰ ਦੱਸਿਆ ਸੀ।

"ਸੋ ਸਾਰੇ ਡਾਕਟਰਾਂ ਨੇ ਤੁਹਾਨੂੰ ਸਾਡਾ 'ਪਾਗਲਾਂ ਦਾ ਹਸਪਤਾਲ' ਰਿਕਮੈਂਡ ਕੀਤਾ ਹੈ।" ਡਾਕਟਰ ਨੇ ਮਾਣ ਨਾਲ ਕਿਹਾ।

"ਸ਼ਾਇਦ ਉਹ ਇਹਨੂੰ ਪਾਗਲ ਹੀ ਸਮਝਦੇ ਹੋਣ।" ਹਰਿੰਦਰ ਦੇ ਮੂੰਹੋਂ ਅਚਾਨਕ ਨਿਕਲ ਗਿਆ। ਰਜਨੀ ਨੇ ਆਪਣੇ ਪਤੀ ਨੂੰ ਘੂਰਿਆ।

ਡਾਕਟਰ ਨੇ ਮਾਹੌਲ ਵਿਚਾਰਦਿਆਂ ਮੇਰੇ ਮਿੱਤਰ ਨੂੰ ਡਾਂਟਿਆ, "ਮੇਰੀ ਹਾਜ਼ਰੀ ਵਿਚ ਕਿਸੇ ਨੂੰ ਪਾਗਲ ਕਹਿਣਾ, ਤੁਹਾਨੂੰ ਸ਼ੋਭਾ ਨਹੀਂ ਦਿੰਦਾ।"

ਮੈਨੂੰ ਲੱਗਾ, ਜਿਵੇਂ ਉਹਨੇ ਕਿਹਾ ਹੋਵੇ, "ਮੇਰੀ ਹਾਜ਼ਰੀ ਵਿਚ ਮੇਰੇ ਬਿਨਾ ਕਿਸੇ ਹੋਰ ਨੂੰ ਪਾਗਲ ਕਹਿਣਾ ਤੁਹਾਨੂੰ ਸ਼ੋਭਾ ਨਹੀਂ ਦਿੰਦਾ।" ਪਰ ਮੈਂ ਬੋਲਿਆ ਨਹੀਂ।

ਫਿਰ ਉਹਨੇ ਨਰਸ ਨੂੰ ਹਦਾਇਤ ਕੀਤੀ ਕਿ ਰਜਨੀ ਨੂੰ ਦਾਖਲ ਕਰ ਲਿਆ ਜਾਵੇ। ਨਰਸ ਸਾਨੂੰ ਵਾਰਡ ਵਿਚ ਲੈ ਗਈ। ਕਈ ਫਾਰਮ ਭਰਵਾਏ। ਕਈਆਂ 'ਤੇ ਦਸਤਖਤ ਕਰਨ ਨੂੰ ਆਖਿਆ। ਉਹ ਜਿਵੇਂ ਕਹਿੰਦੀ, ਅਸੀਂ ਉਵੇਂ ਹੀ ਕਰਦੇ ਗਏ।

ਅਖੀਰ ਵਿਚ ਉਹਨੇ ਸਾਨੂੰ ਹਦਾਇਤ ਦਿੱਤੀ ਕਿ ਮਰੀਜ਼ ਕੋਲ ਕੇਵਲ ਇਕ ਬੰਦਾ ਹੀ ਰਹਿ ਸਕਦਾ ਹੈ। ਸੋ ਅਸਾਂ ਸਲਾਹ ਕੀਤੀ ਕਿ ਰਾਤ ਨੂੰ ਮੈਂ ਰਜਨੀ ਕੋਲ ਰਹਾਂ ਤੇ ਦਿਨ ਨੂੰ ਹਰਿੰਦਰ। ਹਰਿੰਦਰ ਵਾਪਸ ਘਰ ਚਲਾ ਗਿਆ। ਦੋ ਤਿੰਨ ਘੰਟੇ ਪਿਛੋਂ ਡਾਕਟਰ ਸਾਹਿਬ ਵਾਰਡ 'ਚ ਆਏ। ਰਜਨੀ ਦੇ ਬੈਡ ਨਾਲ ਪਏ ਸਟੂਲ 'ਤੇ ਬੈਠਦਿਆਂ ਪੁਛਿਆ, "ਤੁਹਾਨੂੰ ਹੁਣ ਕਿਵੇਂ ਮਹਿਸੂਸ ਹੋ ਰਿਹਾ ਹੈ?"

ਰਜਨੀ ਚੁੱਪ ਰਹੀ। ਸ਼ਾਇਦ ਮੇਰੇ ਸਾਹਮਣੇ ਕੁਝ ਕਹਿਣ ਤੋਂ ਝਿਜਕ ਰਹੀ ਸੀ। "ਜੀ ਇਹਨੂੰ...।" ਮੈਂ ਦੱਸਣ ਲੱਗਾ।

"ਤੁਸੀ ਚੁੱਪ ਰਹੋ। ਮੈਂ ਮਰੀਜ਼ ਨੂੰ ਪੁੱਛ ਰਿਹਾਂ।" ਡਾਕਟਰ ਦੀ ਭਬਕ ਨਾਲ ਮੇਰਾ ਸਾਹ ਸੁੱਕ ਗਿਆ। ਉਹਨੇ ਆਪਣਾ ਸਵਾਲ ਦੁਹਰਾਇਆ, ਪਰ ਰਜਨੀ ਅਜੇ ਵੀ ਚੁੱਪ ਸੀ। ਡਾਕਟਰ ਨੇ ਦੋ ਤਿੰਨ ਵਾਰ ਪੁੱਛਿਆ, ਪਰ ਰਜਨੀ ਨੇ ਕੁਝ ਦੱਸਣ ਦੀ ਥਾਂ ਅੱਖਾਂ ਬੰਦ ਕਰ ਲਈਆਂ। ਡਾਕਟਰ ਨੇ ਉਸ ਦੀ ਬਾਂਹ ਪਕੜੀ, ਨਬਜ਼ ਦੇਖੀ।

"ਆਈ ਥਿੰਕ, ਸ਼ੀ ਇਜ਼ ਡੈਡ...।" ਡਾਕਟਰ ਨੇ ਕਿਹਾ।

"ਨਹੀਂ ਸਰ, ਮੈਂ ਜਿਉਂਦੀ ਹਾਂ।" ਰਜਨੀ ਝੱਟ ਅੱਖਾਂ ਖੋਲ੍ਹਦੀ ਬੋਲੀ।

"ਤੁਸੀਂ ਚੁੱਪ ਰਹੋ, ਤੁਸੀਂ ਡਾਕਟਰ ਸਾਹਿਬ ਤੋਂ ਵੱਧ ਸਿਆਣੇ ਨਹੀਂ।" ਕੋਲ ਖੜ੍ਹੀ ਨਰਸ ਬੋਲੀ। ਸ਼ਾਇਦ ਉਹਨੇ ਡਾਕਟਰ ਨੂੰ ਮਜ਼ਾਕ ਕੀਤਾ ਸੀ।

ਮੇਰਾ ਦਿਲ ਕੀਤਾ ਕੁੱਝ ਆਖਾਂ, ਪਰ ਫਿਲਹਾਲ ਸਬਰ ਕੀਤਾ।

ਡਾਕਟਰ ਨੇ ਰਜਨੀ ਨੂੰ ਨੀਂਦ ਦੀ ਗੋਲੀ ਦੇ ਦਿਤੀ ਤੇ ਚਲਾ ਗਿਆ। ਪਰ ਰਜਨੀ ਨੂੰ ਨੀਂਦ ਨਾ ਆਈ। ਆਖਰ ਮੇਰੇ ਜ਼ੋਰ ਪਾਉਣ 'ਤੇ ਨਰਸ ਨੇ ਡਾਕਟਰ ਨੂੰ ਬੁਲਾਇਆ। ਡਾਕਟਰ ਨੂੰ ਜਿਵੇਂ ਰਾਤ ਨੂੰ ਉਠਾਉਣ ਦਾ ਰਿਵਾਜ਼ ਨਹੀਂ ਸੀ। ਗੁੱਸੇ ਨਾਲ ਭਰਿਆ, ਅੱਖਾਂ ਮਲਦਾ ਹੋਇਆ ਡਾਕਟਰ ਬੈਡ ਕੋਲ ਆਇਆ। ਅਜੇ ਉਹਦੀ ਨੀਂਦ ਪੂਰੀ ਤਰ੍ਹਾਂ ਖੁੱਲ੍ਹੀ ਨਹੀਂ ਸੀ।

"ਦਸੋ ਕੀ ਤਕਲੀਫ ਹੈ?' ਉਹਨੇ ਪੁਛਿਆ ਤੇ ਸਟੂਲ ਨਾਲ ਟਕਰਾ ਕੇ ਡਿਗਦਾ ਡਿਗਦਾ ਮਸਾਂ ਬਚਿਆ। ਮੈਂ ਸੋਚਿਆ, ਜਰੂਰ ਉਹਨੇ ਕੋਈ ਨਸ਼ਾ ਕੀਤਾ ਹੋਣਾ ਏ।

"ਸਰ ਮੈਨੂੰ ਲਗਦਾ ਹੈ, ਮੇਰੇ ਦਿਮਾਗ ਦੀ ਨਾਲੀ ਦਰਦ ਨਾਲ ਫਟ ਜਾਵੇਗੀ।" ਰਜਨੀ ਨੇ ਆਪਣਾ ਸਿਰ ਦੋਹਾਂ ਹੱਥਾਂ ਨਾਲ ਫੜਦਿਆਂ ਕਿਹਾ।

"ਕੋਈ ਚਿੰਤਾ ਨਾ ਕਰੋ। ਮੈਂ ਦੋ ਗੋਲੀਆਂ ਲਿਖ ਦਿੰਨਾਂ। ਇਕ ਹੁਣ ਸੌਣ ਤੋਂ ਬਾਅਦ ਤੇ ਦੂਜੀ ਸਵੇਰੇ ਉਠਣ ਤੋਂ ਪਹਿਲਾ ਲੈ ਲੈਣਾ।"

"ਜੀ ਦੁਆਈ ਕਿਵੇਂ ਲੈਣੀ ਹੈ?" ਮੈਂ ਮੁੜ ਪੁੱਛਿਆ।

"ਬਸ ਇਕ ਵਾਰ ਜੁ ਸਮਝਾ ਦਿੱਤਾ।" ਡਾਕਟਰ ਨੇ ਖਿੱਝ ਕੇ ਜਵਾਬ ਦਿਤਾ ਤੇ ਉਵੇਂ ਹੀ ਅੱਖਾਂ ਮਲਦਾ ਵਾਪਸ ਜਾਣ ਲੱਗਾ।

"ਪਰ ਮੇਰੀ ਤਕਲੀਫ ਤਾਂ ਤੁਸਾਂ ਸੁਣੀ ਨਹੀਂ।" ਰਜਨੀ ਨੇ ਇਸ ਵਾਰ ਕੁਝ ਗੁੱਸੇ ਨਾਲ ਕਿਹਾ।

"ਮੈਂ ਸਭ ਸਮਝਦਾ ਹਾਂ। ਤੁਸੀਂ ਮੇਰੇ 'ਤੇ ਯਕੀਨ ਰੱਖੋ। ਸਭ ਠੀਕ ਹੋ ਜਾਵੇਗਾ।" ਕਹਿੰਦਿਆਂ ਡਾਕਟਰ ਨੇ ਲੰਬੀ ਉਬਾਸੀ ਲਈ।

"ਜੀ ਮੈਂ ਇੰਨੀ ਪ੍ਰੇਸ਼ਾਨ ਹਾਂ ਕਿ ਮਰਨ ਨੂੰ ਚਿੱਤ ਕਰਦਾ ਏ।"

"ਤੂੰ ਇਹ ਭੀ ਮੇਰੇ 'ਤੇ ਛੱਡ ਦੇਹ, ਤੇ ਕਹੇ ਅਨੁਸਾਰ ਦਵਾਈ ਖਾਹ।" ਡਾਕਟਰ ਸਾਹਿਬ ਜਿਵੇਂ ਨੀਂਦ ਵਿਚ ਆਏ, ਉਵੇਂ ਹੀ ਵਾਪਸ ਚਲੇ ਗਏ। ਬਿਨਾ ਕੋਈ ਗੱਲ ਸੁਣੇ।

"ਹਾਏ ਪ੍ਰੇਸ਼ਾਨੀਆਂ! ਅੱਗੇ ਇਕ ਪ੍ਰੇਸ਼ਾਨੀ ਸੀ ਆਪਣੇ ਪਤੀ ਦੀ ਤੇ ਹੁਣ ਦੂਜੀ ਪ੍ਰੇਸ਼ਾਨੀ ਪੇਸ਼ ਪੈ ਗਈ ਇਸ ਡਾਕਟਰ ਦੀ।" ਰਜਨੀ ਨੇ ਮੱਥੇ 'ਤੇ ਹੱਥ ਮਾਰਦਿਆਂ ਕਿਹਾ।

"ਪਤੀ ਦੀ ਪ੍ਰੇਸ਼ਾਨੀ...?" ਮੈਂ ਸੁਣ ਕੇ ਹੈਰਾਨ ਹੋਇਆ।

"ਭਾਬੀ ਜੀ, ਭਲਾ ਐਸੀ ਕਿਹੜੀ ਗੱਲ ਹੈ ਤੁਹਾਡੇ ਮਨ 'ਚ ਹਰਿੰਦਰ ਪ੍ਰਤੀ, ਜੋ ਤੁਹਾਨੂੰ ਇੰਨਾ ਪ੍ਰੇਸ਼ਾਨ ਕਰ ਰਹੀ ਹੈ। ਤੁਸੀਂ ਮੈਨੂੰ ਤਾਂ ਦੱਸ ਹੀ ਸਕਦੇ ਹੋ!"

"ਪਰ ਤੁਸੀਂ ਹਰ ਗੱਲ ਇਨ੍ਹਾਂ ਨੂੰ ਦਸ ਦਿੰਦੇ ਹੋ।" ਰਜਨੀ ਦਾ ਇਸ਼ਾਰਾ ਆਪਣੇ ਪਤੀ ਵੱਲ ਸੀ।

"ਤੁਸੀਂ ਮੇਰੇ 'ਤੇ ਯਕੀਨ ਰੱਖੋ। ਮੈਂ ਹਰਿੰਦਰ ਨੂੰ ਕੁਝ ਨਹੀਂ ਦੱਸਾਂਗਾ।"

"ਸੋ ਫਿਰ ਮੈਂ ਤੁਹਾਨੂੰ ਦਸ ਹੀ ਦਿੰਦੀ ਹਾਂ ਕਿ ਮੇਰੇ ਮਨ 'ਤੇ ਕੀ ਬੋਝ ਹੈ। ਮੈਂ ਇਕ ਦਿਨ ਇਨ੍ਹਾਂ ਦੇ ਨਾਂ 'ਤੇ ਲਾਟਰੀ ਪਾ ਦਿਤੀ, ਜੋ ਪਿਛਲੇ ਹਫਤੇ ਬਦਕਿਸਮਤੀ ਨਾਲ ਨਿਕਲ ਆਈ। ਤੁਹਾਨੂੰ ਤਾਂ ਪਤਾ ਹੀ ਹੈ ਕਿ ਇਨ੍ਹਾਂ ਦਾ ਦਿਲ ਬੜਾ ਕਮਜ਼ੋਰ ਹੈ। ਇਨ੍ਹਾਂ ਕੋਲੋਂ ਇੰਨੀ ਖੁਸ਼ੀ ਦੀ ਖਬਰ ਸੰਭਾਲੀ ਨਹੀਂ ਜਾਣੀ ਤੇ ਮੈਂ ਸੋਚਦੀ ਹਾਂ ਕਿ ਜੇ ਸੁਣਦਿਆਂ ਸਾਰ ਇਨ੍ਹਾਂ ਨੂੰ ਹਾਰਟ ਅਟੈਕ ਹੋ ਗਿਆ ਤਾਂ ਮੇਰਾ ਕੀ ਬਣੇਗਾ?"

"ਛੱਡੋ ਭਾਬੀ ਜੀ, ਐਵੇਂ ਰਾਈ ਦਾ ਪਹਾੜ ਬਣਾਈ ਬੈਠੇ ਹੋ। ਇਹ ਵੀ ਕੋਈ ਸਮੱਸਿਆ ਹੈ। ਲਓ ਮੈਂ ਮਿੰਟ ਵਿਚ ਹੱਲ ਕਰ ਦਿੰਦਾ ਹਾਂ।"

'ਸਚਮੁੱਚ?'

"ਹਾਂ ਸਚਮੁੱਚ, ਇਹ ਮੇਰੀ ਜ਼ਿੰਮੇਵਾਰੀ ਰਹੀ। ਤੁਸੀਂ ਠੀਕ ਹੋਵੋ ਤੇ ਘਰ ਚੱਲੋ। ਮੇਰਾ ਵਾਅਦਾ ਰਿਹਾ, ਇਸ ਲਈ ਮੈਂ ਕੋਈ ਢੰਗ ਲੱਭ ਲਵਾਂਗਾ।"

"ਤੇ ਫਿਰ ਮੈਂ ਠੀਕ ਹਾਂ। ਤੁਸੀਂ ਹਸਪਤਾਲ ਤੋਂ ਛੁੱਟੀ ਲੈ ਸਕਦੇ ਹੋ। ਵੈਸੇ ਵੀ ਲਾਟਰੀ ਦੀ ਰਕਮ ਅਗਲੇ ਹਫਤੇ ਤਕ ਲੈਣੀ ਹੀ ਹੋਵੇਗੀ, ਨਹੀਂ ਤਾਂ ਅਨਾਥ ਆਸ਼ਰਮ ਨੂੰ ਦੇ ਦੇਣਗੇ।"

ਮੈਂ ਬਹੁਤ ਖੁਸ਼ ਹੋਇਆ। ਅਗਲੀ ਸਵੇਰ ਮੈਂ ਡਾਕਟਰ ਕੋਲੋਂ ਰਜਨੀ ਦੀ ਛੁੱਟੀ ਲੈਣ ਲਈ ਗਿਆ। ਉਹਨੂੰ ਰਜਨੀ ਦੀ ਬਿਮਾਰੀ ਦਾ ਕਾਰਨ ਦੱਸਿਆ, ਪਰ ਉਹਨੇ ਛੁੱਟੀ ਦੇਣ ਤੋਂ ਨਾਂਹ ਕਰ ਦਿੱਤੀ। ਆਖਣ ਲੱਗਾ, ਰਜਨੀ ਦਾ ਵਹਿਮ ਸੱਚ ਵੀ ਹੋ ਸਕਦਾ ਹੈ। ਲਾਟਰੀ ਦਾ ਇਨਾਮ ਬਹੁਤ ਵੱਡਾ ਹੈ। ਅਕਸਰ ਅਜਿਹੀ ਖਬਰ ਅਚਨਚੇਤ ਸੁਣਦਿਆਂ ਦਿਮਾਗ ਨੂੰ ਝਟਕਾ ਲੱਗ ਜਾਂਦਾ ਹੈ। ਜਦ ਤਕ ਇਹ ਲਾਟਰੀ ਵਾਲੀ ਗੱਲ ਹੱਲ ਨਹੀਂ ਹੋ ਜਾਂਦੀ, ਤਦ ਤਕ ਮੈਂ ਛੁੱਟੀ ਨਹੀਂ ਦੇ ਸਕਦਾ। ਤੁਸੀਂ ਇਹਦੇ ਪਤੀ ਨੂੰ ਤੇ ਇਸ ਨੂੰ ਲੈ ਕੇ ਮੇਰੇ ਕਮਰੇ ਵਿਚ ਆਓ। ਮੈਂ ਇਹ ਖਬਰ ਖੁਦ ਇਕ ਮਨੋਵਿਗਿਆਨਕ ਢੰਗ ਨਾਲ ਹਰਿੰਦਰ ਨੂੰ ਦੱਸਾਂਗਾ। ਫਿਰ ਤੁਸੀਂ ਮਰੀਜ਼ ਨੂੰ ਘਰ ਲਿਜਾ ਸਕਦੇ ਹੋ।"

ਮਰਦਾ ਕੀ ਨਾ ਕਰਦਾ। ਅਗਲੀ ਸਵੇਰ ਮੈਂ ਰਜਨੀ ਤੇ ਆਪਣੇ ਦੋਸਤ ਨੂੰ ਨਾਲ ਲੈ ਕੇ ਡਾਕਟਰ ਦੇ ਆਫਿਸ ਵਿਚ ਗਿਆ। ਡਾਕਟਰ ਨੇ ਸਾਨੂੰ ਕੁਰਸੀਆਂ 'ਤੇ ਬੈਠਣ ਲਈ ਕਿਹਾ। ਫਿਰ ਉਸ ਨੇ ਆਪਣੀ ਸਕੀਮ ਨਾਲ ਮੇਰੇ ਦੋਸਤ ਨਾਲ ਗੱਲ ਸ਼ੁਰੂ ਕੀਤੀ, "ਦੇਖੋ ਮਿਸਟਰ ਹਰਿੰਦਰ, ਸਾਡੇ ਹਸਪਤਾਲ ਦੀ ਕਮਾਲ। ਤੁਹਾਡੀ ਪਤਨੀ ਇਕ ਰਾਤ ਵਿਚ ਹੀ ਠੀਕ ਹੋ ਗਈ ਹੈ।"

"ਇਹ ਤਾਂ ਕਰਾਮਾਤ ਹੋ ਗਈ।" ਹਰਿੰਦਰ ਨੇ ਹੈਰਾਨੀ ਨਾਲ ਕਿਹਾ।

"ਤੁਸੀਂ ਬਿਲ ਭਰ ਕੇ ਇਸ ਨੂੰ ਘਰ ਲਿਜਾ ਸਕਦੇ ਹੋ।"

ਇੰਨੇ ਨੂੰ ਨਰਸ ਬਿਲ ਲੈ ਕੇ ਆ ਗਈ ਤੇ ਹਰਿੰਦਰ ਨੂੰ ਦੇ ਦਿਤਾ। ਹਰਿੰਦਰ ਨੇ ਬਿਲ ਵੇਖਿਆ, ਤੇ ਉਹਦਾ ਸਿਰ ਚਕਰਾ ਗਿਆ।

"ਡਾਕਟਰ ਸਾਹਿਬ ਇਕ ਰਾਤ ਦਾ ਦਸ ਲੱਖ ਰੁਪਏ ਦਾ ਬਿਲ?" ਉਸ ਨੇ ਪੁੱਛਿਆ।

"ਕੀ ਤੁਹਾਡੇ ਲਈ ਇਹ ਖੁਸ਼ੀ ਦੀ ਗੱਲ ਨਹੀਂ ਕਿ ਇਕ ਰਾਤ ਵਿਚ ਹੀ ਤੁਹਾਡੀ ਪਤਨੀ ਬਿਲਕੁਲ ਠੀਕ ਹੋ ਗਈ ਹੈ?"

"ਇਸ ਤੋਂ ਵੱਧ ਖੁਸ਼ੀ ਦੀ ਗੱਲ ਤਾਂ ਕੋਈ ਹੋ ਹੀ ਨਹੀਂ ਸਕਦੀ, ਪਰ ਇੰਨਾ ਪੈਸਾ ਮੈਂ ਲਿਆਵਾਂਗਾ ਕਿਥੋਂ?"

ਡਾਕਟਰ ਨੇ ਦੋ ਪਲ ਆਪਣੇ ਮੱਥੇ 'ਤੇ ਉਂਗਲਾਂ ਰਗੜੀਆਂ, ਜਿਵੇਂ ਕੁੱਝ ਸੋਚ ਰਿਹਾ ਹੋਵੇ। ਫਿਰ ਬੋਲਿਆ, "ਮੈਂ ਤੁਹਾਨੂੰ ਇਕ ਹਫਤੇ ਦਾ ਟਾਈਮ ਦੇ ਸਕਦਾ ਹਾਂ।"

"ਪਰ ਇਕ ਹਫਤੇ ਵਿਚ ਮੈਂ ਕਿਹੜਾ ਕੋਈ ਖੂਹ ਪੁੱਟ ਲਿਆਵਾਂਗਾ, ਜਿਸ 'ਚ ਪੈਸੇ ਦੱਬੇ ਹੋਣ!"

"ਕਿਸਮਤ ਦਾ ਕੋਈ ਪਤਾ ਨਹੀਂ, ਮਿਸਟਰ ਹਰਿੰਦਰ। ਜੇ ਰਜਨੀ ਦੇ ਠੀਕ ਹੋਣ ਨੂੰ ਤੁਸੀਂ ਕਰਾਮਾਤ ਮੰਨਦੇ ਹੋ, ਤਾਂ ਅਜਿਹਾ ਖੂਹ ਵੀ ਲੱਭ ਸਕਦਾ ਹੈ। ਪਾਜ਼ੇਟਿਵ ਸੋਚੋ ਤਾਂ ਸਭ ਕੁਝ ਹੋ ਸਕਦਾ ਹੈ। ਤੁਹਾਨੂੰ ਘਰ ਜਾਂਦਿਆਂ ਰਾਹ ਵਿਚ ਹੀਰਿਆਂ ਦੀ ਗੁੱਥੀ ਲੱਭ ਸਕਦੀ ਹੈ, ਜਿਸ ਨਾਲ ਮੇਰੀ ਫੀਸ ਦੇ ਕੇ ਵੀ ਤੁਸੀਂ ਸਾਰੀ ਉਮਰ ਵਿਹਲੇ ਰਹਿ ਕੇ ਜੀਵਨ ਬਿਤਾ ਸਕਦੇ ਹੋ।"

"ਪਰ ਇੰਨੀ ਵਧੀਆ ਕਿਸਮਤ ਨਹੀਂ ਹੈ ਮੇਰੀ, ਡਾਕਟਰ ਸਾਹਿਬ। ਮੇਰਾ ਤਾਂ ਖਰਚੇ 'ਤੇ ਖਰਚਾ ਹੋ ਰਿਹਾ ਹੈ।" ਹਰਿੰਦਰ ਨੇ ਕਿਹਾ।

ਡਾਕਟਰ ਨੇ ਇਸ਼ਾਰੇ ਨਾਲ ਹਰਿੰਦਰ ਤੋਂ ਬਿਲ ਵਾਪਸ ਮੰਗ ਲਿਆ ਤੇ ਉਸ ਦੇ ਸਾਹਮਣੇ ਪਾੜ ਦਿਤਾ। ਕਹਿਣ ਲੱਗਾ, "ਲਓ ਤੁਹਾਨੂੰ ਪੂਰਾ ਬਿਲ ਮੁਆਫ ਕੀਤਾ; ਪਰ ਇਕ ਗੱਲ ਯਾਦ ਰੱਖਣਾ, ਜੇ ਕਿਸਮਤ ਨਾਲ ਤੁਹਾਡੀ ਕਿਤੇ ਦਸ ਲੱਖ ਦੀ ਲਾਟਰੀ ਨਿਕਲ ਆਏ ਤਾਂ ਮੇਰੇ ਹਸਪਤਾਲ ਨੂੰ ਅੱਧੇ ਪੈਸੇ ਦਾਨ ਵਿਚ ਦੇ ਦੇਣਾ।"

"ਜੀ ਮੈ ਤਾਂ ਸਾਰੇ ਦੇ ਸਾਰੇ ਪੈਸੇ ਤੁਹਾਡੇ ਹਸਪਤਾਲ ਨੂੰ ਦਾਨ ਕਰ ਦਿਆਂਗਾ। ਪਰ ਅਫਸੋਸ! ਮੈਂ ਜ਼ਿੰਦਗੀ ਵਿਚ ਲਾਟਰੀ ਕਦੇ ਪਾਈ ਹੀ ਨਹੀਂ।"

ਰਜਨੀ ਨੂੰ ਸ਼ੱਕ ਹੋਇਆ ਕਿ ਡਾਕਟਰ ਦੀ ਨਿਗਾਹ ਪੈਸਿਆਂ 'ਤੇ ਹੈ। ਉਹ ਕੁਝ ਬੋਲਣ ਲੱਗੀ, ਪਰ ਮੈਂ ਉਹਨੂੰ ਰੋਕ ਦਿਤਾ। ਡਾਕਟਰ ਨੇ ਹਰਿੰਦਰ ਨਾਲ ਗੱਲ ਜਾਰੀ ਰੱਖੀ, "ਦਾਨ ਦੀ ਗੱਲ ਛੱਡੋ। ਜੇ ਮੈਂ ਆਖਾਂ ਉਸ ਦਾ ਵੀਹ ਪਰਸੈਂਟ ਮੇਰੇ ਨਿਜੀ ਖਾਤੇ ਵਿਚ ਜਮਾਂ ਕਰਾ ਦੇਣਾ ਤਾਂ...।"

"ਮੈਂ ਤੁਹਾਡੇ ਹੱਥ ਤੀਹ ਪਰਸੈਂਟ ਕੈਸ਼ ਹੀ ਫੜਾ ਦਿਆਂਗਾ।" ਹਰਿੰਦਰ ਨੇ ਹੱਥ ਜੋੜਦਿਆਂ ਕਿਹਾ ਤੇ ਕੁਰਸੀ ਤੋਂ ਉਠਣ ਲੱਗਾ।

"ਠਹਿਰੋ। ਚਲੋ ਮੰਨ ਲਓ, ਤੁਹਾਡੀ ਦਸ ਕਰੋੜ ਦੀ ਲਾਟਰੀ ਨਿਕਲ ਆਵੇ ਤਾਂ...?"

"ਸਰ, ਜਦੋਂ ਨਿਕਲੇਗੀ, ਸਾਰੇ ਦਾ ਸਾਰਾ ਇਨਾਮ ਤੁਹਾਨੂੰ ਲਿਆ ਪਕੜਾਵਾਂਗਾ। ਕੀ ਹੁਣ ਅਸੀਂ ਜਾ ਸਕਦੇ ਹਾਂ?"

"ਨਹੀਂ, ਪਹਿਲਾਂ ਹੱਥ ਮਿਲਾ ਕੇ ਸਾਰਿਆਂ ਸਾਹਮਣੇ ਵਾਅਦਾ ਕਰੋ।" ਤੇ ਉਸ ਨੇ ਆਪਣਾ ਹੱਥ ਅੱਗੇ ਵਧਾਇਆ।

ਹਰਿੰਦਰ ਨੇ ਉਸ ਨਾਲ ਘੁੱਟ ਕੇ ਹੱਥ ਮਿਲਾਇਆ, ਪਰ ਉਸੇ ਵਕਤ ਉਹਨੇ ਮਹਿਸੂਸ ਕੀਤਾ ਕਿ ਡਾਕਟਰ ਦਾ ਹੱਥ ਉਹਦੇ ਹੱਥ ਤੋਂ ਤਿਲਕਦਾ ਜਾ ਰਿਹਾ ਸੀ। ਉਸ ਦੇ ਬੁੱਲ੍ਹ ਹਿੱਲ ਰਹੇ ਸਨ, ਪਰ ਉਸ ਤੋਂ ਕੁਝ ਬੋਲਿਆ ਨਹੀਂ ਸੀ ਜਾ ਰਿਹਾ। ਆਪਣੇ ਦੂਜੇ ਹੱਥ ਨਾਲ ਉਹਨੇ ਰਜਨੀ ਵੱਲ ਇਸ਼ਾਰਾ ਕੀਤਾ, ਜਿਵੇਂ ਕਹਿਣਾ ਚਾਹੁੰਦਾ ਹੋਵੇ ਕਿ ਬਾਕੀ ਗੱਲ ਆਪਣੀ ਪਤਨੀ ਤੋਂ ਪੁੱਛ ਲੈਣਾ।

ਡਾਕਟਰ ਸਦਾ ਲਈ ਪ੍ਰਲੋਕ ਸਿਧਾਰ ਚੁਕਾ ਸੀ।

ਅਸੀਂ ਵਾਪਸ ਘਰ ਪਰਤੇ। ਪਰ ਹੁਣ ਮੈਂ ਆਪਣੇ ਮਨ 'ਤੇ ਬੋਝ ਮਹਿਸੂਸ ਕਰ ਰਿਹਾ ਸੀ ਕਿ ਹਰਿੰਦਰ ਨੂੰ ਦਸਣ ਲਈ ਕਿਹੜਾ ਮਨੋਵਿਗਿਆਨਕ ਢੰਗ ਅਪਨਾਵਾਂ?

# ਨੌਕਰ ਨਹੀਂ, ਮਾਲਕ !

ਹਰਪਾਲ ਸਿੰਘ ਪੰਨੂ
ਫੋਨ: 91-94642-51454

ਮਹਿੰਦਰਾ ਕਾਲਜ ਪੜ੍ਹਦਿਆਂ ਮਾਈ ਕੀ ਸਰਾਂ ਨੇੜੇ ਦਸ ਰੁਪਏ ਮਹੀਨਾ ਚੁਬਾਰਾ ਕਿਰਾਏ 'ਤੇ ਮਿਲ ਗਿਆ। ਨਾਲ ਲਗਦੀ ਰਸੋਈ ਹੈਗੀ ਤਾਂ ਸੀ, ਪਰ ਵਿਧਵਾ ਮਾਲਕਣ ਨੇ ਉਸ ਵਿਚ ਪਾਥੀਆਂ ਭਰ ਰੱਖੀਆਂ ਸਨ। ਉਸ ਦਾ ਪੁੱਤ ਕਰਮਾ ਮੇਰਾ ਹਾਣੀ, ਮੇਰਾ ਜਮਾਤੀ ਸੀ। ਮੈਂ ਮਾਤਾ ਨੂੰ ਕਿਹਾ, ਇਹ ਰਸੋਈ ਵੀ ਮੈਨੂੰ ਦੇ ਦੇਹ। ਕਮਰੇ ਵਿਚ ਖਾਣ ਪੀਣ ਦੀਆਂ ਚੀਜਾਂ ਦਾ ਘੜਮੱਸ ਬੁਰਾ ਲਗਦੈ। ਖਲਾਰਾ ਸਾਂਭਿਆ ਜਾਊ। ਉਹ ਕਹਿੰਦੀ, ਮੇਰੀਆਂ ਪਾਥੀਆਂ ਦਾ ਕੀ ਬਣੂੰ? ਮੈਂ ਕਿਹਾ, ਕੱਢ ਕੇ ਬਾਹਰ ਰੱਖ ਦਿੰਨਾਂ। ਕਹਿੰਦੀ, ਮੀਂਹ ਕਣੀ ਆ ਗਈ ਤਾਂ ਭਿੱਜ ਜਾਣਗੀਆਂ। ਮੈਂ ਕਿਹਾ, ਮੀਂਹ ਆਉਣ ਸਾਰ ਮੈਂ ਅੰਦਰ ਕਰ ਲਿਆ ਕਰੂੰ। ਕਹਿੰਦੀ, ਵਾਅਦਾ? ਮੈਂ ਕਿਹਾ, ਵਾਅਦਾ।

ਜੇ ਕਿਰਾਇਆ ਹੀ ਭਰਨਾ ਸੀ ਤਾਂ ਪਾਥੀਆਂ ਸਾਂਭਣ ਦੀ ਮੇਰੀ ਜਿੰਮੇਵਾਰੀ ਕਿਉਂ? ਪਰ ਉਦੋਂ ਵੀ ਪਤਾ ਸੀ, ਧਾਰਾ 370 ਵਾਂਗੂੰ ਵਾਅਦੇ ਸ਼ੀਸ਼ੇ ਦੇ ਖਿਡੌਣੇ ਵਾਂਗ ਟੁੱਟਣ ਲਈ ਹੋਇਆ ਕਰਦੇ ਨੇ। ਵਾਅਦਾ ਕਰ ਦਿੱਤਾ। ਉਹ ਕਹਿੰਦੀ, ਚਲ ਠੀਕ ਐ ਫੇਰ, ਪਰ ਇਹਦੇ ਦੋ ਰੁਪਏ ਮਹੀਨਾ ਹੋਰ ਦੇਣੇ ਪੈਣਗੇ। ਮੈਂ ਕਿਹਾ, ਠੀਕ। ਸੋ ਕਿਚਨ ਕਮ ਰੂਮ ਦੇ ਆਪਾਂ 12 ਰੁਪਏ ਮਹੀਨਾ ਕਿਰਾਇਆ ਦਿੰਦੇ। ਉਸੇ ਘਰ ਦੇ ਦੂਜੇ ਕਮਰੇ ਵਿਚ ਆਪਣੀ ਬੀਵੀ ਸਮੇਤ ਇਕ ਹੋਰ ਕਿਰਾਏਦਾਰ ਰੁਲਦੂ ਰਹਿੰਦਾ ਸੀ। ਰੁਲਦੂ ਦੀ ਗੱਲ ਬਾਅਦ ਵਿਚ ਕਰਾਂਗੇ।

ਕਮਰੇ ਦੇ ਬਾਹਰ ਬੈਠਾ ਪ੍ਰਿੰਸੀਪਲ ਦੇ ਨਾਂ ਫੀਸ ਮਾਫੀ ਦੀ ਅਰਜ਼ੀ ਲਿਖ ਰਿਹਾ ਸਾਂ ਕਿ ਮਾਈ ਕਿਰਾਇਆ ਲੈਣ ਆ ਗਈ। ਮੈਂ ਕਿਹਾ, ਆਹ ਅਰਜ਼ੀ ਲਿਖ ਲੈਣ ਦੇ, ਦੇ ਦਊਂ। ਕਹਿੰਦੀ, ਕਾਹਦੀ ਅਰਜ਼ੀ ਲਿਖਦੈਂ? ਮੈਂ ਕਿਹਾ, ਫੀਸ ਮਾਫੀ ਦੀ। ਕਹਿੰਦੀ, ਕਰਮੇ ਦੀ ਅਰਜ਼ੀ ਵੀ ਲਿਖ ਦੇਹ, ਇਹਦੀ ਹਾਲਤ ਕਿਹੜਾ ਤੈਥੋਂ ਚੰਗੀ ਐ? ਮੈਂ ਕਿਹਾ, ਮੈਨੂੰ ਅਰਜ਼ੀ ਲਿਖ ਲੈਣ ਦੇ। ਇਹਨੂੰ ਦੇਖ ਕੇ ਉਹ ਲਿਖ ਲਊ। ਕਹਿੰਦੀ, ਜੇ ਤੂੰ ਈ ਲਿਖ ਦੇਵੇਂ, ਇਹਦੇ ਵਿਚ ਕਿਹੜਾ ਬਾਹਲਾ ਜੋਰ ਲਗਦੈ? ਮੈਂ ਉਹਨੂੰ ਆਪਣੀ ਲਿਖੀ ਜਾ ਰਹੀ ਅਰਜ਼ੀ ਦਿਖਾ ਕੇ ਕਿਹਾ, ਆਹ ਮੇਰੀ ਲਿਖਾਈ ਤਾਂ ਦੇਖ, ਮੋਤੀ ਪਰੋਏ ਪਏ ਨੇ। ਕਿਸੇ ਅਮੀਰ ਦੀ ਲਿਖਤ ਲਗਦੀ ਐ। ਗਰੀਬਾਂ ਦੀ ਹਰੇਕ ਚੀਜ ਫਟੀ ਪੁਰਾਣੀ ਬੋਦੀ ਦਿੱਸਣੀ ਚਾਹੀਦੀ ਐ, ਤਾਂ ਫੀਸ ਮਾਫ ਹੋਊ। ਅੱਗੇ ਤੇਰੀ ਮਰਜ਼ੀ। ਕਹਿੰਦੀ, ਤੇਰੀ ਗੱਲ ਸਮਝ ਨੀਂ ਆਈ। ਮੈਂ ਕਿਹਾ, ਅੰਗਰੇਜ਼ੀ ਵਿਚ ਇਹਨੂੰ 'ਲਾਅ ਆਫ ਕੌਸਮਿਕ ਲੇਜ਼ੀਨੈਸ' ਕਹਿੰਦੇ ਨੇ; ਪੰਜਾਬੀ 'ਚ ਕਹਾਂਗੇ, ਸੁਸਤੀ ਦਾ ਬ੍ਰਹਿਮੰਡੀ ਵਿਧਾਨ।

ਅਰਜ਼ੀਆਂ ਦੇਣ ਵਾਲਿਆਂ ਦੀ ਇੰਟਰਵਿਊ ਹੋਈ, ਜਿਨ੍ਹਾਂ ਦੀ ਫੀਸ ਮਾਫ ਹੋਈ, ਉਨ੍ਹਾਂ ਦੇ ਨਾਂਵਾਂ ਦੀ ਲਿਸਟ ਨੋਟਿਸ ਬੋਰਡ 'ਤੇ ਲੱਗੀ। ਕਰਮਾਂ ਵਾਲੇ ਆਪੋ ਆਪਣੇ ਨਾਂ ਦੇਖ ਕੇ ਬਾਗੋ ਬਾਗ। ਮੇਰੀ ਫੀਸ ਮਾਫ ਹੋ ਗਈ, ਕਰਮੇ ਦੀ ਨਾ ਹੋਈ। ਕਰਮੇ ਦੀ ਮਾਂ ਉਹਨੂੰ ਝਿੜਕਾਂ ਦੇਣ ਲੱਗੀ, ਤੈਨੂੰ ਚੱਜ ਨਾਲ ਗੱਲ ਕਰਨੀ ਓ ਨੀਂ ਆਉਂਦੀ ਵੇ ਨਿਕਰਮਿਆਂ। ਤੂੰ ਦੱਸਣਾ ਸੀ ਉਨ੍ਹਾਂ ਨੂੰ, ਬਈ ਮੇਰਾ ਬਾਪੂ ਮਰ ਗਿਆ ਹੋਇਐ? ਦੱਸਿਆ ਨੀਂ?

ਕਰਮਾ ਕਹਿੰਦਾ, ਦੱਸਿਆ ਸੀ, ਉਥੇ ਬੜਿਆਂ ਦੇ ਬਾਪ ਮਰੇ ਹੋਏ ਸਨ। ਮੇਰਾ ਤਾਂ ਇਕ ਬਾਪੂ ਮਰਿਐ, ਉਥੇ ਤਾਂ ਉਹ ਵੀ ਫਿਰਦੇ ਸਨ, ਜਿਨ੍ਹਾਂ ਦੇ ਪੰਜ ਪੰਜ, ਸੱਤ ਸੱਤ ਬਾਪੂ ਮਰੇ ਹੋਏ ਸਨ। ਮੇਰੀ ਕੀ ਸੁਣਵਾਈ ਹੋਣੀ ਸੀ ਉਥੇ? ਚੁਪ ਕਰ ਹੁਣ, ਭੁੱਖ ਲੱਗੀ ਐ, ਰੋਟੀ ਲਿਆ।

ਰੁਲਦੂ ਮਹਿੰਦਰਾ ਕਾਲਜ ਵਿਚ ਸਫਾਈ ਸੇਵਕ, ਸਰਕਾਰੀ ਮੁਲਾਜ਼ਮ। ਭਲਾ ਲੋਕ। ਕਦੀ ਕਦਾਈਂ ਆਪਣੇ ਸਾਈਕਲ ਦੇ ਕੈਰੀਅਰ 'ਤੇ ਬਿਠਾ ਕੇ ਕਾਲਜ ਤੱਕ ਲੈ ਜਾਂਦਾ। ਉਹਦੀ ਇੱਕ ਆਦਤ ਬੜੀ ਬੁਰੀ ਸੀ। ਘਰ ਆ ਕੇ ਪਤਨੀ ਨੂੰ ਖੂਬ ਡਾਂਟਦਾ, ਆਹ ਖੂੰਜੇ ਵਿਚ ਰੇਤ ਕਿਉਂ ਦਿੱਸ ਰਿਹੈ? ਅਹੁ ਜਾਲਾ ਕਿਉਂ ਨੀਂ ਉਤਾਰਦੀ? ਕਹਿੰਦੀ, ਦਿੱਸਿਆ ਨੀਂ। ਮੈਨੂੰ ਦਿੱਸ ਜਾਂਦੈ ਤੈਨੂੰ ਕਿਉਂ ਨੀਂ ਦਿੱਸਿਆ? ਇੱਕ ਦਿਨ ਮੈਨੂੰ ਗੁੱਸਾ ਆ ਗਿਆ, ਆਖ ਹੀ ਦਿੱਤਾ, ਤੂੰ ਕਾਲਜ ਦੇ ਵੀਹ ਕਮਰੇ ਸਾਫ ਕਰਦੈਂ ਇੱਥੇ ਨੀਂ ਤੈਥੋਂ ਦੋ ਝਾੜੂ ਲਾ ਹੁੰਦੇ?

ਉਹ ਬਰਾਬਰ ਤੈਸ਼ ਵਿਚ ਆ ਗਿਆ, ਕਹਿੰਦਾ ਉਥੇ ਤਾਂ ਮੈਂ ਕੁੱਤੀ ਨੌਕਰੀ ਕਰਦਾਂ, ਸਮਝਿਆ? ਇਥੇ ਮਾਲਕ ਆਂ। ਤੂੰ ਮੈਨੂੰ ਘਰ ਵਿਚ ਵੀ ਮਾਲਕੀ ਨੀਂ ਕਰਨ ਦਏਂਗਾ? ਆਪਣੀਆਂ ਪੋਥੀਆਂ ਚੁੱਕ ਕੇ ਤਿੱਤਰ ਹੋ ਜਾ। ਚੰਗੇ ਭਲੇ ਸੁਖੀ ਵਸਦੇ ਪਰਿਵਾਰ ਵਿਚ ਲੱਗੈਂ ਕਲੇਸ਼ ਪੁਆਉਣ। ਬੈਠੀਂ ਅੱਗੇ ਤੋਂ ਮੇਰੇ ਸਾਈਕਲ 'ਤੇ!

---

ਬੀ. ਏ. ਕਰਨ ਸਾਰ ਇਕ ਜਮਾਤੀ ਨੂੰ ਏਅਰ ਫੋਰਸ ਵਿਚ ਪਾਇਲਟ ਅਫਸਰ ਰੱਖ ਲਿਆ ਗਿਆ। ਫੋਨ ਨਹੀਂ ਹੁੰਦੇ ਸਨ, ਉਸ ਦੀ ਚਿੱਠੀ ਆਈ, ਟਰੇਨਿੰਗ ਖਤਮ ਹੋ ਗਈ। ਇਥੇ ਡੇਹਰਾਦੂਨ ਪਾਸਿੰਗ ਆਊਟ ਪਰੇਡ ਹੋਏਗੀ। ਦੇਸ਼ ਦਾ ਰਾਸ਼ਟਰਪਤੀ ਮੋਢਿਆਂ 'ਤੇ ਅਫਸਰੀ ਚਿਪਕਾਉਣ ਆਏਗਾ। ਹਰੇਕ ਨੂੰ ਹੱਕ ਹੈ ਕਿ ਆਪਣੀ ਪਸੰਦ ਦੇ ਦੋ ਮਹਿਮਾਨ ਇਸ ਮੌਕੇ ਬੁਲਾ ਸਕਦਾ ਹੈ। ਦੋ ਬੰਦਿਆਂ ਦੇ ਨਾਂ ਲਿਖਾ ਦਿੱਤੇ ਨੇ। ਇਕ ਮੇਰਾ ਬਾਪੂ ਆਏਗਾ, ਦੂਜਾ ਤੂੰ। ਠੀਕ ਹੈ? ਇਕ ਦਿਨ ਪਹਿਲਾਂ ਆ ਜਾਈਂ। ਚੱਜ ਦੇ ਕੱਪੜੇ ਪਾ ਕੇ ਆਈਂ। ਕਿਤੇ ਉਹੀ ਵਰਦੀ ਪਾ ਕੇ ਨਾ ਆ ਜੀਂ, ਜੋ ਫੀਸ ਮਾਫੀ ਦੀ ਇੰਟਰਵਿਊ 'ਤੇ ਜਾਣ ਮੌਕੇ ਪਹਿਨਿਆ ਕਰਦਾ ਸੀ, ਓ ਕੇ? ਓ ਕੇ।

ਲਹਿੰਦੇ ਪੰਜਾਬ ਦੀ ਕਹਾਣੀ

# ਸ਼ੇਰ ਮੁਹੰਮਦ ਚੌਕ

***ਅਲੀ ਅਕਬਰ ਨਾਤਿਕ (ਜਨਮ 1976, ਓਕਾੜਾ) ਪਾਕਿਸਤਾਨੀ ਉਰਦੂ ਸਾਹਿਤ ਦੀ ਨਵੀਂ ਪੀੜ੍ਹੀ ਦਾ ਉਘਾ ਲੇਖਕ ਹੈ। ਪੰਦਰਾਂ ਸਾਲ ਦੀ ਉਮਰ ਵਿਚ ਉਹ ਰਾਜ-ਮਿਸਤਰੀ ਦਾ ਕੰਮ ਕਰਨ ਲੱਗਾ। ਆਪਣੀ ਕਿਰਤ ਦੇ ਤਜਰਬੇ ਦੀਆਂ ਉਸ ਨੇ ਕਈ ਕਹਾਣੀਆਂ ਲਿਖੀਆਂ। ਉਹਦੀਆਂ ਕਹਾਣੀਆਂ ਦੇ ਆਧਾਰ ਉਤੇ ਦਿੱਲੀ ਵਿਚ ਨਾਟਕ 'ਏਕ ਯੇਹ ਪੰਜਾਬ ਭੀ' ਖੇਡਿਆ ਜਾ ਚੁੱਕਾ ਹੈ। ਅਸੀਂ ਉਸ ਦੀ ਇਕ ਕਹਾਣੀ 'ਜੋਧਪੁਰ ਦੀ ਹੱਦ' 23 ਜੂਨ 2018 ਵਾਲੇ ਅੰਕ 25 ਵਿਚ ਛਾਪ ਚੁਕੇ ਹਾਂ। ਹੁਣ ਅਲੀ ਅਕਬਰ ਨੇ ਪਹਿਲੀ ਵਾਰ ਆਪਣੀ ਮਾਂ-ਬੋਲੀ ਪੰਜਾਬੀ ਵਿਚ ਕਹਾਣੀ 'ਸ਼ੇਰ ਮੁਹੰਮਦ ਚੌਕ' ਲਿਖੀ ਹੈ। ਇਸ ਕਹਾਣੀ ਵਿਚ ਕਿਰਤ ਅਤੇ ਕਿਰਤੀਆਂ ਦਾ ਜਲੌਅ ਤਾਂ ਦਿਸਦਾ ਹੀ ਹੈ, ਸੰਤਾਲੀ ਵਾਲੀ ਵੰਡ ਦਾ ਦਰਦ ਵੀ ਮਹਿਸੂਸ ਹੁੰਦਾ ਹੈ। -ਸੰਪਾਦਕ***




**ਅਲੀ ਅਕਬਰ ਨਾਤਿਕ**

ਲਿਪੀਅੰਤਰ: ਤਾਹਿਰ ਸੰਧੂ

ਈਮੇਲ: natiq51214@yahoo.com


ਮੈਨੂੰ ਇਹ ਪਿੰਡ ਛੱਡਿਆਂ ਪੈਂਤੀ ਸਾਲ ਹੋ ਗਏ ਸੀ। ਅੱਜ ਮੁੱਦਤਾਂ ਬਾਅਦ ਆਣ ਹੋਇਆ ਤੇ ਇਕ-ਇਕ ਗਲੀ ਨੂੰ ਪਲਕਾਂ ਨਾਲ ਚੁੰਮਦਾ, ਅੱਥਰੂ ਸੁੱਟਦਾ ਸਾਰੇ ਪਿੰਡ ਵਿਚ ਚੱਕਰ ਲਾਵਣੇ ਸ਼ੁਰੂ ਕਰ ਦਿੱਤੇ। ਪਿੰਡ ਦੀ ਕੱਲੀ-ਕੱਲੀ ਸ਼ੈਅ ਮੇਰੀਆਂ ਅੱਖਾਂ ਅੱਗੇ ਤਸਵੀਰ ਵਾਂਗੂ ਫਿਰ ਰਹੀ ਸੀ। ਪੈਂਤੀ ਸਾਲ ਦਾ ਵੇਲਾ ਮੂੰਹ ਨਾਲ ਆਖਣਾ ਏ। ਨਾ ਉਹ ਪਿੰਡ ਵਿਚ ਪਛਾਣ ਆਲੀਆਂ ਸ਼ਕਲਾਂ ਰਹੀਆਂ ਤੇ ਨਾ ਉਹ ਕੰਧਾਂ-ਕੌਲੇ ਰਹੇ, ਫਿਰ ਵੀ ਪਿੰਡ ਤਾਂ ਉਹ ਈ ਸੀ। ਮੈਂ ਟੁਰਦਾ-ਟੁਰਦਾ ਸ਼ੇਰ ਮੁਹੰਮਦ ਚੌਕ ਵਿਚ ਆ ਵੜਿਆ। ਇਹ ਚੌਕ ਤੇ ਇਹਦੀ ਟਾਹਲੀ ਦੀ ਛਾਂ ਥੱਲੇ ਬਣੀ ਕਬਰ ਨੇ ਮੈਨੂੰ ਇੰਜ ਖਿੱਚ ਲਿਆ, ਜਿਵੇਂ ਰੂਹ ਨੂੰ ਫਰਿਸ਼ਤਾ ਖਿੱਚ ਲਵੇ। ਟਾਹਲੀ ਦੀ ਹਰਿਆਵਲ ਤੇ ਕਬਰ ਉਤੇ ਤਵੀਤਾਂ ਦੇ ਢੇਰ ਇਉਂ ਦਿਸਦੇ ਸਨ, ਬਈ ਕਬਰ ਆਲਾ ਅਜੇ ਵੀ ਜ਼ਿੰਦਾ ਏ। ਪਹਿਲਾਂ ਇਹਦਾ ਨਾਂ ਟਾਹਲੀ ਆਲਾ ਚੌਕ ਸੀ, ਫਿਰ ਇਹਨੂੰ ਸ਼ੇਰ ਮੁਹੰਮਦ ਚੌਕ ਆਖਣ ਲੱਗ ਪਏ। ਇਹ ਨਾਂ ਕਿਉਂ ਬਦਲਿਆ, ਇਹਦੀ ਲੰਮੀ ਕਹਾਣੀ ਏ।

ਸ਼ੇਰ ਮੁਹੰਮਦ ਸਾਡੇ ਪਿੰਡ ਦਾ ਲੁਹਾਰ ਸੀ। ਮੈਂ ਪਹਿਲੀ ਵਾਰੀ ਆਪਣੇ ਪਿਓ ਨਾਲ ਉਹਦੀ ਦੁਕਾਨ 'ਤੇ ਗਿਆ ਸਾਂ। ਉਦੋਂ ਮੇਰੀ ਉਮਰ ਸੱਤ ਸਾਲ ਸੀ। ਮੇਰਾ ਪਿਓ ਅਕਸਰ ਉਸ ਦੁਕਾਨ 'ਤੇ ਜਾ ਕੇ ਬਹਿੰਦਾ ਸੀ। ਸ਼ੇਰ ਮੁਹੰਮਦ ਲੁਹਾਰ ਦੀ ਦੁਕਾਨ ਪਿੰਡ ਦੇ ਸੱਜੇ ਕੋਨੇ 'ਤੇ ਬਾਹਰਲੇ ਪਾਸੇ ਮੋਹਨ ਸਿੰਘ ਦੀ ਹਵੇਲੀ ਦੇ ਨਾਲ ਸੀ। ਵਕਤ ਲੰਘਣ ਨਾਲ ਆਸੇ-ਪਾਸੇ ਹੋਰ ਵੀ ਆਬਾਦੀ ਹੋ ਗਈ ਤੇ ਏਸ ਜਗ੍ਹਾ ਚੌਕ ਜਿਹਾ ਬਣ ਗਿਆ। ਮੋਹਨ ਸਿੰਘ ਉਜਾੜੇ ਤੋਂ ਬਾਅਦ ਲੁਧਿਆਣੇ ਟੁਰ ਗਿਆ ਤੇ ਹਵੇਲੀ ਦਾ ਨਵਾਂ ਮਾਲਕ ਮੇਜਰ ਸਿਕੰਦਰ ਆ ਗਿਆ। ਸਿਕੰਦਰ ਖਾਂ ਦਾ ਕੁਨਬਾ ਵੱਡਾ ਹੋਣ ਪਾਰੋਂ ਹਵੇਲੀ ਅੰਦਰੋਂ ਦੋ ਹਿੱਸਿਆਂ ਵਿਚ ਵੰਡੀ ਗਈ ਪਰ ਬਾਹਰੋਂ ਫਾਟਕ ਇਕ ਈ ਰਿਹਾ। ਹਵੇਲੀ ਦੇ ਸਾਹਮਣੇ ਭਾਰੀ ਟਾਹਲੀ ਸੀ। ਏਸ ਦਾ ਘੇਰਾ ਪੂਰੇ ਚੌਕ ਨੂੰ ਛਾਂ ਨਾਲ ਢਕੀ ਰੱਖਦਾ। ਇਸ ਟਾਹਲੀ ਕੌਲੇ ਹਵੇਲੀ ਦੀ ਕੰਧ ਨਾਲ ਸ਼ੇਰ ਮੁਹੰਮਦ ਦੀ ਦੁਕਾਨ ਸੀ। ਭੱਠੀ 'ਚੋਂ ਨਿਕਲਣ ਆਲੇ ਧੂੰ ਤੇ ਅੱਗ ਦੇ ਸੇਕ ਨੇ ਟਾਹਲੀ ਦੇ ਥੱਲੇ ਆਲੀਆਂ ਲਗਰਾਂ ਨੂੰ ਕਾਲਾ ਸਿਆਹ ਕਰ ਦਿੱਤਾ।

ਸ਼ੇਰ ਮੁਹੰਮਦ ਸਰਘੀ ਵੇਲੇ ਉਠ ਕੇ ਪਹਿਲਾਂ ਪੂਰੇ ਚੌਕ ਵਿਚ ਬਹੁਕਰ ਦਿੰਦਾ। ਫਿਰ ਖਾਲੇ ਤੋਂ ਨਹਿਰੀ ਪਾਣੀ ਦੀਆਂ ਚਾਰ ਬਾਲਟੀਆਂ ਭਰ ਕੇ ਟਾਹਲੀ ਦੇ ਮੁੱਢ 'ਚ ਪਾ ਦਿੰਦਾ। ਇਸ ਤੋਂ ਬਾਅਦ ਆਪਣੇ ਕੰਮ 'ਤੇ ਬਹਿ ਜਾਂਦਾ। ਲੋਕੀ ਜਿਸ ਵੇਲੇ ਮਸੀਤ 'ਚ ਨਮਾਜ਼ ਵਾਸਤੇ ਖੜ੍ਹੇ ਹੁੰਦੇ, ਸ਼ੇਰ ਮੁਹੰਮਦ ਏਸ ਕੰਮ 'ਚ ਲੱਗਿਆ ਹੁੰਦਾ। ਲੋਕਾਂ ਕਈ ਵਾਰੀ ਆਖਿਆ: ਤੂੰ ਨਮਾਜ਼ ਵੀ ਪੜ੍ਹ ਲਿਆ ਕਰ। ਸਾਝਰੇ ਉਠ ਕੇ ਅੱਲ੍ਹਾ ਅੱਲ੍ਹਾ ਕਰਨ ਦੀ ਥਾਂ ਟਾਹਲੀ ਨੂੰ ਪਾਣੀ ਦੇਣ ਲੱਗ ਪੈਨਾਂ ਐਂ। ਸ਼ੇਰ ਮੁਹੰਮਦ ਜਵਾਬ ਦਿੰਦਾ: ਭਲਿਉ! ਮੇਰੀ ਤਾਂ ਨਮਾਜ਼ ਈ ਏਹ ਹੈ।

ਰੋਜ਼ ਨਹਿਰੀ ਪਾਣੀ ਦੇਣ ਪਾਰੋਂ ਟਾਹਲੀ ਦੀਆਂ ਲਗਰਾਂ ਹਰੀਆਂ ਸਿਆਹ ਤੇ ਮੁਟਿਆਰ ਦੀਆਂ ਉਂਗਲਾਂ ਵਾਂਙੂ ਲਚਕੀਲੀਆਂ ਹੋ ਗਈਆਂ। ਏਸੇ ਲਈ ਪੂਰੇ ਦਾ ਪੂਰਾ ਚੌਕ ਟਾਹਲੀ ਦੀ ਛਾਂ ਵਿਚ ਡੁੱਬ ਗਿਆ ਸੀ। ਅੱਠ ਦਸ ਬੰਦੇ ਹਮੇਸ਼ਾ ਦੁਕਾਨ ਦੇ ਥੜ੍ਹੇ 'ਤੇ ਬੈਠੇ ਰਹਿੰਦੇ, ਹੁੱਕਾ ਭਖਦਾ ਰਹਿੰਦਾ। ਇਕ ਉਠ ਜਾਂਦਾ, ਦੂਜਾ ਆ ਬਹਿੰਦਾ। ਸ਼ੇਰ ਮੁਹੰਮਦ ਉਨ੍ਹਾਂ ਨੂੰ ਗੱਲਾਂ ਲਾਈ ਰੱਖਦਾ, ਨਾਲੇ ਆਪਣਾ ਲੋਹਾਰਾ ਤਰਖਾਣਾ ਕੀਤੀ ਰੱਖਦਾ। ਪਿੰਡ 'ਚ ਉਂਜ ਤਾਂ ਦੋ ਲੁਹਾਰ ਹੋਰ ਵੀ ਸਨ, ਪਰ ਉਨ੍ਹਾਂ ਦਾ ਕੰਮ ਏਡਾ ਚੰਗਾ ਨਹੀਂ ਸੀ। ਸ਼ੇਰ ਮੁਹੰਮਦ ਦੀ ਖਸੂਸੀਅਤ ਇਹ ਸੀ ਕਿ ਉਹਦਾ ਫੈਸਲਾ ਕਰਨਾ ਔਖਾ ਸੀ, ਬਈ ਉਹ ਲੱਕੜੀ ਦਾ ਕੰਮ ਬਹੁਤਾ ਚੰਗਾ ਕਰਦਾ ਏ ਕਿ ਲੋਹੇ ਦਾ। ਮੇਰੇ ਪਿਓ ਦਾ ਕਹਿਣਾ ਸੀ, ਸ਼ੇਰ ਮੁਹੰਮਦ ਲੁਹਾਰ ਜਿਹਾ ਕਾਰੀਗਰ ਉਹਨੇ ਆਪਣੀ ਹਯਾਤੀ ਵਿਚ ਨਹੀਂ ਵੇਖਿਆ। ਤੇਸੇ ਨਾਲ ਲੱਕੜੀ ਦੀ ਛਿੱਲ ਕਾਗਜ਼ ਤੋਂ ਪਤਲੀ ਉਤਾਰਨ ਦਾ ਉਹਨੂੰ ਢੰਗ ਸੀ। ਉਹਦੀ ਬਣਾਈ ਹੋਈ ਮੰਜੀ ਤੇ ਪੀੜ੍ਹੀ ਦੀ ਚੂਲ ਸਾਲਾਂ ਬਾਅਦ ਵੀ ਨਹੀਂ ਸੀ ਹਿੱਲਦੀ। ਏਸੇ ਤਰ੍ਹਾਂ ਹਲ ਦੀਆਂ ਅਰਨੀਆਂ ਦਾ ਜੋ ਸਲੀਕਾ ਸ਼ੇਰ ਮੁਹੰਮਦ ਨੂੰ ਸੀ, ਉਹ ਕਿਸੇ ਲੁਹਾਰ ਦੀਆਂ ਪੁਸ਼ਤਾਂ ਵਿਚ ਵੀ ਨਹੀਂ ਸੀ। ਉਹਦੇ ਸਿਰ 'ਤੇ ਚਿੱਟੀ ਪੱਗ ਹੁੰਦੀ, ਖੱਦਰ ਦੀ ਲੁੰਗੀ ਬੰਨ੍ਹਦਾ ਤੇ ਕੁੜਤਾ ਖੱਦਰ ਦਾ ਈ ਹੁੰਦਾ। ਮੈਂ ਏਹਨਾਂ ਲੀੜਿਆਂ ਤੋਂ ਇਲਾਵਾ ਉਹਦੇ ਗਲ ਕੋਈ ਲੀੜਾ ਨਹੀਂ ਵੇਖਿਆ। ਮੇਰੇ ਪਿਓ ਦਾ ਚੰਗਾ ਬੇਲੀ ਸੀ।

ਇਕ ਦਿਨ ਮੈਂ ਸਕੂਲ ਗਿਆ, ਉਦੋਂ ਮੈਂ ਦੂਜੀ ਜਮਾਤ ਵਿਚ ਸਾਂ। ਸਕੂਲ 'ਚ ਇਕ ਮੁੰਡਾ ਬੜਾ ਕੋਈ ਹਰਾਮੀ ਕਿਸਮ ਦਾ ਸੀ। ਮੈਨੂੰ ਆਂਹਦਾ: ਆਪਾਂ ਫੱਟੀ ਲੜਾਨੇ ਆਂ। ਮੈਂ ਆਖਿਆ: ਮੈਂ ਨਹੀਂ ਲੜਾਂਦਾ। ਉਹ ਮੈਥੋਂ ਚੰਗਾ ਭਲਾ ਤਗੜਾ ਸੀ। ਆਂਹਦਾ: ਅੱਜ ਤਾਂ ਫੱਟੀ ਲੜਾ ਕੇ ਰਹਾਂਗੇ। ਮੈਂ ਆਖਿਆ: ਮੇਰੀ ਤਖਤੀ ਪਤਲੀ ਏ, ਪਰ ਉਹਨੇ ਮੇਰੀ ਇਕ ਨਾ ਸੁਣੀ, ਛੇਤੀ ਨਾਲ ਮੇਰੀ ਤਖਤੀ ਥੱਲੇ ਰੱਖ ਕੇ ਜ਼ੋਰ ਨਾਲ ਜਿਉਂ ਆਪਣੀ ਫੱਟੀ ਮਾਰੀ, ਮੇਰੀ ਫੱਟੀ ਦੋ ਟੋਟੇ ਕਰ ਦਿੱਤੀ। ਮੈਂ ਰੋਂਦਾ ਘਰ ਆਇਆ। ਅੱਬਾ ਨੂੰ ਦੱਸਿਆ।

ਅੱਬਾ ਨੇ ਆਖਿਆ: ਤੂੰ ਫਿਕਰ ਨਾ ਕਰ, ਨਿਮਾਸ਼ੀਂ (ਤ੍ਰਿਕਾਲਾਂ ਵੇਲੇ) ਆਪਾਂ ਸ਼ੇਰ ਮੁਹੰਮਦ ਕੋਲੋਂ ਤੇਰੀ ਨਵੀਂ ਫੱਟੀ ਬਣਵਾ ਲਾਂ'ਗੇ। ਉਸ ਦਿਨ ਪਹਿਲੀ ਵਾਰੀ ਮੈਂ ਉਹਦੀ ਦੁਕਾਨ 'ਤੇ ਗਿਆ। ਸ਼ੇਰ ਮੁਹੰਮਦ ਤਖਤੀ ਟੁੱਟਣ ਦਾ ਵਾਕਿਆ ਸੁਣ ਕੇ ਹੱਸ ਪਿਆ; ਆਂਹਦਾ: ਪੁੱਤਰ, ਤੈਨੂੰ ਐਸੀ ਤਖਤੀ ਬਣਾ ਕੇ ਦਿਆਂਗਾ, ਤੇਰੀਆਂ ਸੱਤ ਪੁਸ਼ਤਾਂ ਹੰਢਾਵਣਗੀਆਂ। ਉਹਨੇ ਮੈਨੂੰ ਕਾਲੀ ਟਾਹਲੀ ਦੀ ਛੇ ਸੂਤਰ ਮੋਟੀ ਤਖਤੀ ਬਣਾ ਕੇ ਦੇ ਦਿੱਤੀ। ਉਹ ਵੇਖਣ ਨੂੰ ਲੋਹਾ ਤੇ ਵਜ਼ਨ ਨੂੰ ਪਾਰਾ ਸੀ। ਉਸ ਤਖਤੀ ਤੋਂ ਬਾਅਦ ਮੈਂ ਸਾਰੀ ਜਮਾਤ ਦੀਆਂ ਫੱਟੀਆਂ ਪਾੜੀਆਂ।

ਇਸ ਤੋਂ ਬਾਅਦ ਮੈਂ ਅਕਸਰ ਅੱਬਾ ਨਾਲ ਉਹਦੀ ਦੁਕਾਨ 'ਤੇ ਜਾਣ ਲੱਗ ਪਿਆ। ਉਦੋਂ ਮੈਨੂੰ ਪਤਾ ਲੱਗਾ, ਸ਼ੇਰ ਮੁਹੰਮਦ ਅੱਧੇ ਕੰਮ ਬਗੈਰ ਕਿਸੇ ਲਾਲਚ ਦੇ ਕਰਦਾ ਸੀ। ਜੇ ਕਿਸੇ ਬੁੜ੍ਹੀ ਦੀ ਡੋਈ ਟੁੱਟ ਜਾਂਦੀ ਤੇ ਉਹ ਭੱਜੀ ਆਉਂਦੀ- ਵੇ ਸ਼ੇਰ ਮੁਹੰਮਦਾ, ਛੇਤੀ ਨਾਲ ਮੈਨੂੰ ਡੋਈ ਬਣਾ ਦੇ, ਹਾਂਡੀ ਚੁੱਲ੍ਹੇ 'ਤੇ ਸੜ ਜਾਏਗੀ। ਸ਼ੇਰ ਮੁਹੰਮਦ ਸਾਰੇ ਕੰਮ ਛੱਡ ਕੇ ਡੋਈ ਬਣਾਉਣ ਲੱਗ ਪੈਂਦਾ। ਇਸੇ ਤਰ੍ਹਾਂ ਕਿਸੇ ਦਾ ਚਿਮਟਾ, ਕਿਸੇ ਦੀ ਫੂਕਨੀ, ਕਿਸੇ ਦੀ ਪੀੜ੍ਹੀ ਤੇ ਕਿਸੇ ਦੀ ਮੰਜੀ ਦੀ ਚੂਲ ਮੁਫਤੋ-ਮੁਫਤੀ ਬਣਾਉਣਾ ਆਪਣਾ ਫਰਜ਼ ਸਮਝਦਾ, ਤੇ ਪਿੰਡ ਦੀਆਂ ਬੁੜ੍ਹੀਆਂ ਏਸ ਨੂੰ ਆਪਣਾ ਹੱਕ ਸਮਝਦੀਆਂ। ਚੌਕ ਵਿਚ ਹਰ ਵੇਲੇ ਗੱਡੇ 'ਤੇ ਸੁੱਕੀਆਂ ਲੱਕੜਾਂ ਦੇ ਇਕ-ਦੋ ਮੁੱਢ ਪਏ ਰਹਿੰਦੇ। ਹਲ, ਅਰਨੀਆਂ ਤੇ ਪੰਜਾਲੀਆਂ ਦਾ ਟੁੱਟਾ ਭੱਜਾ ਸਾਮਾਨ ਵੀ ਇਕ ਪਾਸੇ ਪਿਆ ਹੁੰਦਾ। ਇੰਨਾ ਕੁਝ ਹੋਣ ਪਾਰੋਂ ਵੀ ਇਹ ਥਾਂ ਖੁੱਲ੍ਹਾ ਮੈਦਾਨ ਮਲੂਮ ਹੁੰਦੀ। ਉਥੇ ਬਹਿਣ ਆਲੇ ਮੀਂਹ ਜਾਏ, ਹਨੇਰੀ ਜਾਏ, ਆਣ ਕੇ ਰੌਣਕ ਲਾਈ ਰੱਖਦੇ। ਹੁੱਕੇ ਦੇ ਅੰਗਿਆਰੇ ਇੰਨੇ ਲਾਲ ਹੁੰਦੇ, ਦਿਲ ਕਰਦਾ ਚੁੱਕ ਕੇ ਮੂੰਹ ਵਿਚ ਪਾ ਲਈਏ। ਅੰਗਾਰਿਆਂ ਦਾ ਰੰਗ ਜ਼ਰਾ ਕਾਲਾ ਪੈਂਦਾ, ਸ਼ੇਰ ਮੁਹੰਮਦ ਹੁੱਕੇ ਦਾ ਫਲ ਉਲਟ ਦਿੰਦਾ ਤੇ ਭੱਠੀ 'ਚੋਂ ਨਵੇਂ ਅੰਗਾਰਿਆਂ ਨਾਲ ਚਿਲਮ ਭਰ ਦਿੰਦਾ। ਤਮਾਕੂ ਹਰ ਜ਼ਿਮੀਂਦਾਰ ਦੇ ਘਰ ਹੁੰਦਾ, ਕਦੇ ਕੋਈ ਖੱਬੜ (ਵੱਟਿਆ ਹੋਇਆ ਤੰਬਾਕੂ) ਚੁੱਕ ਲਿਆਂਦਾ ਤੇ ਕਦੇ ਕੋਈ। ਇਕ ਪਾਸੇ ਪਾਣੀ ਦਾ ਘੜਾ ਪਿਆ ਹੁੰਦਾ। ਸੇਬਿਆਂ ਦੀ ਬੋਰੀ ਪਾਣੀ ਛਿੜਕ ਕੇ ਉਹਦੇ ਉਤੇ ਦਿੱਤੀ ਹੁੰਦੀ। ਗੱਲ ਕਾਹਦੀ, ਬਈ ਹੁੱਕਾ ਚੱਲਦਾ ਰਹਿੰਦਾ ਤੇ ਠੰਢਾ ਪਾਣੀ ਪਿਆ ਰਹਿੰਦਾ। ਸ਼ੇਰ ਮੁਹੰਮਦ ਆਪਣੇ ਕੰਮ ਨੂੰ ਵੀ ਕੀਤੀ ਰੱਖਦਾ ਤੇ ਉਨ੍ਹਾਂ ਨਾਲ ਗੱਲਾਂ 'ਚ ਵੀ ਪੂਰਾ ਲਹਿੰਦਾ।

ਸ਼ੇਰ ਮੁਹੰਮਦ ਨੂੰ ਇਹ ਦੁਕਾਨ ਸਰਦਾਰ ਮੋਹਨ ਸਿੰਘ ਨੇ ਬਣਾ ਕੇ ਦਿੱਤੀ ਸੀ। ਇਹਨੇ ਉਜਾੜੇ ਤੋਂ ਪਹਿਲਾਂ ਉਹਨੂੰ ਕਸੂਰ ਤੋਂ ਲਿਆ ਕੇ ਵਸਾਇਆ ਸੀ। ਮੋਹਨ ਸਿੰਘ ਨੇ ਇਸ ਚੌਕ ਵਿਚ ਉਹਦੀ ਦੁਕਾਨ ਬਣਾ ਕੇ ਦੇਣ ਤੋਂ ਇਲਾਵਾ ਦਸ ਮਰਲੇ ਦਾ ਘਰ ਵੀ ਦਿੱਤਾ। ਉਂਜ ਤਾਂ ਕੋਠੇ ਤੇ ਡਿਓੜੀ ਕੱਚੀ ਸੀ ਪਰ ਪੱਕਿਆਂ ਨਾਲੋਂ ਵਧ ਕੇ ਸੀ। ਤਿੰਨ ਇੱਟਾਂ ਦੀਆਂ ਚੌੜੀਆਂ ਕੰਧਾਂ ਤੇ ਛੱਤਾਂ ਉਸਾਰੀਆਂ ਸਨ। ਪਹਿਲਾਂ-ਪਹਿਲ ਉਹ ਸਰਦਾਰ ਮੋਹਨ ਸਿੰਘ ਦਾ ਸੇਪੀ ਰਿਹਾ। ਉਹਦੀਆਂ ਮੰਜੀਆਂ ਪੀੜ੍ਹੀਆਂ ਤੋਂ ਇਲਾਵਾ ਲੋਹੇ ਲੱਕੜ ਦਾ ਜਿੰਨਾ ਕੰਮ ਸੀ, ਇਹੀ ਕਰਦਾ ਪਰ ਥੋੜ੍ਹੇ ਅਰਸੇ ਬਾਅਦ ਅੱਧੇ ਪਿੰਡ ਦਾ ਕੰਮ ਉਹਦੇ ਕੋਲ ਆਉਣ ਲੱਗ ਪਿਆ।



ਇਸ ਚੌਕ ਵਿਚ ਜਦੋਂ ਸ਼ੇਰ ਮੁਹੰਮਦ ਨੇ ਦੁਕਾਨ ਬਣਾਈ, ਉਦੋਂ ਕੋਈ ਛਾਂ ਨਹੀਂ ਸੀ। ਚਾਰ-ਚੁਫੇਰੇ ਧੂੜ ਉਡਦੀ। ਹਨੇਰੀ ਚੱਲਣ ਨਾਲ ਹਰ ਪਾਸੇ ਮਿੱਟੀਓ-ਮਿੱਟੀ ਹੋ ਜਾਂਦੀ। ਇਕ ਦਿਨ ਸ਼ੇਰ ਮੁਹੰਮਦ ਨੇ ਦੁਕਾਨ ਦੇ ਅੱਗੇ ਵੱਡਾ ਸਾਰਾ ਛੱਪਰ ਛੱਤ ਲਿਆ। ਸ਼ਾਮ ਨੂੰ ਜਦੋਂ ਸਰਦਾਰ ਮੋਹਨ ਸਿੰਘ ਬਾਹਰ ਨਿਕਲਿਆ ਤੇ ਉਹਨੇ ਵੇਖਿਆ, ਸ਼ੇਰ ਮੁਹੰਮਦ ਨੇ ਛਾਂ ਪਾਰੋਂ ਛੱਪਰ ਛੱਤ ਲਿਆ ਏ। ਇਸ ਨਾਲ ਮਿੱਟੀ ਘੱਟੇ ਤੋਂ ਕੁਝ ਸਕੂਨ ਹੋ ਗਿਆ ਏ। ਉਹ ਆ ਕੇ ਥੋੜ੍ਹੀ ਦੇਰ ਦੁਕਾਨ 'ਤੇ ਬਹਿ ਗਿਆ। ਉਹਦੀ ਵੇਖਾ-ਵੇਖੀ ਇਕ ਦੋ ਬੰਦੇ ਹੋਰ ਵੀ ਆ ਗਏ ਤੇ ਇਸ਼ਾ ਦੀ ਬਾਂਗ ਤਾਈਂ ਉਥੇ ਰੌਣਕ ਲੱਗੀ ਰਹੀ। ਦੂਜੇ ਦਿਨ ਸਰਦਾਰ ਮੋਹਨ ਸਿੰਘ ਨੂੰ ਕੀ ਸੁੱਝੀ, ਦੁਪਹਿਰੀਂ ਆਪਣੇ ਨੌਕਰ ਦੇ ਸਿਰ 'ਤੇ ਟਾਹਲੀ ਦਾ ਬੂਟਾ ਚੁਕਾਈ ਲਿਆਇਆ। ਬੂਟਾ ਲਵਾ ਕੇ ਇਕ ਘੜਾ ਪਾਣੀ ਦਾ ਦੇ ਦਿੱਤਾ। ਸ਼ੇਰ ਮੁਹੰਮਦ ਇਹ ਸਾਰਾ ਕੁਝ ਵੇਖ ਰਿਹਾ ਸੀ। ਉਹਨੇ ਆਖਿਆ: ਸਰਦਾਰ ਮੋਹਣੇ ਖਾਂ! ਮੈਨੂੰ ਵੀ ਕੋਈ ਖਿਦਮਤ ਦੱਸੋ। ਮੋਹਨ ਸਿੰਘ ਨੇ ਆਖਿਆ: ਸ਼ੇਰੇ, ਤੂੰ ਹਰ ਵੇਲੇ ਉਸ ਚੌਕ ਵਿਚ ਬੈਠਾ ਹੁੰਦਾ ਐਂ। ਮੈਂ ਇਹ ਬੂਟਾ ਲਾ ਦਿੱਤਾ ਏ। ਤੂੰ ਇਹਨੂੰ ਪਾਣੀ ਦੇ ਛੱਡਿਆ ਕਰ ਤੇ ਨਾਲੇ ਨੁਕਸਾਨ ਤੋਂ ਬਚਾਈ ਰੱਖ। ਸ਼ੇਰ ਮੁਹੰਮਦ ਨੇ ਜਵਾਬ ਦਿੱਤਾ: ਲੈ ਸਰਦਾਰ ਜੀ, ਇਹਦੀ ਹਿਫਾਜ਼ਤ ਮੇਰੇ ਜ਼ਿੰਮੇ ਰਹੀ। ਮੇਰੀ ਹਯਾਤੀ ਇਸ ਬੂਟੇ ਦੇ ਨਾਂ ਹੋ ਗਈ ਫਿਰ। ਸਰਦਾਰ ਮੋਹਨ ਸਿੰਘ ਉਹਦੀ ਗੱਲ ਸੁਣ ਕੇ ਹੱਸ ਪਿਆ। ਨੌਕਰ ਨੇ ਬੂਟੇ ਦੇ ਆਸੇ-ਪਾਸੇ ਕਿੱਕਰ ਦੇ ਛਾਪੇ ਲਾ ਦਿੱਤੇ ਸੀ। ਉਨ੍ਹਾਂ ਦੇ ਜਾਣ ਤੋਂ ਬਾਅਦ ਸ਼ੇਰ ਮੁਹੰਮਦ ਨੇ ਲੋਹੇ ਦੀਆਂ ਦੋ ਸੂਤਰ ਮੋਟੀਆਂ ਪੱਤਰੀਆਂ ਤੇ ਤਿੰਨ ਸੂਤਰ ਦੀਆਂ ਤਾਰਾਂ ਨਾਲ ਕੰਡੇ ਆਲੀ ਵਾੜ ਬਣਾ ਦਿੱਤੀ। ਕੰਡੇ ਸੂਈਆਂ ਤਰ੍ਹਾਂ ਲੰਮੇ ਤੇ ਨੁਕੀਲੇ ਸੀ। ਦੂਜਾ ਕੰਮ ਇਹ ਫੜ ਲਿਆ, ਬਈ ਸਾਝਰੇ ਨਮਾਜ਼ ਵੇਲੇ ਘੜਾ ਪਾਣੀ ਦਾ ਦੇਣਾ ਆਪਣੇ ਉਤੇ ਫਰਜ਼ ਸਮਝ ਲਿਆ।

ਜਿਵੇਂ-ਜਿਵੇਂ ਬੂਟਾ ਵੱਡਾ ਹੁੰਦਾ ਗਿਆ, ਪਾਣੀ ਦੇ ਘੜੇ ਵਧਦੇ ਗਏ ਤੇ ਵਾੜ ਵੱਡੀ ਹੁੰਦੀ ਗਈ। ਕੋਈ ਵਕਤ ਆਇਆ, ਵਾੜ ਦੀ ਜ਼ਰੂਰਤ ਨਾ ਰਹੀ ਪਰ ਪਾਣੀ ਪਾਉਣਾ ਉਹਨੇ ਨਾ ਛੱਡਿਆ। ਇਹ ਬੂਟਾ ਇੰਨਾ ਫੈਲਿਆ, ਬਈ ਸਾਰੇ ਚੌਕ ਨੂੰ ਉਹਦੀ ਛਾਂ ਨੇ ਘੇਰ ਲਿਆ। ਸਰਦਾਰ ਮੋਹਨ ਸਿੰਘ ਦਾ ਮੰਜਾ ਵੀ ਇਸ ਛਾਂ ਥੱਲੇ ਆਣ ਲੱਗਾ। ਗੂੜ੍ਹੀ ਛਾਂ ਵੇਖ ਕੇ ਸਰਦਾਰ ਮੋਹਨ ਸਿੰਘ ਨੇ ਕਈ ਵਾਰੀ ਆਖਿਆ, ਸ਼ੇਰ ਮੁਹੰਮਦਾ, ਇਸ ਟਾਹਲੀ ਦੀ ਹਯਾਤੀ ਤੇਰੀ ਹਯਾਤੀ ਨਾਲ ਜੁੜ ਗਈ ਏ। ਅਸੀਂ ਭਾਵੇਂ ਨਾ ਰਹੀਏ ਪਰ ਇਹ ਟਾਹਲੀ ਆਉਣ ਆਲੀਆਂ ਨਸਲਾਂ ਨੂੰ ਛਾਂ ਦਿੰਦੀ ਰਹੇਗੀ।

ਇਸ ਵੇਲੇ ਨੂੰ ਵੀਹ ਸਾਲ ਲੰਘ ਗਏ। ਫਿਰ ਇਕ ਦਿਨ ਉਜਾੜਾ ਪੈ ਗਿਆ। ਸਰਦਾਰ ਮੋਹਨ ਸਿੰਘ ਨੂੰ ਭਾਰ ਚੁੱਕ ਕੇ ਲੁਧਿਆਣੇ ਜਾਣਾ ਪੈ ਗਿਆ। ਜਾਂਦਿਆਂ ਉਹ ਧਾਹੀਂ ਮਾਰ ਕੇ ਰੋਇਆ। ਉਹਦਾ ਮੰਜਾ ਉਸ ਟਾਹਲੀ ਥੱਲੇ ਪਿਆ ਰਹਿ ਗਿਆ। ਇਕ ਦਿਨ ਮੇਰੇ ਪਿਓ ਨੂੰ ਸ਼ੇਰ ਮੁਹੰਮਦ ਦੱਸਿਆ: ਭਾਈ ਬਸ਼ੀਰ, ਮੈਨੂੰ ਉਹ ਦਿਨ ਨਹੀਂ ਭੁੱਲਦਾ ਜਿਸ ਦਿਨ ਸਰਦਾਰ ਮੋਹਨ ਸਿੰਘ ਹਵੇਲੀ ਦੀਆਂ ਕੰਧਾਂ ਨਾਲ ਲੱਗ ਕੇ ਰੋਇਆ। ਮੋਹਨ ਸਿੰਘ ਦਾ ਭਾਰ ਗੱਡਿਆਂ 'ਤੇ ਲੱਦਿਆ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਏ, ਓਹਦੀ ਪੱਗ ਦਾ ਸ਼ਮਲਾ ਖੁੱਲ੍ਹ ਕੇ ਗਲ ਵਿਚ ਪੈ ਗਿਆ ਸੀ। ਸਰਦਾਰ ਮੋਹਨ ਸਿੰਘ ਦਾ ਕੁੱਲ ਸਾਮਾਨ ਗੱਡਿਆਂ 'ਤੇ ਸੀ ਪਰ ਟਾਹਲੀ ਥੱਲੇ ਪਈ ਉਹ ਮੰਜੀ ਉਹਨੇ ਨੌਕਰਾਂ ਨੂੰ ਨਹੀਂ ਚੁੱਕਣ ਦਿੱਤੀ। ਉਹਨੇ ਆਖਿਆ: ਤੁਹਾਨੂੰ ਨਹੀਂ ਪਤਾ ਇਸ ਮੰਜੀ ਉਤੇ ਮੇਰੀ ਰੂਹ ਪਈ ਏ। ਇਹਨੂੰ ਇਥੇ ਈ ਪਈ ਰਹਿਣ ਦਿਓ। ਅੱਜ ਉਹਨੂੰ ਪਿੰਡ ਛੱਡੇ ਪੰਝੀ ਸਾਲ ਹੋ ਗਏ ਨੇ ਤੇ ਇਸ ਮੰਜੀ ਨੂੰ ਟਾਹਲੀ ਥੱਲੇ ਪੰਤਾਲੀ ਸਾਲ ਲੰਘ ਗਏ ਨੇ।

ਵਕਤ ਲੰਘਦਾ ਗਿਆ, ਸ਼ੇਰ ਮੁਹੰਮਦ ਲੁਹਾਰ ਦਾ ਕੰਮ ਚੱਲਦਾ ਰਿਹਾ, ਫਿਰ ਉਹ ਕਜ਼ੀਆ ਪਿਆ ਜਿਸ ਦਾ ਕਿਸੇ ਨੂੰ ਖਿਆਲ ਵੀ ਨਹੀਂ ਸੀ। ਉਦੋਂ ਮੈਂ ਪੰਦਰਾਂ ਸਾਲ ਦਾ ਸਾਂ। ਸਰਦਾਰ ਮੋਹਨ ਸਿੰਘ ਦੀ ਹਵੇਲੀ ਜਿਸ ਫੌਜੀ ਨੇ ਅਲਾਟ ਕਰਾਈ ਸੀ, ਇਕ ਦਿਨ ਉਹਦੀ ਧੀ ਦੀ ਸ਼ਾਦੀ ਆ ਗਈ। ਧੀ ਦੇ ਦਾਜ ਵਾਸਤੇ ਉਹਨੇ ਫਰਨੀਚਰ ਦੇ ਟਰੱਕ ਭਰ ਕੇ ਦੇਣ ਦਾ ਇਰਾਦਾ ਕਰ ਲਿਆ। ਉਹਨੂੰ ਕਿਸੇ ਦੱਸ ਛੱਡਿਆ, ਬਈ ਚੌਕ ਆਲੀ ਟਾਹਲੀ ਦੀ ਲੱਕੜ ਕਾਲੀ ਸਿਆਹ ਏ। ਸਿਕੰਦਰ ਖਾਂ ਨੇ ਟਾਹਲੀ ਵੱਢਣ ਦੀ ਨੀਅਤ ਕਰ ਲਈ। ਪਿੰਡ ਆਲਿਆਂ ਬੜਾ ਸਮਝਾਇਆ, ਭਾਈ ਸਿਕੰਦਰ! ਬਾਹਰੋਂ ਕਿਤੋਂ ਚੰਗੀ ਲੱਕੜ ਲੱਭ ਜਾਏਗੀ। ਇਸ ਟਾਹਲੀ ਨੂੰ ਜਾਣ ਦੇ। ਇਕ ਤਾਂ ਚੌਕ 'ਚ ਛਾਂ ਦੀ ਰੌਣਕ ਏ, ਦੂਜਾ ਇਹ ਸਰਦਾਰ ਮੋਹਨ ਸਿੰਘ ਦੀ ਨਿਸ਼ਾਨੀ ਏ ਪਰ ਉਹ ਨਾ ਮੰਨਿਆ।

ਸ਼ੇਰ ਮੁਹੰਮਦ ਨੇ ਮੇਜਰ ਸਿਕੰਦਰ ਖਾਂ ਦੇ ਕਦਮਾਂ 'ਚ ਆਪਣੀ ਪੱਗ ਰੱਖ ਦਿੱਤੀ ਤੇ ਬੜੀਆਂ ਮਿੰਨਤਾਂ ਕੀਤੀਆਂ, ਬਈ ਇਹ ਟਾਹਲੀ ਛੱਡ ਦੇ, ਮੈਂ ਤੈਨੂੰ ਕਿਤੋਂ ਚੰਗੀ ਲੱਕੜ ਲੱਭ ਕੇ ਦਾਜ ਬਣਾ ਦਿਆਂਗਾ। ਇਹ ਸਰਦਾਰ ਮੋਹਨ ਸਿੰਘ ਦੀ ਨਿਸ਼ਾਨੀ ਏ। ਸਰਦਾਰ ਮੋਹਨ ਸਿੰਘ ਦਾ ਨਾਂ ਸੁਣ ਕੇ ਸਿਕੰਦਰ ਖਾਂ ਦੀ ਅਨਾਅ ਨੂੰ ਸੱਟ ਲੱਗ ਗਈ। ਉਹਨੇ ਆਖਿਆ: ਪਿਛਲੇ ਵੀਹ ਸਾਲ ਤੋਂ ਮੈਂ ਇਸ ਚੌਕ ਦੀ ਟਾਹਲੀ ਤੇ ਹਵੇਲੀ ਦਾ ਮਾਲਕ ਆਂ ਪਰ ਅਜੇ ਤਕ ਲੋਕਾਂ ਨੂੰ ਸਮਝ ਨਹੀਂ ਆਈ, ਲੋਕੀਂ ਇਹਨੂੰ ਅੱਜ ਵੀ ਮੋਹਨ ਸਿੰਘ ਦੀ ਮਲਕੀਅਤ ਸਮਝੀ ਜਾਂਦੇ ਨੇ। ਹੁਣ ਮੈਂ ਵੀ ਆਪਣੇ ਪਿਓ ਦਾ ਨਹੀਂ, ਜੇ ਇਹ ਟਾਹਲੀ ਨੂੰ ਨਾ ਵੱਢਾਂ, ਸ਼ੇਰ ਮੁਹੰਮਦ ਤੂੰ ਆਪਣੀ ਪੱਗ ਆਪਣੇ ਕੋਲੇ ਰੱਖ, ਇਥੇ ਮੈਂ ਇਕ ਦੀ ਥਾਂ ਪੰਜ ਟਾਹਲੀਆਂ ਹੋਰ ਲਾ ਦਿਆਂਗਾ।

ਸ਼ੇਰ ਮੁਹੰਮਦ ਨੇ ਜਵਾਬ ਦਿੱਤਾ: ਸਿਕੰਦਰ ਖਾਂ, ਮੈਂ ਸਰਦਾਰ ਮੋਹਨ ਸਿੰਘ ਨਾਲ ਇਸ ਦਾ ਜ਼ਿੰਮਾ ਲਿਆ ਏ, ਇਹ ਟਾਹਲੀ ਵਢੀਂਦੀ ਮੈਂ ਤਾਂ ਅੱਖਾਂ ਨਾਲ ਨਹੀਂ ਵੇਖ ਸਕਦਾ। ਸਿਕੰਦਰ ਖਾਂ ਸ਼ੇਰ ਮੁਹੰਮਦ ਦੀ ਗੱਲ ਸੁਣ ਕੇ ਹੱਸ ਪਿਆ ਤੇ ਆਖਿਆ: ਜੇ ਮੈਂ ਟਾਹਲੀ ਵੱਢ ਦਿਆਂਗਾ ਤਾਂ ਤੂੰ ਕੀ ਫਾਹਾ ਲੈ ਲੈਂਗਾ। ਮੈਂ ਇਹਦਾ ਸੌਦਾ ਕਰ ਲਿਆ ਏ। ਕੱਲ੍ਹ ਸ਼ਹਿਰੋਂ ਮਿਸਤਰੀ ਇਹਨੂੰ ਵੱਢਣ ਆ ਰਿਹਾ ਏ। ਸ਼ੇਰ ਮੁਹੰਮਦ ਨੇ ਜਦੋਂ ਇਹ ਗੱਲ ਸੁਣੀ ਤਾਂ ਰੋ ਪਿੱਟ ਕੇ ਦੁਕਾਨ 'ਤੇ ਆ ਬੈਠਾ। ਉਸ ਦਿਨ ਉਹਨੇ ਇਸ਼ਾ ਵੇਲੇ ਤਕ ਕਿਸੇ ਨਾਲ ਗੱਲ ਨਾ ਕੀਤੀ, ਮੂੰਹ ਥੱਲੇ ਕਰ ਕੇ ਸੋਚੀਂ ਪਿਆ ਰਿਹਾ। ਅੱਜ ਨਾ ਤਾਂ ਭੱਠੀ ਦੀ ਅੱਗ ਨੂੰ ਗੇੜੇ ਦਿੱਤੇ, ਨਾ ਹੁੱਕੇ ਦੇ ਅੰਗਿਆਰਿਆਂ ਦਾ ਖਿਆਲ ਕੀਤਾ। ਚਿਲਮ ਦੀ ਅੱਗ ਪਹਿਲਾਂ ਕਾਲੀ ਹੋਈ ਤੇ ਫਿਰ ਸੁਆਹ ਬਣ ਗਈ। ਦੁਕਾਨ 'ਤੇ ਬਹਿਣ ਆਲਿਆਂ ਸ਼ੇਰ ਮੁਹੰਮਦ ਨੂੰ ਦਿਲਾਸਾ ਦੇਣਾ ਸ਼ੁਰੂ ਕਰ ਦਿੱਤਾ, ਬਈ ਕੋਈ ਗੱਲ ਨਹੀਂ, ਸਿਕੰਦਰ ਉਥੇ ਹੋਰ ਟਾਹਲੀਆਂ ਲਵਾ ਦੇਗਾ। ਬੰਦਾ ਜੀਂਦਾ ਰਹੇ ਤੇ ਟਾਹਲੀਆਂ ਲੱਗਦੀਆਂ ਰਹਿੰਦੀਆਂ ਨੇ। ਸ਼ੇਰ ਮੁਹੰਮਦ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ ਪਰ ਉਹਦਾ ਧਿਆਨ ਕਿਤੇ ਹੋਰ ਈ ਸੀ। ਉਹਨੇ ਆਖਿਆ: ਮੇਰੇ ਭਰਾਉ! ਮੈਥੋਂ ਇਸ ਟਾਹਲੀ ਨੂੰ ਕੁਹਾੜਾ ਵੱਜਦਾ ਨਹੀਂ ਵੇਖਿਆ ਜਾਣਾ। ਜੇ ਸਿਕੰਦਰ ਖਾਂ ਨੇ ਇਹ ਫੈਸਲਾ ਕਰ ਈ ਲਿਆ ਏ ਤਾਂ ਮੈਂ ਵੀ ਫੈਸਲਾ ਕੀਤੀ ਬੈਠਾਂ।

ਦੂਜੇ ਦਿਨ ਸਿਕੰਦਰ ਖਾਂ ਦੇ ਤਰਖਾਣ ਮੂੰਹ ਹਨੇਰੇ ਟਾਹਲੀ ਵੱਢਣ ਲਈ ਆਰੀਆਂ, ਕੁਹਾੜੇ ਲੈ ਕੇ ਅੱਪੜ ਗਏ। ਟਾਹਲੀ ਦਾ ਘੇਰ ਪੂਰੇ ਪੰਜ ਬੰਦਿਆਂ ਦੇ ਝੱਬੀਆਂ ਬਰਾਬਰ ਸੀ ਤੇ ਉਹਦੇ ਟਾਹਣੇ ਚੰਗੀਆਂ ਨਹਿਰੀ ਟਾਹਲੀਆਂ ਨੂੰ ਕੰਡ ਕਰਦੇ ਸਨ। ਤਰਖਾਣ ਰੱਸੇ ਤੇ ਆਰੇ ਮੁੱਢ ਨਾਲ ਰੱਖ ਕੇ ਟਾਹਲੀ ਦਾ ਜਾਇਜ਼ਾ ਲੈਣ ਲੱਗ ਪਏ। ਉਸੇ ਵੇਲੇ ਕਿਸੇ ਤਰਖਾਣ ਦੀ ਨਜ਼ਰ ਇਕ ਟਾਹਣ 'ਤੇ ਪਈ। ਉਹ ਵੇਖ ਕੇ ਹੈਰਾਨ ਰਹਿ ਗਿਆ। ਟਾਹਲੀ ਦੇ ਟਾਹਣ ਨਾਲ ਕਿਸੇ ਦੀ ਲਾਸ਼ ਲਟਕੀ ਹੋਈ ਸੀ ਤੇ ਉਹਦੇ ਗਲ 'ਚ ਫੱਟੀ ਸੀ। ਲਾਸ਼ ਵੇਖ ਕੇ ਮਿਸਤਰੀ ਦੇ ਹੋਸ਼ ਉਡ ਗਏ। ਉਹਦੇ ਹੱਥੋਂ ਕੁਹਾੜਾ ਡਿੱਗ ਪਿਆ। ਇਸ ਤੋਂ ਬਾਅਦ ਇਕ ਪਲ ਵਿਚ ਸਾਰਾ ਪਿੰਡ ਟਾਹਲੀ ਥੱਲੇ ਜਮ੍ਹਾਂ ਹੋ ਗਿਆ। ਸਿਕੰਦਰ ਖਾਂ ਵੀ ਅੱਪੜ ਗਿਆ। ਸ਼ੇਰ ਮੁਹੰਮਦ ਦੇ ਗਲ ਵਿਚ ਰੱਸੀ ਦਾ ਫਾਹਾ ਸੀ ਤੇ ਉਹ ਟਾਹਣ ਨਾਲ ਲਗਰ ਵਾਂਗੂੰ ਝੂਟੇ ਲੈ ਰਿਹਾ ਸੀ। ਗਲ ਵਿਚ ਪਾਈ ਹੋਈ ਤਖਤੀ 'ਤੇ ਲਿਖਿਆ ਸੀ: ਮੈਂ ਸ਼ੇਰ ਮੁਹੰਮਦ ਲੁਹਾਰ ਇਸ ਟਾਹਲੀ ਦੀ ਟਹਿਣੀ ਆਂ। ਸੁਣਿਆ ਏ, ਮਰਨ ਆਲੇ ਦੀ ਵਸੀਅਤ ਨੂੰ ਪੂਰਾ ਕਰਨਾ ਫਰਜ਼ ਏ। ਮੇਰੀ ਵਸੀਅਤ ਏ, ਜੇ ਸਿਕੰਦਰ ਖਾਂ ਨੇ ਟਾਹਲੀ ਵੱਢਣ ਦੀ ਜ਼ਿੱਦ ਪੂਰੀ ਕਰਨੀ ਹੈ ਤਾਂ ਉਹ ਮੇਰੇ ਜਿਸਮ ਦੀ ਟਹਿਣੀ 'ਤੇ ਵੀ ਆਰਾ ਫੇਰ ਦੇਵੇ। ਸ਼ਾਇਦ ਮੇਰੀ ਕੋਈ ਹੱਡੀ ਉਹਦੀ ਧੀ ਦੇ ਪਲੰਘ ਦਾ ਸੇਰੂ ਜਾਂ ਪਾਵਾ ਬਣ ਜਾਏ।

ਖਲਕਤ ਉਚੀਆਂ ਨਜ਼ਰਾਂ ਕਰ ਕੇ ਲਾਸ਼ ਵੇਖਦੀ ਰਹੀ ਤੇ ਅੱਖਾਂ 'ਚੋਂ ਅੱਥਰੂ ਡੇਗਦੀ ਰਹੀ। ਅਖੀਰ ਸਿਕੰਦਰ ਖਾਂ ਅੱਗੇ ਵਧਿਆ। ਉਹਨੇ ਆਵਦੇ ਨੌਕਰ ਨੂੰ ਆਖਿਆ: ਸ਼ੇਰ ਮੁਹੰਮਦ ਦੀ ਲਾਸ਼ ਨੂੰ ਲਾਹ ਕੇ ਇਸ ਟਾਹਲੀ ਥੱਲੇ ਦਫਨ ਕਰ ਦਿਓ। ਅੱਜ ਤੋਂ ਬਾਅਦ ਟਾਹਲੀ ਨੂੰ ਪਾਣੀ ਦੇਣ ਦੀ ਡਿਊਟੀ ਮੇਰੇ ਜ਼ਿੰਮੇ ਰਹੀ। ਫਿਰ ਸ਼ੇਰ ਮੁਹੰਮਦ ਦਾ ਜਨਾਜ਼ਾ ਪੜ੍ਹਾ ਕੇ ਟਾਹਲੀ ਦੇ ਮੁੱਢ ਨਾਲ ਕਬਰ ਬਣਾ ਦਿੱਤੀ ਤੇ ਕਬਰ ਦੇ ਉਤੇ 'ਸ਼ੇਰ ਮੁਹੰਮਦ ਟਾਹਲੀ ਆਲਾ' ਲਿਖਾ ਦਿੱਤਾ।

ਮੈਂ ਅੱਜ ਇਸ ਕਬਰ 'ਤੇ ਫਾਤਿਹਾ ਪੜ੍ਹ ਕੇ ਬੜੀ ਦੇਰ ਸੋਚਦਾ ਰਿਹਾ ਆਂ, ਜਿਹੜੇ ਛਾਂਵਾਂ ਦੀ ਰਖਵਾਲੀ ਕਰਦੇ ਨੇ, ਛਾਂਵਾਂ ਉਨ੍ਹਾਂ ਦੀਆਂ ਕਬਰਾਂ ਦੀ ਰਾਖੀ ਬਹਿ ਜਾਂਦੀਆਂ ਨੇ।

# ਹੌਜ਼ ਦੇਈਏ ਭਰ ਜ਼ਰ ਦੇ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਆਮ ਬੋਲਚਾਲ ਦੀ ਪੰਜਾਬੀ ਵਿਚ ਸੋਨੇ ਦੇ ਅਰਥਾਂ ਵਾਲਾ ਜ਼ਰ ਸ਼ਬਦ ਘਟ ਹੀ ਇਸਤੇਮਾਲ ਹੁੰਦਾ ਹੈ। ਹਾਂ 'ਜ਼ਰ, ਜ਼ੋਰੂ, ਜ਼ਮੀਨ' ਮੁਹਾਵਰੇ ਵਿਚ ਬਥੇਰਾ ਰਟਿਆ ਜਾਂਦਾ ਹੈ। ਅਰਬੀ-ਫਾਰਸੀ ਭਰਪੂਰ ਕਿੱਸਿਆਂ ਤੇ ਸੂਫੀ ਕਵਿਤਾ ਵਿਚ ਇਸ ਦੀ ਟੋਹ ਮਿਲ ਜਾਂਦੀ ਹੈ, ਮਿਸਾਲ ਵਜੋਂ ਹਾਸ਼ਮ ਦੀ ਸੱਸੀ ਵਿਚ,

ਪੁਨੂੰ ਬਾਝ ਨਹੀਂ ਛੁਟਕਾਰਾ
ਹੌਜ਼ ਦੇਈਏ ਭਰ ਜ਼ਰ ਦੇ।
ਹਾਸ਼ਮ ਜ਼ੋਰ ਕਿਹਾ ਪਰ ਮੁਲਕੀਂ
ਮਾਣ ਹੋਵੇ ਵਿਚ ਘਰ ਦੇ।

ਗੁਰੂ ਨਾਨਕ ਨੇ ਇਸ ਸ਼ਬਦ ਨੂੰ 'ਜਰ' ਦੇ ਹੇਜਿਆਂ ਵਿਚ ਵਰਤਿਆ ਹੈ, ਉਦੋਂ ਗੁਰਮੁਖੀ ਵਿਚ ਅਜੇ 'ਜ' ਦੇ ਪੈਰ ਵਿਚ ਬਿੰਦੀ ਨਹੀਂ ਸੀ ਪਾਈ



ਜ਼ਾਰੀ

ਗਈ, 'ਇਸੁ ਜਰ ਕਾਰਣਿ ਘਣੀ ਵਿਗੁਤੀ॥' ਮੇਰਾ ਮੱਤ ਹੈ ਕਿ ਫਾਰਸੀ ਦੇ ਗਿਆਤਾ ਗੁਰੂ ਸਾਹਿਬ ਜ਼ਰੂਰ ਇਸ ਦੇ ਅਸਲੀ ਉਚਾਰਣ ਤੋਂ ਵਾਕਿਫ ਹੋਣਗੇ। ਫਾਰਸੀ ਭਰਪੂਰ ਗੁਰੂ ਸਾਹਿਬ ਦੇ ਇਕ ਪਦ ਵਿਚ ਵੀ ਇਹ ਸ਼ਬਦ ਮਿਲਦਾ ਹੈ, 'ਪਰੰਦਏ ਨ ਗਿਰਾਹ ਜਰ' ਅਰਥਾਤ ਪੰਛੀਆਂ ਦੇ ਪੱਲੇ ਧੰਨ ਨਹੀਂ। 'ਅਕਾਲ ਉਸਤਤ' ਵਿਚ ਵੀ ਇਹ ਸ਼ਬਦ ਇਸੇ ਰੂਪ ਵਿਚ ਮਿਲਦਾ ਹੈ, 'ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ।' ਜ਼ਰ ਸ਼ਬਦ ਮੁਢਲੇ ਤੌਰ 'ਤੇ ਫਾਰਸੀ ਤੋਂ ਹੀ ਆਇਆ ਹੈ। ਜਿਵੇਂ ਗੁਰੂ ਸਾਹਿਬ ਦੀ ਤੁਕ ਤੋਂ ਪਤਾ ਲਗਦਾ ਹੈ, ਇਸ ਸ਼ਬਦ ਵਿਚ ਸੋਨੇ ਤੋਂ ਇਲਾਵਾ ਧਨ-ਦੌਲਤ, ਅਸ਼ਰਫੀ ਦੇ ਅਰਥ ਵੀ ਹਨ, ਤਦੇ ਜ਼ਰ-ਖਰੀਦ ਦਾ ਮਤਲਬ ਹੁੰਦਾ ਹੈ, ਪੈਸੇ ਨਾਲ ਖਰੀਦਿਆ।

ਜ਼ਰ ਸ਼ਬਦ ਤੋਂ ਬਣਦਾ ਸੋਨੇ ਜਾਂ ਸੋਨੇ ਜਿਹੀਆਂ ਤਾਰਾਂ ਨਾਲ ਕੀਤੀ ਕਢਾਈ ਦਾ ਅਰਥਾਵਾਂ ਜ਼ਰੀ ਸ਼ਬਦ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਖੂਬ ਪ੍ਰਚਲਿਤ ਹੈ, ਹੀਰ ਦੇ ਦਾਜ ਵਿਚ ਜ਼ਰੀ ਤਾਂ ਹੋਣੀ ਹੀ ਸੀ ਤੇ ਉਹ ਵੀ 'ਖਾਸ ਚੌਤਾਰ',

ਬੋਕ ਬੰਦ ਤੇ ਅੰਬਰੀ ਬਾਦਲਾ ਸੀ
ਜ਼ਰੀ ਖਾਸ ਚੌਤਾਰ ਰਸੀਲੜੇ ਨੀ।
ਚਾਰ ਖਾਨੀਏ ਡੋਰੀਏ ਮਲਮਲਾਂ ਸਨ
ਚੌਂਪ ਛਾਇਲਾਂ ਨਿਪਟ ਸੁਖੀਲੜੇ ਨੀ।

ਸੋਨੇ ਦੀਆਂ ਤਾਰਾਂ ਨਾਲ ਬੁਣੇ ਕੱਪੜੇ ਨੂੰ ਜ਼ਰ-ਬਾਫ ਜਾਂ ਜ਼ਰ-ਬਾਫਤੀ ਆਖਦੇ ਹਨ,


ਜ਼ਰੀ ਬਾਫਤੀ ਕਦਰ ਕੀ ਜਾਣੇ
ਛੱਟ ਓਨਾਂ ਜਤ ਕਾਤਾ।
ਬੁੱਲ੍ਹਾ ਸ਼ਹੁ ਦੀ ਮਜਲਸ ਬਹਿ ਕੇ
ਹੋ ਗਿਆ ਗੁੰਗਾ ਬਾਤਾ।

ਜ਼ਰ ਤੋਂ ਬਣਦੇ ਹੋਰ ਵੀ ਬਹੁਤ ਸਾਰੇ ਫਾਰਸੀ ਸ਼ਬਦ ਸਾਡੀ ਭਾਸ਼ਾ ਵਿਚ ਮੌਜੂਦ ਹਨ, ਪਰ ਇਹ ਜਾਣਨਾ ਜ਼ਰੂਰੀ ਹੈ ਕਿ ਇਸ ਸ਼ਬਦ ਦਾ ਫਾਰਸੀ ਵਿਚ ਇਕ ਹੋਰ ਅਰਥ ਸੁਨਹਿਰੀ ਜਾਂ ਪੀਲਾ ਵੀ ਹੈ, ਕਿਉਂਕਿ ਸੋਨੇ ਦਾ ਰੰਗ ਅਜਿਹਾ ਹੀ ਹੁੰਦਾ ਹੈ। ਸਭ ਤੋਂ ਪਹਿਲਾਂ ਸਾਡੇ ਸਾਹਮਣੇ ਜ਼ਰਦ ਸ਼ਬਦ ਆਉਂਦਾ ਹੈ, ਜਿਸ ਦਾ ਅਰਥ ਪੀਲਾ ਹੈ। ਸ਼ਿਵ ਕੁਮਾਰ ਦੇ ਬੋਲ ਹਨ,

ਮੇਰੇ ਗੀਤਾਂ ਦੀ ਲਾਜਵੰਤੀ ਨੂੰ
ਤੇਰੇ ਬਿਰਹੇ ਨੇ ਹੱਥ ਲਾਇਐ।
ਮੇਰੇ ਬੋਲਾਂ ਦੇ ਜ਼ਰਦ ਪੱਤਿਆਂ ਨੇ
ਤੇਰੀ ਸਰਦਲ ਉਤੇ ਸਿਰ ਨਿਵਾਇਐ।

ਜ਼ਰਦ ਤੋਂ ਹੀ ਬਣਦਾ ਸ਼ਬਦ ਜ਼ਰਦੀ ਹੈ, ਜਿਸ ਦਾ ਅਰਥ ਪਿਲੱਤਣ ਹੈ, ਪਰ ਅਸੀਂ ਇਸ ਨੂੰ ਬਹੁਤਾ ਆਂਡੇ ਦੇ ਪੀਲੇ ਹਿੱਸੇ ਦੇ ਅਰਥਾਂ ਵਿਚ ਵਰਤਦੇ ਹਾਂ। ਪੀਲਾ ਰੰਗ ਪਾ ਕੇ ਰਿੱਧੇ ਹੋਏ ਮਿੱਠੇ ਚੌਲਾਂ ਨੂੰ ਜ਼ਰਦਾ ਆਖਦੇ ਹਾਂ। ਇਹ ਪਹਿਲਾਂ ਚੌਲਾਂ ਵਿਚ ਸ਼ਹਿਦ ਤੇ ਕੇਸਰ ਮਿਲਾ ਕੇ ਬਣਾਇਆ ਜਾਂਦਾ ਸੀ। ਮੂੰਹ ਵਿਚ ਰੱਖ ਕੇ ਚੱਬਣ ਵਾਲਾ ਸੁੱਕਾ ਤਮਾਖੂ ਵੀ ਜ਼ਰਦਾ ਹੈ। ਪੀਲੀਏ ਨੂੰ ਵੀ ਜ਼ਰਦਾ ਆਖ ਲਈਦਾ ਹੈ। ਖੁਰਮਾਨੀ ਲਈ ਜ਼ਰਦਆਲੂ ਸ਼ਬਦ ਵੀ ਹੈ। ਹਲਦੀ ਨੂੰ ਫਾਰਸੀ ਵਿਚ ਜ਼ਰਦਚੋਬ ਵੀ ਆਖਦੇ ਹਨ। ਉਪਜਾਊ ਦੇ ਅਰਥਾਂ ਵਾਲੇ ਫਾਰਸੀ ਸ਼ਬਦ ਜ਼ਰਖੇਜ਼ ਦਾ ਸ਼ਾਬਦਿਕ ਅਰਥ ਬਣਦਾ ਹੈ, ਸੋਨਾ ਪੈਦਾ ਕਰਨ ਵਾਲਾ; ਯਾਦ ਕਰੋ, "ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ।" ਜ਼ਰਦਾਰ ਦਾ ਮਤਲਬ ਹੈ, ਅਮੀਰ ਆਦਮੀ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਦਾ ਨਾਂ ਆਸਿਫ ਅਲੀ ਜ਼ਰਦਾਰੀ ਹੈ। ਜ਼ਰਦਾਰੀ



ਹਾਰਾ

ਇਕ ਸਿੰਧ-ਬਲੋਚ ਕਬੀਲੇ ਦਾ ਨਾਂ ਹੈ। ਫਾਰਸੀ ਵਿਚ ਆਂਡੇ ਦੀ ਜ਼ਰਦੀ ਲਈ ਜ਼ਰਦ ਖਾਇਆ ਸ਼ਬਦ ਵੀ ਹੈ। ਇਸ ਜ਼ਬਾਨ ਵਿਚ ਗਾਜਰ ਨੂੰ ਜ਼ਰਦਕ ਆਖਦੇ ਹਨ। ਜ਼ਰਦੋਜ਼ ਹੁੰਦਾ ਹੈ, ਸੋਨੇ ਦੀ ਕਢਾਈ ਕਰਨ ਵਾਲਾ। ਜ਼ਰੀਨਾ ਦਾ ਮਤਲਬ ਹੈ, ਸੁਨਹਿਰੀ ਜਾਂ ਸੋਨੇ ਦਾ ਬਣਿਆ। ਅਦਾਕਾਰਾ ਜ਼ਰੀਨਾ ਵਹਾਬ ਦੇ ਨਾਂ ਵਿਚ ਇਹੋ ਸ਼ਬਦ ਝਲਕਦਾ ਹੈ। ਫਾਰਸੀ ਵਿਚ ਜ਼ਰ ਤੋਂ ਬਣੇ ਹੋਰ ਅਨੇਕਾਂ ਸੰਯੁਕਤ ਸ਼ਬਦ ਹਨ।

ਭਾਰਤੀ ਭਾਸ਼ਾਵਾਂ ਦੇ ਸ਼ਬਦਾਂ ਦੀ ਵਿਉਤਪਤੀ ਦੇ ਵਿਸ਼ੇ ਵਿਚ ਮੈਂ ਹਿੰਦੀ ਦੇ ਸਮਕਾਲੀ ਨਿਰੁਕਤ-ਸ਼ਾਸਤਰੀ ਅਜਿਤ ਵਡਨੇਰਕਰ ਦਾ ਲੋਹਾ ਮੰਨਦਾ ਹਾਂ। ਇਸ ਲਈ ਸ਼ਬਦਾਂ ਦੇ ਮੁਢ ਬਾਰੇ ਕੁਝ ਲਿਖਣ ਲੱਗਿਆਂ ਉਸ ਦੇ ਲਿਖੇ ਨੂੰ ਜ਼ਰੂਰ ਵਾਚਦਾ ਹਾਂ। 'ਅਰਜਨ ਤੇ ਅਰਜੁਨ' ਬਾਰੇ ਲਿਖਣ ਲੱਗਿਆਂ ਅਜਿਹਾ ਹੀ ਕੀਤਾ ਤਾਂ ਅਚੰਭਾ ਹੋਇਆ ਕਿ ਉਸ ਨੇ ਜ਼ਰ/ਜ਼ਰੀ ਸ਼ਬਦਾਂ ਨੂੰ ਵੀ ਚਮਕ, ਸਫੈਦ ਦੇ ਭਾਵਾਂ ਵਾਲੇ 'ਅਰਜ' ਧਾਤੂ ਨਾਲ ਜੋੜ ਕੇ



ਦਰਸਾਇਆ ਹੋਇਆ ਸੀ, ਕਿਉਂਕਿ ਚਾਂਦੀ ਵਾਂਗ ਸੋਨਾ ਵੀ ਚਮਕ ਵਾਲੀ ਧਾਤ ਹੈ, ਪਰ ਉਸ ਨੇ ਇਸ ਸਬੰਧ ਨੂੰ ਸਰਸਰੀ ਜਿਹਾ ਹੀ ਨਿਪਟਾਇਆ ਸੀ। ਹੋਰ ਗੱਲਾਂ ਤੋਂ ਇਲਾਵਾ 'ਜ਼ਰ' ਸ਼ਬਦ ਅਰਜ/ਰਜ ਦੀ ਧੁਨੀ ਤਰਤੀਬ ਤੋਂ ਉਲਟ ਹੈ। ਤਮਾਮ ਸ੍ਰੋਤਾਂ ਤੋਂ ਲਈ ਜਾਣਕਾਰੀ ਘੋਖੀ ਤਾਂ ਇਹ ਦਾਅਵਾ ਕੱਚਾ ਮਹਿਸੂਸ ਹੋਇਆ। ਅਰਜਨ ਵਾਂਗ ਜ਼ਰ ਵੀ ਭਾਰੋਪੀ ਖਾਸੇ ਵਾਲਾ ਸ਼ਬਦ ਹੈ, ਪਰ ਇਸ ਦਾ ਰਿਸ਼ਤਾ 'ਅਰਜ' ਧਾਤੂ ਨਾਲ ਨਹੀਂ ਹੈ ਤੇ ਇਸ ਦਾ ਭਾਰੋਪੀ ਮੂਲ ਵੀ ਹੋਰ ਹੈ।

ਪਹਿਲਾਂ ਇਸ ਦਾ ਸੰਸਕ੍ਰਿਤ ਨਾਲ ਨਾਤਾ ਦੇਖੀਏ। ਸੰਸਕ੍ਰਿਤ ਵਿਚ ਫਾਰਸੀ ਵਲੋਂ ਆਏ 'ਜ਼ਰ' ਦੇ ਟਾਕਰੇ 'ਤੇ 'ਹਰਿ' ਸ਼ਬਦ ਆਉਂਦਾ ਹੈ। ਸੰਸਕ੍ਰਿਤ ਵਿਚ ਇਸ ਸ਼ਬਦ ਦਾ ਪਹਿਲਾ ਅਰਥ ਹਰਾ, ਹਰੀ ਭਾਅ ਮਾਰਦਾ ਪੀਲਾ, ਖਾਕੀ ਰੰਗ ਹੈ। ਅਸਲ ਵਿਚ ਪ੍ਰਤੀਤੀ ਵਜੋਂ ਵੀ ਅਤੇ ਭੌਤਿਕੀ ਦੀ ਪ੍ਰਕਾਸ਼-ਵਿਗਿਆਨ ਸ਼ਾਖਾ ਦੇ ਗਿਆਨ ਅਨੁਸਾਰ ਵੀ ਦੋਹਾਂ ਦੀ ਵੇਵ-ਲੈਂਗਥ ਵਿਚ ਥੋੜ੍ਹਾ ਫਰਕ ਹੈ। ਪ੍ਰਕਾਸ਼-ਪੱਟੀ ਵਿਚ ਹਰਾ ਤੇ ਪੀਲਾ ਰੰਗ ਨਾਲੋ ਨਾਲ ਹਨ। ਬੂਟਿਆਂ ਦੇ ਪੱਤੇ ਹਰੇ ਤੋਂ ਪਿਛੋਂ ਪੀਲੇ ਪੈ ਜਾਂਦੇ ਹਨ। ਬਹੁਤ ਪ੍ਰਾਚੀਨ ਵਿਚ ਵਿਕਾਸ ਦੇ ਅਰੰਭਲੇ ਪੜਾਅ ਦੌਰਾਨ ਮਨੁੱਖ ਦੀ ਰੰਗਾਂ ਪ੍ਰਤੀ ਪ੍ਰਤੀਤੀ ਸੀਮਿਤ ਹੀ ਸੀ, ਇਸ ਲਈ ਰੰਗਾਂ ਦੇ ਨਾਂ ਵੀ ਬਹੁਤ ਸੀਮਿਤ ਸਨ। ਸੋ ਹਰਿ ਸ਼ਬਦ ਵਿਚ ਹਰਾ, ਪੀਲਾ ਅਤੇ ਦੋਹਾਂ ਦੇ ਵਿਚਕਾਰਲਾ ਰੰਗ ਦੇ ਭਾਵ ਹਨ। ਹੋਰ ਤਾਂ ਹੋਰ ਸੰਸਕ੍ਰਿਤ ਵਿਚ ਇਹ ਸ਼ਬਦ ਬੂਰੇ, ਭੂਰੇ ਜਾਂ ਕਪਿਲ ਰੰਗ ਵਜੋਂ ਵੀ ਆਇਆ ਹੈ। ਕੁਝ ਹੋਰ ਮਿਲਦੇ-ਜੁਲਦੇ ਅਰਥ ਦੇਖੀਏ, ਵਿਸ਼ਨੂੰ ਦਾ ਇੱਕ ਨਾਂ; ਸੂਰਜ; ਚੰਦ; ਅੱਗ; ਕਿਰਨ, ਘੋੜਾ; ਲੰਗੂਰ, ਡੱਡੂ; ਤੋਤਾ। ਵਰਤਨੀ ਦੀਆਂ ਕੁਝ ਮਿਸਾਲਾਂ ਲੈਂਦੇ ਹਾਂ: ਹਰਾ ਰੰਗ, 'ਦਾਵਾ ਅਗਨਿ ਰਹੇ ਹਰਿ ਬੂਟ॥' (ਗੁਰੂ ਅਰਜਨ ਦੇਵ); ਵਿਸ਼ਨੂੰ, "ਦਸਿਕ ਅਸੁਰ ਹਰਿ ਘਾਏ।" (ਦਸਮ ਗ੍ਰੰਥ); ਪਰਮਾਤਮਾ, 'ਹਰਿ ਸਿੰਘਾਸਣੁ ਦੀਅਉ ਸਿਰਿ ਗੁਰੁ ਤਹ ਬੈਠਾਯਉ॥' (ਸਵੱਈਏ)। ਗੁਰਬਾਣੀ ਵਿਚ ਰਾਮ, ਕ੍ਰਿਸ਼ਨ, ਵਿਸ਼ਨੂੰ ਆਦਿ ਨੂੰ ਪਰਮਾਤਮਾ ਵਜੋਂ ਸਮਝੇ ਜਾਣ ਦੀ ਪਿਰਤ ਹੈ। ਪੰਜਾਬੀ ਤੇ ਹੋਰ ਭਾਸ਼ਾਵਾਂ ਦਾ 'ਹਰਾ' ਰੰਗ ਇਸੇ ਹਰਿ ਦੀ ਦੇਣ ਹੈ। ਪਸ਼ੂਆਂ ਲਈ ਕੀਤੇ ਕੁਤਰੇ ਨੂੰ ਵੀ ਹਰਾ ਕਹਿੰਦੇ ਹਨ।

ਹਿਰਨ ਦਾ ਸੰਸਕ੍ਰਿਤ ਰੂਪ ਹੈ, ਹਰਿਣ ਜੋ ਮੁਢਲੇ ਤੌਰ 'ਤੇ ਸੁਨਹਿਰੀ ਜਾਂ ਪੀਲਾ ਹਿਰਨ ਹੈ। ਹਿਰਨੀ (ਸੰਸਕ੍ਰਿਤ ਹਰਿਣੀ) ਹਿਰਨ ਦੀ ਮਾਦਾ ਹੈ। ਹਰਿਣੀ ਸ਼ਬਦ ਪੀਲੇ ਰੰਗ ਦੀ ਚਮੇਲੀ ਅਤੇ ਕੋਕ-ਸ਼ਾਸਤਰਾਂ ਵਿਚ ਹਿਰਨੀ ਵਰਗੀ ਚਾਲ ਵਾਲੀ ਇਸਤਰੀ ਲਈ ਵੀ ਵਰਤਿਆ ਜਾਂਦਾ ਹੈ। ਵੈਦਗੀ ਅਨੁਸਾਰ ਕਬਜ਼, ਖਾਂਸੀ, ਬਵਾਸੀਰ ਆਦਿ ਲਈ ਹਰੜ (ਇਕ ਬੂਟੇ ਦਾ ਫਲ) ਰੋਗ-ਨਾਸ਼ਕ ਦਵਾਈ ਵਜੋਂ ਵਰਤੀ ਜਾਂਦੀ ਹੈ। ਹਰੜ ਸ਼ਬਦ ਹਰੀਤਕ ਦਾ ਵਿਉਤਪਤ ਰੂਪ ਹੈ, ਜੋ ਅੱਗੇ ਹਰਿਤ ਦਾ ਵਿਗੜਿਆ ਰੂਪ ਹੈ। ਇਸ ਵਿਚ ਪੀਲੇ-ਹਰੇ ਰੰਗ ਦਾ ਭਾਵ ਹੈ। ਹਰਿਅਲ ਹਰੇ ਰੰਗ ਦਾ ਕਬੂਤਰ ਹੈ। ਸੰਸਕ੍ਰਿਤ ਵਿਚ ਹਲਦੀ ਲਈ ਹਰਿਦ੍ਰਾ ਸ਼ਬਦ ਹੈ। ਇਸ ਦਾ ਪ੍ਰਾਕ੍ਰਿਤ ਰੂਪ ਹੋਇਆ, ਹਲਦੀ ਜਾਂ ਹਲਦਾ। ਸੰਸਕ੍ਰਿਤ ਵਿਚ ਹਰਿਣਯ ਦਾ ਅਰਥ ਸੋਨਾ ਵੀ ਹੈ, ਪਰ ਇਸ ਦਾ ਕੋਈ ਵਿਉਤਪਤ ਰੂਪ ਪੰਜਾਬੀ ਤੱਕ ਨਹੀਂ ਪੁੱਜਾ। ਹਾਂ, ਇੱਕ ਦੈਂਤ ਦੇ ਨਾਂ ਹਰਿਨਾਖਸ਼ ਵਿਚ ਜ਼ਰੂਰ ਝਲਕਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ, ਹਿਰਣਯ ਵਰਗੀ ਅੱਖ, 'ਹਰਿ ਹਰਨਾਖਸ ਹਰੇ ਪਰਾਨ॥' (ਭਗਤ ਨਾਮਦੇਵ)। ਪ੍ਰਾਕ੍ਰਿਤ ਵਿਚ ਇਸ ਦਾ ਹਿਰਣ ਜਿਹਾ ਰੂਪ ਹੈ। ਗੜਵਾਲੀ ਵਿਚ ਮਰ ਰਹੇ ਬੰਦੇ ਦੇ ਮੂੰਹ ਵਿਚ ਪਾਏ ਜਾਣ ਵਾਲੇ ਸੋਨੇ ਦੇ ਟੁਕੜੇ ਨੂੰ ਹਿਰਣ ਕਿਹਾ ਜਾਂਦਾ ਹੈ।

ਜਿਵੇਂ ਪਹਿਲਾਂ ਸੰਕੇਤ ਕੀਤਾ ਗਿਆ ਹੈ, ਜ਼ਰ/ਹਰਿ ਸ਼ਬਦ ਭਾਰੋਪੀ ਹਨ, ਜਿਨ੍ਹਾਂ ਦਾ ਮੂਲ 'Ghel' ਕਲਪਿਆ ਗਿਆ ਹੈ। ਇਸ ਵਿਚ ਚਮਕਣ ਦੇ ਭਾਵ ਹਨ, ਜਿਸ ਤੋਂ ਸੋਨਾ ਅਰਥਾਤ ਚਮਕੀਲੀ ਧਾਤ ਦੇ ਅਰਥਾਂ ਵਾਲੇ ਸ਼ਬਦ ਬਣੇ ਹਨ। ਹੋਰ ਬਣੇ ਸ਼ਬਦਾਂ ਵਿਚ ਪੀਲਾ, ਹਰਾ ਅਤੇ ਪਿੱਤਾ ਦੇ ਅਰਥਾਂ ਵਾਲੇ ਭਾਵ ਹਨ। ਕੁਝ ਸ਼ਬਦਾਂ ਦਾ ਵੇਰਵਾ ਦਿੰਦੇ ਹਾਂ। ਅੰਗਰੇਜ਼ੀ ਗੋਲਡ ਸ਼ਬਦ ਦਾ ਪ੍ਰਾਕ-ਜਰਮੈਨਿਕ ਰੂਪ ਗੁਲਥਨ ਜਿਹਾ ਹੈ। ਇਸੇ ਤੋਂ ਹੋਰ ਜਰਮੈਨਿਕ ਭਾਸ਼ਾਵਾਂ ਜਿਵੇਂ ਜਰਮਨ, ਡੱਚ, ਡੈਨਿਸ਼ ਆਦਿ ਵਿਚ ਸੋਨੇ ਦੇ ਅਰਥਾਂ ਵਾਲੇ ਰਲਦੇ-ਮਿਲਦੇ ਸ਼ਬਦ ਹਨ। ਸਲਾਵਿਕ ਭਾਸ਼ਾਵਾਂ ਵਿਚ ਵੀ ਇਸੇ ਭਾਰੋਪੀ ਮੂਲ ਤੋਂ ਸੋਨੇ ਦੇ ਅਰਥਾਂ ਵਾਲੇ ਹਨ ਜਿਵੇਂ ਰੂਸੀ ਵਿਚ ਜ਼ੋਲੋਟੋ ਹੈ। ਗਰੀਕ ਭਾਸ਼ਾ ਵਿਚ ਚਰਚਿਤ ਭਾਰੋਪੀ ਮੂਲ ਤੋਂ Khloros ਜਿਹਾ ਸ਼ਬਦ ਵਿਗਸਿਆ ਹੈ, ਜਿਸ ਦਾ ਭਾਵ ਪੀਲਾ-ਹਰਾ, ਖਾਕੀ ਹੈ। ਕਲੋਰੀਨ ਧਾਤ ਅਜਿਹੇ ਰੰਗ ਦੀ ਭਾਅ ਮਾਰਦੀ ਹੈ। ਕਲੋਰੋਫਿਲ ਸ਼ਬਦ ਵਿਚ ਵੀ ਇਹੀ ਸ਼ਬਦ ਝਲਕਦਾ ਹੈ। ਹੈਜ਼ੇ ਲਈ ਅੰਗਰੇਜ਼ੀ ਸ਼ਬਦ ਹੈ, Cholera. ਪਹਿਲਾਂ ਸਮਝਿਆ ਜਾਂਦਾ ਸੀ ਕਿ ਹੈਜ਼ਾ ਪੀਲੇ ਰੰਗੀ ਪਿੱਤ (ਗਰੀਕ Khole=ਪਿੱਤ) ਦੇ ਵਧਣ ਕਾਰਨ ਹੁੰਦਾ ਹੈ। ਹੋਰ ਤਾਂ ਹੋਰ ਖੂਨ ਦੇ ਖੌ ਭਿਅੰਕਰ ਕੋਲੈਸਟਰੋਲ ਸ਼ਬਦ ਵਿਚ ਵੀ ਇਹੋ ਸ਼ਬਦ ਬੋਲਦਾ ਹੈ ਕਿਉਂਕਿ ਇਸ ਸ਼ੈਅ ਨੂੰ ਪਹਿਲਾਂ ਪਿੱਤ ਦੀਆਂ ਪੱਥਰੀਆਂ ਵਿਚ ਪਾਇਆ ਗਿਆ ਸੀ। ਇਥੇ ਪਿੱਤ ਦੇ ਅਰਥਾਂ ਵਾਲਾ Gall ਸ਼ਬਦ ਵੀ ਥਾਂ ਸਿਰ ਹੈ। ਇਸ ਦਾ ਪ੍ਰਾਕ-ਜਰਮੈਨਿਕ ਰੂਪ Gallon ਸੀ।

ਅੰਗਰੇਜ਼ੀ Glance, Glare, Glaze, Glimpse, Glitter, Glow, Gloss, Glass ਅਤੇ ਹੋਰ ਕਈ ਅਜਿਹੇ ਸ਼ਬਦਾਂ ਵਿਚ ਚਮਕ ਦੇ ਭਾਵ ਸਪਸ਼ਟ ਪ੍ਰਤੀਤ ਕੀਤੇ ਜਾ ਸਕਦੇ ਹਨ। ਪੀਲੀਏ ਲਈ ਅੰਗਰੇਜ਼ੀ ਸ਼ਬਦ Jaundice ਹੈ, ਜਿਸ ਦਾ ਲਾਤੀਨੀ ਮੁਢ Galbinus ਸਮਝਿਆ ਜਾਂਦਾ ਹੈ। ਹੋਰ ਤਾਂ ਹੋਰ ਪੀਲਾ ਲਈ ਅੰਗਰੇਜ਼ੀ ਸ਼ਬਦ Yellow ਵੀ ਇਸੇ ਮੂਲ ਤੋਂ ਬਣਿਆ ਹੈ। ਇਸ ਦਾ ਪ੍ਰਾਕ-ਜਰਮੈਨਿਕ ਰੂਪ ਸੀ, Gelwaz. ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵੀ ਅਜਿਹੇ ਹੀ ਸ਼ਬਦ ਹਨ ਜਿਵੇਂ ਜਰਮਨ ਵਿਚ Gelb. ਇਥੇ ਇਹ ਦੱਸਣਾ ਬਣਦਾ ਹੈ ਕਿ ਅੰਗਰੇਜ਼ੀ ਭਾਸ਼ਾ ਵਿਚ ਕਿਸੇ ਵੇਲੇ 'ਗ' ਧੁਨੀ 'ਯ' ਵਿਚ ਬਦਲ ਗਈ ਸੀ।

## ਦੇਸ਼ਾਂ ਵਾਲਿਓ

ਦੇਸ਼ਾਂ ਵਾਲਿਓ, ਆਪਣੇ ਦੇਸ਼ ਅੰਦਰ
ਰਹਿਣਾ ਪੈ ਰਿਹੈ ਵਾਂਗ ਬੇਗਾਨਿਆਂ ਦੇ।
ਕੋਈ ਦਾਦ ਫਰਿਆਦ, ਨਿਆਂ ਨਾਹੀਂ
ਵੱਸ ਪਏ ਆਂ ਭਾਢੇ ਜਰਵਾਨਿਆਂ ਦੇ।
ਕਦੀ ਅਤਿਵਾਦੀ ਤੇ ਕਦੀ ਵੱਖਵਾਦੀ
ਤਰ੍ਹਾਂ ਤਰ੍ਹਾਂ ਦੇ ਮਿਲਦੇ ਖਿਤਾਬ ਸਾਨੂੰ,
ਹੱਕ, ਸੱਚ ਦੀ ਅਵਾਜ਼ ਗੁਨਾਹ ਏਥੇ
ਜੇਲ੍ਹਾਂ ਕੱਟੀਏ ਵਿਚ ਇਵਜ਼ਾਨਿਆਂ ਦੇ।
ਮੁੱਦਾ ਧਰਮ ਦਾ ਹੋਵੇ ਜਾਂ ਰਾਜਨੀਤੀ
ਸਾਧਾਂ, ਬਾਬਿਆਂ, ਡੇਰੇ ਵਾਲਿਆਂ ਦਾ,
ਮਾਲਾ, ਤਸਬੀ, ਜੰਞੂ, ਟਿੱਕਿਆਂ ਦਾ
ਅਸੀਂ ਹੁੰਨੇ ਆਂ ਸਦਾ ਨਿਸ਼ਾਨਿਆਂ 'ਤੇ।

ਜੰਗਲ, ਬੰਜਰਾਂ, ਟਿੱਬੇ ਸਾਫ ਕਰ ਕੇ
ਧਰਤੀ ਮੁਲਕ ਦੀ ਵਾਹੀ ਜੋਗ ਕੀਤੀ,
ਹੱਡ ਭੰਨ, ਲਹੂ-ਪਸੀਨਾ ਇੱਕ ਕਰਕੇ
ਮੂੰਹ ਭਰੇ ਸੀ, ਇਹਦੇ ਖਜ਼ਾਨਿਆਂ ਦੇ।
ਘਰ-ਬਾਰ, ਪਰਿਵਾਰ ਕੁਰਬਾਨ ਕੀਤੇ
ਜੇਲ੍ਹਾਂ, ਫਾਂਸੀਆਂ, ਕਾਲੇ ਪਾਣੀਆਂ 'ਚ,
ਏਸੇ ਦੇਸ਼ ਦੀ ਅਜ਼ਾਦੀ ਦੀ ਸ਼ਮ੍ਹਾਂ ਉਤੇ
ਕਦੀ ਸੜੇ ਸਾਂ ਵਾਂਗ ਪਰਵਾਨਿਆਂ ਦੇ।

ਰਾਹੂ, ਕੇਤੂ ਨੇ ਚੱਲੀ ਹੈ ਚਾਲ ਐਸੀ
ਕਰਕੇ ਵਾਅਦੇ ਤੇ ਵਾਅਦਾ ਤੋੜਦੇ ਰਹੇ,
ਸਾਰੇ ਹੱਕ-ਹਕੂਕ ਖਿਸਕਾ ਲਏ ਸਾਥੋਂ
ਬਹਾਨੇ, ਨਵੇਂ ਤੋਂ ਨਵੇਂ ਬਹਾਨਿਆਂ ਦੇ।
ਸਾਡੀ ਹੋਂਦ ਨੂੰ ਮੁਢੋਂ ਮੁਕੌਣ ਦੇ ਲਈ
ਬੋਲੀ, ਵਿਰਸਾ, ਸਭਿਆਚਾਰ ਸਾਡਾ,
ਅੰਦਰੋ-ਅੰਦਰੀ ਖੋਖਲਾ ਕਰੀ ਜਾਵਣ
ਢੰਗ ਵਰਤ ਕੇ ਦੁਸ਼ਮਣਾਂ ਦਾਨਿਆਂ ਦੇ।

ਘਰ ਦੇ ਦੀਵੇ ਤੋਂ ਘਰ ਨੂੰ ਅੱਗ ਲੱਗੀ
ਸਿਰ ਗੈਰਾਂ ਦੇ ਠੂਠੇ ਕਾਹਨੂੰ ਭੰਨਣੇ ਆਂ,
ਵਾਂਗ ਡੇਲਿਆਂ ਦੇ ਅਸੀਂ ਖਿੱਲਰੇ ਖੁਦ
ਦਾਹੜੀ ਹੱਥ ਏ ਸਾਡੀ ਬੇਗਾਨਿਆਂ ਦੇ।
ਇਨ੍ਹਾਂ ਲੋਕਾਂ ਤੋਂ ਤੁਸੀਂ ਕੀ ਲੱਭਦੇ ਓ
ਤੁਹਾਡਾ ਲਹੂ, ਸ਼ਹੀਦੀਆਂ ਵੇਚ ਕੇ ਜੋ,
ਲਾ ਕੇ ਕੌਮ ਦੀ ਅਣਖ ਹਯਾ ਦਾਅ 'ਤੇ
ਬਣ ਕੇ ਬੈਠੇ ਨੇ ਮਾਲਕ ਖਜ਼ਾਨਿਆਂ ਦੇ।
ਇਹ ਗੀਦੀ ਗੱਦਾਰ, ਬੇ-ਅਣਖ ਲੋਕੀਂ
ਹਮੇਸ਼ਾ ਕੌਮ ਦੇ ਜਜ਼ਬਾਤ ਨਾਲ ਖੇਡਣ,
ਟਕੇ ਟਕੇ ਨੂੰ ਵਿਕਣ ਨੂੰ ਤਿਆਰ ਬੈਠੇ
ਗੁਲਾਮ ਮੰਡੀ 'ਚ ਵਾਂਗ ਭੁਕਾਨਿਆਂ ਦੇ।
ਬਦਕਿਸਮਤੀ ਮੇਰੀ ਇਸ ਕੌਮ ਦੀ ਏ
ਨੀਤੀਵਾਨ ਕੋਈ ਪੈਦਾ ਨਾ ਕਰ ਸਕੀ,
ਮੌਕਾ ਸ਼ਨਾਸ਼, ਸਿਰੜੀ ਦੂਰ ਅੰਦੇਸ਼ ਹੋਵੇ
ਟੁਰੇ ਕੌਮ ਲੈ ਕੇ ਵੱਲ ਨਿਸ਼ਾਨਿਆਂ ਦੇ।
ਨਾ ਹੀ ਕਲਮ ਕਿਤੇ ਕੋਈ ਦਿਸਦੀ ਏ
ਬਣ ਪੱਥ ਪਰ-ਦਰਸ਼ਕ ਜੋ ਰਾਹ ਪਾਵੇ
ਕਿੱਸੇ ਲਿਖੇ ਜੋ ਕੌਮ ਅਫਸਾਨਿਆਂ ਦੇ।

ਅਫਸੋਸ, ਨਾਅਹਿਲ, ਖੁਦਗਰਜ਼ ਲੋਕਾਂ
ਵੇਲੇ ਵਕਤ ਨੂੰ ਕਦੇ ਵਿਚਾਰਿਆ ਨਹੀਂ,
ਭੰਬਲਭੂਸਿਆਂ ਵਿਚ ਸਦਾ ਪਏ ਰਹਿੰਦੇ
ਮੌਕੇ, ਚੜ੍ਹੇ ਭੇਟਾ ਊਜਾਂ, ਤਾਹਨਿਆਂ ਦੇ।
ਬਹਾਰਾਂ, ਦੇ ਦੇ ਦਸਤਕ ਮੁੜ ਗਈਆਂ
ਫੁੱਟੀ ਅੱਖ ਅਸਾਂ ਉਧਰ ਤੱਕਿਆ ਨਹੀਂ,
ਨਿਰਾ ਢੋਰਾਂ ਦਾ ਵੱਗ ਅਸੀਂ ਬਣੇ ਰਹੇ
ਬੂਹੇ ਢੋਅ ਰੱਖੇ, ਅਕਲ ਖਜ਼ਾਨਿਆਂ ਦੇ।
ਕੌਮਾਂ, ਉਹੀ ਜਹਾਨ 'ਤੇ ਜਿਉਂਦੀਆਂ ਨੇ
ਮਨ ਜਿਨ੍ਹਾਂ ਦੇ ਮਰਨ ਦਾ ਚਾਅ ਹੋਵੇ,
ਸਿਰਾਂ ਬਾਝ ਨਹੀਂ ਹੱਕ-ਹਕੂਕ ਮਿਲਦੇ
ਰਾਜ, ਮਿਲੇ ਨਾ ਬਿਨਾ ਧਿੰਗਾਣਿਆਂ ਦੇ।
ਪਰ ਜੋਸ਼, ਹੋਸ਼ ਬਿਨਾ ਘਾਟੇ ਵੰਦ ਹੁੰਦੈ
ਅਕੀਦਾ ਵਿਸਰੇ ਤੋਂ ਜ਼ਿਲਤ ਪਏ ਪੱਲੇ,
ਜਦ ਤੋਂ ਗੁਰੂ ਵੱਲੋਂ ਅਸੀਂ ਬੇ-ਮੁੱਖ ਹੋਏ
ਰੁਲ ਗਏ ਆਂ ਵਾਂਗ ਕੱਖਾਂ ਕਾਨਿਆਂ ਦੇ।
ਵਿਸਾਹ ਵਿਸਾਹ ਵੈਰੀ ਨੇ ਮਾਰਿਆ ਏ
ਸਾਨੂੰ ਫੇਰ ਵੀ ਆਈ ਨਹੀਂ ਸੋਚ ਕੋਈ,
ਬਾਝੋਂ ਅਕਲ ਦੇ ਖੂਹ ਖਾਲੀ ਹੋ ਜਾਂਦੇ
ਕਥਨ ਸੱਚ ਨੇ ਵੱਡੇ ਸਿਆਣਿਆਂ ਦੇ।

-ਚੰਨ

ਫੋਨ: 908-788-8427

---

## ਕੋਇਲ

ਸੁਣ ਨੀ ਕੋਇਲੇ ਕਾਲੀਏ।
ਬਿਰਹਾ ਦੀ ਨੀ ਜਾਲੀਏ।
ਬਾਗੀਂ ਆ ਕੇ ਨਾ ਕੂਕ ਨੀ।
ਸੁਣ ਉਠੇ ਸੀਨੇ ਹੂਕ ਨੀ।

ਹਿਜ਼ਰ ਹਿਰਦਾ ਸਾੜਿਆ।
ਵਿਛੋੜੇ ਡਾਢਾ ਮਾਰਿਆ।

ਤੇਰੀ ਤਿੱਖੀ ਹੈ ਅਵਾਜ਼ ਨੀ।
ਕੂਕਦੀ ਭਰੇਂ ਪਰਵਾਜ਼ ਨੀ।

ਜਦੋਂ ਕਾਂ ਉਡ ਪਿੱਛੇ ਭੱਜਦੇ।
ਕਾਂ ਕਾਂ ਨੇ ਕਰਤੂਤਾਂ ਦੱਸਦੇ।
ਆਂਡੇ ਕਾਂਉਣੀ ਦੇ ਪੀ ਲਏ।
ਖੁਦ ਆਲ੍ਹਣੇ ਰੱਖ ਜੀ ਲਏ।
ਕਾਂ ਦੇ ਅੱਖੀਂ ਘੱਟੇ ਪਾ ਲਏ।
ਬੱਚੇ ਆਪਣੇ ਕਢਵਾ ਲਏ।

ਹੁਣ ਤੂੰ ਕੂ ਕੂ ਨੇੜੇ ਬੋਲਦੀ।
ਨਾਲੇ ਕੁਫਰ ਤਾਂਈਂ ਤੋਲਦੀ।
ਬੋਟਾਂ ਨੂੰ ਹੁਣ ਬੁਲਾ ਰਹੀ।
ਲਾ ਕੇ ਮਗਰ ਭਜਾ ਰਹੀ।

ਧੋਖਾ ਕਰੇਂ ਤੂੰ ਨੀ ਕਾਲੀਏ।
ਕਾਲੇ ਹੀ ਦਿਲ ਵਾਲੀਏ।

ਬੰਦਾ ਵੀ ਰੀਸ ਕਰ ਰਿਹਾ।
ਧੰਦੇ ਦੀ ਚੱਟੀ ਭਰ ਰਿਹਾ।

ਬੰਦਾ ਤ੍ਰਾਹ ਤ੍ਰਾਹ ਕਰ ਰਿਹਾ।
ਸੱਚ ਨੂੰ ਝੂਠ ਹੈ ਹਰ ਰਿਹਾ।

ਨੇਤਾ ਵੀ ਕੋਇਲ ਵਰਗੇ ਨੇ।
ਬੱਸ ਲੋਕ ਕਾਂਵਾਂ ਵਰਗੇ ਨੇ।

ਲਾਰੇ ਲਾ ਕੇ ਕੰਮ ਕੱਢ ਗਏ।
ਵੋਟਾਂ ਬਾਅਦ ਹੱਥ ਛੱਡ ਗਏ।

-ਸੇਵਾ ਸਿੰਘ ਨੂਰਪੁਰੀ

Flights2world

BEST AIRFARE GUARANTEED

Air Canada
ਦੀਆਂ ਸਸਤੀਆਂ ਟਿਕਟਾਂ
- NON-STOP FLIGHTS TO NEW DELHI
- ROUND TRIPS

asta American Society of Travel Advisors
ASTA Membership # 900271800
We are a Certified Member of ASTA.

Special Family Airfares

Call us Anytime!

Please call us up and get a no obligatory Airfare Quote on our Business or Call us on

702-344-1581

Save Up to 30% on your Airfares to India

ਚੰਡੀਗੜ੍ਹ/ਅੰਮ੍ਰਿਤਸਰ/ ਦਿੱਲੀ ਦੀਆਂ ਟਿਕਟਾਂ 'ਤੇ ਭਾਰੀ ਛੋਟ

Special Dates of Business Class & Premium Economy

Specially to Punjab and Delhi on Qatar Airways, Singapore Airlines, Lufthansa, Swiss, United Asiana Cathay Pacific

Special Fares for Delhi/Amritsar

- New York (JFK) - Delhi - New York (JFK)
- New York (JFK) - Amritsar - New York (JFK)
- New York (EWR) - Delhi - New York (EWR)
- New York (EWR) - Amritsar - New York (EWR)

AIR INDIA
TURKISH AIRLINES
AIR CANADA
CHINA AIRLINES
中國東方航空 CHINA EASTERN
中国南方航空 CHINA SOUTHERN

ਅੱਜ ਹੀ ਕਾਲ ਕਰੋ ਜਾਂ ਆਨਲਾਈਨ ਚੈੱਕ ਕਰੋ

FLIGHTS2WORLD INC.

Ayush Kapoor (Marketing - Head)
FLIGHTS2WORLD INC.(US Office)
304 S. JONES DR., LAS VEGAS, NV 89107 USA
Ph: (702) 344-1581

Flights2World (Canada Office)
1200 McGill College Ave., Suite 1100, Montreal, QC H3B 4G7 Canada
(O) 778-650-7909 (@) flights2world@gmail.com

www.Flights2World.com
We are a Certified Member of ASTA. ASTA Membership # 900271800

# 5aab CDL Learning Center

445 Commerce Square, Columbus, OH 43228
Email: info@5aabcdl.com www.5aabcdl.com



ਟਰੱਕ ਟਰੇਲਰ ਚਲਾਉਣਾ 4 ਹਫਤਿਆਂ ਵਿਚ ਸਿੱਖੋ

ਆਪਣੀ ਰਿਹਾਇਸ਼ ਵਾਲੀ ਸਟੇਟ ਤੋਂ ਲਰਨਿੰਗ ਪਰਮਿਟ ਲਿਆਓ ਤੇ ਓਹਾਇਓ 'ਚ ਟਰੇਨਿੰਗ ਲਓ ਤੇ ਟੈਸਟ ਦੇ ਕੇ ਆਪਣੀ ਸਟੇਟ ਤੋਂ ਸੀ.ਡੀ.ਐਲ. ਕਲਾਸ ਏ ਲਾਇਸੈਂਸ ਲਓ।

*ਵਧੀਆ ਇਕੁਇਪਮੈਂਟ ਅਤੇ ਟਰੇਨਿੰਗ ਸੈਂਟਰ
*ਮਾਹਿਰ ਇੰਸਟਰਕਟਰਾਂ ਤੋਂ ਹੱਥੋ ਹੱਥ ਮੁਕੰਮਲ ਟਰੇਨਿੰਗ
*ਛੋਟੇ ਸਾਈਜ਼ ਦੀਆਂ ਕਲਾਸਾਂ ਹੱਥੀਂ ਟਰੇਨਿੰਗ ਲਈ ਚੋਖਾ ਸਮਾਂ
*Small class sizes with plenty of hands on time.

## 5ਆਬ ਸੀ.ਡੀ.ਐਲ. ਲਰਨਿੰਗ ਸੈਂਟਰ

ਸੰਪਰਕ ਕਰੋ, ਫੋਨ: 614-423-6861
614-749-6718

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**